
ISSN 2516-9009

# ਅਨਹਦ

ਈ-ਮੈਗਜ਼ੀਨ

ਜੁਲਾਈ-ਸਤੰਬਰ 2018
ਸਾਲ 1, ਅੰਕ 3



**Coordinator**
**Gagan Brar (London)**
**khuswinder74@yahho.co.uk**
**Khuswinder Brar, 17 Byron Avenue,**
**Hounslow, TW4 6LT, London, Uk**

**Editor-in-chief**
**Parminder Singh Shonkey**
**parmindersinghshonkey@gmail.com**

**Literary Editor**
**Amina**
**ameenapbiuni8@gmail.com**

**Advisory Pannle**
**Dr. Harpal Singh Pannu**
**Dr. Bhim Inder Singh**
**Dr. Amarjit Singh**
**Dr. Kiran**
**Gurpreet (Poet) Mansa**
**Pardeep**

**Supporting Pannle**
Jasvir Singh Ranna
**Harmandeep Kaur**
**Simranjeet Kaur**
Preeti Shelly
Rajinder Singh
Kind Nahal Singh
Balraj Singh Kokri
Jasvir Singh Longowal
Manjinder Singh
Mandeep Singh Dhanaula
Jaspal Firdausi

**Legal Advisor**
**Adv. Gurshamshir Singh**
**Punjab & Haryana Hight Court**



A Peer Reviewed Punjabi Research Journal
email: anhadmagazine@gmail.com
website:anhadmagazine.blogspot.in
Contact: 94643-46677
follow us @ fb: www.facebook.com/anhademagazine

ISSN 2516-9009

# ਅਨਹਦ

ਈ-ਮੈਗਜ਼ੀਨ

ਜੁਲਾਈ-ਸਤੰਬਰ 2018
ਸਾਲ 1, ਅੰਕ 3



I, Khuswinder Brar, (London), is publishing this E-journal from London. This is a litrary journal,. The language of this journal will be Punjabi.

* ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ 'ਤੇ ਬਿਨ੍ਹਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
* ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।
* 'ਅਨਹਦ ਈ-ਮੈਗਜ਼ੀਨ' ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਚੰਡੀਗੜ੍ਹ ਦੀ ਅਦਾਲਤ ਵਿਚ ਹੀ ਹੋ ਸਕੇਗੀ।

# ਸੰਪਾਦਕੀ

ਵਿਸ਼ਵ ਸਾਹਿੱਤ/ਚਿੰਤਨ ਅੰਦਰ ਪੱਛਮੀ ਸਾਹਿੱਤ/ਚਿੰਤਨ ਦਾ ਇਕ ਵਿਸ਼ੇਸ਼ ਸਥਾਨ ਅਤੇ ਅਹਿਮੀਅਤ ਹੈ। ਜਿਸ ਨੂੰ ਮੌਜੂਦਾ ਪ੍ਰਸਥਿਤੀਆਂ ਅੰਦਰ ਸਮਝਣਾ ਅਤੇ ਉਸ ਦਾ ਵਿਸ਼ਲੇਸ਼ਣ ਕਰਨਾ ਸਾਡੇ ਲਈ ਬੇਹੱਦ ਜਰੂਰੀ ਹੋ ਜਾਂਦਾ ਹੈ। ਇਸ ਦੇ ਕਈ ਕਾਰਨ ਹਨ, ਪਰ ਪ੍ਰਮੁੱਖ ਰੂਪ ਵਿਚ ਇਸ ਦਾ ਗਲੋਬਲੀ ਦੌਰ ਅੰਦਰ ਪੈਦਾ ਹੋਈਆਂ ਵਿਭਿੰਨ ਦ੍ਰਿਸ਼ਟੀਆਂ ਦੇ ਰਾਹੀਂ ਸਾਡੀਆਂ ਸਾਹਿੱਤਿਕ ਜਰੂਰਤਾਂ ਨਾਲ ਜੁੜਿਆ ਹੋਣਾ ਹੈ। ਭਾਵੇਂਕਿ ਇਹ ਇਕ ਪਿਛਾਂਹ-ਖਿੱਚੂ ਅਤੇ ਨਾਕਾਰਤਮਿਕ ਦ੍ਰਿਸ਼ਟੀਕੋਣ ਜਾਪੇਗਾ, ਪਰ ਮੈਨੂੰ ਇਹ ਸਵੀਕਾਰਨ ਵਿਚ ਕੋਈ ਹਰਜ਼ ਨਹੀਂ ਕਿ ਪੰਜਾਬੀ ਸਾਹਿੱਤ ਪੱਛਮੀ ਸਾਹਿੱਤ ਤੋਂ ਬਿਨਾਂ ਆਪਣੇ ਮੌਜੂਦਾ ਸਰੂਪ ਨੂੰ ਕਦੀ ਵੀ ਨਾ ਤਾਂ ਪ੍ਰਾਪਤ ਕਰ ਸਕਦਾ ਸੀ ਅਤੇ ਨਾ ਹੀ ਇਹ ਆਧੁਨਿਕ ਦੌਰ ਅੰਦਰ ਆਪਣੀ ਉਸ ਪ੍ਰਭਾਵਸ਼ੀਲਤਾ ਨੂੰ ਕਾਇਮ ਕਰ ਸਕਦਾ ਸੀ, ਜਿਸ ਨੇ ਸਾਡੇ ਸਮਿਆਂ ਅੰਦਰ ਪੰਜਾਬੀ ਸਾਹਿੱਤ ਦੇ ਆਧੁਨਿਕ ਸਰੂਪ ਨੂੰ ਪ੍ਰਗਟ ਕੀਤਾ ਹੈ। ਇਸ ਸਰੂਪ ਨੂੰ ਉਭਾਰਨ ਵਿਚ ਅਨੁਵਾਦ ਦਾ ਆਪਣਾ ਇਕ ਵਡੇਰਾ ਸਥਾਨ ਹੈ। 'ਅਨਹਦ' ਦਾ ਇਹ ਤਾਜ਼ਾ ਅੰਕ ਇਸ ਸਥਾਨ ਦੀ ਅਹਿਮੀਅਤ ਵਿਚੋਂ ਹੀ ਪ੍ਰਗਟ ਹੁੰਦਾ ਹੈ। ਜਿਸ ਨੂੰ ਅਸੀਂ ਅਗਲੇਰੀਆਂ ਕੜੀਆਂ ਦਾ ਇਕ ਮੁੱਢਲਾ ਬਿੰਦੂ ਸਵੀਕਾਰਦੇ ਹੋਏ ਅੱਗੇ ਵਧਾਂਗੇ। ਉਸ ਤੋਂ ਪਹਿਲਾਂ ਸਾਡੇ ਲਈ ਇੱਥੇ ਅਨੁਵਾਦ ਬਾਬਤ ਮੋਟੀ ਜਿਹੀ ਜਾਣਕਾਰੀ ਪ੍ਰਾਪਤ ਕਰ ਲੈਣਾ ਲਾਹੇਵੰਦ ਰਹੇਗਾ।

ਵਾਲਟਰ ਬੈਂਜਾਮਿਨ ਮੁਤਾਬਿਕ ਅਨੁਵਾਦਕ ਦਾ ਉਦੇਸ਼ ਕਦੇ ਵੀ ਭਾਸ਼ਾ ਅਤੇ ਇਸ ਦੀ ਸਮੁੱਚਤਾ 'ਤੇ ਸੇਧਿਤ ਨਹੀਂ ਹੁੰਦਾ, ਸਗੋਂ ਨਿਰੋਲ ਅਤੇ ਤਤਕਾਲੀ ਰੂਪ ਵਿਚ ਭਾਸ਼ਿਕ ਅਤੇ ਪ੍ਰਸੰਗਿਕ ਪੱਖਾਂ ਨਾਲ ਬਾਵਸਤਾ ਹੁੰਦਾ ਹੈ। ਇਸ ਲਈ ਹੀ ਇਸ ਵਾਬਸਤਾ ਨੂੰ ਸਮਝਦਿਆਂ ਪ੍ਰਸਿੱਧ ਚਿੰਤਕ ਕੈਟਫੋਰਡ ਦੇ ਚਿੰਤਨ ਨੇ ਸਮਤੁਲਤਾ ਦੇ ਸਿਧਾਂਤ ਨੂੰ ਜਨਮ ਦਿੱਤਾ ਹੈ। ਜਿਸ ਦੇ ਅਨੁਸਾਰ ਇਕ ਭਾਸ਼ਾ ਦੀ ਪਾਠ-ਪਰਕ ਸਮਗਰੀ ਨੂੰ ਦੂਜੀ ਭਾਸ਼ਾ ਦੀ ਪਾਠ-ਪਰਕ ਸਮਗਰੀ ਅੰਦਰ ਸਮਤੁਲਤਾ ਦੇ ਸਿਧਾਂਤ ਦੇ ਆਧਾਰ 'ਤੇ ਕੀਤਾ ਗਿਆ ਪ੍ਰਤਿਸਥਾਪਨ ਹੀ ਅਨੁਵਾਦ ਅਖਵਾਉਂਦਾ ਹੈ। ਉਸ ਦੇ ਸ਼ਬਦ ਮੂਲ ਰੂਪ ਵਿਚ ਇੰਝ ਹਨ:

> The replacement of textual material in one language by equivalent textual material in another language.

ਇਸ ਲਈ ਇਸ ਪ੍ਰਤਿਸਥਾਪਿਤਤਾ ਅੰਦਰ ਅਨੁਵਾਦ ਕਰਨ ਸਮੇਂ ਸਾਡੇ ਸਾਹਮਣੇ ਅਨੁਵਾਦ ਦੇ ਜੋ ਪ੍ਰਕਾਰ ਆਉਂਦੇ ਹਨ, ਉਹ ਇਸ ਤਰ੍ਹਾਂ ਹਨ: ਸ਼ਬਦ-ਅਨੁਵਾਦ, ਛਾਇਆ-ਅਨੁਵਾਦ, ਸਾਰ-ਅਨੁਵਾਦ, ਵਿਆਖਿਆ-ਅਨੁਵਾਦ, ਰੂਪਾਂਤਰ, ਵਾਰਤਾ-ਰੂਪਾਂਤਰਨ ਜਾਂ ਆਸ਼ੂ-ਅਨੁਵਾਦ ਅਤੇ ਆਦਰਸ਼ ਅਨੁਵਾਦ। ਆਦਰਸ਼ ਅਨੁਵਾਦ ਮੂਲ ਰਚਨਾ ਦਾ ਪੁਨਰ-ਸਿਰਜਨ ਹੁੰਦਾ ਹੈ। ਇਸ ਲਈ ਮੂਲ ਕਥਨ ਨੂੰ ਸੰਚਾਰਿਤ ਕਰਨਾ ਅਤੇ ਉਸ ਦੇ ਸਾਹਿਤਿੱਕ ਸੁਹਜ ਨੂੰ ਕਾਇਮ ਰੱਖਣਾ ਹੀ ਅਨੁਵਾਦਕ ਦਾ ਕਰਤੱਵ ਹੈ। ਇਸ ਕਰਤੱਵ ਪਾਲ਼ਣ ਦੀਆਂ ਉਸ ਕੋਲ ਕੁਝ ਵਿਸ਼ੇਸ਼ ਛੋਟਾਂ ਵੀ ਹੁੰਦੀਆਂ ਹਨ, ਜਿਹੜੀਆਂ ਕਿ ਭਾਸ਼ਾਗਤ ਅਤੇ ਸੰਰਚਨਾਤਮਿਕ ਵਰਤਾਰੇ ਦੀਆਂ ਸੀਮਾਵਾਂ ਕਾਰਨ ਹੋਣੀਆਂ ਵੀ ਚਾਹੀਦੀਆਂ ਹਨ। ਇਸ ਵਿਚ ਮੈਨੂੰ ਜਾਂ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੋ ਸਕਦਾ, ਕਿਉਂਕਿ ਇਹ ਨਿੱਜਤਵ ਦੀ ਬਜਾਏ ਸਮੂਹਿਕ ਢਾਂਚੇ ਦੇ ਕਾਰਜਾਂ ਨਾਲ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਹੱਲ ਕਰਨਾ ਵਿਸ਼ੇਸ਼ ਸਮਾਂ-ਕਾਲ ਅੰਦਰ ਕਦੀ ਵੀ ਸੰਭਵ ਨਹੀਂ ਹੋ ਸਕਦਾ। ਖੈਰ...

ਜਿਨ੍ਹਾਂ ਨੇ ਅਨੁਵਾਦ-ਸਿਧਾਂਤ ਪੜ੍ਹੇ ਹਨ, ਉਨ੍ਹਾਂ ਨੂੰ ਪਤਾ ਹੋਵੇਗਾ ਕਿ ਅਨੁਵਾਦ ਦੀ ਸਭ ਤੋਂ ਛੋਟੀ ਇਕਾਈ ਸ਼ਬਦ ਹੈ, ਇਸ ਤੋਂ ਬਾਅਦ ਪਦ-ਬੰਧ, ਵਾਕ ਅਤੇ ਪਾਠ ਦਾ ਸਥਾਨ ਆਉਂਦਾ ਹੈ। ਇਕ ਅਨੁਵਾਦਕ ਇਨ੍ਹਾਂ ਸਾਰੀਆਂ ਇਕਾਈਆਂ ਦੇ ਸੁਮੇਲ ਤੋਂ ਬਾਅਦ ਹੀ ਜੇਕਰ ਆਪਣੀ ਅਨੁਵਾਦ ਸਮਰੱਥਾ ਦਾ ਪ੍ਰਗਟਾਅ ਕਰਦਾ ਹੈ, ਫਿਰ ਹੀ ਇਕ ਚੰਗਾ ਅਨੁਵਾਦ ਸਾਡੇ ਸਾਹਮਣੇ ਆਉਂਦਾ ਹੈ।ਬਸ ਇਸਦੇ ਨਾਲ ਹੀ ਹਰ ਇਕ ਅਨੁਵਾਦਕ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ, ਜਿਵੇਂ ਭਾਸ਼ਾ-ਪਰਕ ਸੀਮਾਵਾਂ, ਸਮਾਜਿਕ-ਸੰਸਕ੍ਰਿਤਿਕ ਸੀਮਾਵਾਂ, ਪਾਠ ਦੀ ਪ੍ਰਾਕ੍ਰਿਤੀਪਰਕ ਸੀਮਾ ਆਦਿ। ਜਿਸ ਨੂੰ ਉਸ ਸਮੇਂ ਹੋਰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਇਕ ਅਨੁਵਾਦਕ ਸਾਹਮਣੇ ਇਹ ਸਵਾਲ ਆਉਂਦਾ ਹੈ ਕਿ ਆਖਿਰ ਇਹ ਅਨੁਵਾਦ ਕਿਸ ਲਈ ਕੀਤਾ ਜਾ ਰਿਹਾ ਹੈ?

ਜਦੋਂ ਇਸ ਪ੍ਰਸ਼ਨ ਦਾ ਸਾਨੂੰ ਉੱਤਰ ਮਿਲ ਜਾਂਦਾ ਹੈ, ਉਸ ਵਕਤ ਅਸੀਂ ਆਪਣੇ ਅਗਲੇ ਪੜਾਅ ਵੱਲ ਵਧਦੇ ਹਾਂ. ਜਿਸ ਨੂੰ ਅਗਲੇ ਅੰਕਾਂ ਵਿਚ ਸਾਝਾਂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਮੁੱਖ ਸੰਪਾਦਕ
ਅਨਹਦ ਈ-ਮੈਗਜ਼ੀਨ

# ਤਤਕਰਾ

1. ਬੁੱਧੀਜੀਵੀਆਂ ਦਾ ਨਿਰਮਾਣ/ਅਨਤੋਨੀਓ ਗ੍ਰਾਮਸ਼ੀ
ਅਮੀਨਾ/ਹਰਜਿੰਦਰ ਕੌਰ 6
2. ਫੀਡਲ ਕਾਸਟਰੋ ਸੰਗ ਮੇਰੀਆਂ ਯਾਦਾਂ/ ਗੈਬਰਿਆਲ ਗਾਰਸ਼ੀਆ ਮਾਰਕੇਜ਼
ਵਰੁਣਦੀਪ ਸਿੰਘ 21
3. ਹਾਬਰਮਾਸ ਅਤੇ ਲੋਕਤੰਤਰ ਦਾ ਸਿਧਾਂਤ/ਜੋਸਫ਼. ਐੱਲ. ਸਟਾਸ
ਪਰਮਿੰਦਰ ਸਿੰਘ ਸ਼ੌਂਕੀ 32
4. ਵਾਨ ਗਾਗ ਦੇ ਖ਼ਤ
ਬਲਰਾਜ ਸਿੰਘ ਕੋਕਰੀ 44
5. ਐਨੀ ਫ਼ਰੈਂਕ ਦੀ ਡਾਇਰੀ
ਹਰਮਨ 52
6. ਕਾਫ਼ਕਾ ਦੀਆਂ ਯਾਦਾਂ/ਗੁਸਤਾਵ ਜੈਨੁੱਕ
ਹਰਜਿੰਦਰ ਕੌਰ 70
7. ਰਿਲਕੇ ਨਾਲ ਜਾਣ ਪਛਾਣ
ਰਾਜੇਸ਼ ਸ਼ਰਮਾ 75
8. ਸੁਕਰਾਤ ਦਾ ਮੁਕੱਦਮਾ/ਪਲੈਟੋ
ਪਰਮਿੰਦਰ ਸਿੰਘ 83
9. ਮੈਂ ਦੂਜਿਆਂ ਦੀਆਂ ਰਚਨਾਵਾਂ ਨਹੀਂ ਪੜ੍ਹਦਾ/ਟੈਰੀ ਈਗਲਟਨ
ਰਾਜਿੰਦਰ ਸਿੰਘ 100
10. ਪੰਜਾਬੀ ਸੰਰਚਨਾਵਾਦੀ ਆਲੋਚਨਾ/ ਸੰਦੀਪ ਕੌਰ 104
11. ਅਰਸਤੂ ਦਾ ਸਾਹਿੱਤ ਪ੍ਰਤੀ ਦ੍ਰਿਸ਼ਟੀਕੋਣ/ਮੋਨਿਕਾ 110
12. ਅੱਧੀ ਸਚਾਈ ਅੱਧਾ ਫ਼ਸਾਨਾ ਦੀ ਸੰਧੀ ਰੇਖਾ ਉੱਤੇ ਵਿਗਿਆਨ ਨਾਲ ਇਕ ਜਰੂਰੀ ਜ਼ਿਰਹ/ਸ਼ੁਸੀਲ ਕ੍ਰਿਸਨ ਗੌਰੇ
ਕਰਮਜੀਤ ਕੌਰ 117
13. ਪਾਬਲੋ ਪਿਕਾਸੋ ਅਤੇ ਗੁਰਾਇਨਕਾ
ਭੁਪਿੰਦਰ ਸਿੰਘ ਮਾਨ 125
14. ਵਿਆਹ ਸਮੇਂ ਦੀਆ ਹਮਲਾਵਰ ਰਸਮਾਂ
ਸੁਖਜਿੰਦਰ ਸਿੰਘ ਰਿਸ਼ੀ 130



# ਬੁੱਧੀਜੀਵੀਆਂ ਦਾ ਨਿਰਮਾਣ

ਕੀ ਬੁੱਧੀਜੀਵੀ ਇਕ ਸਵੈ ਨਿਰਭਰ ਅਤੇ ਸੁਤੰਤਰ ਸਮੂਹ ਹਨ ਜਾਂ ਫਿਰ ਸਮਾਜਿਕ ਸਮੂਹਾਂ ਕੋਲ ਬੁੱਧੀਜੀਵੀਆਂ ਦਾ ਖੁਦ ਆਪਣਾ ਇਕ ਖਾਸ ਵਿਸ਼ੇਸ਼ ਵਰਗ ਹੁੰਦਾ ਹੈ? ਇਹ ਸਮੱਸਿਆ ਬਹੁਤ ਜਟਿਲ ਹੈ। ਕਾਰਨ ਕਿ ਬੁੱਧੀਜੀਵੀਆਂ ਦੇ ਵਿਭਿੰਨ ਵਰਗਾਂ ਦੇ ਨਿਰਮਾਣ ਦੀ ਅਸਲ ਇਤਿਹਾਸਕ ਪ੍ਰਕ੍ਰਿਆ ਦੇ ਸਰੂਪ ਭਿੰਨ-ਭਿੰਨ ਰਹੇ ਹਨ।

ਇਹਨਾਂ ਸਰੂਪਾਂ ਵਿਚੋਂ ਸਭ ਤੋਂ ਮਹੱਤਵਪੂਰਣ ਦੋ ਹਨ: 1. ਹਰ ਸਮਾਜਿਕ ਸਮੂਹ ਆਰਥਕ ਉਤਪਾਦਨ ਦੇ ਸੰਸਾਰ ਅੰਦਰ ਕਿਸੇ ਜ਼ਰੂਰੀ ਭੂਮਿਕਾ ਦੇ ਮੌਲਿਕ ਧਰਾਤਲ ਉੱਤੇ ਅਸਲ ਰੂਪ ਵਿਚ ਆਉਂਦਾ ਹੈ। ਉਹ ਆਪਣੇ ਧਰਾਤਲ ਵਿਚੋਂ ਜੈਵਿਕ ਰੂਪ ਤੋਂ ਇਕ ਜਾਂ ਇਕ ਤੋਂ ਜ਼ਿਆਦਾ ਕਿਸਮ ਦੇ ਬੁੱਧੀਜੀਵੀ ਤਬਕਿਆਂ ਨੂੰ ਜਨਮ ਦਿੰਦਾ ਹੈ। ਇਹ ਤਬਕੇ ਆਪਣੇ ਜਨਮਦਾਤਾ ਸਮੂਹਾਂ ਨੂੰ ਸੰਤੁਲਨ ਪ੍ਰਦਾਨ ਕਰਦੇ ਹਨ। ਪੂੰਜੀਪਤੀ ਆਪਣੇ ਨਾਲ-ਨਾਲ ਉਦਯੋਗਿਕ ਤਕਨੀਸ਼ਨਾਂ, ਰਾਜਨੀਤਕ ਅਰਥ ਸ਼ਾਸਤਰੀ ਮਾਹਿਰ, ਨਵੀਨ ਸੰਸਕ੍ਰਿਤੀ ਦੇ ਪ੍ਰਬੰਧਕਾਂ, ਨਵੀਂ ਕਾਨੂੰਨ ਵਿਵਸਥਾ ਆਦਿ ਦਾ ਨਿਰਮਾਣ ਵੀ ਕਰਦਾ ਹੈ। ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉੱਦਮੀ ਖੁਦ ਵੀ ਸਮਾਜਿਕ ਵਿਵਸਥਾ ਦੇ ਇਕ ਉੱਚੇ ਪੱਧਰ ਦੀ ਪ੍ਰਤੀਨਿਧਤਾ ਕਰਦਾ ਹੈ। ਉਸਦੀ ਪਹਿਲ ਅਤੇ ਕੰਮਕਾਜ ਦੇ ਸੀਮਿਤ ਦਾਇਰੇ ਅੰਦਰ ਪਹਿਲਾਂ ਤੋਂ ਹੀ ਕੁਝ ਨਿਰਦੇਸ਼ਾਤਮਕ ਡੀਰੀਜੇਂਟ ਅਤੇ ਤਕਨੀਕੀ(ਭਾਵ ਬੌਧਿਕ) ਕਾਬਲੀਅਤ ਮੌਜੂਦ ਹੈ। ਨਾਲ ਹੀ ਹੋਰ ਖੇਤਰਾਂ ਵਿਚ ਵੀ ਉਸ ਅੰਦਰ ਕੁਝ ਤਕਨੀਕੀ ਸਮਰੱਥਾ ਹੋਣੀ ਚਾਹੀਦੀ ਹੈ। ਘੱਟੋ ਘੱਟ ਉਨ੍ਹਾਂ ਖੇਤਰਾਂ ਵਿਚ ਤਾਂ ਜ਼ਰੂਰ ਹੋਣੀ ਚਾਹੀਦੀ ਹੈ ਜੋ ਆਰਥਿਕ ਉਤਪਾਦਨ ਦੇ ਨਜ਼ਦੀਕ ਹਨ। ਉਸਨੂੰ ਮਨੁੱਖੀ ਸਮੂਹਾਂ ਦਾ ਸੰਗਠਨ ਕਰਤਾ ਹੋਣਾ ਚਾਹੀਦਾ ਹੈ| ਉਸਨੂੰ ਆਪਣੇ ਉਦਯੋਗ ਵਿਚੋਂ ਨਿਵੇਸ਼ਕਾਂ ਦੇ 'ਵਿਸ਼ਵਾਸ' ਦਾ ਅਤੇ ਆਪਣੇ ਉਤਪਾਦ ਆਦਿ ਦੇ ਮਾਮਲਿਆਂ ਵਿਚੋਂ ਗਾਹਕਾਂ ਦੇ 'ਵਿਸ਼ਵਾਸ' ਦਾ ਸੰਗਠਨਕਰਤਾ ਵੀ ਹੋਣਾ ਚਾਹੀਦਾ ਹੈ।

ਸਾਰੇ ਉਦਮੀਆਂ ਵਿਚ ਨਾ ਸਹੀ ਪਰ ਕੁਝ ਖਾਸ ਉੱਦਮੀਆਂ ਵਿਚ ਐਨੀ ਸਮਰੱਥਾ ਹੋਣੀ ਹੀ ਚਾਹੀਦੀ ਹੈ ਕਿ ਉਹ ਸਮਾਨ ਰੂਪ ਤੋਂ ਸਮੱਗਰ ਸਮਾਜ ਦਾ ਸੰਗਠਨ ਕਰ ਸਕੇ। ਇਸ ਵਿਚ ਰਾਜ ਦੇ ਸੰਗਠਨ

ਸਾਹਿਤ ਸੇਵਾਵਾਂ ਦੇ ਸਾਰੇ ਜਟਿਲ ਸੰਗਠਨ ਵੀ ਸ਼ਾਮਲ ਹੋਣੇ ਚਾਹੀਦੇ ਹਨ, ਇਸ ਲਈ ਕਿ ਆਪਣੇ ਵਰਗ ਦੇ ਵਿਸਤਾਰ ਲਈ ਅਨੁਕੂਲ ਪਰਿਸਥਿਤੀਆਂ ਤਿਆਰ ਕਰਨ ਦੀ ਜ਼ਰੂਰਤ ਹੈ। ਘੱਟ ਤੋਂ ਘੱਟ ਉਸ ਅੰਦਰ ਐਨੀ ਸਮਰੱਥਾ ਹੋਣੀ ਹੀ ਚਾਹੀਦੀ ਹੈ ਕਿ ਉਹ ਆਪਣੇ ਪ੍ਰਤੀਨਿਧੀਆਂ ਵਿਸ਼ੇਸ਼ ਯੋਗਤਾ ਪ੍ਰਾਪਤ ਕਰਮਚਾਰੀਆ ਦੀ ਚੋਣ ਕਰ ਸਕੇ ਅਤੇ ਉਨ੍ਹਾਂ ਨੂੰ ਉਦਯੋਗਾਂ ਤੋਂ ਬਾਹਰ ਸੰਬੰਧਾਂ ਦੀ ਸਮਾਨ ਪ੍ਰਣਾਲੀ ਦੇ ਸੰਗਠਨ ਦੀ ਕਾਰਵਾਈ ਸੌਂਪ ਸਕੇ। ਹਰ ਨਵਾਂ ਵਰਗ ਅਪਣੇ ਸਮੂਹ ਵਿਚ 'ਜੈਵਿਕ' ਬੁੱਧੀਜੀਵੀਆਂ ਨੂੰ ਪੈਦਾ ਕਰਦਾ ਹੈ ਅਤੇ ਆਪਣੇ ਵਿਕਾਸ ਦੇ ਕ੍ਰਮ ਵਿਚ ਉਸਦਾ ਵਿਸਤਾਰ ਕਰਦਾ ਹੈ। ਕਿਹਾ ਜਾ ਸਕਦਾ ਹੈ ਕਿ ਇਹ ਬੁੱਧੀਜੀਵੀ ਜ਼ਿਆਦਾਤਰ: ਨਵੇਂ ਵਰਗ ਦੁਆਰਾ ਦਿੱਤੀ ਗਈ ਮਹੱਤਤਾ ਦੇ ਆਧਾਰ ਤੇ ਪਰ ਇਸ ਨਵੇਂ ਸਮਾਜਿਕ ਤਬਕੇ ਦੀ ਆਦਮ ਗਤੀਵਿਧੀ ਦੇ ਆਂਸ਼ਿਕ ਪਹਿਲੂਆਂ ਵਿਚ 'ਵਿਸ਼ੇਸ਼ਤਾ ਪ੍ਰਾਪਤ' ਤਬਕੇ ਹਨ।

ਸਾਮੰਤੀ ਜ਼ਿੰਮੀਦਾਰ ਵੀ ਇਕ ਵਿਸ਼ੇਸ਼ ਤਕਨੀਕੀ ਸਮਰੱਥਾ ਦੇ ਸਵਾਮੀ ਸਨ। ਇਹ ਸੀ ਸੈਨਿਕ ਸਮਰੱਥਾ। ਸਾਮੰਤਵਾਦ ਦਾ ਸੰਕਟ ਬਿਲਕੁਲ ਉਸੇ ਪਲ ਤੋਂ ਸ਼ੁਰੂ ਹੋਇਆ ਜਦੋਂ ਕੁਲੀਨ ਵਰਗ ਨੇ ਇਸ ਤਕਨੀਕੀ ਸੈਨਿਕ ਸਮਰੱਥਾ ਉੱਤੇ ਆਪਣੇ ਏਕਾਧਿਕਾਰ ਨੂੰ ਖੋ ਦਿੱਤਾ। ਪਰ ਸਾਮੰਤੀ ਜਗਤ ਵਿਚ ਅਤੇ ਉਸਤੋਂ ਪਹਿਲਾਂ ਦੀ ਪ੍ਰਾਚੀਨ ਦੁਨੀਆਂ ਵਿਚ ਬੁੱਧੀਜੀਵੀਆਂ ਦੀ ਉੱਤਪੱਤੀ ਇਕ ਅਜਿਹਾ ਪ੍ਰਸ਼ਨ ਹੈ ਜਿਸਦਾ ਪਰੀਖਣ ਅਲੱਗ ਢੰਗ ਨਾਲ ਕਰਨਾ ਚਾਹੀਦਾ ਹੈ: ਇਸ ਵਰਗ ਦਾ ਨਿਰਮਾਣ ਅਤੇ ਵਿਸਤਾਰ ਜਿੰਨ੍ਹਾਂ ਸਾਧਨਾ ਅਤੇ ਕੋਸ਼ਿਸ਼ਾਂ ਨਾਲ ਹੋਇਆ ਉਨ੍ਹਾਂ ਦਾ ਅਧਿਐਨ ਮੂਰਤ ਰੂਪ ਨਾਲ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕਿਸਾਨੀ ਵਰਗ ਉਤਪਾਦਨ ਦੇ ਖੇਤਰ ਅੰਦਰ ਇਕ ਜ਼ਰੂਰ ਕੰਮ ਕਰਦਾ ਹੈ। ਪਰ ਉਹ ਖੁਦ ਆਪਣੇ 'ਜੈਵਿਕ' ਬੁੱਧੀਜੀਵੀਆਂ ਦਾ ਵਿਕਾਸ ਨਹੀਂ ਕਰਦਾ। ਨਾ ਹੀ ਇਹ 'ਪਰੰਪਰਿਕ' ਬੁੱਧੀਜੀਵੀਆਂ ਦੇ ਤਬਕੇ ਨੂੰ ਆਪਣੇ ਅੰਦਰ ਸਮਾਉਂਦਾ ਹੈ/ ਮਿਲਾਉਂਦਾ ਹੈ। ਵੱਡੀ ਗੱਲ ਇਹ ਹੈ ਕਿ ਸਮਾਜਿਕ ਸਮੂਹ ਆਪਣੇ ਜ਼ਿਆਦਾਤਰ ਬੁੱਧੀਜੀਵੀਆਂ ਨੂੰ ਕਿਰਸਾਨੀ ਵਰਗ ਤੋਂ ਹੀ ਪ੍ਰਾਪਤ ਕਰਦੇ ਹਨ। ਪਰੰਪਰਿਕ ਬੁੱਧੀਜੀਵੀਆਂ ਦਾ ਇਕ ਵੱਡਾ ਹਿੱਸਾ ਵੀ ਖੇਤੀ ਕਰਨ ਯੋਗ ਧਰਾਤਲ ਤੋਂ ਹੀ ਆਇਆ ਹੁੰਦਾ ਹੈ।

'ਆਧਾਰਭੂਤ' ਸਮਾਜਿਕ ਸਮੂਹ ਹਰ ਇਤਿਹਾਸ ਵਿਚ ਪੁਰਾਣੇ ਆਰਥਿਕ ਢਾਂਚੇ ਅਤੇ ਇਸ ਢਾਂਚੇ ਦੇ ਵਿਕਾਸ ਦੀ ਅਭਿਵਿਅਕਤੀ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ (ਘੱਟੋ-ਘੱਟ ਹੁਣ ਤੱਕ ਦੇ ਪੂਰੇ ਇਤਿਹਾਸ ਵਿਚ ਅਜਿਹਾ ਹੀ ਹੋਇਆ ਹੈ); ਅਜਿਹਾ ਹਰ ਸਮੂਹ ਪਹਿਲਾਂ ਮੌਜੂਦ ਬੁੱਧੀਜੀਵੀਆਂ ਦੇ ਵਰਗਾਂ ਨੂੰ ਲੱਭ ਲੈਂਦਾ ਹੈ। ਇਹ ਵਰਗ ਅਸਲ ਵਿਚ ਇਕ ਇਤਿਹਾਸਕ ਨਿਰੰਤਰਤਾ ਦੀ ਪ੍ਰਤੀਨਿਧਤਾ ਕਰਦੇ ਹਨ। ਰਾਜਨੀਤਕ ਅਤੇ ਸਮਾਜਿਕ ਪ੍ਰਣਾਲੀਆਂ ਵਿਚ ਜ਼ਿਆਦਾ ਕਠੋਰ ਅਤੇ ਆਮੂਲ ਪਰਿਵਰਤਨਾਂ ਦੇ ਬਾਵਜੂਦ ਇਹ ਨਿਰੰਤਰਤਾ ਕਠਿਨਾਈ ਨਹੀਂ ਬਣਦੀ।

ਇਨ੍ਹਾਂ ਵਰਗਾਂ ਦੇ ਬੁੱਧੀਜੀਵੀਆਂ ਦਾ ਸਭ ਤੋਂ ਸ੍ਰੇਸ਼ਠ ਉਦਾਹਰਣ ਚਰਚ ਦੇ ਪਾਦਰੀਆਂ ਦਾ ਹੈ। ਲੰਮੇ ਸਮੇਂ ਤੋਂ (ਇਤਿਹਾਸ ਦੇ ਇਕ ਸੰਪੂਰਣ ਚਰਣ ਵਿਚ, ਜੋ ਆਂਸ਼ਿਕ ਰੂਪ ਤੋਂ ਇਹਨਾਂ ਦੇ ਹੀ ਏਕਾਧਿਕਾਰ ਲਈ ਜਾਣਿਆ ਜਾਂਦਾ ਹੈ) ਅਨੇਕ ਮਹੱਤਵਪੂਰਣ ਸੇਵਾਵਾਂ ਉੱਤੇ ਉਹਨਾਂ ਦਾ ਏਕਾਧਿਕਾਰ ਹੁੰਦਾ ਸੀ। ਮਸਲਨ, ਧਾਰਮਿਕ ਵਿਚਾਰਧਾਰਾ, ਭਾਵ ਉਸ ਯੁੱਗ ਦੇ ਦਰਸ਼ਨ ਅਤੇ ਵਿਗਿਆਨ, ਯੂਨੀਵਰਸਿਟੀਆਂ, ਸਿੱਖਿਆ, ਨੈਤਿਕਤਾ, ਨਿਆਂ, ਦਾਨ, ਚੰਗੇ ਕੰਮ ਆਦਿ। ਚਰਚ ਦੇ ਪਾਦਰੀਆਂ ਦੇ ਵਰਗ ਨੂੰ ਬੁੱਧੀਜੀਵੀਆਂ ਦਾ ਉਹ ਵਰਗ ਮੰਨ ਸਕਦੇ ਹਾਂ, ਜੋ ਜ਼ਮੀਨਾਂ ਦੇ ਮਾਲਕ ਕੁਲੀਨ ਵਰਗ ਨਾਲ ਜੈਵਿਕ ਰੂਪ ਤੋਂ ਜੁੜਿਆ ਹੋਇਆ ਹੈ। ਵਿਧਾਨਿਕ ਨਜ਼ਰ ਤੋਂ ਉਸਨੂੰ ਕੁਲੀਨ ਵਰਗ ਦੇ ਬਰਾਬਰ ਦਾ ਦਰਜ਼ਾ ਪ੍ਰਾਪਤ ਸੀ। ਉਸੇ ਵਾਂਗ ਹੀ ਉਹ ਜ਼ਮੀਨ ਦੇ ਸਾਮੰਤੀ ਸਵਾਮੀਤਵ ਦਾ ਹੱਕਦਾਰ ਸੀ ਅਤੇ ਸੰਪੱਤੀ ਨਾਲ ਜੁੜੇ ਰਾਜਸੀ ਵਿਸ਼ੇਸ਼ਧਿਕਾਰਾਂ ਦਾ ਉਪਭੋਗ ਕਰ ਸਕਦਾ ਸੀ। ਪ੍ਰੰਤੂ ਉੱਪਰੀ ਢਾਂਚੇ ਦੇ ਖੇਤਰ ਵਿਚ ਪਾਦਰੀਆਂ ਦੇ ਏਕਾਧਿਕਾਰ ਦਾ ਪ੍ਰਯੋਗ ਸੰਘਰਸ਼ ਜਾਂ ਸੀਮਾਵਾਂ ਦੇ ਬਿਨਾਂ ਸੰਭਵ ਨਹੀਂ ਹੋ ਸਕਿਆ ਅਤੇ ਇਸ ਲਈ ਵਿਭਿੰਨ ਰੂਪਾਂ ਵਿਚ(ਜਿੰਨ੍ਹਾਂ ਦੀ ਚਰਚਾ ਅਤੇ ਜਿੰਨ੍ਹਾਂ ਦਾ ਅਧਿਐਨ ਕਠੋਰ ਰੂਪ ਵਿਚ ਕੀਤੇ ਜਾਣ ਦੀ ਜ਼ਰੂਰਤ ਹੈ) ਵਰਗਾਂ ਦਾ ਜਨਮ ਹੋਇਆ। ਇਹਨਾਂ ਦਾ ਵਿਸਤਾਰ ਨਿਰੰਕੁਸ਼ਵਾਦ ਦੇ ਯੁੱਗ ਤੱਕ ਰਾਜੇ ਦੀ ਵੱਧਦੀ ਹੋਈ ਕੇਂਦਰੀ ਸ਼ਕਤੀ ਅਤੇ ਸੱਤਾ

ਦੁਆਰਾ ਅਤੇ ਉਸਦੀ ਕਿਰਪਾ ਅਤੇ ਕੁਵਤ ਰਾਹੀਂ ਹੋਇਆ। ਇਸ ਤਰ੍ਹਾਂ ਕੁਲੀਨ ਬੁੱਧੀਜੀਵੀਆਂ (ਰਾਜਸੀ) ਦਾ ਇਕ ਨਵਾਂ ਵਰਗ ਬਣਿਆ। ਇਹਨਾਂ ਦੇ ਆਪਣੇ ਵਿਸ਼ੇਸ਼ ਅਧਿਕਾਰ ਸਨ। ਇਹ ਪ੍ਰਸ਼ਾਸਕਾਂ, ਵਿਦਵਾਨਾਂ, ਵਿਗਿਆਨਕਾਂ, ਸਿਧਾਂਤਕਾਰਾਂ ਅਤੇ ਧਰਮ ਨਾਲ ਜੁੜੇ ਹੋਏ ਦਾਰਸ਼ਨਿਕਾਂ ਆਦਿ ਦਾ ਤਬਕਾ ਸੀ।

ਪਰੰਪਰਿਕ ਬੁੱਧੀਜੀਵੀਆਂ ਦੇ ਇਹਨਾਂ ਵਿਭਿੰਨ ਵਰਗਾਂ ਤੋਂ ਆਪਣੀ ਅਟੁੱਟ ਇਤਿਹਾਸਕ ਨਿਰੰਤਰਤਾ ਅਤੇ ਆਪਣੀ ਵਿਸ਼ੇਸ਼ ਗੁਣਵੱਤਾ ਦੀ ਅਨੁਭੂਤੀ 'ਸਮੂਹਿਕ ਏਕਤਾ ਦੀ ਭਾਵਨਾ' ਦੁਆਰਾ ਹੁੰਦੀ ਹੈ। ਇਸ ਤਰ੍ਹਾਂ ਉਹ ਪ੍ਰਭੁਤਾਸ਼ਾਲੀ ਸਮਾਜਿਕ ਸਮੂਹ ਤੋਂ ਆਪਣੇ ਤਬਕੇ ਦੀ ਸਵੈ ਸੱਤਾ ਅਤੇ ਸਵਾਧੀਨਤਾ ਦਾ ਦਾਅਵਾ ਕਰਦੇ ਹਨ। ਇਹ ਆਤਮ-ਅੰਕਲਨ ਵਿਚਾਰਧਾਰਾ ਅਤੇ ਰਾਜਨੀਤੀ ਦੇ ਖੇਤਰ ਵਿਚ ਬਹੁਤ ਜ਼ਿਆਦਾ ਮਹੱਤਵਪੂਰਣ ਹੈ ਅਤੇ ਇਸਦੇ ਗੰਭੀਰ ਸਿੱਟੇ ਨਿੱਕਲਦੇ ਹਨ। ਸੰਪੂਰਣ ਆਦਰਸ਼ਵਾਦੀ-ਆਤਮਵਾਦੀ ਦਰਸ਼ਨ ਦਾ ਸੰਬੰਧ ਬਹੁਤ ਸਰਲਤਾ ਨਾਲ ਉਸ ਨਜ਼ਰੀਏ ਨਾਲ ਜੋੜਿਆ ਜਾ ਸਕਦਾ ਹੈ ਜਿਸਨੂੰ ਬੁੱਧੀਜੀਵੀਆਂ ਦਾ ਇਹ ਸਮੂਹ ਸਵੀਕਾਰ ਕਰਦਾ ਹੈ। ਇਸਨੂੰ ਉਸ ਸਮਾਜਿਕ ਕਾਲਪਨਿਕ ਸਮਾਜ ਦੀ ਨਕਲ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਸ ਦੁਆਰਾ ਇਹ ਬੁੱਧੀਜੀਵੀ ਖੁਦ ਨੂੰ ਅਜਿਹੇ 'ਸਵਾਧੀਨ' ਅਤੇ ਸਵੈ ਸੱਤਾਵਾਦੀ ਤਬਕੇ ਦੇ ਰੂਪ ਵਿਚ ਦੇਖਦੇ ਹਨ ਜਿਸਦਾ ਆਪਣਾ ਹੀ ਖਾਸ ਚਰਿੱਤਰ ਆਦਿ ਹੈ।

ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੋਪ ਅਤੇ ਚਰਚ ਦੇ ਦੂਜੇ ਵੱਡੇ ਅਹੁਦੇਦਾਰ ਸਮਝਦੇ ਹਨ ਕਿ ਈਸਾ ਮਸੀਹ ਅਤੇ ਉਹਨਾਂ ਦੇ ਚੇਲਿਆਂ ਨਾਲ ਉਹਨਾਂ ਦਾ ਸੰਬੰਧ, ਸੈਨੇਟਰ ਆਗਨੇਲੀ ਅਤੇ ਬੇਨੀ ਦੀ ਇੱਛਾ ਨਜ਼ਦੀਕ ਹੈ। ਪਰ ਇਹ ਗੱਲ ਉਦਾਹਰਣ ਪੂਰਵਕ ਜੇਂਟਾਈਲ ਅਤੇ ਕ੍ਰੋਚੇ ਉੱਤੇ ਲਾਗੂ ਨਹੀਂ ਹੁੰਦੀ: ਖਾਸਕਰ ਕ੍ਰੋਚੇ ਮਹਿਸੂਸ ਕਰਦਾ ਹੈ ਕਿ ਉਹ ਖੁਦ ਅਰਸਤੂ ਅਤੇ ਪਲੈਟੋ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ। ਦੂਜੇ ਪਾਸੇ ਸੈਨੇਟਰ ਆਗਨੇਲੀ ਅਤੇ ਬੇਨੀ ਨਾਲ ਆਪਣੇ ਸੰਬੰਧਾਂ ਨੂੰ ਛੁਪਾਉਂਦਾ ਵੀ ਨਹੀਂ। ਠੀਕ ਇਸੇ ਬਿੰਦੂ ਉੱਤੇ ਅਸੀਂ ਕ੍ਰੋਚੇ ਦੇ ਦਰਸ਼ਨ ਦੇ ਸਭ ਤੋਂ ਮਹੱਤਵਪੂਰਣ ਚਰਿੱਤਰ ਨੂੰ ਸਮਝ ਸਕਦੇ ਹਾਂ।

'ਬੁੱਧੀਜੀਵੀ' ਸ਼ਬਦ ਦੀ ਹੋਂਦ ਦੀਆਂ ਆਪਣੀਆਂ ਜ਼ਿਆਦਾ ਸੀਮਾਵਾਂ ਕੀ ਹਨ? ਕੀ ਸਾਡੀਆਂ ਬੁੱਧੀਜੀਵੀਆਂ ਦੀਆਂ ਗਤੀਵਿਧੀਆਂ ਅਲੱਗ ਅਤੇ ਮੁਸ਼ਕਿਲ ਤਰ੍ਹਾਂ ਦੀਆਂ ਹੁੰਦੀਆਂ ਹਨ? ਸਾਰਿਆਂ ਦਾ ਸਮਾਨ ਰੂਪ ਨਾਲ ਚਿਤਰਣ ਕਰਨ ਲਈ ਅਤੇ ਇਸਦੇ ਨਾਲ-ਨਾਲ ਦੂਜੇ ਸਮਾਜਿਕ ਸਮੂਹਾਂ ਨਾਲ ਉਹਨਾਂ ਨੂੰ ਬੁਨਿਆਦੀ ਰੂਪ ਤੋਂ ਅਲੱਗ ਕਰਨ ਲਈ ਕੀ ਸਾਨੂੰ ਕੋਈ ਪੈਮਾਨਾ ਮਿਲ ਸਕਦਾ ਹੈ? ਭਿੰਨਤਾ ਦੇ ਇਸ ਲੱਛਣ ਨੂੰ ਬੌਧਿਕ ਗਤੀਵਿਧੀਆਂ ਦੀ ਆਰੰਭਕ ਪ੍ਰਕਿਰਤੀ ਵਿਚ ਲੱਭਣਾ ਮੇਰੇ ਖਿਆਲ ਨਾਲ ਪੱਧਤੀ ਦੀ ਸਭ ਤੋਂ ਜ਼ਿਆਦਾ ਵਿਆਪਕ ਗਲਤੀ ਹੈ। ਇਸ ਲੱਛਣ ਨੂੰ ਉਨ੍ਹਾਂ ਸੰਬੰਧਾਂ ਦੀ ਪ੍ਰਣਾਲੀ ਦੀ ਸਮੱਗਰਤਾ ਵਿਚੋਂ ਲੱਭਣਾ ਚਾਹੀਦਾ ਹੈ ਜਿਸ ਵਿਚ ਇਹ ਗਤੀਵਿਧੀਆਂ (ਅਤੇ ਇਸ ਲਈ ਇਹਨਾਂ ਦਾ ਵਿਅਕਤੀਕਰਣ ਬੌਧਿਕ ਸਮੂਹ ਕਰਨ ਵਾਲੇ) ਸਮਾਜਿਕ ਸੰਬੰਧਾਂ ਦੇ ਸਮਾਨ ਸਮੁੱਚ ਵਿਚ ਆਪਣੀ ਜਗਾਹ ਲੈਂਦੀਆਂ ਹਨ। ਮਸਲਨ ਮਜ਼ਦੂਰ ਜਾਂ ਸਰਵਹਾਰਾ ਅਸਲ ਵਿਚ ਇਸ ਗੱਲ ਤੋਂ ਨਹੀਂ ਪਛਾਣਿਆ ਜਾਂਦਾ ਕਿ ਉਹ ਹੱਥ ਨਾਲ ਜਾਂ ਔਜਾਰਾਂ ਨਾਲ ਕੰਮ ਕਰਦਾ ਹੈ| ਉਹ ਇਸ ਆਧਾਰ ਉੱਤੇ ਪਛਾਣਿਆ ਜਾਂਦਾ ਹੈ ਕਿ ਉਹ ਖਾਸ ਪਰਿਸਥਿਤੀਆਂ ਵਿਚ ਅਤੇ ਖਾਸ ਸਮਾਜਿਕ ਸੰਬੰਧਾਂ ਦੇ ਅਧੀਨ ਕੰਮ ਕਰਦਾ ਹੈ(ਇਸਦੇ ਅਧੀਨ ਇਹ ਵੀ ਇਕ ਤੱਥ ਹੈ ਕਿ ਸ਼ੁੱਧ ਸਰੀਰਕ ਮਿਹਨਤ ਦੀ ਕੋਈ ਹੋਂਦ ਨਹੀਂ ਹੈ ਅਤੇ ਟੇਲਰ ਦਾ ਸ਼ਬਦ 'ਸਿੱਖਿਅਤ ਗੁਰੀਲਾ' ਵੀ ਇਕ ਰੂਪਕ ਹੈ ਅਤੇ ਜੋ ਇਕ ਨਿਸ਼ਚਿਤ ਦਿਸ਼ਾ ਵਿਚ ਇਕ ਸੀਮਾਂ ਦਾ ਸੰਕੇਤ ਕਰਦਾ ਹੈ: ਸਰੀਰਕ ਕੰਮ ਚਾਹੇ ਕਿੰਨਾ ਵੀ ਹੀਣ ਹੋਵੇ ਅਤੇ ਯੰਤਰਿਕ ਕਿਉਂ ਨਾ ਹੋਵੇ, ਉਸ ਅੰਦਰ ਘੱਟ ਤਕਨੀਕੀ ਯੋਗਤਾ, ਭਾਵ ਇਕ ਘੱਟ ਰਚਨਾਤਮਕ ਬੌਧਿਕ ਕਿਰਿਆ ਛੁਪੀ ਰਹਿੰਦੀ ਹੈ)।ਅਸੀਂ ਪਹਿਲਾਂ ਵੀ ਦੱਸਿਆ ਹੈ ਕਿ ਉੱਦਮੀ ਆਪਣੇ ਕੰਮਕਾਜ ਦੇ ਸਹਾਰੇ ਹੀ ਕੁਝ ਹੱਦ ਤੱਕ ਕੁਝ ਬੌਧਿਕ ਯੋਗਤਾਵਾਂ ਰੱਖਦਾ ਹੀ ਹੈ। ਇਹ ਗੱਲ ਵੱਡੀ ਹੈ ਕਿ ਸਮਾਜ ਵਿਚ ਉਸਦੀ ਭੂਮਿਕਾ ਇਸ ਰਾਹੀਂ ਨਿਯਤ ਨਹੀਂ ਹੁੰਦੀ। ਉਹ ਸਮਾਨ ਸਮਾਜਿਕ ਸੰਬੰਧਾਂ ਰਾਹੀਂ ਨਿਰਧਾਰਿਤ ਹੁੰਦੀ ਹੈ ਜੋ ਵਿਸ਼ੇਸ਼ ਰੂਪ ਨਾਲ ਉਦਯੋਗ ਦੇ ਅੰਤਰਗਤ ਉਸ ਉਦਮੀ ਦੀ ਸਥਿਤੀ ਨੂੰ ਨਿਰਧਾਰਿਤ ਕਰਦੀ ਹੈ।

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਮਨੁੱਖ ਬੁੱਧੀਜੀਵੀ ਹਨ: ਪਰ ਸਾਰੇ ਮਨੁੱਖੀ

ਸਮਾਜ ਵਿਚ ਬੁੱਧੀਜੀਵੀਆਂ ਦਾ ਕੰਮ ਨਹੀਂ ਕਰਦੇ।

ਜਦੋਂ ਅਸੀਂ ਬੁੱਧੀਜੀਵੀਆਂ ਅਤੇ ਅਬੁੱਧੀਜੀਵੀਆਂ ਵਿਚਕਾਰ ਫ਼ਰਕ ਕਰਦੇ ਹਾਂ ਤਾਂ ਅਸੀਂ ਅਸਲ ਵਿਚ ਬੁੱਧੀਜੀਵੀਆਂ ਦੇ ਪੇਸ਼ੇਵਰ ਵਰਗ ਦੇ ਤਤਕਾਲੀਨ ਸਮਾਜਿਕ ਕੰਮਕਾਜ ਦਾ ਜ਼ਿਕਰ ਕਰ ਰਹੇ ਹੁੰਦੇ ਹੈ। ਉਦੋਂ ਸਾਡੇ ਦਿਮਾਗ ਵਿਚ ਇਹ ਵਿਚਾਰ ਹੁੰਦਾ ਹੈ ਕਿ ਉਨ੍ਹਾਂ ਦੀ ਵਿਸ਼ੇਸ਼ ਪੇਸ਼ੇਵਰ ਕਿਰਿਆ ਦਾ ਝੁਕਾਅ ਕਿਸ ਪਾਸੇ ਹੈ। ਉਸਦਾ ਜ਼ੋਰ ਬੌਧਿਕ ਵਿਆਖਿਆ ਦੀ ਦਿਸ਼ਾ ਵਿਚ ਜ਼ਿਆਦਾ ਹੈ ਜਾਂ ਪੇਸ਼ੇ ਦੀ ਨਾੜੀ-ਤੰਤਰੀ ਦਿਸ਼ਾ ਵਿਚ। ਇਸਦਾ ਅਰਥ ਇਹ ਹੈ ਕਿ ਅਸੀਂ ਬੁੱਧੀਜੀਵੀਆਂ ਦੀ ਗੱਲ ਕਰ ਸਕਦੇ ਹਾਂ। ਪਰ ਅਬੁੱਧੀਜੀਵੀਆਂ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ। ਪਰ ਬੌਧਿਕ-ਮਾਨਸਿਕ ਪ੍ਰਸਾਰ ਅਤੇ ਪੇਸ਼ੇ ਦੀ ਨਾੜੀ-ਤੰਤਰੀ ਕੋਸ਼ਿਸ਼ ਵਿਚਕਾਰਲੇ ਸੰਬੰਧ ਹਮੇਸ਼ਾਂ ਇੱਕੋ ਜਿਹੇ ਨਹੀਂ ਹੁੰਦੇ| ਇਸ ਲਈ ਖਾਸ ਬੌਧਿਕ ਕ੍ਰਿਆਵਾਂ ਦੀ ਮਾਤਰਾ ਵਿਚ ਅੰਤਰ ਹੁੰਦਾ ਹੈ। ਕੋਈ ਮਾਨਵੀ ਕਿਰਿਆ ਅਜਿਹੀ ਨਹੀਂ ਹੈ ਜਿਸ ਤੋਂ ਅਸੀਂ ਬੌਧਿਕ ਭਾਗੀਦਾਰੀ ਦੇ ਹਰ ਅੰਸ਼ ਨੂੰ ਬਿਲਕੁਲ ਅਲੱਗ ਰੱਖ ਸਕੀਏ: ਨਿਰਮਾਣਕਾਰ ਮਨੁੱਖ ਨੂੰ ਅਸੀਂ ਵਿਚਾਰਕ ਮਨੁੱਖ ਤੋਂ ਅਲੱਗ ਨਹੀਂ ਕਰ ਸਕਦੇ। ਹਰ ਮਨੁੱਖ ਅੰਤਿਮ ਰੂਪ ਤੋਂ ਆਪਣੇ ਪੇਸ਼ੇਵਰ ਕਾਰਜ ਤੋਂ ਬਾਹਰ ਕਿਸੇ ਨਾ ਕਿਸੇ ਤਰ੍ਹਾਂ ਦੇ ਬੌਧਿਕ ਕਾਰਜ ਵਿਚ ਜੁੜਿਆ ਹੁੰਦਾ ਹੈ। ਭਾਵ ਉਹ 'ਦਾਰਸ਼ਨਿਕ', ਕਲਾਕਾਰ, ਜਾਂ ਸ਼ੌਂਕ ਦੇ ਬਾਰੇ ਉਸਦੇ ਆਪਣੇ ਆਜ਼ਾਦ ਖਿਆਲ ਹੁੰਦੇ ਹਨ। ਇਸ ਲਈ ਉਹ ਦੁਨੀਆਂ ਦੀ ਕਿਸੇ ਸੰਕਲਪਨਾ ਨੂੰ ਸੁਰੱਖਿਅਤ ਰੱਖਣ ਲਈ ਜਾਂ ਉਸਨੂੰ ਬਦਲਣ ਲਈ ਭਾਵ ਵਿਚਾਰ ਦੀਆਂ ਨਵੀਆਂ ਪੱਧਤੀਆਂ ਨੂੰ ਜਨਮ ਦੇਣ ਲਈ ਯੋਗਦਾਨ ਪਾਉਂਦਾ ਹੈ।

ਇਸ ਲਈ ਬੁੱਧੀਜੀਵੀਆਂ ਦੇ ਨਵੇਂ ਤਬਕੇ ਦੇ ਨਿਰਮਾਣ ਦੀ ਸਮੱਸਿਆ ਬੌਧਿਕ ਗਤੀਵਿਧੀ ਦੇ ਆਲੋਚਨਾਤਮਕ ਵਿਸਥਾਰ ਉੱਤੇ ਨਿਰਭਰ ਕਰਦੀ ਹੈ। ਇਹ ਇਕ ਨਿਸ਼ਚਿਤ ਮਾਤਰਾ ਵਿਚ ਵਿਕਾਸ ਤੋਂ ਬਾਅਦ ਹਰ ਮਨੁੱਖ ਵਿਚ ਨਿਹਿਤ ਹੁੰਦੀ ਹੈ। ਇਹ ਪੇਸ਼ੇਵਰ ਨਾੜੀ-ਤੰਤਰੀ ਕੋਸ਼ਿਸ਼ ਨਾਲ ਆਪਣੇ ਸੰਬੰਧਾਂ ਵਿਚ ਇਕ ਨਵਾਂ ਸੰਤੁਲਨ ਲਿਆਉਂਦੀ ਹੈ। ਇਹ ਇਸ ਗੱਲ ਲਈ ਹਾਮੀ ਭਰਦੀ ਹੈ ਕਿ ਪੇਸ਼ੇਵਰ ਨਾੜੀ-ਤੰਤਰੀ ਕੋਸ਼ਿਸ਼ ਖੁਦ ਹੀ ਸਮਾਨ ਵਿਵਹਾਰਕ ਗਤੀਵਿਧੀ ਦਾ ਤੱਤ ਹੈ। ਉਹ ਭੌਤਿਕ ਅਤੇ ਸਮਾਜਿਕ ਜਗਤ ਦਾ ਨਿਰੰਤਰ ਨਵੀਨੀਕਰਣ ਕਰਦਾ ਹੈ ਅਤੇ ਦੁਨੀਆਂ ਦੀ ਨਵੀਨ ਅਤੇ ਅਖੰਡ ਅਵਧਾਰਣਾ ਦੀ ਨੀਂਹ ਬਣ ਜਾਂਦਾ ਹੈ। ਇਸ ਲਈ ਵਿਦਵਾਨ, ਦਾਰਸ਼ਨਿਕ ਅਤੇ ਕਲਾਕਾਰ ਪਰੰਪਰਿਕ ਅਤੇ ਭ੍ਰਿਸ਼ਟ ਕਿਸਮ ਦਾ ਬੁੱਧੀਜੀਵੀ ਹੋ ਸਕਦਾ ਹੈ। ਇਸ ਲਈ ਵਿਦਵਾਨ, ਦਾਰਸ਼ਨਿਕ ਅਤੇ ਕਲਾਕਾਰ ਹੋਣ ਦਾ ਦਾਅਵਾ ਕਰਨ ਵਾਲੇ ਪੱਤਰਕਾਰ ਖੁਦ ਨੂੰ 'ਸੱਚਾ' ਬੁੱਧੀਜੀਵੀ ਮੰਨਦੇ ਹਨ। ਆਧੁਨਿਕ ਸੰਸਾਰ ਵਿਚ ਉਦਯੋਗਿਕ ਮਿਹਨਤ ਨਾਲ ਨਜ਼ਦੀਕੀ ਰੂਪ ਨਾਲ ਜੁੜੀ ਹੋਈ ਤਕਨੀਕੀ ਸਿੱਖਿਆ ਹੋਰ ਆਦਿਮ ਅਤੇ ਯੋਗਤਾਹੀਣ ਪੱਧਰ 'ਤੇ ਵੀ ਨਵੀਂ ਕਿਸਮ ਦੇ ਬੁੱਧੀਜੀਵੀ ਦਾ ਆਧਾਰ ਬਣ ਸਕਦੀ ਹੈ।

ਇਸੇ ਆਧਾਰ ਉੱਤੇ ਓਦ੍ਰਿਨ ਨੁਓਵੋ ਹਫ਼ਤਾਵਾਰ ਨੇ ਨਵੇਂ ਬੌਧਿਕਤਾਵਾਦ ਦੇ ਕੁਝ ਸਰੂਪਾਂ ਨੂੰ ਵਿਕਸਿਤ ਕਰਨ ਅਤੇ ਉਸਦੀਆਂ ਨਵੀਨ ਸੰਕਲਪਨਾਵਾਂ ਨੂੰ ਨਿਰਧਾਰਿਤ ਕਰਨ ਦਾ ਕੰਮ ਕੀਤਾ। ਉਸਦੀ ਸਫ਼ਲਤਾ ਪਿੱਛੇ ਇਹ ਕੋਈ ਛੋਟਾ ਕਾਰਨ ਨਹੀਂ ਸੀ। ਕਿਉਂਕਿ ਇਹ ਸੰਕਲਪਨਾਵਾਂ ਜੀਵਨ ਦੇ ਅਸਲ ਸਰੂਪਾਂ ਦੇ ਵਿਕਾਸ ਅਤੇ ਨਿਹਿਤ ਇੱਛਾਵਾਂ ਦੇ ਅਨੁਰੂਪ ਸੀ। ਨਵੇਂ ਬੁੱਧੀਜੀਵੀਆਂ ਦੇ ਸਵੈ ਦੀ ਪੱਧਤੀ ਕੇਵਲ ਵਾਣੀ ਦੀ ਨਿਪੁੰਨਤਾ ਉੱਤੇ ਨਿਰਭਰ ਨਹੀਂ ਹੁੰਦੀ। ਇਹ ਨਿਪੁੰਨਤਾ ਤਾਂ ਭਾਵਨਾਵਾਂ ਅਤੇ ਆਵੇਗਾਂ ਦਾ ਕੁਝ ਹਿੱਸਾ ਅਤੇ ਪ੍ਰੇਰਕ ਹੁੰਦੀ ਹੈ। ਇਹ ਤਾਂ ਨਿਰਮਾਤਾ, ਸੰਗਠਨਕਰਤਾ ਅਤੇ 'ਸਥਾਈ ਸੰਵਾਹਕ' ਦੇ ਰੂਪ ਵਿਚ ਵਿਵਹਾਰਕ ਜੀਵਨ ਅੰਦਰ ਸਹਿਭਾਗੀ ਹੁੰਦੀ ਹੈ।(ਪਰ ਇਹ ਅਮੂਰਤ ਗਣਿਕ ਭਾਵਨਾ ਤੋਂ ਵੀ ਸ੍ਰੇਸ਼ਠ ਹੁੰਦੀ ਹੈ)। ਮਨੁੱਖ ਕਾਰਜਕਾਰੀ-ਤਕਨੀਕੀ ਨਾਲ ਵਿਗਿਆਨ ਰੂਪੀ ਤਕਨੀਕ ਪਾਸੇ ਅਤੇ ਉਸਦੇ ਅੱਗੇ ਇਤਿਹਾਸ ਦੀ ਮਾਨਵੀ ਅਵਧਾਰਣਾ ਵੱਲ ਵੱਧਦੀ ਹੈ। ਇਸ ਬਿਨਾਂ ਉਹ ਕੇਵਲ 'ਮਾਹਿਰ' ਬਣਿਆ ਰਹਿੰਦਾ ਹੈ। ਉਹ 'ਨਿਰਦੇਸ਼ਕ'(ਮਾਹਰ ਅਤੇ ਰਾਜਨੀਤਕ) ਨਹੀਂ ਬਣ ਸਕਦਾ।

ਇਸ ਤਰ੍ਹਾਂ ਬੌਧਿਕ ਕੰਮਕਾਜ ਕਰਨ ਲਈ ਇਤਿਹਾਸ ਦੁਆਰਾ ਨਿਰਮਿਤ ਮਾਹਿਰਾਂ ਦੇ ਵਰਗ ਹਨ। ਉਹਨਾਂ ਦਾ ਨਿਰਮਾਣ ਸਾਰੇ ਸਮਾਜਿਕ ਸਮੂਹਾਂ ਦੇ ਸੰਯੋਜਨ/ਮਿਸ਼ਰਣ ਨਾਲ ਹੁੰਦਾ ਹੈ।ਪਰ ਵਿਸ਼ੇਸ਼ ਰੂਪ

ਨਾਲ ਇਹ ਆਸਵੰਦ ਜ਼ਿਆਦਾ ਮਹੱਤਵਪੂਰਣ ਸਮੂਹ ਦੇ ਮਿਸ਼ਰਣ ਨਾਲ ਹੁੰਦਾ ਹੈ। ਪ੍ਰਭੁਤਾਸ਼ਾਲੀ ਸਮਾਜਿਕ ਸਮੂਹ ਨਾਲ ਜੁੜਨ ਉੱਤੇ ਉਹਨਾਂ ਦਾ ਜ਼ਿਆਦਾ ਵਿਆਪਕ ਅਤੇ ਜਟਿਲ ਵਿਸਤਾਰ ਹੁੰਦਾ ਹੈ। ਸੱਤਾ ਦੀ ਦਿਸ਼ਾ ਵਿਚ ਵਿਕਸਿਤ ਹੋ ਰਹੇ ਕਿਸੇ ਵੀ ਸਮੂਹ ਦਾ ਇਕ ਸਰਵ ਉੱਚ ਮਹੱਤਵਪੂਰਣ ਲੱਛਣ ਹੈ ਪਰੰਪਰਿਕ ਬੁੱਧੀਜੀਵੀਆਂ ਨੂੰ 'ਵਿਚਾਰਧਾਰਾ' ਦੇ ਪੱਧਰ ਉੱਤੇ ਆਪਣੇ ਅੰਦਰ ਮਿਲਾਉਣ ਅਤੇ ਉਹਨਾ ਉੱਤੇ ਜਿੱਤ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ। ਪਰ ਇਹ ਸੰਯੋਜਨ ਅਤੇ ਜਿੱਤ ਛੇਤੀ ਅਤੇ ਜ਼ਿਆਦਾ ਪ੍ਰਭਾਵੀ ਰੂਪ ਨਾਲ ਉਦੋਂ ਹੀ ਸੰਭਵ ਹੈ ਜਦੋਂ ਸਾਰੇ ਸਮੂਹ ਖੁਦ ਆਪਣੇ ਜੈਵਿਕ ਬੁੱਧੀਜੀਵੀਆਂ ਦਾ ਉਸੇ ਸਮੇਂ ਵਿਕਾਸ ਕਰਨ ਵਿਚ ਸਫ਼ਲ ਹੋ ਸਕਣ।

ਮੱਧਯੁੱਗ ਜਗਤ ਤੋਂ ਉੱਭਰ ਰਹੇ ਸਮਾਜਾਂ ਵਿਚ ਸਿੱਖਿਆ ਦੀ ਗਤੀਵਿਧੀ ਅਤੇ ਸੰਗਠਨ ਦਾ ਉਤਕ੍ਰਿਸ਼ਠ ਵਿਕਾਸ ਵਿਆਪਕ ਅਰਥ ਵਿਚ ਆਧੁਨਿਕ ਵਿਸ਼ਵ ਵਿਚ ਬੌਧਿਕ ਕੰਮਾਂ ਅਤੇ ਵਰਗਾਂ ਦੇ ਮਹੱਤਵ ਦਾ ਸੂਚਕ ਹੈ। ਹਰ ਵਿਅਕਤੀ ਦੀ 'ਬੌਧਿਕਤਾ' ਨੂੰ ਗਹਿਰਾ ਅਤੇ ਵਿਆਪਕ ਬਣਾਉਣ ਲਈ ਕੋਸ਼ਿਸ਼ਾਂ ਦੇ ਸਮਾਨੰਤਰ ਵਿਭਿੰਨ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਅਸੰਖ ਅਤੇ ਸੰਕੀਰਣ ਬਣਾਇਆ ਜਾ ਰਿਹਾ ਹੈ। ਇਹ ਸਾਰੇ ਪੱਧਰਾਂ ਉੱਤੇ ਸਿੱਖਆ ਸੰਸਥਾਂਵਾਂ ਵਿਚ ਕੀਤਾ ਜਾ ਸਕਦਾ ਹੈ। ਇਹਨਾਂ ਵਿਚ ਵਿਗਿਆਨ ਅਤੇ ਪ੍ਰਯੋਗਿਕ ਸਾਰੇ ਖੇਤਰਾਂ ਵਿਚ ਤਥ ਆਧਾਰਿਤ 'ਉੱਚ ਸੰਸਕ੍ਰਿਤੀ' ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਸਥਾਵਾਂ ਵੀ ਸ਼ਾਮਿਲ ਹਨ।

ਯੂਨੀਵਰਸਿਟੀ/ਵਿੱਦਿਅਕ ਸੰਸਥਾ ਉਹ ਉਪਕਰਣ ਹੈ ਜਿਸ ਦੁਆਰਾ ਵਿਭਿੰਨ ਪੱਧਰਾਂ ਉੱਤੇ ਬੁੱਧੀਜੀਵੀਆਂ ਦਾ ਨਿਰਮਾਣ ਹੁੰਦਾ ਹੈ। ਵਿਭਿੰਨ ਰਾਜਾਂ ਵਿਚ ਬੌਧਿਕ ਕੰਮਕਾਜ ਦੀ ਜਟਿਲਤਾ ਨੂੰ ਵਿਸ਼ੇਸ਼ ਵਿੱਦਿਅਕ ਸੰਸਥਾਵਾਂ ਦੀ ਸੰਖਿਆ ਅਤੇ ਪੱਧਰ ਦੇ ਆਧਾਰ 'ਤੇ ਵਸਤੂਪਰਕ ਰੂਪ ਦੁਆਰਾ ਨਾਪਿਆ ਜਾ ਸਕਦਾ ਹੈ: ਸਿੱਖਿਆ ਦੁਆਰਾ ਜਿੰਨੇ ਵਿਆਪਕ 'ਖੇਤਰ' ਨੂੰ ਸਮੇਟਿਆ ਜਾਵੇਗਾ ਸਿੱਖਿਆ ਪ੍ਰਾਪਤ ਕਰਨ ਵਾਲੇ ਦੇ 'ਪੱਧਰ' ਜਿੰਨੇ ਜ਼ਿਆਦਾ 'ਲੰਬਵਤ' ਹੋਣਗੇ, ਰਾਜ ਦਾ ਸੰਸਕ੍ਰਿਤਕ ਜਗਤ ਭਾਵ ਉਸਦੀ ਸੱਭਿਅਤਾ ਓਨੀ ਹੀ ਜ਼ਿਆਦਾ ਜਟਿਲ ਹੋਵੇਗੀ। ਤੁਲਨਾ ਦਾ ਇਕ ਆਧਾਰ ਉਦਯੋਗਿਕ ਤੇ ਤਕਨਾਲੋਜੀ ਦੇ ਖੇਤਰ ਤੋਂ ਲਿਆ ਜਾ ਸਕਦਾ ਹੈ: ਕਿਸੇ ਦੇਸ਼ ਦੇ ਉਦਯੋਗੀਕਰਣ ਨੂੰ ਮਾਪਣ ਲਈ ਇਹ ਦੇਖਣਾ ਚਾਹੀਦਾ ਹੈ ਕਿ ਮਸ਼ੀਨਾਂ ਦਾ ਉਤਪਾਦਨ ਕਰਨ ਵਾਲੇ ਮਸ਼ੀਨਾਂ ਬਣਾਉਣ ਦੇ ਨਾਲ-ਨਾਲ ਮਸ਼ੀਨਾਂ ਦੇ ਨਿਰਮਾਣ ਲਈ ਜ਼ਿਆਦਾ ਸਹੀ ਉਪਕਰਣ ਬਣਾ ਸਕਣ ਲਈ ਕਿੰਨਾ ਕੁ ਸਹਿਯੋਗ ਹੈ,ਆਦਿ। ਪ੍ਰਯੋਗਿਕ ਵਿਗਿਆਨਕ ਪ੍ਰਯੋਗਸ਼ਾਲਾਵਾਂ ਲਈ ਉਪਕਰਣਾਂ ਦੇ ਨਿਰਮਾਣ ਅਤੇ ਪਹਿਲੇ ਉਪਕਰਣਾਂ ਦੀ ਜਾਂਚ ਲਈ ਉਪਕਰਣਾਂ ਦੇ ਉਤਪਾਦਨ ਵਿਚ ਸਮਰੱਥ ਦੇਸ਼ ਤਕਨੀਕੀ-ਉਦਯੋਗਿਕ ਖੇਤਰ ਵਿਚ ਜ਼ਿਆਦਾ ਜਟਿਲ ਅਤੇ ਸੱਭਿਅਤਾ ਦੀ ਦ੍ਰਿਸ਼ਟੀ ਤੋਂ ਉੱਚੇ ਪੱਧਰ ਦਾ ਮੰਨਿਆ ਜਾ ਸਕਦਾ ਹੈ। ਇਹੋ ਗੱਲ ਬੁੱਧੀਜੀਵੀਆਂ ਨੂੰ ਤਿਆਰ ਕਰਨ ਅਤੇ ਇਸ ਕੰਮ ਲਈ ਸਮਰਪਿਤ ਵਿਦਿਅਕ ਸੰਸਥਾਵਾਂ ਉੱਤੇ ਵੀ ਲਾਗੂ ਹੁੰਦੀ ਹੈ। ਵਿਦਿਅਕ ਅਤੇ ਉੱਚ ਸੰਸਕ੍ਰਿਤੀ ਦੀਆਂ ਸੰਸਥਾਵਾਂ ਦਾ ਇਕ ਦੂਜੇ ਨਾਲ ਮਿਸ਼ਰਣ ਹੋ ਸਕਦਾ ਹੈ। ਇਸ ਖੇਤਰ ਦੇ ਸਿੱਟੇ ਨੂੰ ਗੁਣਵੱਤਾ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ ਹੈ। ਉੱਚ ਤਕਨੀਕੀ-ਸੰਸਕ੍ਰਿਤਕ ਵਿਸ਼ੇਸ਼ੀਕਰਣ ਦੇ ਅਨੁਰੂਪ ਆਰੰਭਿਕ/ ਮੁੱਢਲੀ ਸਿੱਖਿਆ ਦਾ ਜ਼ਿਆਦਾ ਵਿਕਾਸ ਹੋਣਾ ਚਾਹੀਦਾ ਹੈ। ਮਾਧਮਿਕ ਜਮਾਤਾਂ ਵਿਚ ਵੀ ਧਿਆਨਪੂਰਵਕ ਵਿਸਥਾਰ ਕਰਨ ਦੀ ਜ਼ਰੂਰਤ ਹ। ਸੁਭਾਵਿਕ ਰੂਪ ਤੋਂ ਉਚਤਮ ਬੌਧਿਕ ਯੋਗਤਾਵਾਂ ਦੀ ਚੋਣ ਅਤੇ ਪ੍ਰਸਾਰ ਲਈ ਜ਼ਿਆਦਾ ਤੋਂ ਜ਼ਿਆਦਾ ਵਿਆਪਕ ਆਧਾਰ ਪੇਸ਼ ਕਰਨਾ ਚਾਹੀਦਾ ਹੈ। ਭਾਵ ਉਚ ਸੰਸਕ੍ਰਿਤਕ ਅਤੇ ਉੱਚ ਪੱਧਰ ਦੀ ਤਕਨਾਲੋਜੀ ਨੂੰ ਇਕ ਲੋਕਤੰਤਰਿਕ ਢਾਂਚਾ ਪ੍ਰਦਾਨ ਕਰਨਾ ਚਾਹੀਦਾ ਹੈ। ਪਰ ਇਸ ਨਾਲ ਕੁਝ ਹਾਨੀਆਂ ਵੀ ਹਨ: ਇਹ ਮੱਧਮ ਬੌਧਿਕ ਵਰਗਾਂ ਲਈ ਬੇਰੁਜ਼ਗਾਰੀ ਦੇ ਵਿਸ਼ਾਲ ਸੰਕਟਾਂ ਦੀ ਸੰਭਾਵਨਾ ਪੈਦਾ ਕਰਦਾ ਹੈ। ਸਾਰੇ ਆਧੁਨਿਕ ਸਮਾਜਾਂ ਵਿਚ ਇਹ ਅਸਲ ਵਿਚ ਵਾਪਰਦਾ ਹੈ।

ਗੌਰ ਕਰਨ ਯੋਗ ਗੱਲ ਇਹ ਹੈ ਕਿ ਬੌਧਿਕ ਤਬਕਿਆਂ ਦਾ ਵਿਕਾਸ ਮੂਰਤ ਵਾਸਤਵਿਕਤਾ ਦੀ ਦ੍ਰਿਸ਼ਟੀ ਤੋਂ ਅਮੂਰਤ ਲੋਕਤੰਤਰ ਦੇ ਧਰਾਤਲ ਉੱਤੇ ਨਹੀਂ ਹੁੰਦਾ। ਉਹ ਜ਼ਿਆਦਾ ਤੋਂ ਜ਼ਿਆਦਾ ਮੂਰਤ ਪਰੰਪਰਿਕ ਇਤਿਹਾਸਕ ਪ੍ਰਕ੍ਰਿਆਵਾਂ ਦੇ ਅਨੁਸਾਰ ਹੁੰਦਾ ਹੈ। ਅਜਿਹੇ ਤਬਕੇ ਵਿਕਸਿਤ ਹੁੰਦੇ ਹਨ ਜੋ ਪਰੰਪਰਾ

ਅਨੁਸਾਰ ਬੁੱਧੀਜੀਵੀਆਂ ਨੂੰ 'ਤਿਆਰ ਕਰਦੇ ਹਨ'। ਇਹ ਉਹੋ ਹੀ ਤਬਕੇ ਹਨ ਜਿਹਨਾਂ ਨੇ 'ਬੱਚਤ' ਵਿਚੋਂ ਵਿਸ਼ੇਸ਼ਤਾ ਪ੍ਰਾਪਤ ਕਰ ਲਈ ਹੈ। ਭਾਵ ਨਿਮਨ ਅਤੇ ਮੱਧਮ ਧਰਾਤਲੀ ਬੁਰਜੂਆ ਵਰਗ ਅਤੇ ਨਿਮਨ ਅਤੇ ਮੱਧਮ ਸ਼ਹਿਰੀ ਬੁਰਜੂਆ ਵਰਗ ਦੇ ਕੁਝ ਅਲੱਗ-ਅਲੱਗ ਪੱਖ ਅਤੇ ਇਹਨਾਂ ਤਬਕਿਆਂ ਦੇ ਅਧੀਨ ਵਰਗਾਂ ਦੀਆਂ ਅਲੱਗ-ਅਲੱਗ ਇੱਛਾਵਾਂ ਬੌਧਿਕ ਵਿਸ਼ੇਸ਼ਤਾ ਦੀਆਂ ਵਿਭਿੰਨ ਸ਼ਾਖਾਵਾਂ ਦੇ ਵਿਕਾਸ ਨੂੰ ਨਿਰਧਾਰਿਤ ਕਰਦੀਆਂ ਹਨ ਜਾਂ ਉਹਨਾਂ ਨੂੰ ਸਰੂਪ ਪ੍ਰਦਾਨ ਕਰਦੀਆਂ ਹਨ। ਇਸ ਤਰ੍ਹਾਂ ਇਟਲੀ ਵਿਚ ਪੇਂਡੂ ਬੁਰਜੂਆ ਵਰਗ ਵਿਸ਼ੇਸ਼ ਰੂਪ ਨਾਲ ਰਾਜ ਦੇ ਕਰਮਚਾਰੀ ਅਤੇ ਪੇਸ਼ੇਵਰ ਲੋਕਾਂ ਨੂੰ ਪੈਦਾ ਕਰਦਾ ਹੈ ਜਦੋਂ ਕਿ ਸ਼ਹਿਰੀ ਬੁਰਜੂਆ ਵਰਗ ਉਦਯੋਗ ਲਈ ਤਕਨੀਸ਼ਨਾਂ ਨੂੰ ਤਿਆਰ ਕਰਦਾ ਹੈ ਅਤੇ ਦੱਖਣ ਇਟਲੀ ਪ੍ਰਮੁੱਖ ਤੌਰ ਤੇ ਕਰਮਚਾਰੀਆਂ ਅਤੇ ਪੇਸ਼ੇਵਰ ਲੋਕਾਂ ਨੂੰ।

ਬੁੱਧੀਜੀਵੀਆਂ ਅਤੇ ਉਤਪਾਦਨ ਦੇ ਸੰਸਾਰ ਦਾ ਸੰਬੰਧ ਓਨਾ ਪ੍ਰਤੱਖ ਨਹੀਂ ਹੈ ਜਿੰਨਾ ਬੁਨਿਆਦੀ ਸਮਾਜਿਕ ਸਮੂਹਾਂ ਦਾ ਹੈ। ਪਰ ਸਮਾਜ ਦਾ ਸੰਪੂਰਣ ਤਾਣਾ-ਬਾਣਾ ਅਤੇ ਸਾਰੀਆਂ ਕ੍ਰਿਆਵਾਂ ਇਹਨਾਂ ਸੰਬੰਧਾਂ ਉੱਤੇ ਅਲੱਗ-ਅਲੱਗ ਮਾਤਰਾ ਵਿਚ ਪ੍ਰਭਾਵ ਪਾਉਂਦੀਆਂ ਹਨ। ਬੁੱਧੀਜੀਵੀ ਅਪ੍ਰਤੱਖ ਰੂਪ ਵਿਚ ਇਹਨਾਂ ਅਧਿਰਚਨਾਵਾਂ ਦੇ 'ਕੰਮਕਾਜੀ' ਹੁੰਦੇ ਹਨ। ਵਿਭਿੰਨ ਬੁੱਧੀਜੀਵੀ ਤਬਕਿਆਂ ਦੀ 'ਜੈਵਿਕ ਗੁਣਵੱਤਾ' ਅਤੇ ਕਿਸੇ ਬੁਨਿਆਦੀ ਸਮਾਜਿਕ ਸਮੂਹ ਨਾਲ ਉਸਦੇ ਸੰਬੰਧਾਂ ਦੀ ਮਾਤਰਾ ਨੂੰ ਮਾਪਣ ਅਤੇ ਥੱਲੇ ਤੋਂ ਸਿਖਰ/ਉੱਪਰ ਤੱਕ( ਸੰਰਚਨਾਤਮਕ ਬੁਨਿਆਦ ਤੋਂ ਉੱਪਰ ਵੱਲ) ਉਸਦੀਆਂ ਅਧਿਰਚਨਾਵਾਂ ਅਤੇ ਕੰਮਕਾਜ ਦਾ ਆਂਕਲਨ ਸੁਨਿਸ਼ਚਿਤ ਕਰਨਾ ਸੰਭਵ ਹੋਣਾ ਚਾਹੀਦਾ ਹੈ। ਇਸ ਸਮੇਂ ਅਸੀਂ ਇਹ ਆਖ ਸਦਕੇ ਹਾਂ ਕਿ ਅਸੀਂ ਅਧਿਰਚਨਾ ਦੇ ਦੋ ਪ੍ਰਮੁੱਖ ਪੱਧਰਾਂ ਨੂੰ ਨਿਸ਼ਚਿਤ ਕਰ ਲਈਏ। ਇਹਨਾਂ ਵਿਚੋਂ ਇਕ ਇਹ ਹੈ ਕਿ ਜਿਸਨੂੰ 'ਮਨੁੱਖੀ ਸਮਾਜ' ਕਹਿੰਦੇ ਹਨ ਅਤੇ ਜੋ ਅਜਿਹੀ ਜੈਵਿਕ ਸੰਸਥਾਵਾਂ ਦਾ ਸਮਾਸ ਹੈ। ਜਿਹਨਾਂ ਨੂੰ ਸਾਧਾਰਣ ਤੌਰ ਤੇ : 'ਨਿੱਜੀ' ਕਹਿੰਦੇ ਹਨ। ਦੂਜਾ 'ਰਾਜਨੀਤਕ ਸਮਾਜ' ਭਾਵ 'ਰਾਜ' ਹੈ ਇਹਨਾ ਦੋ ਪੱਧਰਾਂ ਦੇ ਅਨੁਰੂਪ ਇਕ ਪਾਸੇ ਸੱਤਾ ਦਾ ਕੰਮਕਾਜ ਹੈ। ਇਹਨਾਂ ਨੂੰ ਪ੍ਰਭੂਤਾਸ਼ਾਲੀ ਸਮੂਹ ਸਾਰੇ ਸਮਾਜ ਦੇ ਅਮਲ ਵਿਚ ਲਿਆਉਂਦਾ ਹੈ। ਦੂਜੇ ਪਾਸੇ 'ਪੂਰਨ ਨਿਯੰਤਰਣ' ਦਾ ਕੰਮ-ਕਾਜ ਅਜਿਹਾ ਆਦੇਸ਼ ਹੈ ਜਿਸ ਨੂੰ ਰਾਜ ਅਤੇ 'ਵਿਧਾਨਕ' ਸਰਕਾਰ ਦੁਆਰਾ ਅਮਲ ਵਿਚ ਲਿਆਂਦਾ ਜਾਂਦਾ ਹੈ। ਇਹ ਕੰਮ-ਕਾਜ ਨਿਸ਼ਚਿਤ ਰੂਪ ਨਾਲ ਸੰਗਠਨ ਅਤੇ ਸੰਯੋਜਨ ਦੁਆਰਾ ਜੁੜੇ ਹੋਏ ਹਨ। ਬੁੱਧੀਜੀਵੀ ਪ੍ਰਭੂਤਾਸਾਲੀ ਸਮੂਹ ਦੇ 'ਪ੍ਰਤੀਨਿਧ' ਹਨ|।ਇਹ ਸਮਾਜਿਕ ਪ੍ਰਭੂਤਵ ਅਤੇ ਰਾਜਨੀਤਿਕ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਹਨ। ਇਹ ਗਤੀਵਿਧੀਆਂ ਹਨ:

1. ਪ੍ਰਭੂਤਾਸ਼ਾਲੀ ਬੁਨਿਆਦੀ ਸਮੂਹਾਂ ਦੁਆਰਾ ਸਮਾਜਿਕ ਜੀਵਨ ਉੱਤੇ ਲੱਦੇ ਹੋਏ ਸਮਾਨ ਨਿਰਦੇਸ਼ਾਂ ਦਾ ਵਿਸ਼ਾਲ ਜਨਸਮੂਹਾਂ ਦੁਆਰਾ 'ਸੁਭਾਵਿਕ' ਰੂਪ ਨਾਲ ਪਾਲਣ ਕਰਨਾ। ਇਹ ਸਹਿਮਤੀ 'ਇਤਿਹਾਸਕ' ਰੂਪ ਨਾਲ ਉਸ ਪ੍ਰਤਿਸ਼ਠਾ ( ਪਰਿਮਾਣਸਰੂਪ ਵਿਸ਼ਵਾਸ) ਦੀ ਵਜ੍ਹਾ ਨਾਲ ਮਿਲਦੀ ਹੈ ਜੋ ਉਤਪਾਦਨ ਦੇ ਸੰਸਾਰ ਅੰਦਰ ਆਪਣੀ ਸਥਿਤੀ ਅਤੇ ਕੰਮਕਾਜ ਦੇ ਕਾਰਣ ਪ੍ਰਭੂਤਾਸ਼ਾਲੀ ਸਮੂਹ ਨੂੰ ਮਿਲਦੀ ਹੁੰਦੀ ਹੈ।

2. ਰਾਜ ਦੁਆਰਾ ਬਲ ਪ੍ਰਯੋਗ ਦੀ ਸ਼ਕਤੀ ਦਾ ਤੰਤਰ 'ਕਾਨੂੰਨ ਦੁਆਰਾ' ਉਹਨਾ ਸਮੂਹਾਂ ਉੱਤੇ ਅਨੁਸ਼ਾਸਨ ਲਾਗੂ ਕਰਨਾ ਹੈ ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਆਪਣੀ 'ਸਹਿਮਤੀ' ਨਹੀਂ ਦਿੰਦੇ। ਇਸ ਤੰਤਰ ਦਾ ਸੰਪੂਰਣ ਸਮਾਜ ਲਈ ਨਿਰਮਾਣ ਉਹਨਾਂ ਪਲਾਂ ਦੀ ਆਸ਼ੰਕਾਂ ਕਾਰਣ ਕੀਤਾ ਜਾਂਦਾ ਹੈ ਜਦੋਂ ਆਦੇਸ਼ ਅਤੇ ਨਿਰਦੇਸ਼ ਦਾ ਸੰਕਟ ਪੈਦਾ ਹੋ ਜਾਵੇ ਕਿਉਂਕਿ ਸੁਭਾਵਿਕ ਸਹਿਮਤੀ ਖਤਮ ਹੋ ਚੁੱਕੀ ਹੈ।

ਸਵਾਲ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਨਤੀਜਾ ਬੁੱਧੀਜੀਵੀ ਦੀ ਅਵਧਾਰਣਾ ਦਾ ਜ਼ਿਆਦਾ ਵਿਸਥਾਰ ਕਰਨਾ ਹੈ। ਪਰ ਇਹੋ ਇਕ ਸਹੀ ਤਰੀਕਾ ਹੈ ਜਿਸ ਨਾਲ ਅਸੀਂ ਅਸਲੀਅਤ ਦੇ ਬਿਲਕੁਲ ਨਜ਼ਦੀਕ ਪਹੁੰਚਣ ਵਿਚ ਠੋਸ ਰੂਪ ਵਿਚ ਸਮਰੱਥ ਹੋ ਸਕਦੇ ਹਾਂ| ਇਹ ਜਾਤੀ ਦੀਆਂ ਪੂਰਵ ਸੰਕਲਪਨਾਵਾਂ ਦੇ ਵੀ ਅਨੁਕੂਲ ਹੈ। ਸਮਾਜਿਕ ਨੇਤਰਤਵ ਅਤੇ ਰਾਜ ਦੇ ਪ੍ਰਭੂਤਵ ਦੇ ਸੰਗਠਨ ਦੇ ਕੰਮਕਾਜ ਨਾਲ ਕੰਮ ਦੀ ਇਕ ਖਾਸ ਕਿਸਮ ਦੀ ਵੰਡ ਸਾਹਮਣੇ ਆਉਂਦੀ ਹੈ। ਇਸ ਲਈ ਯੋਗਤਾਵਾਂ ਦੀ ਇਕ ਪੂਰੀ ਪੌੜ੍ਹੀਨੁਮਾ ਵਿਵਸਥਾ ਪੈਦਾ ਹੁੰਦੀ ਹੈ।

ਇਸਦੇ ਅਧੀਨ ਕੁਝ ਨਿਰਦੇਸ਼ ਜਾਂ ਸੰਗਠਨ ਦੇ ਕੰਮਕਾਜ ਦੇ ਪ੍ਰਗਟ ਰੂਪ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ। ਉਦਾਹਰਣ ਵੱਜੋਂ ਸਮਾਜਿਕ ਅਤੇ ਰਾਜ ਦੇ ਨਿਰਦੇਸ਼ਕ ਤੰਤਰ ਅਧੀਨ ਸਰੀਰਕ ਅਤੇ ਉਪਕਰਣਾਤਮਕ ਚਰਿੱਤਰ ਦੇ ਕੰਮਾਂ ਦੀ ਇਕ ਪੂਰੀ ਲੜੀ ਹੈ। (ਭਾਵ ਗੈਰ- ਕਾਰਜਕਾਰੀ ਕਿਸਮ ਦੇ ਕੰਮ ਕਰਨ ਵਾਲੇ ਅਫ਼ਸਰ ਜਾਂ ਅਧਿਕਾਰੀ ਨਹੀਂ, ਬਲਕਿ ਏਜੰਟ)। ਇਸ ਤਰ੍ਹਾਂ ਦਾ ਫ਼ਰਕ ਕਰਨਾ ਓਵੇਂ ਹੀ ਸਪੱਸ਼ਟ ਹੈ ਜਿਵੇਂ ਇਹ ਸਪੱਸ਼ਟ ਹੈ ਕਿ ਦੂਜਿਆਂ ਨਾਲ ਫ਼ਰਕ ਕਰਨਾ ਲਾਜ਼ਮੀ ਹੈ। ਅਸਲ ਵਿਚ ਬੌਧਿਕ ਗਤੀਵਿਧੀਆਂ ਦਾ ਵਿਭੇਦੀਕਰਣ ਉਸਦੇ ਸ਼ੁਰੂਆਤੀ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਅਤੇ ਉਹਨਾਂ ਪੱਧਰਾਂ ਅਨੁਸਾਰ ਜ਼ਰੂਰ ਹੀ ਕਰਨਾ ਚਾਹੀਦਾ ਹੈ ਜੋ ਉੱਚ ਵਿਰੋਧ ਦੇ ਪਲਾਂ ਵਿਚ ਅਸਲ ਗੁਣਾਤਮਕ ਅੰਤਰ ਨੂੰ ਲੱਭਦੇ ਹਨ। ਸਭ ਤੋਂ ਉੱਚੇ ਪੱਧਰ ਉੱਤੇ ਅਲੱਗ-ਅਲੱਗ ਗਿਆਨ, ਦਰਸ਼ਨ, ਕਲਾ, ਆਦਿ ਦੇ ਸਿਰਜਣ ਕਰਤਾ ਹੋਣਗੇ ਅਤੇ ਸਭ ਤੋਂ ਨੀਵੇਂ ਪੱਧਰ ਉੱਤੇ ਸ਼ੂਦਰ'ਪ੍ਰਸ਼ਾਸਕ' ਅਤੇ ਪਹਿਲਾਂ ਤੋਂ ਮੌਜੂਦ, ਪਰੰਪਰਿਕ, ਸੰਚਿਤ ਬੌਧਿਕ ਪਰੰਪਰਾ ਨੂੰ ਪ੍ਰਗਟ ਕਰਨ ਵਾਲੇ ਵਿਅਕਤੀ।

ਇਸ ਅਰਥ ਵਿਚ ਆਧੁਨਿਕ ਵਿਸ਼ਵ ਅੰਦਰ ਬੁੱਧੀਜੀਵੀਆਂ ਦੇ ਵਰਗ ਅੰਦਰ ਅਭੂਤ ਪੂਰਵ ਵਿਸਥਾਰ ਹੋਇਆ ਹੈ। ਲੋਕਤੰਤਰਿਕ-ਨੌਕਰਸ਼ਾਹੀ ਪ੍ਰਣਾਲੀ ਦੇ ਕੰਮਕਾਜ ਦੇ ਵਿਸ਼ਾਲ ਢੇਰ ਨੂੰ ਜਨਮ ਦਿੱਤਾ ਹੈ। ਇਹਨਾਂ ਵਿਚੋਂ ਸਾਰਿਆ ਨੂੰ ਸਮਾਜਿਕ ਜ਼ਰੂਰਤਾਂ ਦੇ ਆਧਾਰ ਤੇ ਉੱਚਿਤ ਨਹੀਂ ਮੰਨਿਆ ਜਾ ਸਕਦਾ। ਪਰ ਉਹਨਾਂ ਨੂੰ ਪ੍ਰਭੂਤਾਸ਼ਾਲੀ ਆਧਾਰਪੂਰਤ ਸਮੂਹ ਦੀ ਰਾਜਨੀਤਕ ਜ਼ਰੂਰਤਾਂ ਦੇ ਆਧਾਰ ਉੱਤੇ ਉਚਿਤ ਸਮਝਿਆ ਜਾ ਸਕਦਾ ਹੈ। ਇਸ ਲਈ ਅਨੁਉਤਪਾਦਕ 'ਕੰਮ' ਬਾਰੇ (ਪਰ ਕਿਸ ਦੇ ਸੰਬੰਧਾਂ ਵਿਚ ਅਤੇ ਉਤਪਾਦਨ ਦੀ ਕਿਸ ਪ੍ਰਣਾਲੀ ਦੇ ਸੰਬੰਧ ਵਿਚ ਅਨੁਉਤਪਾਦਕ?) ਲੋਰੀਆ ਦੀ ਅਵਧਾਰਣਾ ਪੇਸ਼ ਕੀਤੀ ਗਈ। ਇਹ ਅਜਿਹੀ ਅਵਧਾਰਣਾ ਸੀ ਜਿਸ ਨੂੰ ਅੰਸ਼ਿਕ ਰੂਪ ਤੋਂ ਉਦੋਂ ਸਹੀ ਸਮਝਿਆਂ ਜਾ ਸਕਦਾ ਸੀ ਜਦੋਂ ਅਸੀਂ ਇਸ ਤੱਥ ਦੀ ਸੱਚਾਈ ਸਵੀਕਾਰ ਕਰੀਏ ਕਿ ਇਹ ਜਨਸਮੂਹ ਆਪਣੀ ਸਥਿਤੀ ਦਾ ਲਾਭ ਉਠਾਉਂਦੇ ਹੋਏ ਰਾਸ਼ਟਰੀ ਸੰਪੱਤੀ ਨੂੰ ਇਕ ਵੱਡੇ ਅੰਸ਼ ਨੂੰ ਹੜੱਪ ਲੈਂਦੀ ਹੈ। ਭੀੜ ਨਿਰਮਾਣ ਨੇ ਵਿਅਕਤੀਆਂ ਦਾ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਅਤੇ ਵਿਅਕਤੀਗਤ ਯੋਗਤਾ ਦੇ ਸੰਦਰਭ ਵਿਚ ਮਾਨਕੀਕਰਣ ਕਰ ਦਿੱਤਾ ਹੈ। ਹੋਰ ਮਾਨਕੀਕਰਣ ਸਮੂਹਾਂ ਦੀ ਤਰ੍ਹਾਂ ਇਸਨੇ ਵੀ ਉਸੇ ਤਰ੍ਹਾਂ ਘਟਨਾਵਾਂ ਨੂੰ ਜਨਮ ਦਿੱਤਾ: ਜਿਵੇਂ ਉਸ ਪ੍ਰਤੀਯੋਗਤਾ ਦਾ ਜਿਸਨੇ ਕਿੱਤਿਆਂ ਦੀ ਰੱਖਿਆ, ਬੇਰੁਜ਼ਗਾਰੀ, ਵਿੱਦਿਅਕ ਸੰਸਥਾਵਾਂ ਵਿਚ ਜ਼ਿਆਦਾ ਉਤਪਾਦਨ, ਪਰਵਾਸ ਆਦਿ ਲਈ ਜ਼ਰੂਰੀ ਸੰਗਠਨਾਂ ਦਾ ਨਿਰਮਾਣ ਜ਼ਰੂਰੀ ਬਣਾ ਦਿੱਤਾ ਹੈ।

### ਸ਼ਹਿਰੀ ਅਤੇ ਪੇਂਡੂ/ਗ੍ਰਾਮੀਣ ਬੁੱਧੀਜੀਵੀਆਂ ਦੀ ਭਿੰਨ ਸਥਿਤੀ

ਸ਼ਹਿਰ ਵਿਚ ਰਹਿਣ ਵਾਲੇ ਬੁੱਧੀਜੀਵੀ ਉਦਯੋਗ ਨਾਲ ਵਿਕਸਿਤ ਹੁੰਦੇ ਹਨ। ਉਹ ਉਸ ਦੇ ਉਤਰਾਅ-ਚੜ੍ਹਾਅ ਨਾਲ ਜੁੜੇ ਹੁੰਦੇ ਹਨ। ਉਹਨਾਂ ਦੇ ਕੰਮਕਾਜ ਦੀ ਤੁਲਨਾ ਫ਼ੌਜ ਦੇ ਛੋਟੇ ਅਫ਼ਸਰਾਂ ਨਾਲ ਕੀਤੀ ਜਾ ਸਕਦੀ ਹੈ। ਉਹ ਨਿਰਮਾਣ ਦੀਆਂ ਯੋਜਨਾਵਾਂ ਦੇ ਵਿਸਤਾਰ ਵਿਚ ਕੋਈ ਖੁਦਮੁਖਤਿਆਰ ਪਹਿਲ ਨਹੀਂ ਕਰ ਸਕਦੇ। ਉਹਨਾਂ ਦਾ ਕੰਮ ਉੱਦਮੀ ਅਤੇ ਉਪਕਰਣਾਤਮਕ ਜਨਸਮੂਹ ਵਿਚਕਾਰਲੇ ਰਿਸ਼ਤੇ ਨੂੰ ਵਿਅਕਤ ਕਰਨ ਅਤੇ ਕੰਮ ਦੇ ਸ਼ੁਰੂਆਤੀ ਪੱਧਰਾਂ ਉੱਤੇ ਨਿਯੰਤਰਣ ਰੱਖਣ ਵਾਲੇ ਉਦਯੋਗਿਕ ਸੈਨਾ ਅਧਿਕਾਰੀਆਂ ਦੁਆਰਾ ਨਿਸ਼ਚਿਤ ਉਤਪਾਦਨ ਦੀ ਯੋਜਨਾ ਨੂੰ ਤੁਰੰਤ ਅਮਲ ਵਿਚ ਲਿਆਉਣਾ ਹੈ। ਕੁਲ ਮਿਲਾ ਕੇ ਔਸਤ ਸ਼ਹਿਰੀ ਬੁੱਧੀਜੀਵੀ ਬਹੁਤ ਮਾਨਕੀਕ੍ਰਿਤ ਹੁੰਦੇ ਹਨ ਜਦੋਂ ਕਿ ਉੱਚ ਸ਼ਹਿਰੀ ਬੁੱਧੀਜੀਵੀ ਉਦਯੋਗਿਕ ਸੈਨਾਪਤੀਆਂ ਨਾਲ ਸਾਂਝ ਦਾ ਅਨੁਭਵ ਕਰਦੇ ਹਨ।

ਪੇਂਡੂ ਸ਼੍ਰੇਣੀ ਬੁੱਧੀਜੀਵੀ ਜ਼ਿਆਦਾਤਰ 'ਪਰੰਪਰਿਕ' ਹੁੰਦੇ ਹਨ। ਉਹ ਗ੍ਰਾਮੀਣ ਲੋਕਾਂ ਦੇ ਸਮਾਜਿਕ ਜਨਸਮੂਹ ਅਤੇ ਸ਼ਹਿਰਾਂ (ਖਾਸ ਕਰ : ਛੋਟੇ ਕਸਬਿਆਂ) ਦੇ ਨੀਵੇਂ ਬੁਰਜੂਆ ਵਰਗ ਨਾਲ ਜੁੜੇ ਹੁੰਦੇ ਹਨ। ਉਹਨਾਂ ਨੂੰ ਪੂੰਜੀਵਾਦੀ ਪ੍ਰਣਾਲੀ ਨੇ ਹਾਲੇ ਤੀਕ ਵਿਕਸਿਤ ਨਹੀਂ ਕੀਤਾ ਅਤੇ ਨਾ ਹੀ ਉਹਨਾਂ ਨੂੰ ਅਜੇ ਗਤੀ ਪ੍ਰਦਾਨ ਕੀਤੀ ਗਈ ਹੈ। ਇਸ ਤਰ੍ਹਾਂ ਬੁੱਧੀਜੀਵੀ ਕਿਸਾਨੀ ਜਨਸਮੂਹਾਂ ਦੇ ਸਥਾਨਕ ਅਤੇ ਰਾਜਕੀ ਪ੍ਰਸ਼ਾਸਨ

ਦੇ ਸੰਪਰਕ ਵਿਚ ਲਿਆਉਂਦਾ ਹੈ (ਵਕੀਲ, ਨੋਟਰੀ, ਆਦਿ)। ਇਸ ਵਜਾਹ ਨਾਲ ਉਹਨਾਂ ਦਾ ਇਕ ਮਹੱਤਵਪੂਰਣ ਰਾਜਨੀਤਿਕ-ਸਮਾਜਿਕ ਕੰਮ ਹੁੰਦਾ ਹੈ। ਇਸ ਲਈ ਪੇਸ਼ੇਵਰ ਮਧਿਅਸਥਤਾ ਨੂੰ ਰਾਜਨੀਤਿਕ ਮਧਿਅਸਥਤਾ ਤੋਂ ਅਲੱਗ ਕਰਨਾ ਔਖਾ ਕੰਮ ਹੁੰਦਾ ਹੈ। ਇਸਦੇ ਇਲਾਵਾ: ਪੇਂਡੂ ਖੇਤਰ ਵਿਚ, ਬੁੱਧੀਜੀਵੀ (ਪਾਦਰੀ,ਵਕੀਲ, ਨੋਟਰੀ, ਅਧਿਆਪਕ, ਡਾਕਟਰ ਆਦਿ) ਦਾ ਜੀਵਨ ਪੱਧਰ ਸਮੱਗਰਤਾ ਦੀ ਦ੍ਰਿਸ਼ਟੀ ਤੋਂ ਔਸਤ ਕਿਸਾਨ ਦੀ ਇੱਛਾ ਉੱਚਾ ਜਾਂ ਘੱਟੋ-ਘੱਟ ਵੱਖਰਾ ਹੁੰਦਾ ਹੈ। ਨਤੀਜਨ ਇਹ ਇਕ ਸਮਾਜਿਕ ਪ੍ਰਤੀਮਾਨ ਬਣ ਜਾਂਦਾ ਹੈ। ਇਸਨੂੰ ਵੇਖ ਦੇ ਇਹੋ ਸ਼ੱਕ ਹੁੰਦਾ ਹੈ ਕਿ ਉਹ ਆਪਣੀ ਵਰਤਮਾਨ ਦੁਰਦਸ਼ਾ ਤੋਂ ਮੁਕਤ ਹੋਵੇ ਜਾਂ ਉਸ ਵਿਚ ਸੁਧਾਰ ਕਰੇ। ਕਿਸਾਨ ਹਮੇਸ਼ਾ ਇਹੋ ਸੋਚਦਾ ਹੈ ਕਿ ਘੱਟ ਤੋਂ ਘੱਟ ਉਸਦੇ ਮੁੰਡਿਆਂ ਵਿਚੋਂ ਇਕ ਤਾਂ ਜ਼ਰੂਰ ਬੁੱਧੀਜੀਵੀ (ਖਾਸ ਕਰ: ਪਾਦਰੀ ਬਣੇ)। ਇਸ ਤਰ੍ਹਾਂ ਚੰਗੇ ਮਰਦ ਬਣਕੇ ਅਤੇ ਖਾਨਦਾਨ ਦੇ ਸਮਾਜਿਕ ਪੱਧਰ ਨੂੰ ਉੱਚਾ ਕਰ ਕੇ ਉਹ ਆਰਥਿਕ ਜੀਵਨ ਨੂੰ ਵੀ ਉਹਨਾਂ ਸੰਬੰਧਾਂ ਦੁਆਰਾ ਜ਼ਿਆਦਾ ਸੁਵਿਧਾਜਨਕ ਬਣਾ ਸਕਦਾ ਹੈ। ਅਜਿਹਾ ਉਹ ਉਹਨਾਂ ਸੰਬੰਧਾਂ ਦੁਆਰਾ ਕਰ ਸਕਦਾ ਹੈ ਜਿਹਨਾਂ ਨੂੰ ਉਹ ਬਾਕੀ ਕੁਲੀਨ ਵਰਗਾਂ ਨਾਲ ਨਿਸ਼ਚਿਤ ਰੂਪ ਵਿਚ ਬਣਾ ਲੈਂਦਾ ਹੈ। ਬੁੱਧੀਜੀਵੀਆਂ ਪ੍ਰਤੀ ਕਿਸਾਨ ਦਾ ਨਜ਼ਰੀਆ ਦੋਹਰਾ ਹੁੰਦਾ ਹੈ ਅਤੇ ਅੰਤਰ ਵਿਰੋਧੀ ਵੀ ਲੱਗਦਾ ਹੈ। ਉਹ ਬੁੱਧੀਜੀਵੀਆਂ ਦੀ ਸਮਾਜਿਕ ਸਥਿਤੀ ਅਤੇ ਸਮਾਨ ਰੂਪ ਨਾਲ ਰਾਜ ਦੇ ਕਰਮਚਾਰੀਆਂ ਦੀ ਸਥਿਤੀ ਦਾ ਵੀ ਆਦਰ ਕਰਦਾ ਹੈ। ਪਰ ਕਦੀ-ਕਦਾਈਂ ਉਹ ਉਹਨਾਂ ਪ੍ਰਤੀ ਨਿਰਾਦਰ ਵੀ ਪ੍ਰਗਟਾਉਂਦਾ ਹੈ। ਇਸਦਾ ਇਹ ਮਤਲਬ ਹੈ ਕਿ ਉਸਦੀ ਪ੍ਰਸ਼ੰਸਾ ਵਿਚ ਈਰਖਾ ਅਤੇ ਉਤੇਜਨਾਪੂਰਣ ਰੋਸ ਦੇ ਪ੍ਰਵਿਰਤੀਜਨਕ ਤੱਤ ਮਿਲੇ ਹੁੰਦੇ ਹਨ। ਜੇਕਰ ਅਸੀਂ ਬੁੱਧੀਜੀਵੀਆਂ ਪ੍ਰਤੀ ਕਿਸਾਨਾ ਦੀ ਇਸ ਪ੍ਰਭਾਵੀ ਅਧੀਨਤਾ ਉਤੇ ਵਿਚਾਰ ਨਾ ਕਰੀਏ ਅਤੇ ਮੂਰਤ ਰੂਪ ਨਾਲ ਅਤੇ ਗਹਿਰਾਈ ਨਾਲ ਪਰੀਖਣ ਨਾ ਕਰੀਏ ਤਾਂ ਅਸੀਂ ਕਿਸਾਨਾ ਦੇ ਸਮੂਹਿਕ ਜੀਵਨ ਬਾਰੇ ਅਤੇ ਉਸ ਮੌਜੂਦਾ ਵਿਕਾਸ ਦੀਆਂ ਸੰਭਾਵਨਾਵਾਂ ਅਤੇ ਸੰਕਟਾਂ ਦੇ ਵਿਸ਼ੇ ਵਿਚ ਕੁਝ ਵੀ ਸਮਝ ਸਕਦੇ ਹਾਂ। ਕਿਸਾਨੀ ਜਨ ਸਮੂਹਾਂ ਦਾ ਹਰ ਜੈਵਿਕ ਵਿਕਾਸ ਇਕ ਸੀਮਾ ਤੱਕ ਬੁੱਧੀਜੀਵੀਆਂ ਦੇ ਅੰਦਰ ਚੱਲਣ ਵਾਲੇ ਅੰਦੋਲਨ ਨਾਲ ਜੁੜਿਆ ਹੋਇਆ ਹੈ ਅਤੇ ਉਹਨਾਂ ਉੱਤੇ ਨਿਰਭਰ ਕਰਦਾ ਹੈ।

ਸ਼ਹਿਰੀ ਬੁੱਧੀਜੀਵੀਆਂ ਦੀ ਗੱਲ ਇਸ ਤੋਂ ਬਿਲਕੁਲ ਅਲੱਗ ਹੈ। ਕਾਰਖਾਨਿਆਂ ਦੇ ਤਕਨੀਕੀ ਮਾਹਿਰ ਉਪਕਰਣਾਤਮਕ ਜਨਸਮੂਹਾਂ ਉੱਤੇ ਕੋਈ ਰਾਜਨੀਤਿਕ ਪ੍ਰਭਾਵ ਨਹੀਂ ਪਾਉਂਦੇ। ਪਹਿਲਾਂ ਕਦੀ ਵੀ ਅਜਿਹਾ ਹੁੰਦਾ ਵੀ ਰਿਹਾ ਹੋਵੇ ਹੁਣ ਇਸ ਪੱਧਰ ਦਾ ਉਲੰਘਣ ਹੋ ਗਿਆ ਹੈ। ਉਪਕਰਣਤਾਮਕ ਜਨ ਸਮੂਹ, ਘੱਟ ਤੋਂ ਘੱਟ ਖੁਦ ਆਪਣੇ ਜੈਵਿਕ ਬੁੱਧੀਜੀਵੀਆਂ ਦੇ ਵਿਅਕਤੀਤਵ ਦੁਆਰਾ ਤਕਨੀਕੀ ਮਾਹਰਾਂ ਉੱਤੇ ਰਾਜਨੀਤਕ ਪ੍ਰਭਾਵ ਪਾ ਸਕਦੇ ਹਨ।

ਇਸ ਪ੍ਰਸ਼ਨ ਦਾ ਕੇਂਦਰੀ ਬਿੰਦੂ ਹਰ ਬੁਨਿਆਦੀ ਸਮਾਜਿਕ ਸਮੂਹ ਦੇ ਇਕ ਜੈਵਿਕ ਵਰਗ ਦੇ ਰੂਪ ਵਿਚ ਬੁੱਧੀਜੀਵੀਆਂ ਅਤੇ ਪਰੰਪਰਿਕ ਵਰਗ ਦੇ ਰੂਪ ਵਿਚ ਬੁੱਧੀਜੀਵੀਆਂ ਵਿਚਕਾਰ ਫ਼ਰਕ ਹੈ। ਇਸ ਫ਼ਰਕ ਨਾਲ ਸਮੱਸਿਆਵਾਂ ਦੀ ਇਕ ਪੂਰੀ ਲੜੀ ਅਤੇ ਇਤਿਹਾਸਕ ਖੋਜ ਲਈ ਸੰਭਾਵਿਤ ਪ੍ਰਸ਼ਨ ਨਿਕਲਦੇ ਹਨ।

ਇਸ ਦ੍ਰਿਸ਼ਟੀਕੋਣ ਤੋਂ ਵੀ ਇਸਦਾ ਅਧਿਅਨ ਹੋ ਸਕਦਾ ਹੈ। ਉਦੋਂ ਸਭ ਤੋਂ ਜ਼ਿਆਦਾ ਦਿਲਚਸਪ ਸਵਾਲ ਅਧੁਨਿਕ ਰਾਜਨੀਤਿਕ ਦਲ, ਉਸਦੇ ਵਾਸਤਵਿਕ ਉਦਗਮਾਂ, ਉਸਦੇ ਵਿਕਾਸ ਅਤੇ ਉਸਦੇ ਸਰੂਪਾਂ ਨਾਲ ਜੁੜਿਆ ਹੋਇਆ ਹੈ। ਰਾਜਨੀਤਿਕ ਦਲ ਦਾ ਚਰਿੱਤਰ ਬੁੱਧੀਜੀਵੀਆਂ ਦੇ ਸਵਾਲ ਦੇ ਸੰਬੰਧ ਵਿਚ ਕੀ ਹੈ? ਇੱਥੇ ਕੁਝ ਫ਼ਰਕ ਪੇਸ਼ ਕਰਨੇ ਜ਼ਰੂਰੀ ਹਨ:

1. ਕੁਝ ਸਮਾਜਿਕ ਸਮੂਹਾਂ ਲਈ ਰਾਜਨੀਤਕ ਦਲ ਅਜਿਹੇ ਇਕ ਖਾਸ ਤਰੀਕੇ ਤੋਂ ਇਲਾਵਾ ਕੁਝ ਨਹੀਂ ਹੈ ਜਿਸ ਦੁਆਰਾ ਉਹ ਜੈਵਿਕ ਬੁੱਧੀਜੀਵੀਆਂ ਦੇ ਆਪਣੇ ਵਰਗ ਨੂੰ ਨਾ ਕੇਵਲ ਉਤਪਾਦਨ ਤਕਨੀਕ ਦੇ ਖੇਤਰ ਅੰਦਰ ਬਲਕਿ ਪ੍ਰਤੱਖ ਰੂਪ ਨਾਲ ਰਾਜਨੀਤਕ ਅਤੇ ਦਾਰਸ਼ਨਿਕ ਖੇਤਰ ਵਿਚ ਵੀ ਵਿਕਸਤ ਕਰਦੇ ਹਨ। ਇਹਨਾਂ ਬੁੱਧੀਜੀਵੀਆਂ ਦੀ ਉਸਾਰੀ ਇਸੇ ਢੰਗ ਨਾਲ ਹੁੰਦੀ ਹੈ| ਸਮਾਜਕ ਸਮੂਹ ਦੇ ਸਮਾਨ ਚਰਿੱਤਰ ਅਤੇ

ਉਸਦੇ ਨਿਰਮਾਣ, ਜੀਵਨ ਅਤੇ ਵਿਕਾਸ ਦੀਆਂ ਦਿਸ਼ਾਵਾਂ ਨੂੰ ਦੇਖਦਿਆਂ ਉਸਦੀ ਉਸਾਰੀ ਅਸਲ ਵਿਚ ਕਿਸੇ ਹੋਰ ਤਰੀਕੇ ਨਾਲ ਹੋ ਵੀ ਨਹੀਂ ਸਕਦੀ।

2. ਸਾਰੇ ਸਮੂਹਾਂ ਲਈ ਰਾਜਨੀਤਕ ਪਾਰਟੀ ਇਕ ਨਿਸ਼ਚਿਤ ਯੰਤਰ ਹੈ। ਇਹ ਯੰਤਰ ਨਾਗਰਿਕ ਸਮਾਜ ਵਿਚ ਉਹੀ ਕੰਮ ਕਰਦਾ ਹੈ ਜਿਹੜਾ ਰਾਜ ਅਧਿਕ ਸੰਯੋਜਿਤ ਰੂਪ ਨਾਲ ਅਤੇ ਵੱਡੇ ਪੈਮਾਨੇ ਉੱਤੇ ਰਾਜਨੀਤਕ ਸਮਾਜ ਵਿਚ ਕੰਮ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਵਿਸ਼ੇਸ਼ ਭਾਵ ਪ੍ਰਭੂਤਾਸ਼ਾਲੀ ਸਮੂਹ ਦੇ ਜੈਵਿਕ ਬੁੱਧੀਜੀਵੀਆਂ ਅਤੇ ਪਰੰਪਰਿਕ ਬੁੱਧੀਜੀਵੀਆਂ ਨੂੰ ਇਕ ਧਾਗੇ ਵਿਚ ਪਰੋਣ ਦੇ ਉੱਤਰਦਾਈ ਹੈ। ਇਹ ਕੰਮ ਪਾਰਟੀ ਆਪਣੇ ਬੁਨਿਆਦੀ ਕੰਮਾਂ ਕਾਜਾਂ ਉੱਤੇ ਪੂਰੀ ਤਰ੍ਹਾਂ ਨਿਰਭਰ ਹੋ ਕੇ ਕਰਦੀ ਹੈ। ਬੁਨਿਆਦੀ ਕੰਮ ਕਾਜ ਤੋਂ ਭਾਵ ਆਪਣੇ ਸ਼ੁਰੂਆਤੀ ਅੰਸ਼ਾਂ ਭਾਵ ਕਿਸੇ ਸਮਾਜਿਕ ਸਮੂਹ ਦੇ ਤੱਤਾਂ ਦਾ ਵਿਕਾਸ ਕਰਨਾ ਹੈ। ਉਹਨਾਂ ਤੱਤਾਂ ਦਾ ਜਿਹਨਾਂ ਦਾ ਜਨਮ ਇਕ 'ਆਰਥਿਕ ਸਮੂਹ' ਦੇ ਰੂਪ ਵਿਚ ਹੋਇਆ ਹੈ। ਇਹਨਾਂ ਤੱਤਾਂ ਨੂੰ ਯੋਗਤਾ ਪ੍ਰਾਪਤ ਰਾਜਨੀਤਕ ਬੁੱਧੀਜੀਵੀਆਂ ਵਿਚ, ਨੇਤਾਵਾਂ, ਡਿਰਿਜੇਂਟ ਅਤੇ ਉਹਨਾਂ ਸਾਰੀਆਂ ਗਤੀਵਿਧੀਆਂ ਅਤੇ ਕੰਮਾਂ ਦੇ ਸੰਗਠਨਕਰਤਾਵਾਂ ਵਿਚ ਬਦਲਣਾ ਇਕ ਬੁਨਿਆਦੀ ਕੰਮ ਹੈ ਜੋ ਏਕੀਕ੍ਰਿਤ ਸਮਾਜ, ਨਾਗਰਿਕ ਅਤੇ ਰਾਜਨੀਤਿਕ ਦੋਵਾਂ ਦੇ ਜੈਵਿਕ ਵਿਕਾਸ ਵਿਚ ਅੰਤਰਨਿਹਿਤ ਹੈ। ਅਸਲ ਵਿਚ ਕਿਹਾ ਜਾ ਸਕਦਾ ਹੈ ਕਿ ਆਪਣੇ ਖੇਤਰ ਦੇ ਅੰਤਰਗਤ ਰਾਜਨੀਤਕ ਪਾਰਟੀ ਆਪਣਾ ਕੰਮ ਸੰਪੂਰਨ ਅਤੇ ਜੈਵਿਕ ਰੂਪ ਨਾਲ ਕਰ ਸਕਦੀ ਹੈ। ਪਰ ਰਾਜਸੱਤਾ ਨਿਸ਼ਚਿਤ ਰੂਪ ਨਾਲ ਆਪਣੇ ਜ਼ਿਆਦਾ ਵਿਸਥਾਰਤ ਖੇਤਰ ਵਿਚ ਰਾਜਨੀਤਕ ਦਲ ਦੀ ਤੁਲਨਾ ਵਿਚ ਆਪਣਾ ਕੰਮ ਓਨੀ ਨਿਪੰਨਤਾ ਨਾਲ ਨਹੀਂ ਕਰ ਸਕਦੀ। ਕਿਸੇ ਖਾਸ ਸਮਾਜਿਕ ਸਮੂਹ ਦੇ ਰਾਜਨੀਤਕ ਦਲ ਵਿਚ ਸ਼ਾਮਲ ਹੋਣ ਵਾਲਾ ਬੁੱਧੀਜੀਵੀ ਉਸੇ ਸਮੂਹ ਦੇ ਜੈਵਿਕ ਬੁੱਧੀਜੀਵੀਆਂ ਨਾਲ ਘੁਲ-ਮਿਲ ਜਾਂਦਾ ਹੈ। ਉਹ ਉਸ ਸਮੂਹ ਨਾਲ ਬਹੁਤ ਸੰਘਣਤਾ ਨਾਲ ਜੁੜ ਜਾਂਦਾ ਹੈ। ਇਹ ਜੀਵਨ ਵਿਚ ਰਾਜਸੱਤਾ ਦੀ ਸਹਿਭਾਗਤਾ ਦੇ ਬਿਨਾ ਅਤੇ ਸਹਿਭਾਗਤਾ ਦੁਆਰਾ ਹੁੰਦਾ ਹੈ। ਅਸਲ ਵਿਚ ਹੁੰਦਾ ਇੰਝ ਹੈ ਕਿ ਬਹੁਤ ਸਾਰੇ ਬੁੱਧੀਜੀਵੀ ਸੋਚਦੇ ਹਨ ਕਿ ਉਹੀ ਰਾਜਸੱਤਾ ਹਨ। ਇਸ ਵਰਗ ਦੀ ਵਿਸ਼ਾਲਤਾ ਨੂੰ ਦੇਖਦਿਆਂ ਇਸ ਵਿਸ਼ਵਾਸ ਦੇ ਮਹੱਤਵਪੂਰਣ ਨਤੀਜੇ ਨਿੱਕਲਦੇ ਹਨ। ਨਾਲ ਹੀ ਬੁਨਿਆਦੀ ਸਮਾਜਿਕ ਸਮੂਹ ਲਈ ਦੁੱਖਦਾਇਕ ਜਟਿਲਤਾਵਾਂ ਪੈਦਾ ਹੁੰਦੀਆਂ ਹਨ। ਇਹ ਬੁਨਿਆਦੀ ਸਮੂਹ ਹੀ ਅਸਲ ਵਿਚ ਰਾਜਸੱਤਾ ਹਨ।

ਰਾਜਨੀਤਿਕ ਦਲ ਦੇ ਸਾਰੇ ਮੈਂਬਰਾਂ ਨੂੰ ਬੁੱਧੀਜੀਵੀ ਮੰਨ ਲੈਣਾ ਬਹੁਤ ਸਹਿਜਤਾ ਨਾਲ ਅਪਮਾਨ ਅਤੇ ਵਿਅੰਗ ਨੂੰ ਜਨਮ ਦੇਣਾ ਹੈ। ਪਰ ਜੇਕਰ ਕੋਈ ਇਸ ਉੱਤੇ ਵਿਚਾਰ ਕਰਦਾ ਹੈ ਤਾਂ ਇਸਤੋਂ ਜ਼ਿਆਦਾ ਸਹੀ ਗੱਲ ਦੂਜੀ ਨਹੀਂ ਹੋ ਸਕਦੀ। ਨਿਸ਼ਚਿਤ ਹੀ ਸਾਨੂੰ ਪੱਧਰ ਦੇ ਆਧਾਰ ਤੇ ਭੇਦ ਕਰਨਾ ਚਾਹੀਦਾ ਹੈ। ਇਕ ਦਲ ਵਿਚ ਮੈਂਬਰਾਂ ਦਾ ਵੱਡਾ ਜਾਂ ਛੋਟਾ ਅਨੁਪਾਤ ਉੱਚ ਜਾਂ ਨਿਮਨ ਸ਼੍ਰੇਣੀ ਦਾ ਹੋ ਸਕਦਾ ਹੈ। ਪਰ ਮਾਮਲਾ ਇਹ ਨਹੀਂ ਹੈ। ਮਹੱਤਵ ਉਸਦੇ ਕੰਮ ਨੂੰ ਹੈ ਜੋ ਨਿਰਦੇਸ਼ਨ ਅਤੇ ਸੰਗਠਨ ਨਾਲ ਜੁੜਿਆ ਹੋਇਆ ਹੈ ਭਾਵ ਸਿੱਖਿਅਕ ਅਤੇ ਬੌਧਿਕ ਹੁੰਦਾ ਹੈ। ਵਪਾਰੀ ਰਾਜਨੀਤਿਕ ਦਲ  ਵਿਚ ਵਪਾਰ ਕਰਨ ਲਈ ਸ਼ਾਮਲ ਨਹੀਂ ਹੁੰਦਾ। ਨਾ ਹੀ ਉਦਯੋਗਪਤੀ ਘੱਟ ਕੀਮਤ ਉੱਤੇ ਜ਼ਿਆਦਾ ਉਤਪਾਦਨ ਕਰਨ ਲਈ ਅਤੇ ਨਾ ਹੀ ਕਿਸਾਨ ਖੇਤੀ ਕਰਨ ਲਈ ਨਵੇਂ ਤਰੀਕੇ ਸਿੱਖਣ ਲਈ ਅਜਿਹਾ ਕਰਦਾ ਹੈ। ਇਹ ਗੱਲ ਅਲੱਗ ਹੈ ਕਿ ਵਪਾਰੀ, ਉਦਯੋਗਪਤੀ ਜਾਂ ਕਿਸਾਨ ਪਾਰਟੀ ਅੰਦਰ ਰਹਿ ਕੇ ਇਹਨਾਂ ਮੰਗਾਂ ਦੇ ਕੁਝ ਪਹਿਲੂਆਂ ਦੀ ਪੂਜਾ ਕਰ ਲੈਣ।

ਇਹਨਾਂ ਉਦੇਸ਼ਾਂ ਲਈ ਸੀਮਾਵਾਂ ਦੇ ਅੰਦਰ ਰਹਿੰਦਿਆਂ ਕਿੱਤੇ ਨਾਲ ਸਬੰਧਿਤ ਸਮੁਦਾਇ ਦੀ ਹੋਂਦ ਹੁੰਦੀ ਹੈ। ਇਸਦੇ ਅਧੀਨ ਵਪਾਰੀ, ਉਦਯੋਗਪਤੀ ਅਤੇ ਕਿਸਾਨ ਦੀ ਆਰਥਿਕ ਨਿਗਮਿਤ ਗਤੀਵਿਧੀ ਨੂੰ ਸਮਰੱਥ ਤਰੀਕੇ ਨਾਲ ਵਧਾਵਾ ਦਿੱਤਾ ਜਾਂਦਾ ਹੈ। ਰਾਜਨੀਤਕ ਪਾਰਟੀ ਦੇ ਅੰਦਰ ਆਰਥਿਕ ਸਮਾਜਿਕ ਸਮੂਹ ਦੇ ਕੁਝ ਤੱਤ ਆਪਣੇ ਇਤਿਹਾਸਕ ਵਿਕਾਸ ਦੇ ਉਸ ਪਲ ਤੋਂ ਅੱਗੇ ਵਧ ਜਾਂਦੇ ਹਨ। ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਚਰਿੱਤਰ ਦੀ ਜ਼ਿਆਦਾ ਵਿਆਪਕ ਗਤੀਵਿਧੀਆਂ ਦੇ ਏਜੰਟ ਬਣ ਜਾਂਦੇ ਹਨ। ਰਾਜਨੀਤਕ ਦਲ ਦਾ ਕੰਮਕਾਜ ਵਿਭਿੰਨ ਰਾਸ਼ਟਰੀ ਇਤਿਹਾਸਾਂ ਦੇ ਸੰਦਰਭਾਂ ਵਿਚ ਜੈਵਿਕ ਅਤੇ ਪਰੰਪਰਿਕ ਵਰਗਾਂ ਦੇ ਵਿਕਾਸ ਦੇ ਮੂਰਤ ਇਤਿਹਾਸਕ ਵਿਸ਼ਲੇਸ਼ਣ ਨਾਲ ਹੋਰ ਜ਼ਿਆਦਾ ਸਪੱਸ਼ਟ ਰੂਪ ਨਾਲ ਉੱਭਰ ਆਉਂਦਾ ਹੈ।

ਇਸਦੇ ਸਪੱਸ਼ਟੀਕਰਣ ਵਿਚ ਹਰ ਰਾਸ਼ਟਰ ਦੇ ਅੰਤਰਗਤ ਵਿਭਿੰਨ ਪ੍ਰਮੁੱਖ ਸਮੂਹਾਂ ਦੇ ਵਿਕਾਸ ਦੇ ਸੰਧਰਭ ਦੀ ਵਿਆਖਿਆ ਵੀ ਜ਼ਰੂਰੀ ਮੰਨੀ ਜਾ ਸਕਦੀ ਹੈ। ਖਾਸ ਕਰਕੇ ਉਹਨਾਂ ਸਮੂਹਾਂ ਦੀ ਜਿਹਨਾਂ ਦੀ ਆਰਥਿਕ ਗਤੀਵਿਧੀ ਉਪਕਰਣਾਤਮਕ ਰਹੀ ਹੈ।

ਇਤਿਹਾਸਕ ਰੂਪ ਤੋਂ ਪਰੰਪਰਿਕ ਬੁੱਧੀਜੀਵੀਆਂ ਦਾ ਨਿਰਮਾਣ ਸਭ ਤੋਂ ਜ਼ਿਆਦਾ ਦਿਲਚਸਪ ਸਵਾਲ ਹੈ। ਨਿਰਸੰਦੇਹ, ਇਹਨਾਂ ਦਾ ਸੰਬੰਧ ਪ੍ਰਾਚੀਨ ਕਾਲ ਦੀ ਦਾਸ ਪ੍ਰੰਪਰਾ ਨਾਲ ਅਤੇ ਰੋਮਨ ਸਮਰਾਜ ਦੇ ਸਮਾਜਿਕ ਸੰਘਠਨ ਵਿਚ ਯੂਨਾਨੀ ਅਤੇ ਪੂਰਵੀ ਉਦਗਮ ਦੇ ਮੁਕਤ ਮਨੁੱਖਾਂ ਦੀ ਸਥਿਤੀ ਨਾਲ ਹੈ।

ਟਿੱਪਣੀ: ਗਣਤੰਤਰ ਅਤੇ ਸਾਮਰਾਜ ਦੇ ਯੁਗਾਂ ਅਧੀਨ ਰੋਮ ਵਿਚ ਬੁੱਧੀਜੀਵੀਆਂ ਦੇ ਸਮਾਜਿਕ ਪੱਧਰ ਵਿਚ ਪਰਿਵਰਤਨ( ਜਦੋਂ ਸ਼ਾਸਨਤੰਤਰ ਕੁਲੀਨ ਵਰਗ ਨਿਗਮਿਤ ਪ੍ਰਣਾਲੀ ਤੋਂ ਬਦਲ ਕੇ ਲੋਕਤੰਤਰਿਕ -ਨੌਕਰਸ਼ਾਹੀ ਪ੍ਰਣਾਲੀ ਉੱਤੇ ਆਧਾਰਿਤ ਹੋ ਗਿਆ ਸੀ) ਸੀਜਰ ਦੀ ਵਜ੍ਹਾ ਨਾਲ ਹੋਇਆ ਸੀ। ਇਸਨੇ ਚਿਕਿਤਸਕਾਂ ਅਤੇ ਲਲਿਤ ਕਲਾਵਾਂ ਦੇ ਗੁਰੂਆਂ ਨੂੰ ਨਾਗਰਿਕਤਾ ਦਿੱਤੀ ਤਾਂ ਕਿ ਉਹ ਰੋਮ ਵਿੱਚ ਰਹਿਣ ਲਈ ਹੋਰ ਇੱਛੁਕ ਹੋਣ ਅਤੇ ਹੋਰ ਚਿਕਿਤਸਕ-ਕਲਾਕਾਰ ਵੀ ਰੋਮ 'ਚ ਆ ਕੇ ਵੱਸਣ ਲਈ ਰਾਜ਼ੀ ਹੋ ਸਕਣ (ਓਰਨੈਸਟ ਮੈਡੀਸਿਨਮ ਰਪਰੋਫੇਸੋਜ਼ ਲਿਬਰੇਲੀਅਮ ਆਰਟੀਅਮ ਡਾਕਟਰਜ਼ ਕਵੋ ਲਿਬਿਰਟੀਅਸ ਐਟ ਇਸਵੀ ਅਰਬਮ ਇਨਕੋਲੈਰੰਟ ਐਟ ਕੋਟਰੀ ਐਪਟੇਰੈਂਟ ਸਿਵੇਟੇਟ ਡੋਨਾਵਿਟ ਸੁਇਟੋਨਿਅਸ ਲਾਈਫ ਆਫ ਸੀਜ਼ਰ)। ਇਸ ਲਈ ਸੀਜਰ ਨੇ ਦੋ ਪ੍ਰਸਤਾਵ ਰੱਖੇ: ਪਹਿਲਾ ਇਹ ਕਿ ਰੋਮ ਚ ਪਹਿਲਾਂ ਤੋਂ ਮੌਜੂਦ ਬੁੱਧੀਜੀਵੀਆਂ ਨੂੰ ਉੱਥੇ ਵੱਸਣ ਲਈ ਪ੍ਰੇਰਿਤ ਕੀਤਾ ਜਾਵੇ। ਇਸ ਤਰਾਂ ਬੁੱਧੀਜੀਵੀਆਂ ਦੇ ਇਕ ਸਥਾਈ ਵਰਗ ਦਾ ਨਿਰਮਾਣ ਕੀਤਾ ਜਾਵੇ ਕਿਉਂਕਿ ਉੱਥੇ ਉਹਨਾਂ ਦੇ ਸਥਾਈ ਨਿਵਾਸ ਤੋਂ ਬਿਨਾ ਕਿਸੇ ( ਸੱਭਿਆਚਾਰਕ) ਸੰਗਠਣ ਦਾ ਨਿਰਮਾਣ ਕਰਨਾ ਸੰਭਵ ਨਹੀਂ ਸੀ। ਦੂਜਾ ਪ੍ਰਸਤਾਵ ਸੀ ਸਮੁੱਚੇ ਰੋਮਨ ਸਾਮਰਾਜ ਚੋਂ ਸਰਵ ਸ੍ਰੇਸ਼ਟ ਬੁੱਧੀਜੀਵੀਆਂ ਨੂੰ ਰੋਮ ਚ ਆ ਕ ਵੱਸਣ ਲਈ ਆਕਰਸ਼ਤਿ ਕਰਨਾ, ਅਤੇ ਇਸ ਤਰਾਂ ਵੱਡੇ ਪੱਧਰ ਤੇ ਕੇਂਦਰੀਕਰਣ ਨੂੰ ਵਧਾਵਾ ਦੇਣਾ। ਇਸ ਤਰ੍ਹਾਂ ਰੋਮ ਚ 'ਸਾਮਰਾਜੀ' ਬੁੱਧੀਜੀਵੀਆਂ ਦੀ ਹੋਂਦ ਸ਼ੁਰੂ ਹੋਈ । ਇਸਨੂੰ ਕੈਥੋਲਿਕ ਪਾਦਰੀ ਵਰਗ ਨੇ ਜਾਰੀ ਰੱਖਿਆ ਅਤੇ ਇਸਨੇ ਇਟਾਲਵੀ ਬੁੱਧੀਜੀਵੀਆਂ ਦੇ ਇਤਿਹਾਸ ਚ ਅਨੇਕਾਂ ਨਿਸ਼ਾਨ ਛੱਡੇ। ਜਿਵੇਂ ਕੀ ਅਠਾਰਵੀਂ ਸ਼ਤਾਬਦੀ ਤੱਕ ਉਹਨਾਂ ਦੀ 'ਵਿਸ਼ਵਰਾਜਵਾਦੀ' ਮਨੋਬਿਰਤੀ।

ਬੁੱਧੀਜੀਵੀਆਂ ਦੇ ਵਿਸ਼ਾਲ ਜਨ ਸਮੂਹਾਂ ਅਤੇ ਰੋਮਨ ਸਾਮਰਾਜ ਦੇ ਪ੍ਰਭੁਤਾਸ਼ਾਲੀ ਵਰਗ ਦੇ ਵਿਚਕਾਰ ਨਾ ਸਿਰਫ ਸਮਾਜਿਕ ਬਲਕਿ ਰਾਸ਼ਟਰੀ ਅਤੇ ਨਸਲੀ ਵੰਡ ਵੀ ਹੋਈ। ਇਸ ਨੂੰ ਸਾਮਰਾਜ ਦੇ ਪਤਨ ਤੋਂ ਬਾਅਦ ਜਰਮਨੀ ਦੇ ਯੋਧਿਆਂ ਅਤੇ ਰੋਮਨ ਦੇ ਬੁੱਧੀਜੀਵੀਆਂ ਮਤਲਬ ਕਿ ਅਜਾਦ ਮਨੁੱਖਾਂ ਦੇ ਵਰਗ ਦੇ ਉੱਤਰਾਧਿਕਾਰੀਆਂ ਵਿਚ ਹੋਈ ਵੰਡ ਚ ਦੁਹਰਾਇਆ ਗਿਆ। ਇਸੇ ਘਟਨਾ ਦੇ ਤਾਣੇ-ਬਾਣੇ ਨਾਲ ਜੁੜਿਆ ਹੈ ਕੈਥੋਲਿਕਵਾਦ ਦਾ ਜਨਮ ਅਤੇ ਵਿਕਾਸ ਅਤੇ ਉਸੇ ਨਾਲ ਸੰਬੰਧਿਤ ਹੈ ਚਰਚ ਦੇ ਪਾਦਰੀਆਂ ਦਾ ਸੰਗਠਨ। ਇਸ ਨੇ ਕਈ ਸਦੀਆਂ ਤੱਕ ਏਕਾਧਿਕਾਰ ਰੱਖਿਆ। ਉਸਨੇ ਅਜਿਹੇ ਵਿਅਕਤੀਆਂ ਨੂੰ ਸਜ਼ਾਵਾਂ ਦਿੱਤੀਆਂ ਜਿਹਨਾਂ ਨੇ ਇਸ ਏਕਾਧਿਕਾਰ ਦਾ ਵਿਰੋਧ ਕੀਤਾ ਜਾਂ ਉਸ ਤੋਂ ਬਚਣ ਦੀ ਕੋਸ਼ਸ਼ਿ ਕੀਤੀ। ਇਟਲੀ ਚ ਅਸੀਂ ਪ੍ਰਾਇਦੀਪ ਦੇ ਬੁੱਧੀਜੀਵੀਆਂ ਦੇ ਵਿਸ਼ਵਰਾਜਿਕ ਕੰਮਕਾਜ ਦੀ ਘਟਨਾ ਨੂੰ ਦੇਖ ਸਕਦੇ ਹਾਂ। ਇਸ ਦਾ ਸਿਖਰ ਕਾਲ ਅਨੁਸਾਰ ਵਧਦਾ-ਘਟਦਾ ਰਿਹਾ ਹੈ। ਹੁਣ ਮੈਂ ਉਹਨਾਂ ਭੇਤਾਂ ਵੱਲ ਧਿਆਨ ਦੇਵਾਂਗਾ ਜੋ ਅਨੇਕਾਂ ਆਸਵੰਦ ਵੱਧ ਮਹੱਤਵਪੂਰਨ ਦੇਸ਼ਾਂ ਦੇ ਬੁੱਧੀਜੀਵੀਆਂ ਦੇ ਵਿਕਾਸ ਚ ਇਕਦਮ ਦਿਖਾਈ ਦਿੰਦੇ ਹਨ। ਗੌਰ ਕਰਨ ਯੋਗ ਹੈ ਇਹਨਾਂ ਸਿੱਟਿਆਂ ਨੂੰ ਨਿਯੰਤਰਣ ਚ ਰੱਖਣ ਅਤੇ ਉਹਨਾਂ ਤੇ ਗਹਿਰਾਈ ਨਾਲ ਪ੍ਰੀਖਣ ਕਰਨ ਦੀ ਜਰੂਰਤ ਹੈ। ਜਿੱਥੇ ਤਕ ਇਟਲੀ ਦਾ ਸਬੰਧ ਹੈ ਮੁੱਖ ਗੱਲ ਨਿਸ਼ਚਿਤ ਰੂਪ ਨਾਲ ਉਸਦੇ ਬੁੱਧੀਜੀਵੀਆਂ ਦਾ ਅੰਤਰਰਾਸ਼ਟਰੀ ਜਾਂ ਵਿਸ਼ਵਰਾਜਿਕ ਕਾਰਜ ਹੈ। ਇਹ ਉਸ ਵਿਘਟਨ ਦੀ ਸਥਿਤੀ ਦਾ ਕਾਰਣ ਵੀ ਹੈ ਅਤੇ ਉਸਦਾ ਨਤੀਜਾ ਵੀ ਜਿਸ ਚ ਇਹ ਪਰਾਇਦੀਪ ਰੋਮਨ ਸਾਮਰਾਜ ਦੇ ਪਤਨ ਦੇ ਬਾਅਦ ਤੋਂ 1870 ਤਕ ਰਿਹਾ ।

ਰਾਸ਼ਟਰ ਦੀ ਊਰਜਾ ਅਤੇ ਵਿਸ਼ੇਸ਼ ਕਰ ਬੌਧਿਕ ਵਰਗ ਦੇ (ਸਮਰਣ) ਦੇ ਵਿਕਾਸ ਦੇ ਪੂਰੇ ਸਰੂਪ ਦਾ ਉਦਾਹਰਣ ਪੇਸ਼ ਕਰਦਾ ਹੈ ਫਰਾਂਸ । 1789 ਵਿਚ ਇਕ ਨਵਾਂ ਸਮਾਜਿਕ ਸਮੂਹ ਇਤਿਹਾਸਕ ਮੰਚ ਤੇ

ਰਾਜਨੀਤਿਕ ਰੂਪ ਤੋਂ ਪਰਗਟ ਹੁੰਦਾ। ਇਹ ਪਹਿਲਾਂ ਤੋਂ ਹੀ ਆਪਣੇ ਸਾਰੇ ਸਮਾਜਿਕ ਕਾਰਜ ਲਈ ਪੂਰੀ ਤਰ੍ਹਾਂ ਨਾਲ ਸਮਰੱਥ ਅਤੇ ਤਿਆਰ ਹੈ ਅਤੇ ਇਸ ਲਈ ਰਾਸ਼ਟਰ ਤੇ ਆਪਣੇ ਅਸੀਮਤ ਪ੍ਰਭੁਸੱਤਾ ਲਈ ਸੰਘਰਸ਼ ਕਰ ਸਕਦਾ ਹੈ। ਇਸਨੂੰ ਪੁਰਾਣੇ ਵਰਗਾਂ ਨਾਲ ਸਮਝੌਤਾ ਕਰਨ ਦੀ ਕੋਈ ਜਰੂਰਤ ਨਹੀਂ ਸੀ। ਇਸ ਦੇ ਬਦਲੇ ਉਹ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਹਨਾਂ ਨੂੰ ਹੀ ਆਪਣੇ ਅਧੀਨ ਕਰ ਸਕਦਾ ਸੀ। ਨਵੀਂ ਕਿਸਮ ਦੇ ਪਹਿਲੇ ਬੌਧਿਕ (ਬੀਜਾਣੂਆਂ) ਦਾ ਜਨਮ ਉਹਨਾਂ ਦੇ ਪਹਿਲੇ ਆਰਥਿਕ ਬੰਧੂਆਂ ਦੇ ਨਾਲ ਹੀ ਹੁੰਦਾ ਹੈ। ਚਰਚ ਦੇ ਅਧਿਕਾਰੀਆਂ ਦੇ ਸੰਗਠਨ ਤੇ ਵੀ ਇਸ ਦਾ ਅਸਰ ਪੈਂਦਾ ਹੈ (ਗਾਲਿਕਨਵਾਦ, ਚਰਚ ਅਤੇ ਰਾਜ ਦੇ ਵਿਚ ਆਰੰਭਕ ਸੰਘਰਸ਼)। ਇਸ ਵਿਸ਼ਾਲ ਬੌਧਿਕ ਨਿਰਮਾਣ ਰਾਹੀਂ ਅਠਾਰਵੀਂ ਅਤੇ ਉੱਨੀਵੀਂ ਸਦੀ ਚ ਫਰਾਂਸ ਚ ਸੱਭਿਆਚਾਰਕ ਗਤੀਵਿਧੀਆਂ ਦੀ ਵਿਆਖਿਆ ਹੋ ਸਕਦੀ ਹੈ। ਇਹ ਅੰਤਰਰਾਸ਼ਟਰੀ ਅਤੇ ਵਿਸ਼ਵਰਾਜਿਕ ਬਾਹਰੀ ਉਦੀਪਨ ਦਾ ਅਤੇ ਜੈਵਿਕ ਵਿਧੀ ਨਾਲ ਸਾਮਰਾਜਵਾਦੀ ਅਤੇ ਅਗਵਾਈ ਭਰਪੂਰ ਵਿਸਥਾਰ ਦਾ ਕੰਮਕਾਜ ਸੀ। ਇਸ ਲਈ ਇਹ ਇਟਾਲਵੀ ਅਨੁਭਵ ਤੋਂ ਬਿਲਕੁਲ ਵੱਖਰਾ ਸੀ। ਇਸ ਦਾ ਕਾਰਨ ਸੀ ਇਕ ਉਸਦਾ ਅਧਾਰ ਵਿਅਕਤੀਗਤ ਵਿਦੇਸ਼ ਯਾਤਰਾ ਸੀ। ਆਪਣੇ ਆਪ ਨੂੰ(ਸਮਰੱਥ) ਬਣਾਉਣ ਲਈ ਉਸਨੇ ਰਾਸ਼ਟਰੀ ਅਧਾਰ ਨਾਲ ਕੋਈ ਰਿਸ਼ਤਾ ਨਹੀਂ ਜੋੜਿਆ। ਇਸ ਦੇ ਉਲਟ ਉਸ ਨੇ ਕਿਸੇ ਠੋਸ ਰਾਸ਼ਟਰੀ ਅਧਾਰ ਦੀ ਰਚਨਾ ਨੂੰ ਅਸੰਭਵ ਬਣਾਉਣ ਵਿਚ ਯੋਗਦਾਨ ਦਿੱਤਾ।

ਇੰਗਲੈਂਡ ਚ ਇਹ ਵਿਕਾਸ ਫਰਾਂਸ ਤੋਂ ਬਿਲਕੁਲ ਵੱਖਰਾ ਸੀ। ਆਧੁਨਿਕ ਉਦਯੋਗ ਦੇ ਅਧਾਰ ਤੇ ਵਿਕਸਿਤ ਨਵੇਂ ਸਮਾਜਿਕ ਸਮੂਹ ਨੇ ਬਿਆਨਣ ਯੋਗ ਆਰਥਿਕ-ਨਿਗਮਿਤ ਵਿਕਾਸ ਲਿਆਂਦਾ। ਬੌਧਿਕ-ਰਾਜਨੀਤਕ ਖੇਤਰ ਚ ਉਸ ਦੀ ਗਤੀ ਹੌਲੀ ਰਹੀ। ਜੈਵਿਕ ਬੁੱਧੀਜੀਵੀਆਂ ਦਾ ਇਕ ਬਹੁਤ ਹੀ ਵਿਸਥਾਰਿਤ ਵਰਗ ਸੀ। ਪਰ ਉਹਨਾਂ ਦੀ ਹੋਂਦ ਉਸੇ ਆਰਥਿਕ ਧਰਾਤਲ ਤੇ ਖੜੀ ਸੀ ਜਿਸ ਤੇ ਆਰਥਿਕ ਸਮੂਹ ਖੜ੍ਹਾ ਸੀ। ਉੱਚੇ ਖੇਤਰ ਚ ਅਸੀਂ ਦੇਖਦੇ ਹਾਂ ਇਕ ਪੁਰਾਤਨ ਜਮੀਨ ਮਾਲਕੀ ਵਾਲੇ ਵਰਗ ਨੇ ਵਸਤੂਪਰਕ: ਆਪਣੇ ਏਕਾਧਿਕਾਰ ਦੀ ਸਥਿਤੀ ਨੂੰ ਬਣਾਈ ਰੱਖਿਆ। ਉਹ ਆਰਥਿਕ ਸਰਵਉੱਚਤਾ ਗਵਾ ਦਿੰਦਾ ਹੈ। ਪਰ ਲੰਮੇ ਸਮੇ ਤਕ ਉਹ ਆਪਣੀ ਰਾਜਨੀਤਕ-ਬੌਧਿਕ ਸਰਵਉੱਚਤਾ ਬਣਾਈ ਰੱਖਦਾ ਹੈ। ਉਹ ਪਰੰਪਰਿਕ ਬੁੱਧੀਜੀਵੀਆਂ ਦੇ ਰੂਪ ਵਿਚ ਅਤੇ(ਨਿਰਦੇਸ਼ਾਤਮਕ) ਡਿਰਿਜੇਂਟ ਸਮੂਹ ਨਾਲ ਘੁਲ ਮਿਲ ਜਾਂਦਾ ਹੈ। ਪੁਰਾਤਨ ਜਿਮੀਦਾਰ ਕੁਲੀਨ ਵਰਗ ਉਦਯੋਗਪਤੀਆਂ ਨਾਲ ਉਸੇ ਤਰਾਂ ਦੇ ਸੂਤਰ ਨਾਲ ਬੰਨਿਆ ਜਾਂਦਾ ਹੈ ਜੋ ਨਿਸ਼ਚਿਤ ਰੂਪ ਨਾਲ ਹੋਰ ਦੇਸ਼ਾਂ ਚ ਪਰੰਪਰਾਗਤ ਬੁੱਧੀਜੀਵੀਆਂ ਨੂੰ ਨਵੇਂ ਪ੍ਰਭੁਤਾਸ਼ਾਲੀ ਵਰਗਾਂ ਨਾਲ ਜੋੜਦਾ ਹੈ। ਇੰਗਲੈਂਡ ਵਰਗੀ ਘਟਨਾ ਜਰਮਨੀ ਵਿਚ ਵੀ ਵਾਪਰਦੀ ਹੈ। ਪਰ ਹੋਰ ਇਤਿਹਾਸਕ ਅਤੇ ਪਰੰਪਰਾਗਤ ਤੱਤ ਉਸ ਨੂੰ ਮੁਸ਼ਕਿਲ ਬਣਾ ਦਿੰਦੇ ਹਨ। ਇਟਲੀ ਵਾਂਗ ਜਰਮਨੀ( ਵਿਸ਼ਵੀ ਅਤੇ ਉੱਚ ਰਾਸ਼ਟਰੀ) ਸੰਸਥਾ ਅਤੇ ਵਿਚਾਰਧਾਰਾ ਦਾ ਘਰ ਸੀ। ਉੱਥੇ ਜਰਮਨ ਰਾਸ਼ਟਰ ਦਾ ਪਵਿੱਤਰ ਰੋਮਨ ਸਾਮਰਾਜ ਸਥਾਪਤ ਹੋਇਆ ਸੀ। ਉਸ ਨੇ ਮੱਧਕਾਲੀਨ ਵਿਸ਼ਵਰਾਜ ਦੇ ਲਈ ਵੱਡੀ ਗਿਣਤੀ ਚ ਕਰਮਚਾਰੀ ਦਿੱਤੇ ਅਤੇ ਆਪਣੀਆਂ ਅੰਦਰੂਨੀ ਸ਼ਕਤੀਆਂ ਨੂੰ ਘੱਟ ਕੀਤਾ। ਉਸਨੇ ਅਜਿਹੇ ਸੰਘਰਸ਼ਾਂ ਨੂੰ ਜਨਮ ਦਿੱਤਾ ਜਿਹਨਾਂ ਨੇ ਰਾਸ਼ਟਰੀ ਏਕੀਕਰਣ ਦੀਆਂ ਸਮੱਸਿਆਵਾਂ ਤੋਂ ਉਸਦਾ ਧਿਆਨ ਉਖੇੜ ਕੇ ਮੱਧਯੁਗ ਦੇ ਖੇਤਰੀ ਵਿਘਟਨ ਨੂੰ ਸਥਾਈ ਕਰ ਦਿੱਤਾ। ਉਦਯੋਗਿਕ ਵਿਕਾਸ ਇਕ ਅਰਧ ਸਾਮੰਤੀ ਪਰਦੇ ਦੇ ਥੱਲੇ ਹੋਇਆ। ਇਹ ਵਿਵਸਥਾ ਨਵੰਬਰ 1918 ਤਕ ਬਣੀ ਰਹੀ। ਯੂੰਕਰਾਂ ਨੇ ਆਪਣੀ ਰਾਜਨੀਤਕ-ਬੌਧਿਕ ਸਰਵਉੱਚਤਾ ਬਣਾਈ ਰੱਖੀ। ਇਹ ਇੰਗਲੈਂਡ ਦੇ ਤਦਅਨੁਰੂਪ ਸਮੂਹ ਦੀ ਤੁਲਨਾ ਵਿਚ ਕਿਤੇ ਜਿਆਦਾ ਸੀ। ਉਹ ਜਰਮਨ ਉਦਯੋਗਪਤੀਆਂ ਦੇ ਪਰੰਪਰਾਗਤ ਬੁੱਧੀਜੀਵੀ ਸੀ ਪਰ ਹੁਣ ਵੀ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਸੀ। ਇਹ ਇੰਗਲੈਂਡ ਦੇ ਮੁਕਾਬਲੇ ਜਿਆਦਾ ਉਪਜਾਊ ਵੀ ਸੀ| ਪਰਸ਼ੀਅਨ ਜਿਮੀਂਦਾਰ ਪਾਦਰੀਆਂ-ਸੈਨਿਕਾਂ ਦੀ ਜਾਤੀ ਨਾਲ ਮਿਲਦੇ ਜੁਲਦੇ ਸੀ| ਉਹਨਾਂ ਕੋਲ ਰਾਜਨੀਤਿਕ ਸਮਾਜ ਚ ਨਿਰਦੇਸ਼ਕ ਤੇ ਸੰਗਠਿਤ ਕਾਰਜਾਂ ਦਾ ਲਗਭਗ ਏਕਾਧਿਕਾਰ ਸੀ। ਪਰ ਇਸ ਦੇ ਨਾਲ–ਨਾਲ ਉਹ ਖੁਦ ਆਪਣੇ ਆਰਥਿਕ ਅਧਾਰ ਦੇ ਮਾਲਕ ਵੀ ਸਨ। ਇਸ ਲਈ ਉਹ ਪ੍ਰਭੁਤਾਸ਼ਾਲੀ ਆਰਥਿਕ ਸਮੂਹ ਦੀ ਉਦਾਰਤਾ ਤੇ ਇਕ ਮਾਤਰ ਰੂਪ ਨਾਲ ਨਿਰਭਰ ਨਹੀਂ ਸਨ। ਇਸ ਤੋਂ ਵੱਧ ਅੰਗਰੇਜ਼ ਜਿਮੀਂਦਾਰ ਕੁਲੀਨ

ਵਰਗ ਤੋਂ ਯੁੱਕਰ ਵੱਖ ਸਨ| ਉਹ ਇਕ ਵਿਸ਼ਾਲ ਥਲ ਸੈਨਾ ਦਾ ਅਫਸਰ ਵਰਗ ਸਨ। ਇਹ ਉਹਨਾਂ ਨੂੰ ਠੋਸ ਸੰਗਠਿਤ ਕਿਰਿਆਸ਼ੀਲ ਕਾਰੀਕਰਤਾ ਦਿੰਦੇ ਸੀ ਅਤੇ ਉਹਨਾਂ ਦੀ ਸਮੂਹ ਨਿਸ਼ਚਾ ਅਤੇ ਉਹਨਾਂ ਦੇ ਰਾਜਨੀਤਕ ਏਕਾਧਿਕਾਰ ਨੂੰ ਬਣਾਈ ਰੱਖਣ ਚ ਸਹਾਇਕ ਸਨ।

**ਰੂਸ ਚ ਵੱਖਰੀਆਂ ਵਿਸ਼ੇਸ਼ਤਾਵਾਂ:** ਰਾਜਨੀਤਕ ਅਤੇ ਆਰਥਿਕ-ਵਣਜਕ ਸੰਗਠਨ ਦਾ ਨਿਰਮਾਣ ਨਾਰਮਨਾਂ (ਵਰਾਂਗਿਆਂ) ਨੇ ਕੀਤਾ। ਧਾਰਮਿਕ ਸੰਗਠਨ ਦੀ ਉਸਾਰੀ ਬਾਈ ਜੇਂਟਾਈਨ ਯੂਨਾਨੀਆਂ ਨੇ ਕੀਤੀ| ਇਸ ਤੋਂ ਬਾਅਦ ਦੇ ਯੁਗ ਵਿਚ ਜਰਮਨ ਅਤੇ ਫਰਾਂਸੀਸੀ ਯੂਰਪੀ ਤਜਰਬੇ ਨੂੰ ਰੂਸ ਲੈ ਗਏ। ਉਹਨਾਂ ਨੇ ਰੂਸੀ ਇਤਿਹਾਸ ਦੇ ਜੀਵਤ ਤੱਤਾਂ ਨੂੰ ਪਹਿਲਾ ਸੰਗਠਿਤ ਆਕਾਰ ਦਿੱਤਾ। ਰਾਸ਼ਟਰੀ ਸ਼ਕਤੀਆਂ ਅਚਲ, ( (ਨਿਸ਼ਕਿਰਿਆ) ਅਤੇ ਸਵਾਗਤ ਲਈ ਤਿਆਰ ਸਨ। ਪਰ ਸ਼ਾਇਦ ਬਿਲਕੁਲ ਇਸੇ ਵਜ੍ਹਾ ਨਾਲ ਉਹਨਾਂ ਨੇ ਵਿਦੇਸ਼ੀ ਪ੍ਰਭਾਵਾਂ ਵੱਲ ਖੁਦ ਵਿਦੇਸ਼ੀਆਂ ਨੂੰ ਰਚਾ ਲਿਆ ਅਤੇ ਉਹਨਾਂ ਦਾ ਰੂਸੀਕਰਣ ਕਰ ਲਿਆ। ਜਿਆਦਾ ਨੇੜਲੇ ਇਤਿਹਾਸਕ ਯੁਗ ਚ ਅਸੀਂ ਇਕ ਉਲਟ ਘਟਨਾ ਦੇਖਦੇ ਹਾਂ। ਸਮਾਜ ਦੇ ਸਭ ਤੋਂ ਜਿਆਦਾ ਕਿਰਿਆਸ਼ੀਲ , ਉੱਦਮੀ ਅਤੇ ਅਨੁਸ਼ਾਸਿਤ ਮੈਂਬਰਾਂ ਤੋਂ ਉੱਭਰ ਕੇ ਇਕ ਵਿਸ਼ਿਸ਼ਟ ਵਰਗ ਵਿਦੇਸ਼ਾਂ ਚ ਪਰਵਾਸ ਕਰਨ ਲੱਗਾ। ਉਸ ਨੇ ਪੱਛਮ ਦੇ ਸਭ ਤੋਂ ਜਿਆਦਾ ਅਗਲੇਰੇ ਦੇਸ਼ਾਂ ਦੇ ਇਤਿਹਾਸਕ ਤਜ਼ਰਬਿਆਂ ਅਤੇ ਸੱਭਿਆਚਾਰ ਨੂੰ ਰਚਾ ਲਿਆ। ਪਰ ਉਸ ਨੇ ਆਪਣੇ ਰਾਸ਼ਟਰ ਦੀਆਂ ਸਭ ਤੋਂ ਜਿਆਦਾ ਆਧਾਰਿਤ ਵਿਸ਼ੇਸ਼ਤਾਵਾਂ ਦਾ ਤਿਆਗ ਨਹੀਂ ਕੀਤਾ, ਮਤਲਬ ਕਿ ਆਪਣੇ ਦੇਸ਼ ਵਾਸੀਆਂ ਨਾਲ ਜੁੜੀਆਂ ਭਾਵੁਕ ਅਤੇ ਇਤਿਹਾਸਕ ਕੜੀਆਂ ਨੂੰ ਨਹੀਂ ਤੋੜਿਆ। ਆਪਣੀ ਬੌਧਿਕ ਸਿਖਲਾਈ ਨੂੰ ਸਿਖਿਆਰਥੀ ਪਰੰਪਰਾ ਅਨੁਸਾਰ ਪੂਰਾ ਕਰਕੇ ਉਹ ਵਾਪਸ ਆਪਣੇ ਦੇਸ਼ ਆਇਆ ਅਤੇ ਲੋਕਾਂ ਚ ਆਪਣੇ ਬਲ ਰਾਹੀਂ ਜਾਗਰੂਕਤਾ ਫੈਲਾਈ। ਇਸ ਪ੍ਰਕਿਰਿਆ ਵਿਚ ਇਤਿਹਾਸਕ ਪੜਾਵਾਂ ਨੂੰ ਛਾਲ ਮਾਰ ਕੇ ਪਾਰ ਕਰ ਲਿਆ ਗਿਆ। ਇਸ ਵਿਸ਼ਿਸ਼ਟ ਵਰਗ ਅਤੇ ਜਰਮਨੀ (ਉਦਾਹਰਣ ਵਜੋਂ, ਪੀਟਰ ਮਹਾਨ ਦੁਆਰਾ) ਚ ਅੰਤਰ ਉਸ ਦੇ ਜਰੂਰੀ ਰੂਪ ਨਾਲ ਰਾਸ਼ਟਰੀ-ਜਨਵਾਦੀ ਚਰਿੱਤਰ ਵਿਚ ਮੌਜੂਦ ਹਨ। ਇਸਨੂੰ ਰੂਸੀ ਲੋਕਾਂ ਦੀ ਅਚਲ ਨਿਸ਼ਕਿਰਿਆ ਦਾ ਅੰਗ ਨਹੀਂ ਬਣਾਇਆ ਜਾ ਸਕਿਆ, ਕਿਉਂਕਿ ਉਹ ਖੁਦ ਹੀ ਆਪਣੀ ਇਤਿਹਾਸਕ ਸਥਿਰਤਾ ਦੀ ਊਰਜਾ ਪੂਰਨ ਰੂਸੀ ਪ੍ਰਤੀਕਿਰਆ ਬਣ ਗਈ ਸੀ।

ਇਕ ਦੂਸਰੇ ਧਰਾਤਲ ਤੇ ਕਾਲ ਅਤੇ ਸਥਾਨ ਦੀਆਂ ਬਿਲਕੁਲ ਭਿੰਨ ਦਿਸ਼ਾਵਾਂ ਚ ਰੂਸੀ ਘਟਨਾ ਦੀ ਤੁਲਨਾ ਅਮਰੀਕੀ ਰਾਸ਼ਟਰ ਦੇ ਜਨਮ ਨਾਲ ਕੀਤੀ ਜਾ ਸਕਦੀ ਹੈ। ਐਂਗਲੋ-ਸੈਕਸ਼ਨ ਅਪ੍ਰਵਾਸੀ ਖੁਦ ਇਕ ਬੌਧਿਕ ਬਲ ਇਕ ਜਿਆਦਾ ਵਿਸ਼ੇਸ: ਇਕ ਨੈਤਿਕ ਵਿਸ਼ੇਸ਼ ਵਰਗ ਹੈ। ਸੁਭਾਵਕ ਰੂਪ ਤੋਂ ਮੈਂ ਪਹਿਲੇ ਅਪ੍ਰਵਾਸੀਆਂ ਅਗਰਦੂਤਾਂ ਦੀ ਗੱਲ ਕਰ ਰਿਹਾ ਹਾਂ। ਇਹ ਇੰਗਲੈਂਡ ਵਿਚ ਰਾਜਨੀਤਕ ਅਤੇ ਧਾਰਮਿਕ ਸੰਘਰਸ਼ਾਂ ਦੇ (ਪੱਖੀ)ਸਨ। ਉਹਨਾਂ ਨੂੰ ਆਪਣੇ ਦੇਸ਼ ਵਿਚ ਹਾਰਨਾ ਤਾਂ ਪਿਆ ਪਰ ਬੇਇੱਜ਼ਤ ਨਹੀਂ। ਨਾ ਹੀ ਉਹਨਾਂ ਦਾ ਦਮਨ ਕੀਤਾ ਜਾ ਸਕਿਆ। ਉਹ ਅਮਰੀਕਾ ਚ ਖੁਦ ਨੂੰ ਆਯਾਤਿਤ ਕਰਨ ਦੇ ਨਾਲ ਨੈਤਿਕ ਊਰਜਾ ਅਤੇ ਸੰਕਲਪ ਦੀ ਊਰਜਾ ਤੋਂ ਇਲਾਵਾ ਸੱਭਿਅਤਾ ਦੇ ਇਕ ਨਿਸ਼ਚਿਤ ਪੱਧਰ ਮਤਲਬ ਯੂਰਪੀ ਇਤਿਹਾਸਕ ਵਿਕਾਸ ਦੇ ਇਕ ਵਿਸ਼ੇਸ਼ ਪੜਾਅ ਦਾ ਵੀ ਆਯਾਤ ਕਰਦੇ ਰਹੇ ਸੀ। ਇਸ ਨੂੰ ਇਹਨਾਂ ਲੋਕਾਂ ਨੇ ਅਮਰੀਕਾ ਦੀ ਕਵਾਰੀ ਧਰਤੀ ਚ ਨਵੀਂ ਪਿਉਂਦ ਦੇ ਰੂਪ ਵਿਚ ਫਿਰ ਲਾ ਦਿੱਤਾ ਸੀ। ਉਹ ਆਪਣੀ ਕੁਦਰਤ ਵਿਚ ਮੌਜੂਦ ਸ਼ਕਤੀਆਂ ਨੂੰ ਨਿਰੰਤਰ ਵਿਕਸਿਤ ਕਰ ਰਿਹਾ ਸੀ। ਪਰ ਪੁਰਾਤਨ ਯੂਰਪ ਦੀ ਤੁਲਨਾ ਵਿਚ ਵਿਕਾਸ ਬਹੁਤ ਜਿਆਦਾ ਤੇਜ਼ ਗਤੀ ਵਿਚ ਹੋ ਰਿਹਾ ਸੀ। ਉੱਥੇ ਅਨੇਕ ਤਰਾਂ ਦੀਆਂ ਰੁਕਾਵਟਾਂ ਮੌਜੂਦ ਸਨ (ਭੂਤਕਾਲੀ ਸ਼ਾਸਨ ਤੰਤਰਾਂ ਦੇ ਨੈਤਿਕ, ਬੌਧਿਕ, ਰਾਜਨੀਤਕ , ਆਰਥਿਕ ਰਹਿੰਦ, ਜੋ ਜਨਸੰਖਿਆ ਦੇ ਵਿਸ਼ੇਸ਼ ਭਾਗਾਂ ਵਿਚ ਲੀਨ ਸਨ, ਜੋ ਲੁਪਤ ਹੋਣ ਤੋਂ ਇਨਕਾਰ ਕਰਦੇ ਹਨ)। ਇਹ ਤੇਜ ਰਫਤਾਰ ਤਰੱਕੀ ਵਿਚ ਰੁਕਾਵਟਾਂ ਪੈਦਾ ਕਰਦੇ ਸੀ ਅਤੇ ਹਰ ਗਤੀਸ਼ੀਲ ਪਹਿਲ ਨੂੰ ਸਥਾਨ ਅਤੇ ਕਾਲ ਅਨੁਸਾਰ ਕਮਜ਼ੋਰ ਕਰਦੇ ਹੋਏ ਸਧਾਰਣ ਸੰਤੁਲਿਤ ਦਾ ਰੂਪ ਦਿੰਦੇ ਸਨ।

ਸੰਯੁਕਤ ਰਾਜ ਦੇ ਉਦਾਹਰਣ ਵਿਚ ਅਸੀਂ ਵੇਖ ਸਕਦੇ ਹਾਂ ਕਿ ਪਰੰਪਰਾਵਾਦੀ ਬੁੱਧੀਜੀਵੀ ਕਾਫੀ ਹੱਦ ਤਕ ਗੈਰਹਾਜ਼ਰ ਹਨ। ਫਲਸਰੂਪ ਬੁੱਧੀਜੀਵੀਆਂ ਵਿਚ ਸਮਾਨ ਰੂਪ ਨਾਲ ਇਕ ਵੱਖਰੀ ਤਰਾਂ ਦੀ

ਸਮਾਨ ਅਵਸਥਾ ਪਾਈ ਜਾਂਦੀ ਹੈ। ਉਦਯੋਗਿਕ ਅਧਾਰ ਦੇ ਸਿਖਰ ਤੇ, ਆਧੁਨਿਕ ਉੱਚ ਸੰਰਚਨਾਵਾਂ ਦੀਆਂ ਸਾਰੀਆਂ ਵਿਧੀਆਂ ਦਾ ਵਿਸ਼ਾਲ ਵਿਕਾਸ ਹੋਇਆ ਹੈ। ਸਮਾਨ ਅਵਸਥਾ ਦੀ ਜਰੂਰਤ ਦਾ ਨਿਰਧਾਰਣ ਜੈਵਿਕ ਅਤੇ ਪਰੰਪਰਾਗਤ ਬੁੱਧੀਜੀਵੀਆਂ ਦੇ ਮਿਸ਼ਰਣ ਦੀ ਜਰੂਰਤ ਰਾਹੀਂ ਨਹੀਂ ਹੁੰਦਾ। ਉਹ ਵੱਖ-ਵੱਖ ਰਾਸ਼ਟਰੀ ਉਦਗਮ ਦੇ ਅਪ੍ਰਵਾਸੀਆਂ ਦੁਆਰਾ ਸੱਭਿਆਚਾਰ ਦੇ ਵੱਖੋ ਵੱਖਰੇ ਰੂਪਾਂ ਨੂੰ ਇਕ ਰਾਸ਼ਟਰੀ ਸੰਘਟਕ ਵਿਚ ਇਕਾਤਮਕ ਸੱਭਿਆਚਾਰ ਦੇ ਰੂਪ ਵਿਚ ਇਕੱਠੇ ਕਰਨ ਦੀ ਜਰੂਰਤ ਰਾਹੀਂ ਹੁੰਦਾ ਹੈ। ਅਸੀਂ ਪ੍ਰਾਚੀਨ ਸੱਭਿਅਤਾ ਦੇ ਦੇਸ਼ਾਂ ਵਿਚ ਪਾਰੰਪਰਿਕ ਬੁੱਧੀਜੀਵੀਆਂ ਦੀਆਂ ਵਿਸ਼ਾਲ ਚੱਟਾਨਾਂ ਪਾਉਂਦੇ ਹਾਂ। ਅਮਰੀਕਾ ਵਿਚ ਉਹਨਾਂ ਦੀ ਕਮੀ ਹੈ। ਇਸ ਅਧਾਰ ਤੇ ਅਸੀਂ ਘੱਟੋ -ਘੱਟ ਅੰਸ਼ਕ ਰੂਪ ਵਿਚ ਦੋ ਗੱਲਾਂ ਦੀ ਵਿਆਖਿਆ ਕਰ ਸਕਦੇ ਹਾਂ : ਇਕ/ ਦੋ ਪ੍ਰਮੁੱਖ ਰਾਜਨੀਤਕ ਦਲਾਂ ਦੀ ਹੋਂਦ|। ਉਹਨਾਂ ਨੂੰ ਅਸੀਂ ਅਸਲ ਵਿੱਚ ਬੜੀ ਸੌਖ ਨਾਲ ਕੇਵਲ ਇਕ ਵਿਚ ਬਦਲ ਸਕਦੇ ਹਾਂ (ਇਸਦੀ ਤੁਲਨਾ ਫਰਾਂਸ ਦੀ ਉਲਟ ਸਥਿਤੀ ਵਿਚ ਕਰੋ, ਅਤੇ ਸਿਰਫ ਉੱਤਰ-ਯੁੱਧ ਕਾਲ ਵਿਚ ਨਹੀਂ , ਜਦੋਂ ਦਲਾਂ ਦੀ ਗਿਣਤੀ ਵਿਚ ਵਾਧਾ ਇਕ ਆਮ ਘਟਨਾ ਬਣ ਗਈ; ਦੂਸਰੇ ਸਿਰੇ ਤੇ ਧਾਰਮਿਕ ਸੰਪ੍ਰਦਾਵਾਂ ਦੀ ਸੰਖਿਆ ਵਿਚ ਅਸਧਾਰਣ ਵਾਧਾ।

ਸੰਯੁਕਤ ਰਾਜ (ਅਮਰੀਕਾ) ਵਿਚ ਇਕ ਹੋਰ ਘਟਨਾ ਵੀ ਅਧਿਐਨ ਯੋਗ ਹੈ। ਇਹ ਹੈ ਹੈਰਾਨੀਜਨਕ ਸੰਖਿਆ ਵਿਚ ਨੀਗਰੋ ਬੁੱਧੀਜੀਵੀਆਂ ਦਾ ਨਿਰਮਾਣ। ਇਹ ਬੁੱਧੀਜੀਵੀ ਅਮਰੀਕੀ ਸੱਭਿਆਚਾਰ ਅਤੇ ਤਕਨਾਲੋਜੀ ਨੂੰ ਅਪਣਾਉਂਦੇ ਹਨ। ਇਸਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਇਕ ਇਹ ਨੀਗਰੋ ਬੁੱਧੀਜੀਵੀ ਅਫਰੀਕਾ ਦੇ ਪਛੜੇ ਜਨਸਮੂਹਾਂ ਤੇ ਕਾਫੀ ਅਲੰਬਵਤ ਅਤੇ ਅਸਲ ਵਿਚ ਪ੍ਰਤੱਖ ਪ੍ਰਭਾਵ ਵੀ ਪਾ ਸਕਦੇ ਹਨ, ਬਸ਼ਰਤੇ ਇਹਨਾਂ ਏਵਰਮੈਂਟਾਂ ਚੋਂ ਇਕ ਜਾਂ ਕਿਸੇ ਹੋਰ ਦੀ ਕਦੇ ਪੜਤਾਲ ਕੀਤੀ ਜਾ ਸਕੇ :

1.ਅਮਰੀਕੀ ਵਿਸਤਾਰਵਾਦ ਅਮਰੀਕੀ ਨੀਗਰੋ ਜਨਾਂ ਦਾ ਪ੍ਰਯੋਗ ਪ੍ਰਤੀਨਿਧੀ ਦੇ ਰੂਪ ਚ ਅਫਰੀਕੀ ਬਜ਼ਾਰ ਤੇ ਕਬਜ਼ਾ ਕਰਨ ਲਈ ਅਤੇ ਅਮਰੀਕੀ ਸੱਭਿਅਤਾ ਦੇ ਪ੍ਰਸਾਰ ਕਰੇ (ਇਸ ਤਰ੍ਹਾਂ ਦਾ ਕੁਝ ਪਹਿਲਾਂ ਵੀ ਵਾਪਰ ਚੁੱਕਿਆ ਹੈ,ਪਰ ਮੈਂ ਨਹੀਂ ਜਾਣਦਾ ਕਿ ਕਿਹੜੀ ਸੀਮਾਂ ਤਕ)।

ਅਮਰੀਕੀ ਲੋਕਾਂ ਦੇ ਏਕੀਕਰਣ ਕਰਨ ਦਾ ਸੰਘਰਸ਼ ਕੁੱਝ ਇਹੋ ਜਿਹਾ ਮੁਸ਼ਕਿਲ ਰੂਪ ਲਵੇ। ਇਸਦੇ ਨਤੀਜੇ ਦੇ ਰੂਪ ਚ ਨੀਗਰੋ ਪ੍ਰਜਾਤੀ ਦੀ (ਹਿਜਰਤ)ਸ਼ੁਰੂ ਹੋ ਜਾਵੇ ਅਤੇ ਉਸਦੇ ਸਭ ਤੋਂ ਜਿਆਦਾ ਊਰਜਿਤ ਅਤੇ ਸਵੈਧੀਨ ਬੌਧਿਕ ਤੱਤ ਅਫਰੀਕਾ ਵਾਪਸ ਚਲੇ ਜਾਣ।ਐਸੇ ਤੱਤ ਜੋ ਦੂਜੇ ਸ਼ਬਦਾਂ ਵਿਚ ਕਿਸੇ ਇਸ ਤਰਾਂ ਦੇ ਸੰਭਾਵਤ(ਭਾਵੀ) ਕਾਨੂੰਨ ਦੀ ਅਧੀਨਤਾ ਅਪਨਾਉਣ ਦੇ ਬਹੁਤ ਘੱਟ ਇੱਛਕ ਹੋਣ ਜੋ ਅੱਜ ਬਹੁ-ਪ੍ਰਚੱਲਿਤ ਸਮਾਜਿਕ ਰੀਤੀ ਰਿਵਾਜਾਂ ਦੇ ਮੁਕਾਬਲੇ ਜਿਆਦਾ ਅਪਮਾਨਜਨਕ ਹੋਣ। ਇਸ ਘਟਨਾ ਦੇ ਫਲਸਰੂਪ ਦੋ ਬੁਨਿਆਦੀ ਸਵਾਲ ਪੈਦਾ ਹੋਣਗੇ। ਪਹਿਲਾ ਇਹ ਕਿ, ਕੀ ਅਫਰੀਕਾ ਵਿਚ ਅਜਿਹੇ ਅੰਗਰੇਜੀ ਸਿੱਖਿਅਤਾਂ ਦੀ ਐਸੀ ਭਾਸ਼ਾ ਬਣ ਸਕਦੀ ਹੈ, ਜਿਸ ਨਾਲ ਅਣਗਿਣਤ ਮੌਜੂਦਾ ਬੋਲੀਆਂ ਦੇ ਥਾਂਵੇਂ ਇਕ ਭਾਸ਼ਾ ਲਿਆਂਦੀ ਜਾ ਸਕੇ ? ਦੂਸਰਾ ਸਵਾਲ ਇਹ ਹੋਵੇਗਾ, ਕਿ ਕੀ ਇਸ ਬੌਧਿਕ ਵਰਗ ਕੋਲ ਜਰੂਰ ਉਪਯੁਕਤ ਅਤੇ ਸੰਗਠਨਕਾਰੀ ਸਮਰੱਥਾ ਹੋ ਸਕੇਗੀ ਜੋ ਅਪਮਾਨਿਤ ਨਸਲ ਹੋਣ ਦੀ ਆਦਿਵਾਸੀ ਭਾਵਨਾ ਨੂੰ 'ਰਾਸ਼ਟਰੀ ਚਰਿੱਤਰ' ਦਿਵਾ ਸਕੇ ਅਤੇ ਇਸ ਤਰ੍ਹਾਂ ਅਫ਼ਰੀਕੀ ਮਹਾਂਦੀਪ ਨੂੰ ਸਾਰੀਆਂ ਨੀਗਰੋ ਪ੍ਰਜਾਤੀਆਂ ਦੀ(ਆਮ) ਪਿਤਾ ਪੁਰਖੀ ਜਮੀਨ ਦਾ ਮਿਥਕ ਰੂਪ ਦੇ ਸਕੇ? ਮੈਨੂੰ ਇਹ ਲੱਗਦਾ ਹੈ ਕਿ ਇਸ ਪਲ ਚ

1.ਅਮਰੀਕੀ ਨੀਗਰੋ ਲੋਕਾਂ ਦੀ ਰਾਸ਼ਟਰੀ ਅਤੇ ਪ੍ਰਜਾਤੀ ਭਾਵਨਾ ਨਕਾਰਾਤਮਕ ਹੈ ਨਾ ਕਿ ਸਕਾਰਾਤਮਕ। ਇਹ ਗੋਰਿਆਂ ਦੁਆਰਾ ਸੰਚਾਲਿਤ ਉਸ ਸੰਘਰਸ਼ ਦੀ ਉਪਜ ਹੈ ਜਿਸਦਾ ਮਕਸਦ ਉਹਨਾਂ ਨੂੰ ਮੁੱਖ ਧਾਰਾ ਨਾਲੋਂ ਅਲੱਗ ਕਰਨਾ ਤੇ ਕੁਚਲਣਾ ਹੈ। ਪਰ ਕੀ ਇਹੀ ਸਥਿਤੀ ਅਠਾਰਵੀਂ ਸਦੀ ਤਕ ਅਤੇ ਉਸ ਸਦੀ ਵਿਚ ਨਿਰੰਤਰ ਯਹੂਦੀਆਂ ਦੀ ਨਹੀਂ ਸੀ? ਲਾਈਬੇਰੀਆ ਦਾ ਅਮਰੀਕੀਕਰਣ ਪਹਿਲਾਂ ਹੀ ਹੋ ਚੁੱਕਿਆ ਹੈ। ਉੱਥੇ ਸਰਕਾਰੀ ਭਾਸ਼ਾ ਅੰਗਰੇਜੀ ਹੈ। ਉਹ ਅਮਰੀਕਾ ਦੇ ਨੀਗਰੋ ਲੋਕਾਂ ਦਾ ਜਿਓਨ ਬਣ ਸਕਦਾ ਹੈ| ਇਸ ਦੀ ਰੁਚੀ ਅਫਰੀਕੀ ਪੀਡਮੋਂਟ ਦੇ ਰੂਪ ਵਿਚ ਸਥਾਪਤ ਹੋਣ ਦੀ ਹੋ ਸਕਦੀ ਹੈ।

ਮੱਧ ਅਤੇ ਦੱਖਣੀ ਅਮਰੀਕਾ ਚ ਬੁੱਧੀਜੀਵੀਆਂ ਦੇ ਪ੍ਰਸ਼ਨ ਤੇ ਵਿਚਾਰ ਕਰਦੇ ਸਮੇਂ ਮੈਂ ਸਮਝਦਾ ਹਾਂ ਕਿ ਸਾਨੂੰ ਕੁੱਝ ਅਧਾਰਭੂਤ ਦਿਸ਼ਾਵਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਮੱਧ ਜਾਂ ਦੱਖਣੀ ਅਮਰੀਕਾ


ਵਿਚ ਵੀ ਪਰੰਪਰਿਕ ਬੁੱਧੀਜੀਵੀਆਂ ਦੇ ਕਿਸੇ ਵੱਡੇ  ਵਰਗ ਦੀ ਹੋਂਦ ਨਹੀਂ ਹੈ। ਪਰ ਇਸ ਪ੍ਰਸ਼ਨ ਦੀ ਪੇਸ਼ਕਾਰੀ ਸੰਯੁਕਤ ਰਾਜ ਤੋਂ ਵੱਖਰੀ ਹੈ।ਇਹਨਾਂ ਦੇਸ਼ਾਂ ਦੇ ਵਿਕਾਸ ਦੇ ਮੂਲ ਵਿਚ ਅਸੀਂ ਅਸਲ ਚ ਸੋਲ੍ਹਵੀਂ ਅਤੇ ਸਤਾਰਵੀਂ ਸਦੀ ਦੀ ਸਪੈਨਿਸ਼ ਅਤੇ ਪੁਰਤਗਾਲੀ ਸੱਭਿਅਤਾ ਦੇ ਨਿਸ਼ਾਨ ਪਾਉਂਦੇ ਹਾਂ। ਇਹ ਸੱਭਿਅਤਾ ਧਰਮ ਸੁਧਾਰ ਅੰਦੋਲਨ ਦੇ ਵਿਰੋਧ ਅਤੇ ਸੈਨਿਕ ਪ੍ਰੈਸਰਾਇਵਾਦ ਤੋਂ  ? ਹੁੰਦੀ ਸੀ। ਇਹਨਾਂ ਦੇਸ਼ਾਂ ਚ ਪਰਿਵਰਤਨ ਵਿਰੋਧੀ ਤੱਤ ਅਜੇ ਵੀ ਮੌਜੂਦ ਹਨ। ਇਹ ਹਨ ਪਾਦਰੀ ਵਰਗ ਅਤੇ ਸੈਨਿਕ ਜਾਤ। ਇਹ ਪਰੰਪਰਾਗਤ ਬੁੱਧੀਜੀਵੀਆਂ ਦੇ ਦੋ ਵਰਗ ਹਨ ਜੋ ਯੂਰਪੀ ਮਾਤਭੂਮੀ ਤੋਂ ਫਾਸਲਿਆਂ ਦੇ ਰੂਪ ਚ ਉਹਨਾਂ ਨੂੰ, ਵਿਰਾਸਤ ਵਿਚ ਇਹਨਾਂ ਨੂੰ ਮਿਲੇ ਹਨ। ਉਦਯੋਗਿਕ ਬੁਨਿਆਦ ਬਹੁਤ ਸੁੰਗੜੀ ਹੋਈ ਹੈ ਅਤੇ ਜਟਿਲ(ਅਧਿਰਚਨਾਵਾਂ) ਦਾ ਵਿਕਾਸ ਨਹੀਂ ਹੋਇਆ ਹੈ। ਬੁੱਧੀਜੀਵੀਆਂ ਦਾ ਬਹੁਮਤ ਪੇਂਡੂ ਇਲਾਕੇ ਦਾ ਹੈ| ਵੱਡੀ ਜਮੀਨ ਮਾਲਕੀ ਦੀ ਪ੍ਰਧਾਨਤਾ ਹੈ ਅਤੇ ਚਰਚ ਵੀ ਵਿਸ਼ਾਲ ਸੰਪਤੀ ਦਾ ਮਾਲਕ ਹੈ। ਇਸ ਲਈ ਇਹ ਬੁੱਧੀਜੀਵੀ ਵੀ ਪਾਦਰੀ ਵਰਗ ਅਤੇ ਵੱਡੇ ਜਿਮੀਂਦਾਰਾਂ ਨਾਲ ਜੁੜੇ ਹੋਏ ਹਨ। ਰਾਸ਼ਟਰੀ ਜਨਸੰਖਿਆ ਦਾ ਗਠਨ ਬਹੁਤ ਅਸੰਤੁਲਿਤ ਹੈ। ਇਹ ਗੋਰਿਆਂ ਦੀ ਅਬਾਦੀ ਚ ਵੀ ਹੈ ਅਤੇ ਇਹ ਇੰਡੀਅਨਾਂ ਦੇ ਵਿਸ਼ਾਲ ਜਨਸਮੂਹਾਂ ਦੀ ਮੌਜੂਦਗੀ ਵਿਚ ਹੋਰ ਵੀ ਜਟਿਲ ਹੋ ਜਾਂਦਾ ਹੈ। ਕੁੱਝ ਦੇਸ਼ਾਂ ਵਿਚ ਇੰਡੀਅਨ ਉੱਥੋਂ ਦੇ ਨਿਵਾਸੀਆਂ ਦੇ ਬਹੁਸੰਖਿਅਕ ਹਨ। ਇਹ ਕਿਹਾ ਜਾ ਸਕਦਾ ਹੈ ਕਿ ਅਮਰੀਕੀ ਮਹਾਂਦੀਪ ਦੇ ਇਹਨਾਂ ਭੂ-ਭਾਗਾਂ ਵਿਚ ਅਜੇ ਵੀ ਸੱਭਿਆਚਾਰ ਯੁੱਧ ਅਤੇ ਡ੍ਰੇਫੁਸ ਮੁਕੱਦਮੇ ਦੀ ਸਥਿਤੀ ਮੌਜੂਦ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਏਦਾਂ ਦੀ ਸਥਿਤੀ ਹੈ ਜਿਸ ਵਿਚ ਧਰਮ ਨਿਰਪੱਖ ਅਤੇ ਬੁਰਜੁਆ ਤੱਤ ਅਜੇ ਇਸ ਪੜਾਅ ਤੇ ਨਹੀਂ ਪਹੁੰਚਿਆ ਕਿਉਕਿ ਚਰਚਵਾਦੀ ਅਤੇ ਸੈਨਿਕਵਾਦੀ ਪ੍ਰਭਾਵ ਅਤੇ ਹਿਤਾਂ ਨੂੰ ਆਧੁਨਿਕ ਰਾਜ ਦੀ ਲੌਕਿਕ ਰਾਜਨੀਤੀ ਦੇ ਅਧੀਨ ਕਰਨ ਵਿਚ ਸਮਰੱਥ ਹੋ ਸਕਣ। ਇਸ ਤਰ੍ਹਾਂ ਨਤੀਜਾ ਨਿਕਲਦਾ ਹੈ ਕਿ ਫ੍ਰੀ ਮੇਸਨ ਪੰਥ ਅਤੇ 'ਪ੍ਰਤੱਖਵਾਦੀ ਚਰਚ' ਵਰਗੇ ਸੱਭਿਆਚਾਰਕ ਸੰਗਠਨਾਂ ਦੇ ਸਰੂਪ ਜੇਸੁਇਟਵਾਦ ਦੇ ਵਿਰੋਧ ਵਿਚ ਬਹੁਤ ਪ੍ਰਭਾਵੀ ਹੁੰਦੇ ਹਨ। ਮੈਕਸੀਕੋ ਵਿਚ ਕਾਲਿਸ ਦੇ 'ਕਲਚਰ ਕਾਂਫ' ਤੋਂ ਲੈ ਕੇ ਅਰਜਨਟੀਨਾ, ਬ੍ਰਾਜ਼ੀਲ , ਚਿਲੀ , ਅਤੇ ਬੋਲੀਵੀਆ ਵਿਚ ਸੈਨਾ ਲੋਕਵਾਦੀ ਵਿਘਟਨ ਤੱਕ ਕਈ ਸਮਕਾਲੀਨ ਘਟਨਾਵਾਂ(ਨਵੰਬਰ 1930) ਇਹਨਾਂ ਸਿੱਟਿਆਂ ਦੀ ਸੱਚਾਈ ਨੂੰ ਸਿੱਧ ਕਰਦੀਆਂ ਹਨ।


ਬੁੱਧੀਜੀਵੀਆਂ ਦੇ ਸੰਵਰਗ ਦੇ ਨਿਰਮਾਣ ਅਤੇ ਰਾਸ਼ਟਰੀ ਸ਼ਕਤੀਆਂ ਨਾਲ ਉਹਨਾਂ ਦੇ ਸੰਬੰਧ ਦੀਆਂ ਹੋਰ ਪ੍ਰਣਾਲੀਆਂ ਭਾਰਤ , ਚੀਨ , ਅਤੇ ਜਾਪਾਨ ਵਿਚ ਮਿਲਦੀਆਂ ਹਨ। ਜਾਪਾਨ ਵਿਚ ਸਾਨੂੰ ਇੰਗਲਿਸ਼ ਅਤੇ ਜਰਮਨ ਪੱਧਤੀ ਦੀ ਵਿਵਸਥਾ ਮਤਲਬ ਇਕ ਹੋਰ ਉਦਯੋਗਿਕ ਸੱਭਿਅਤਾ ਮਿਲਦੀ ਹੈ। ਇਸ ਦਾ ਵਿਕਾਸ ਸਾਮੰਤਵਾਦੀ-ਨੌਕਰਸ਼ਾਹੀ ਵਲਗਣ ਅੰਦਰ ਹੁੰਦਾ ਹੈ ਅਤੇ ਇਸ ਦੀਆਂ ਖੁਦ ਆਪਣੀਆਂ ਅਵਿਵਾਦੀ ਵਿਸ਼ੇਸ਼ਤਾਵਾਂ ਹਨ।

ਚੀਨ ਵਿਚ ਲਿਪੀ ਦੀ ਘਟਨਾ ਬੁੱਧੀਜੀਵੀਆਂ ਅਤੇ ਸਧਾਰਨ ਜਨਾਂ ਦੇ ਵਿਚ ਪੂਰਣ ਅਲਗਾਵ ਦਾ ਪ੍ਰਗਟਾਵਾ ਹੈ। ਭਾਰਤ ਅਤੇ ਚੀਨ ਦੋਹਾਂ ਵਿਚ ਬੁੱਧੀਜੀਵੀਆਂ ਅਤੇ ਸਧਾਰਣ ਲੋਕਾਂ ਨੂੰ ਅਲੱਗ ਕਰਨ ਵਾਲਾ ਵਿਸ਼ਾਲ ਅੰਤਰ ਧਰਮ ਦੇ ਖੇਤਰ ਵਿਚ ਵੀ ਨਜ਼ਰ ਆਉਂਦਾ ਹੈ। ਵੱਖਰੇ ਵਿਸ਼ਵਾਸਾਂ ਅਤੇ ਸਮਾਜ ਦੇ ਵੱਖ ਵੱਖ ਤਬਕਿਆਂ ਉਸੇ ਧਰਮ ਨੂੰ ਵਿਚਾਰਨ ਅਤੇ ਚਰਿਤਰਵਾਨ ਕਰਨ ਲਈ ਵੱਖਰੇ ਤਰੀਕਿਆਂ ਦਾ ਅਧਿਐਨ ਸਮਾਨ ਰੂਪ ਤੋਂ ਜਰੂਰੀ ਹੈ। ਖਾਸ ਕਰ ਪੁਰੋਹਿਤਾਂ, ਬੁੱਧੀਜੀਵੀਆਂ , ਅਤੇ ਸਧਾਰਨ ਲੋਕਾਂ ਦੇ ਵਿਚਕਾਰ (ਤਤਸਬੰਧੀ) ਭੇਦਾਂ ਦੇ ਪ੍ਰਸ਼ਨ ਦਾ ਅਧਿਐਨ। ਇਹ ਇਸ ਲਈ ਜਰੂਰੀ ਹੈ ਕਿਉਂਕਿ ਇਹ ਕੁਝ ਹੱਦ ਤਕ ਹਰ ਥਾਂ ਪਾਇਆ ਜਾਂਦਾ ਹੈ। ਪਰ ਪੂਰਬ ਏਸ਼ੀਆ ਦੇਸ਼ਾਂ ਵਿਚ ਇਹ ਬਹੁਤ ਜਿਆਦਾ ਗੁਸੈਲ ਰੂਪ ਚ ਪ੍ਰਗਟ ਹੁੰਦਾ ਹੈ| ਪ੍ਰੋਟੈਸਟੈਂਟ ਦੇਸ਼ਾਂ ਵਿਚ ਇਹ ਅੰਤਰ ਤੁਲਨਾਤਮਕ ਰੂਪ ਚ ਘੱਟ ਹੈ। ਇਹ ਅੰਤਰ ਕੈਥੋਲਿਕ ਦੇਸ਼ਾਂ ਵਿਚ ਜਿਆਦਾ ਦੱਸਣਯੋਗ ਹੈ ਪਰ ਇਸ ਦੀ ਮਾਤਰਾ ਵੱਖ-ਵੱਖ ਹੈ। ਇਹ ਜਰਮਨੀ ਦੇ ਕੈਥੋਲਿਕ ਖੇਤਰਾਂ ਅਤੇ ਫ੍ਰਾਂਸ ਵਿਚ ਮੁਕਾਬਲਤਨ ਘੱਟ ਹੈ। ਇਟਲੀ ਵਿਚ ਇਹ ਕੁਝ ਜਿਆਦਾ ਹੈ। ਖਾਸ ਕਰ ਦੱਖਣ ਅਤੇ ਦੀਪਾਂ ਵਿਚ ਆਈਬੀਰਿਅਨ ਪ੍ਰਾਇਦੀਪ ਵਿਚ ਅਤੇ ਹੋਰ ਲੈਟਿਨ ਅਮਰੀਕਾ ਦੇ ਦੇਸ਼ਾਂ ਵਿਚ ਅਸਲ ਚ ਇਹ ਬਹੁਤ ਜਿਆਦਾ ਹੈ। ਆਰਥੋਡਾਕਸ ਦੇਸ਼ਾਂ ਵਿਚ ਇਹ ਭੇਦ  ਹੋਰ ਵੀ ਜਿਆਦਾ ਵਧ ਜਾਂਦਾ ਹੈ। ਉੱਥੇ ਇਹ ਜਰੂਰੀ

ਹੋ ਜਾਂਦਾ ਹੈ ਕਿ ਅਸੀਂ ਸਿਰਫ ਓਸੇ ਧਰਮ ਦੇ ਤਿੰਨਾ ਸਤਰਾਂ ਦੀ ਗੱਲ ਕਰੀਏ : ਸਰਵਉੱਚ ਪਾਦਰੀਆਂ ਅਤੇ ਸੰਨਿਆਸੀਆਂ ਦਾ ਪੱਧਰ, ਲੋਕਪੱਖੀ ਪਾਦਰੀਆਂ ਦਾ ਪੱਧਰ ਅਤੇ ਆਮ ਤੇ ਸਾਧਰਣ ਲੋਕਾਂ ਦਾ ਪੱਧਰ। ਪੂਰਬ ਏਸ਼ੀਆ ਵਿਚਇਸ ਭੇਦ ਦਾ ਸਤਰ ਬੇਤੁਕੇਪਨ ਨੂੰ ਛੂਹ ਲੈਂਦਾ ਹੈ। ਉੱਥੇ ਲੋਕਧਰਮ ਦਾ ਧਰਮ ਸ਼ਾਸਤਰਾਂ ਨਾਲ ਕੋਈ ਲੈਣ-ਦੇਣ ਨਹੀਂ ਹੈ। ਪਰ ਫਿਰ ਵੀ ਦੋਨਾਂ ਨੂੰ ਉਸੇ ਨਾਮ ਨਾਲ ਬੁਲਾਇਆ ਜਾਂਦਾ ਹੈ ।


ਪੰਜਾਬੀ ਅਨੁਵਾਦ
ਅਮੀਨਾ
ਹਰਜਿੰਦਰ ਕੌਰ
ameenapbiuni8@gmail.com

ਸ਼ੀਤ ਯੁੱਧ ਤੋਂ ਤੁਰੰਤ ਬਾਅਦ ਸੰਸਾਰ ਦੀ ਉਥਲ-ਪੁਥਲ ਦੇ ਦੌਰ ਵਿਚ ਗੁੱਟ-ਨਿਰਪੇਖ ਅੰਦੋਲਨ ਦੇ ਤਾਕਤਵਰ ਬੁਲਾਰੇ, ਕਿਊਬਾ 'ਚ ਸਮਾਜਵਾਦ ਦੇ ਅਨੋਖੇ ਪ੍ਰਯੋਗ ਦੇ ਨਿਰਮਾਣ ਅਤੇ ਦੁਨੀਆਂ ਦੀ ਸਭ ਤੋਂ ਵੱਡੀ ਸ਼ਕਤੀ ਅਤੇ ਯੁੱਧ ਲਈ ਕਾਹਲੇ ਰਾਸ਼ਟਰਪਤੀਆਂ ਦੇ ਵੱਖ-ਵੱਖ ਦਫ਼ਤਰਾਂ ਦੇ ਸਾਏ 'ਚ ਛੋਟੇ ਜਿਹੇ ਕਿਊਬਾ ਨੂੰ ਖੜ੍ਹਾ ਰੱਖ ਪਾਉਣ ਵਾਲੇ ਸਾਹਸ ਨੂੰ ਲਿਖਿਆ ਸੀ, ਕਾਸਤਰੋ ਦੇ ਪੱਕੇ ਦੋਸਤ ਗੈਬਰੀਅਲ ਗਾਰਸ਼ੀਆ ਮਾਰਕੇਜ਼ ਨੇ। ਮਾਰਕੇਜ਼ ਦੀ ਲਿਖੀ ਇਹੀ ਸ਼ਾਬਦਿਕ ਮੂਰਤ ਲੈਫ਼ਟ ਵਰਲਡ ਵੱਲੋਂ ਛਪੀ (Fidle Castro: My Early Years) 'ਚੋਂ ਧੰਨਵਾਦ ਸਹਿਤ ਲਈ ਗਈ ਹੈ। ਇਹ ਲੰਬੀ ਟਿੱਪਣੀ ਪਹਿਲੀ ਵਾਰ 1991 ਵਿਚ ਓਸ਼ਨ ਪ੍ਰੈੱਸ ਦੁਆਰਾ ਇਟਾਲੀਅਨ ਪੱਤਰਕਾਰ ਗਿਆਨੀ ਮੀਨਾ ਦੀ ਕਿਤਾਬ 'An encounter with Fidel' 'ਚ ਤਬਸਰੇ ਦੇ ਰੂਪ 'ਚ ਛਪੀ ਸੀ।

ਇਕ ਵਿਦੇਸ਼ੀ ਯਾਤਰੀ ਨੂੰ ਕਿਊਬਾ ਦੀ ਹਫ਼ਤੇ ਭਰ ਦੀ ਸੈਰ ਕਰਾਉਣ ਤੋਂ ਬਾਅਦ ਇਕ ਦਿਨ ਫਿਡੇਲ ਕਾਸਤਰੋ ਨੇ ਕਿਹਾ "ਇਹ ਬੰਦਾ ਏਨਾ ਕਿਵੇਂ ਬੋਲ  ਸਕਦਾ ਹੈ ? ਇਹ ਤਾਂ ਮੈਥੋਂ ਜ਼ਿਆਦਾ ਬੋਲਦਾ ਹੈ। ਸਾਫ਼ ਹੈ ਕਿ ਕਾਸਤਰੋ ਵਧਾ - ਚੜ੍ਹਾ ਕੇ ਬੋਲ ਰਿਹਾ ਸੀ, ਕਿਉਂਕਿ ਉਸ ਤੋਂ ਜ਼ਿਆਦਾ ਬੋਲਣ ਦੀ ਆਦਤ ਦਾ ਦੀਵਾਨਾ ਤਾਂ ਕੋਈ ਹੋਵੇਗਾ ਨਹੀਂ ।

ਸ਼ਬਦ ਪ੍ਰਤੀ ਉਸ ਦੀ ਸ਼ਰਧਾ ਜਾਦੂਈ ਹੈ। ਕ੍ਰਾਂਤੀ ਦੇ ਸ਼ੁਰੂਆਤੀ ਦਿਨਾਂ 'ਚ ਹਵਾਨਾ 'ਚ ਉਸ ਦੇ ਦਾਖਲ ਹੋਣ ਦੇ ਬਾ-ਮੁਸ਼ਕਿਲ ਹਫ਼ਤੇ ਕੁ ਬਾਅਦ ਹੀ, ਉਸ ਨੇ ਬਿਨਾਂ ਰੁਕੇ ਟੀਵੀ 'ਤੇ ਸੱਤ ਘੰਟੇ ਭਾਸ਼ਣ ਦਿੱਤਾ

# ਫੀਡੇਲ ਕਾਸਟਰੋ ਸੰਗ ਮੇਰੀਆਂ ਯਾਦਾਂ

## ਗੈਬਰੀਅਲ ਗਾਰਸ਼ੀਆ ਮਾਰਕੇਜ਼



ਸੀ। ਇਹ ਵਿਸ਼ਵ ਰਿਕਾਰਡ ਹੋਵੇਗਾ। ਪਹਿਲੇ ਕੁਝ ਘੰਟੇ ਹਵਾਨਾ ਦੇ ਲੋਕ ਜੋ ਉਸ ਦੀ ਆਵਾਜ਼ ਦੇ ਪ੍ਰਭਾਵ ਤੋਂ ਜਾਣੂ ਨਹੀਂ ਸਨ, ਪਰੰਪਰਾਗਤ ਅੰਦਾਜ਼ 'ਚ ਉਸ ਨੂੰ ਸੁਣਨ ਬਹਿ ਗਏ, ਜਦ ਸਮਾਂ ਬੀਤਣ ਲੱਗਿਆ ਤਾਂ ਉਹ ਆਪਣੇ ਰੋਜ਼ਮੱਰਾ ਦੇ ਕੰਮਾਂ 'ਤੇ ਚੱਲੇ ਗਏ, ਉਨ੍ਹਾਂ ਇਕ ਕੰਨ ਆਪਣੇ ਕੰਮ 'ਤੇ, ਦੂਜਾ ਭਾਸ਼ਣ 'ਤੇ ਲਗਾਈ ਰੱਖਿਆ।

ਇਕ ਦਿਨ ਪਹਿਲਾਂ ਹੀ ਮੈਂ ਪੱਤਰਕਾਰਾਂ ਦੇ ਇਕ ਦਲ ਨਾਲ ਕਰਾਕਾਸ ਪੁੱਜਿਆ ਸੀ। ਅਸੀਂ ਆਪਣੇ ਹੋਟਲ ਦੇ ਕਮਰਿਆਂ 'ਚ ਉਹ ਭਾਸ਼ਣ ਸੁਣਨਾ ਸ਼ੁਰੂ ਕਰ ਦਿੱਤਾ। ਜਦ ਅਸੀਂ ਲਿਫ਼ਟ 'ਚ ਸੀ, ਅਸੀਂ ਉਦੋਂ ਵੀ ਸੁਣ ਰਹੇ ਸੀ ਬਿਨਾਂ ਰੁਕੇ। ਉਸ ਟੈਕਸੀ ਵਿਚ ਵੀ ਉਸ ਨੂੰ ਸੁਣਦੇ ਰਹੇ ਜੋ ਸਾਨੂੰ ਸ਼ਹਿਰ ਦੇ ਦੌਰੇ 'ਤੇ ਲੈ ਕੇ ਗਈ ਸੀ। ਫੁੱਲਾਂ ਨਾਲ ਲੱਦੇ ਦਲਾਨਾਂ ਵਾਲੇ ਕੈਫ਼ੇ 'ਚ, ਏ.ਸੀ. ਵਾਲੇ ਬਾਰਾਂ 'ਚ ਅਤੇ ਇੱਥੋਂ ਤੱਕ ਕਿ ਉਹ ਭਾਸ਼ਣ ਅਸੀਂ ਸੜਕਾਂ 'ਤੇ ਚਲਦੇ ਹੋਏ ਵੀ ਸੁਣਿਆ। ਜਿੱਥੋਂ ਖੁੱਲ੍ਹੀਆਂ ਖਿੜਕੀਆਂ 'ਚੋਂ ਰੇਡੀਉ ਉੱਚੀਆਂ ਆਵਾਜ਼ਾਂ 'ਚ ਗੂੰਜ ਰਹੇ ਸਨ। ਸ਼ਾਮ ਤੱਕ ਉਸ ਦਾ ਕਿਹਾ ਇਕ ਵੀ ਸ਼ਬਦ ਗਵਾਏ ਬਿਨਾਂ ਸਾਡਾ ਦਿਨ ਭਰ ਦਾ ਕੰਮ ਪੂਰਾ ਹੋ ਗਿਆ ਸੀ।

ਸਾਡੇ ‘ਚੋਂ ਜੋ ਲੋਕ ਫਿਡੇਲ ਕਾਸਤਰੋ ਨੂੰ ਪਹਿਲੀ ਵਾਰ ਸੁਣ ਰਹੇ ਸਨ, ਉਨ੍ਹਾਂ ਦਾ ਧਿਆਨ ਦੋ ਚੀਜ਼ਾਂ ਨੇ ਖਿੱਚਿਆ। ਇਕ ਤਾਂ ਫਿਡੇਲ ਦੀ ਆਪਣੇ ਸਰੋਤਿਆਂ ਨੂੰ ਲੁਭਾ ਦੇਣ ਦੀ ਜ਼ਬਰਦਸਤ ਸਮਰੱਥਾ ਅਤੇ ਦੂਜਾ ਉਸ ਦੀ ਆਵਾਜ਼ ਦੀ ਨਜ਼ਾਕਤ। ਉਸ ਦੀ ਆਵਾਜ਼ ਬੈਠੀ ਹੋਈ ਸੀ ਜੋ ਕਦੇ ਕਦੇ ਮਹਿਜ਼ ਇਕ ਸਾਹ ਵਿਹੂਣੀ ਫੁਸਫੁਸਾਹਟ ਵਾਂਗ ਰਹਿ ਜਾਂਦੀ ਸੀ। ਉਸ ਦੇ ਗਲੇ ਦੀ ਆਵਾਜ਼ ਨੂੰ ਸੁਣਕੇ ਇਕ ਡਾਕਟਰ ਨੇ ਇਹ ਨਤੀਜਾ ਕੱਢ ਲਿਆ ਸੀ ਕਿ ਅਮੇਜ਼ਨ ਨਦੀ ਜਿੰਨੇ ਲੰਬੇ ਅਤੇ ਧਾਰਾ ਪ੍ਰਵਾਹ ਮੈਰਾਥਨ ਭਾਸ਼ਣਾਂ ਦੇ ਬਾਵਜੂਦ ਵੀ ਪੰਜ ਸਾਲਾਂ ਵਿਚ ਕਾਸਤਰੋ ਦੀ ਆਵਾਜ਼ ਚਲੀ ਜਾਵੇਗੀ। ਕੁਝ ਹੀ ਸਮੇਂ ਬਾਅਦ, ਅਗਸਤ 1962 'ਚ ਆਵਾਜ਼ ਗੜਬੜੀ ਦਾ ਪਹਿਲਾ ਇਸ਼ਾਰਾ ਤਦ ਮਿਲਿਆ ਜਦ ਅਮਰੀਕੀ ਕੰਪਨੀਆਂ ਦੇ ਰਾਸ਼ਟਰੀਕਰਨ ਦਾ ਐਲਾਨ ਕਰਨ ਵਾਲੇ ਭਾਸ਼ਣ ਤੋਂ ਬਾਅਦ ਉਸ ਦੀ ਆਵਾਜ਼ ਰੁਕ ਗਈ, ਪਰ ਉਹ ਇਕ ਧੱਕਾ ਸੀ ਜੋ ਫਿਰ ਨਹੀਂ ਆਇਆ। ਉਸ ਤੋਂ ਬਾਅਦ ਛੱਬੀ ਸਾਲ ਲੰਘ ਗਏ। ਫਿਡੇਲ ਕਾਸਤਰੋ ਹੁਣੇ ਹੁਣੇ 61 ਸਾਲ ਦਾ ਹੋਇਆ ਹੈ ਅਤੇ ਉਸ ਦੀ ਆਵਾਜ਼ ਵਿਚ ਹਮੇਸ਼ਾ ਤੋਂ ਹੀ ਅਨਿਸ਼ਚਿਤਤਾ ਬਣੀ ਹੋਈ ਹੈ, ਪਰ ਮੌਖਿਕ ਸ਼ਬਦਾਂ ਦੇ ਬਾਰੀਕ ਸ਼ਿਲਪ ਵਿਚ ਇਹ ਉਸ ਦਾ ਸਭ ਤੋਂ ਉਪਯੋਗੀ ਤੇ ਮਜ਼ਬੂਤ ਸੰਦ ਹੈ।

ਇਕ ਆਮ ਗੱਲਬਾਤ ਦੇ ਲਈ ਤਿੰਨ ਘੰਟੇ ਤੱਕ ਤਾਂ ਉਸ ਦਾ ਇਕ ਚੰਗਾ ਔਸਤ ਹੈ। ਉਹ ਆਪਣੇ ਦਫ਼ਤਰ ਵਿਚ ਬੰਨ੍ਹੇ ਰਹਿਣ ਵਾਲੇ ਕਿਸੇ ਅਕਾਦਮਿਕ ਲੀਡਰ ਵਰਗਾ ਨਹੀਂ ਹੈ। ਉਹ ਜਿੱਥੇ ਸਮੱਸਿਆਵਾਂ ਆਉਂਦੀਆਂ ਉੱਥੇ ਹੀ ਉਨ੍ਹਾਂ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਪਣੀ ਖਟਾਰਾ ਕਾਰ ਵਿਚ ਉਸ ਨੂੰ ਵੇਖਿਆ ਜਾ ਸਕਦਾ ਹੈ, ਉਸ ਦੇ ਆਸਪਾਸ ਮੋਟਰਸਾਈਕਲਾਂ ਦਾ ਸ਼ੋਰ ਸ਼ਰਾਬਾ ਨਹੀਂ ਹੁੰਦਾ , ਉਹ ਹਵਾਨਾ ਦੇ ਸੁੰਨਸਾਨ ਇਲਾਕਿਆਂ 'ਚ ਇਕੱਲਾ ਹੀ ਨਿਕਲ ਜਾਂਦਾ ਹੈ । ਕਦੇ ਕਿਸ ਸੜਕ ਦੇ ਕਿਨਾਰੇ,ਦਿਨ ਦੇ ਕਿਸੇ ਵੀ ਪਹਿਰ ਵਿਚ, ਕਦੇ ਕਦੇ ਸਵੇਰੇ ਸਵੇਰੇ ਵੀ। ਇਹਨਾਂ ਸਭ ਗੱਲਾਂ ਕਰ ਕੇ ਉਸ ਦੇ ਬਾਰੇ ਇਕ ਕਥਾ ਚੱਲ ਪਈ ਕਿ ਉਹ ਇਕ ਇਕੱਲਾ ਮਜ਼ਦੂਰ ਹੈ, ਅਵਿਵਸਥਿਤ ਅਤੇ ਮਨਮਾਨੀ ਕਰਨ ਵਾਲਾ ਨੀਂਦਰ ਦਾ ਰੋਗੀ, ਜੋ ਕਿਸੇ ਵੀ ਸਮੇਂ ਮਿਲਣ ਲਈ ਆ ਸਕਦਾ ਹੈ ਅਤੇ ਆਪਣੇ ਮੇਜ਼ਬਾਨ ਨੂੰ ਸਵੇਰੇ ਤੱਕ ਜਗਾ ਕੇ ਰੱਖ ਸਕਦਾ ਹੈ।

ਕ੍ਰਾਂਤੀ ਦੇ ਸ਼ੁਰੂਆਤੀ ਦਿਨਾਂ ਵਿਚ ਇਸ ਛਵੀ ਵਿਚ ਕੁਝ ਸਚਾਈ ਤਾਂ ਸੀ। ਆਪਣੇ ਬਹੁਤ ਲੰਬੇ ਭਾਸ਼ਣਾਂ ਦੇ ਕਰ ਕੇ ਨਹੀਂ , ਇਸ ਲਈ ਵੀ ਕਿਉਂਕਿ ਉਸ ਦਾ ਕੋਈ ਵਾਸਤਵਿਕ ਘਰ ਨਹੀਂ ਸੀ, ਕੋਈ ਦਫ਼ਤਰ ਨਹੀਂ ਸੀ, 15 ਸਾਲ ਤੋਂ ਜ਼ਿਆਦਾ ਸਮੇਂ ਤੱਕ ਨਾ ਹੀ ਉਸ ਦੀ ਕੋਈ ਡੇਲੀ ਰੁਟੀਨ ਸੀ, ਪਰ ਹੁਣ ਅਜਿਹਾ ਨਹੀਂ ਹੈ। ਆਪਣੇ ਵਿਸ਼ਿਸ਼ਟ ਉਤਾਵਲੇ ਪਣ ਨੂੰ ਬਰਕਰਾਰ ਰੱਖਦੇ ਹੋਏ ਆਖ਼ਰਕਾਰ ਉਸ ਨੇ ਆਪਣੀ ਜ਼ਿੰਦਗੀ ਨੂੰ ਨਿਸ਼ਚਿਤ ਰੁਟੀਨ ਵਿਚ ਢਾਲਿਆ ਹੈ। ਪਹਿਲਾਂ ਉਹ ਬਿਨਾਂ ਪਲਕ ਝਪਕਾਏ ਉਹ ਦਿਨ ਤੇ ਰਾਤ ਕੱਟ ਲੈਂਦਾ ਸੀ ਅਤੇ ਉਸ ਨੂੰ ਕੋਈ ਥਕਾਨ ਨਹੀਂ ਹੁੰਦੀ ਸੀ , ਪਰ ਹੁਣ ਉਹ ਲਗਾਤਾਰ ਛੇ ਘੰਟੇ ਸੌਂਦਾ ਹੈ। ਕਿਸ ਸਮੇਂ, ਇਹ ਉਹ ਖ਼ੁਦ ਵੀ ਨਹੀਂ ਜਾਣਦਾ। ਰਾਤ ਦੇ ਦਸ ਵਜੇ ਵੀ ਜਾ ਅਗਲੀ ਸਵੇਰ ਸੱਤ ਵਜੇ ਵੀ। ਜਿਹੋ ਜਿਹਾ ਕੰਮ ਰਹੇ।

ਜਿਸ ਕਰੂਰ ਸਹਿਜ ਨਾਲ ਉਸ ਦਾ ਵਜ਼ਨ ਵਧਿਆ ਹੈ। ਉਸ ਦੇ ਚਲਦੇ ਉਹ ਇਕ ਸਥਾਈ ਆਹਾਰ ਦਾ ਰੁਖ ਕਰਨ ਨੂੰ ਮਜਬੂਰ ਹੋਇਆ। ਉਸ ਦੀ ਵਿਰਾਟ ਭੁੱਖ ਅਤੇ ਪਾਕ ਕਲਾ ਪ੍ਰਤੀ ਉਸ ਦੀ ਬਲਵਾਨ ਚਾਹਤ ਨੂੰ ਵੇਖਦੇ ਹੋਏ ਇਹ ਇੱਕ ਬਹੁਤ ਵੱਡਾ ਤਿਆਗ ਹੈ। ਉਹ ਇਕ ਤਰ੍ਹਾਂ ਦੇ ਵਿਗਿਆਨਿਕ ਰਸੂਖ਼ ਨਾਲ ਇਕ ਰੈਸਿਪੀ ਤਿਆਰ ਕਰਦਾ ਹੈ। ਇਕ ਐਤਵਾਰ, ਖ਼ੁਦ ਨੂੰ ਥੋੜ੍ਹੀ ਢਿੱਲ ਦਿੰਦੇ ਹੋਏ ਉਸ ਦੇ ਵਧੀਆ ਲੰਚ ਨਿਪਟਾਇਆ। ਉਸ ਵਿਚ ਆਈਸਕ੍ਰੀਮ ਦੇ 18 ਸਕੂਪ ਵੀ ਸ਼ਾਮਲ ਸਨ। ਉਹ ਸਰੀਰਕ ਰੂਪ ਤੋਂ ਫਿੱਟ ਰਹਿੰਦਾ ਹੈ। ਕੁਝ ਘੰਟੇ ਜਿਮਨਾਸਟਿਕ ਤੇ ਤੈਰਾਕੀ ਕਰਦਾ ਹੈ। ਉਹ ਹਰ ਰੋਜ਼ ਇਕ ਗਿਲਾਸ ਵਿਸਕੀ ਦਾ ਲੈਂਦਾ ਹੈ ਉਹ ਵੀ ਲਗਭਗ ਇੱਕੋ ਘੁੱਟ ਭਰਦੇ ਹੋਏ ਅਤੇ ਸਪਗੈਟੀ (ਇਕ ਤਰ੍ਹਾਂ ਦਾ ਨੂਡਲ) ਪ੍ਰਤੀ ਉਸ ਨੇ ਆਪਣੀ ਕਮਜ਼ੋਰੀ 'ਤੇ ਕਾਬੂ ਪਾ ਲਿਆ ਹੈ। ਉਸ ਦਾ ਪ੍ਰਚੰਡ ਕਰੋਧ ਵੀ ਹੁਣ ਬੀਤੇ ਦਿਨਾਂ ਦੀ ਗੱਲ ਹੈ ਅਤੇ ਆਪਨੇ ਬੁਰੇ ਮੂਡ ਨੂੰ ਵੀ ਧੀਰਜ ਦੇ ਨਾਲ ਕਾਬੂ ਕਰਨਾ ਸਿੱਖ ਲਿਆ ਹੈ।

ਕੁੱਲ ਮਿਲਾਕੇ ਸਖ਼ਤ ਅਨੁਸ਼ਾਸਨ, ਪਰ ਕਿਸੇ ਵੀ ਸਥਿਤੀ ਵਿਚ ਇਹ ਨਾਕਾਫ਼ੀ ਹੈ। ਇਹ ਧਿਆਨ ਵਿਚ ਰੱਖਦੇ ਹੋਏ ਕਿ ਸਮੇਂ ਦੀ ਜ਼ਰੂਰ ਕਿੱਲਤ ਇਕ ਨਿਯਮਹੀਣ ਸ਼ੈਡਿਊਲ ਲੱਦ ਦਿੰਦੀ ਹੈ ਅਤੇ ਕਲਪਨਾਸ਼ੀਲਤਾ ਦਾ ਜੋਰ ਉਸ ਨੂੰ ਕਿਸੇ ਵੀ ਪਲ ਜਿੱਤ ਸਕਦਾ ਹੈ। ਉਸ ਦੇ ਨਾਲ ਬੈਠਣ ਤੇ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਿੱਥੋਂ ਸ਼ੁਰੂ ਕਰੋਗੇ। ਕਿਸੇ ਇਕ ਰਾਤ ਇਹ ਕੋਈ ਅਣਹੋਣੀ ਗੱਲ ਨਹੀਂ ਕਿ ਤੁਸੀਂ ਖ਼ੁਦ ਨੂੰ ਕਿਸੇ ਗੁਪਤ ਟਿਕਾਣੇ ਵਾਲੇ ਜਾਂਦੇ ਜਹਾਜ਼ ਵਿਚ ਬੈਠਾ ਪਾਉ, ਕਿਸੇ ਵਿਆਹ ਵਿਚ ਸ਼ਾਮਿਲ ਹੋ ਰਹੇ ਹੋ, ਸਮੁੰਦਰ ਵਿਚ ਲਾੱਬਸਟਰ ਫੜ ਰਹੇ ਹੋ ਜਾਂ ਕਾਮਾਗਾਈ ਵਿਚ ਫਰੈਂਚ ਚੀਜ਼ ਚੱਖ ਰਹੇ ਹੋ।

ਬਹੁਤ ਸਮਾਂ ਪਹਿਲਾਂ ਉਸ ਨੇ ਕਿਹਾ ਸੀ "ਕੰਮ ਕਰਨਾ ਸਿੱਖੋ ਪਰ ਆਰਾਮ ਕਰਨਾ ਵੀ ਸਿੱਖੋ, ਇਹ ਵੀ ਓਨਾ ਹੀ ਜ਼ਰੂਰੀ ਹੈ।" ਪਰ ਆਰਾਮ ਦੇ ਉਸ ਦੇ ਤਰੀਕੇ ਕੁਝ ਜ਼ਿਆਦਾ ਹੀ ਮੌਲਿਕ ਹਨ ਅਤੇ ਜ਼ਾਹਿਰ ਹੈ ਇਸ ਵਿਚ ਗੱਲਬਾਤ ਕਰਨਾ ਵੀ ਸ਼ਾਮਿਲ ਹੈ। ਇਕ ਬਾਰ ਅੱਧੀ ਰਾਤ ਦੇ ਕਰੀਬ ਉਹ ਇਕ ਅਤਿਅੰਤ ਗੰਭੀਰ ਕੰਮ ਨੂੰ ਵਿਚ ਹੀ ਛੱਡ ਕੇ, ਥਕਾਵਟ ਦੇ ਲੱਛਣ ਦਿਖਾਉਂਦਾ ਹੋਇਆ, ਪਹੁ ਫੁਟਾਲਾ ਹੋਣ ਤੋਂ ਪਹਿਲਾਂ ਹੀ ਦੋ ਘੰਟੇ ਤੈਰ ਕੇ ਪੂਰੀ ਤਰ੍ਹਾਂ ਫਰੈੱਸ਼ ਹੋਕੇ ਆਇਆ।

ਨਿੱਜੀ ਦਾਅਵਤਾਂ ਉਸ ਦੇ ਕਿਰਦਾਰ ਨਾਲ ਮੇਲ ਨਹੀਂ ਖਾਂਦੀਆਂ। ਉਹ ਉਨ੍ਹਾਂ ਦੁਰਲੱਭ ਕਿਊਬਾਈਆਂ ਵਿਚੋਂ ਹੈ ਜੋ ਨਾ ਨੱਚਦੇ ਹਨ ਨਾ ਗਾਉਂਦੇ ਹਨ। ਜਿਨ੍ਹਾਂ ਦਾਅਵਤਾਂ ਵਿਚ ਉਹ ਸ਼ਾਮਲ ਵੀ ਹੁੰਦਾ

ਹੈ ਉਨ੍ਹਾਂ ਦਾ ਸਰੂਪ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਬਦਲ ਜਾਂਦਾ ਹੈ। ਸ਼ਾਇਦ ਉਸ ਨੂੰ ਅੰਦਾਜਾ ਨਹੀਂ ਕੀ ਉਸ ਦੀ ਮੌਜੂਦਗੀ ਦਾ ਕਿਹੋ ਜਿਹਾ ਦਬਦਬਾ ਕਾਇਮ ਹੁੰਦਾ ਹੈ। ਇਕ ਇਹੋ ਜਿਹੀ ਮੌਜੂਦਗੀ ਜਿਸ ਵਿਚ ਪੂਰੀ ਦੀ ਪੂਰੀ ਸਪੇਸ ਭਰ ਜਾਂਦੀ ਹੈ ਜਦਕਿ ਉਹ ਨਾਂ ਤਾਂ ਇਨ੍ਹਾਂ ਲੰਬਾ ਅਤ ਵਿਸ਼ਾਲ ਦੇਹ ਵਾਲਾ ਹੈ ਜਿਵੇਂ ਕਿ ਉਹ ਪਹਿਲੀ ਨਜ਼ਰ ਵਿਚ ਦਿੱਖਦਾ ਹੈ। ਉਸ ਦੇ ਸਾਹਮਣੇ ਮੈਂ ਅਜਿਹੇ ਬਥੇਰੇ ਲੋਕਾਂ ਨੂੰ ਸੰਤੁਲਨ ਖੋਂਦੇ ਦੇਖਿਆ ਹੈ ਜੋ ਆਪਣੇ ਆਪ ਨੂੰ ਸੁਨਿਸ਼ਚਿਤ ਹੋਣ ਦਾ ਦਾਵਾ ਕਰਦੇ ਹਨ। ਉਹ ਖ਼ੁਦ ਨੂੰ ਸਥਿਰ ਹੋਣ ਦਾ ਦਾਵਾ ਕਰਦੇ ਹਨ ਜਾਂ ਕੌਨਫੀਡੈਂਸ ਦੀ ਵਧਾ ਚੜ੍ਹਾ ਕੇ ਪੇਸ਼ ਕੀਤੀ ਹਵਾ ਖਿੱਚ ਰਹੇ ਹੁੰਦੇ ਹਨ। ਅਸਲ ਵਿਚ ਉਹ ਵੀ ਉਨ੍ਹਾਂ ਦੀ ਤਰਾਂ



ਹੀ ਡਰਿਆ ਰਹਿੰਦਾ ਹੈ ਅਤੇ ਕੋਈ ਨੋਟਿਸ ਨਾ ਕਰ ਲਵੇ ਇਸ ਦੀ ਕੋਸ਼ਿਸ਼ ਵਿਚ ਰਹਿੰਦਾ ਹੈ।ਉਹ ਹਮੇਸ਼ਾ ਆਪਣੇ ਭਾਸ਼ਣਾਂ ਵਿਚ ਆਪਣੇ ਕੰਮਾਂ ਬਾਰੇ ਬੋਲਦੇ ਹੋਏ ਹਮੇਸ਼ਾ ਬਹੁਵਚਨ ਹੀ ਵਰਤਦਾ ਹੈ, ਜਿਵੇਂ ਕਿ ਅਸੀਂ ਸੋਚਿਆ, ਅਸੀਂ ਕੀਤਾ ਆਦਿ, ਮੇਰੇ ਖਿਆਲ ਇਹ ਤਰੀਕਾ ਪ੍ਰਭਾਵਸ਼ਾਲੀ ਨਹੀਂ ਹੈ। ਬਲਕਿ ਆਪਣੇ ਸ਼ਰਮੀਲੇਪਨ ਨੂੰ ਪਰਦੇ ਵਿਚ ਰੱਖਣ ਦਾ ਪੋਏਟਿਕ ਲਾਇਸੈਂਸ ਹੈ।

ਫਿਰ ਕੀ ਹੁੰਦਾ ਹੈ , ਜ਼ਰੂਰੀ ਮੰਨਦੇ ਹੋਏ ਨਾਚ ਬੰਦ ਹੋ ਜਾਂਦਾ ਹੈ, ਗਾਣਾ ਰੁਕ ਜਾਂਦਾ ਹੈ। ਖਾਣਾ ਕਿਨਾਰੇ ਕਰ ਦਿੱਤਾ ਜਾਂਦਾ ਹੈ ਅਤੇ ਗੱਲਬਾਤ ਕਰਨ ਲਈ ਭੀੜ ਉਸ ਦੇ ਆਸੇ ਪਾਸੇ ਜਮਾਂ ਹੋ ਜਾਂਦੀ ਹੈ। ਜੋ ਕਿ ਫ਼ੌਰਨ ਸ਼ੁਰੂ ਹੋ ਜਾਂਦੀ ਹੈ। ਇਸ ਸਥਿਤੀ ਵਿਚ ਉਹ ਕਿੰਨਾ ਵੀ ਚਿਰ ਖੜਾ ਰਹਿ ਸਕਦਾ ਹੈ। ਖੜਾ ਹੋਇਆ, ਬਿਨਾਂ ਕੁੱਝ ਖਾਦੇ ਪੀਤੇ । ਕਦੇ ਕਦੇ, ਬਿਸਤਰ 'ਤੇ ਜਾਣ ਤੋਂ ਪਹਿਲਾਂ ਉਹ ਪੱਕੇ ਮਿੱਤਰ ਦੇ ਦਰਵਾਜ਼ੇ 'ਤੇ ਪਹੁੰਚ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਉਹ ਸਿਰਫ਼ ਪੰਜ ਮਿੰਟ ਦੇ ਲਈ ਹੀ ਆਇਆ ਹੈ।ਉਹ

ਇਸ ਗੱਲ ਨੂੰ ਇਸੇ ਭੋਲ਼ੇਪਣ ਨਾਲ ਕਹਿੰਦਾ ਹੈ ਕਿ ਇਸ ਚੱਕਰ ਵਿਚ ਬੈਠਦਾ ਵੀ ਨਹੀਂ ਹੈ। ਹੌਲੀ ਹੌਲੀ, ਉਹ ਨਵੀਂ ਗੱਲਬਾਤ ਤੋਂ ਉਤੇਜਿਤ ਹੋ ਉੱਠਦਾ ਹੈ ਅਤੇ ਕੁਝ ਸਮੇਂ ਬਾਅਦ ਆਰਾਮ ਨਾਲ ਕੁਰਸੀ ਤੇ ਢੇਰ ਹੋ ਜਾਂਦਾ ਹੈ ਅਤੇ ਪੈਰ ਫੈਲਾਉਂਦੇ ਹੋਏ ਕਹਿੰਦਾ ਹੈ ਕਿ ਉਹ ਖ਼ੁਦ ਨੂੰ ਨਵਾਂ ਮਹਿਸੂਸ ਕਰ ਰਿਹਾ ਹੈ।ਉਸ ਦਾ ਇਹੀ ਤਰੀਕਾ ਹੈ ਗੱਲਬਾਤ ਕਰਦੇ ਹੋਏ ਥੱਕ ਜਾਣਾ ਅਤੇ ਗੱਲਬਾਤ ਵਿਚ ਵਾਪਸ ਮੁੜ੍ਹਕੇ ਹੀ ਆਰਾਮ ਹਾਸਲ ਕਰ ਲੈਣਾ।

ਉਸ ਨੇ ਇਕ ਵਾਰ ਕਿਹਾ ਸੀ ਕਿ ਅਗਲੇ ਜਨਮ ਵਿਚ ਉਹ ਲੇਖਕ ਹੋਣਾ ਚਾਹੁੰਦਾ ਹੈ। ਅਸਲ ਵਿਚ, ਉਹ ਚੰਗਾ ਲਿਖਦਾ ਹੈ ਅਤੇ ਉਸ ਵਿਚੋਂ ਆਨੰਦ ਵੀ ਲੈਂਦਾ ਹੈ, ਕਾਰ ਵਿਚ ਉਸ ਦੇ ਕੋਲ ਇੱਕ ਨੋਟ-ਬੁੱਕ ਰਹਿੰਦੀ ਹੈ, ਕੁਝ ਯਾਦ ਆਉਣ 'ਤੇ ਫ਼ੌਰਨ ਉਸ ਵਿਚ ਲਿਖ ਦਿੰਦਾ ਹੈ, ਅਤੇ ਕਦੇ ਕਦੇ ਨਿੱਜੀ ਚਿੱਠੀਆਂ ਵੀ ਲਿਖਦਾ ਹੈ। ਸਾਧਾਰਨ ਕਾਗ਼ਜ਼ਾਂ ਦੀਆਂ ਉਹ ਕਾਪੀਆਂ ਨੀਲੇ ਰੰਗ ਦੇ ਪਲਾਸਟਿਕ ਨਾਲ ਲਿਪਟੀ ਹੁੰਦੀ ਹੈ, ਅਤੇ ਸਾਲ ਦਰ ਸਾਲ ਉਸ ਦੀਆਂ ਨਿੱਜੀ ਫਾਈਲਾਂ ਦਾ ਹਿੱਸਾ ਬਣਦੀਆਂ ਰਹਿੰਦੀਆਂ ਹਨ। ਉਸ ਦੀ ਲਿਖਾਵਟ ਉਲਝੀ ਅਤੇ ਛੋਟੀ ਹੈ, ਪਹਿਲੀ ਵਾਰ ਵੇਖਣ 'ਤੇ ਕਿਸੇ ਸਕੂਲ ਦੇ ਬੱਚੇ ਦੀ ਲਿਖਾਈ ਲਗਦੀ ਹੈ। ਉਹ ਕਿਸੇ ਪੇਸ਼ੇਵਾਰ ਦੀ ਤਰ੍ਹਾਂ ਲੇਖਨ 'ਤੇ ਧਿਆਨ ਦਿੰਦਾ ਹੈ ਉਹ ਵਾਕ ਨੂੰ ਕਈ ਵਾਰ ਸੰਸ਼ੋਧਿਤ ਕਰਦਾ ਕਰਦਾ ਹੈ। ਉਸ ਨੂੰ ਕੱਟਦਾ ਹੈ, ਫਿਰ ਤੋਂ ਹਾਸ਼ੀਏ 'ਤੇ ਲਿਖਦਾ ਹੈ, ਅਤੇ ਉਸ ਨੂੰ ਜੋ ਚਾਹੀਦਾ ਹੈ ਜਦ ਤੱਕ ਉਹ ਮਿਲ ਨਾ ਜਾਏ ਇਹ ਅਸਾਧਾਰਨ ਗੱਲ ਨਹੀਂ ਹੈ ਕਿ ਤਦ ਕਈ ਦਿਨ ਤੱਕ ਸ਼ਬਦ ਦੀ ਤਲਾਸ਼ ਕਰਦਾ ਰਹੇਗਾ, ਡਿਕਸ਼ਨਰੀਆਂ ਫਰੋਲੇਗਾ ਅਤੇ ਇੱਧਰ ਉਧਰ ਤਫ਼ਤੀਸ਼ ਕਰੇਗਾ।

ਪਿਛਲੇ ਕੁਝ ਸਮੇਂ ਤੋਂ ਉਹ ਸਰਵਜਨਕ ਸਭਾਵਾਂ ਵਿਚ ਉਹ ਸਮੇਂ 'ਤੇ ਪ੍ਰੁੱਜ ਰਿਹਾ ਹੈ। ਉਸ ਦੇ ਭਾਸ਼ਣਾਂ ਦੀ ਮਿਆਦਾਂ ਸਰੋਤਿਆਂ ਦੇ ਮੂਡ 'ਤੇ ਨਿਰਭਰ ਕਰਦੀ ਹੈ।ਸ਼ੁਰੂਆਤੀ ਸਾਲਾਂ ਦੇ ਅਨੰਤ ਭਾਸ਼ਣ, ਲੋਕ-ਕਥਾ ਬਣ ਚੁੱਕੇ ਅਤੀਤ ਦਾ ਹਿੱਸਾ ਹਨ, ਕਿਉਂਕਿ ਉਸ ਸਮੇਂ ਬਹੁਤ ਕੁੱਝ ਜੋ ਸਮਝਾਇਆ ਜਾਣਾ ਉਹ ਸਮਝਿਆ ਜਾ ਚੁੱਕਿਆ ਹੈ ਅਤੇ ਕਾਸਤਰੋ ਦਾ ਸਟਾਈਲ ਵੀ ਖ਼ੁਦ ਹੁਣ ਕਈ ਸਾਰੇ ਸਤਰਾਂ ਦੀ ਭਾਸ਼ਣ ਕਲਾ ਤੋਂ ਬਾਅਦ ਸੰਖਿਪਤ ਹੋ ਗਈ ਹੈ। ਉਸ ਨੂੰ ਕਦੇ ਵੀ ਕਮਿਊਨਿਸਟ ਰੂੜੀਵਾਦ ਦੇ ਕੁੱਟੀ (ਪੇਪ੍ਰਿਅ ਮੈਚ) ਵਰਗੇ ਨਾਅਰਿਆਂ ਨੂੰ ਦੁਹਰਾਉਂਦੇ ਨਹੀਂ ਸੁਣਿਆ ਗਿਆ ਹੈ। ਨਾ ਹੀ ਉਹ ਸਿਸਟਮ ਦੇ ਰਸਮੀ ਜੁਮਲਿਆਂ ਦੀ ਵਰਤੋਂ ਕਰਦਾ ਹੈ। ਉਹ ਉਸ ਫਾੱਸਿਲ ਭਾਸ਼ਾ ਤੋਂ ਦੂਰ ਹੈ ਜੋ ਬਹੁਤ ਪਹਿਲਾਂ ਯਥਾਰਥ ਤੋਂ ਆਪਣਾ ਸੰਪਰਕ ਖੋ ਚੁੱਕੀ ਹੈ ਅਤੇ ਉਸਤਤ ਅਤੇ ਸਮਾਰਕ ਨਿਰਮਾਣ ਵਿਚ ਮਸ਼ਰੂਫ ਪੱਤਰਕਾਰਤਾ ਦੇ ਨਾਲ ਜਿਸ ਦਾ ਗਹਿਰਾ ਸੰਬੰਧ ਹੈ। ਉਹ ਭਾਸ਼ਾ ਜਿਸ ਦਾ ਕੁੱਝ ਸਪਸ਼ਟ ਕਰਨ ਦੀ ਥਾਂ ਕੁਝ ਛੁਪਾ ਲੈਣ ਦਾ ਹੀ ਲਗਦਾ ਹੈ। ਫਿਡੇਲ ਆਲਾ ਦਰਜੇ ਦਾ ਗੈਰ-ਹੱਠਧਰਮੀ ਹੈ।ਉਸ ਦੀ ਰਚਨਾਤਮਿਕ ਕਲਪਨਾਸ਼ੀਲਤਾ ਮਤਾਂ-ਮਤੰਤਰਾਂ ਦੀ ਖਾਈ ਦੇ ਉੱਤੇ ਮੰਡਰਾਉਂਦੀ ਹੈ। ਉਹ ਦੂਜਿਆਂ ਦੇ ਕਥਨਾ ਬਹੁਤ ਘੱਟ ਕੋਟ ਕਰਦਾ ਹੈ, ਨਾ ਗੱਲ-ਬਾਤ ਵਿਚ ਅਤੇ ਨਾ ਹੀ ਸਟੇਜ 'ਤੇ। ਉਹ ਸਿਰਫ਼ ਖੋਸੇ ਮਾਰਤੀ ਨੂੰ ਹੀ ਕੋਟ ਕਰਦਾ ਹੈ ਜੋ ਕਿ ਉਸ ਦਾ ਪਸੰਦੀਦਾ ਲੇਖਕ ਹੈ।

ਸਿੱਧੇ ਸੰਪਰਕ ਵਿਚ ਉਸ ਦਾ ਪੱਕਾ ਯਕੀਨ ਸੀ। ਕਠਿਨ ਤੋਂ ਕਠਿਨ ਭਾਸ਼ਣ ਨੂੰ ਵੀ ਉਹ ਠੇਠ ਬੋਲੀ ਵਿਚ ਬੋਲਦਾ ਸੀ। ਜਿਵੇਂ ਯੂਨੀਵਰਸਿਟੀ ਦੇ ਦਲਾਨ ਵਿਚ ਵਿਦਿਆਰਥੀਆਂ ਨਾਲ ਕ੍ਰਾਂਤੀ ਬਾਰੇ ਗੱਲ ਕਰ ਰਿਹਾ ਹੋਵੇ। ਭੀੜ ਵਿਚੋਂ ਕੋਈ ਉਸ ਨੂੰ ਸੱਦ ਲੈਂਦਾ ਹੈ, ਖ਼ਾਸ ਕਰ ਕੇ ਹਵਾਨਾ ਤੋਂ ਬਾਹਰ ਦਾ ਵਿਅਕਤੀ ਇਹ ਕੋਈ

ਅਸਾਧਾਰਨ ਗੱਲ ਵੀ ਨਹੀਂ ਸੀ ਕਿ ਕਿਸੇ ਪਬਲਿਸ਼ ਮੀਟਿੰਗ ਵਿਚ ਕੋਈ ਉਸ ਨਾਲ ਬਹਿਸ ਕਰਨ ਲੱਗ ਜਾਵੇ ਅਤੇ ਸ਼ੋਰ ਸ਼ਰਾਬਾ ਹੋ ਜਾਏ। ਉਸ ਦੇ ਕੋਲ ਹਰ ਮੌਕੇ ਲਈ ਇਕ ਭਾਸ਼ਾ ਹੈ ਅਤੇ ਸਮਝਾਉਣ ਦੇ ਵੱਖ ਵੱਖ ਤਰੀਕੇ ।ਨਿਰਭਰ ਕਰਦਾ ਹੈ ਕਿ ਉਹ ਕਿਸ ਦੇ ਨਾਲ ਹੈ-ਉਹ ਕਾਮੇ ਹਨ, ਕਿਸਾਨ, ਵਿਦਿਆਰਥੀ, ਨੇਤਾ, ਲੇਖਕ ਜਾਂ ਵਿਦੇਸ਼ੀ ਯਾਤਰੂ। ਉਹ ਹਰੇਕ ਉਨ੍ਹਾਂ ਦੇ ਲੈਵਲ ਤੇ ਗੱਲ ਕਰ ਲੈਂਦਾ ਹੈ। ਉਸ ਦੇ ਕੋਲ ਵਿਭਿੰਨ ਸੂਚਨਾਵਾਂ ਦਾ ਭੰਡਾਰ ਹੈ ਅਤੇ ਉਹ ਕਿਸੇ ਵੀ ਮਾਧਿਅਮ ਵਿਚ ਆਸਾਨੀ ਨਾਲ ਆਵਾਜਾਈ ਕਰ ਲੈਂਦਾ ਹੈ। ਉਸ ਦੀ ਸ਼ਖ਼ਸੀਅਤ ਐਨੀ ਜਟਿਲ ਹੈ ਕਿ ਇਕ ਹੀ ਮੁਲਾਕਾਤ ਵਿਚ ਹਰ ਕੋਈ ਉਸ ਦੇ ਬਾਰੇ ਵਿਚ ਆਪਣਾ ਇਕ ਅਲੱਗ ਇੰਪਰੈਸ਼ਨ ਬਣਾ ਸਕਦਾ ਹੈ।

ਇੱਕ ਗੱਲ ਤਾਂ ਹੈ: ਕਿੱਥੇ ਵੀ ਹੋਵੇ, ਕਿਸੀ ਵੀ ਰੂਪ ਵਿਚ ਕਿਸੇ ਦੇ ਵੀ ਨਾਲ, ਕਾਸਤਰੋ ਦੀ ਜਿੱਤ ਪੱਕੀ ਹੈ। ਹਾਰ ਦੇ ਸਾਹਮਣੇ ਉਸ ਦਾ ਨਜ਼ਰੀਆ ਇਕ ਨਿੱਜੀ ਤਰਕ ਤੋਂ ਸੰਚਾਲਿਤ ਹੈ:ਹਾਰ ਨਹੀਂ ਮੰਨਣੀ ਹੈ। ਜਿੰਨਾ ਚਿਰ ਉਹ ਬਹਿਸ ਦਾ ਰੁੱਖ ਆਪਣੇ ਵੱਲ ਨਹੀਂ ਮੋੜ ਲੈਂਦਾ ਉਨ੍ਹਾਂ ਚਿਰ ਉਸ ਨੂੰ ਚੈਨ ਨਹੀਂ ਆਉਂਦਾ, ਪਰ ਜੋ ਵੀ ਮੁੱਦਾ ਹੋਵੇ ਕਿਤੇ ਵੀ ਹੋਵੇ, ਇਹ ਸਭ ਹੁੰਦਾ ਹੈ ਨਾ ਖ਼ਤਮ ਹੋਣ ਵਾਲੀ ਗੱਲ ਬਾਤ ਜਰੀਏ।

ਉਹ ਜਨਤਾ ਦੀ ਪਸੰਦ ਦੇ ਵਿਸ਼ੇ 'ਤੇ ਬੋਲ ਸਕਦਾ ਹੈ, ਪਰ ਆਮ ਤੌਰ 'ਤੇ ਕਿਸੇ ਵੀ ਇਕ ਵਿਸ਼ੇ 'ਤੇ ਜਨਤਾ ਨੂੰ ਸੰਬੋਧਿਤ ਕਰਦਾ ਹੈ। ਇਹ ਉਨ੍ਹਾਂ ਮੌਕਿਆਂ 'ਤੇ ਜ਼ਿਆਦਾ ਹੁੰਦਾ ਜਦ ਉਸ ਦੇ ਦਿਮਾਗ਼ 'ਤੇ ਕੋਈ ਵਿਚਾਰ ਪੱਕ ਰਿਹਾ ਹੁੰਦਾ ਅਤੇ ਉਸ ਨੂੰ ਤੰਗ ਕਰ ਰਿਹਾ ਹੁੰਦਾ ਹੈ। ਕਿਸੇ ਚੀਜ਼ ਦੀ ਤਹਿ ਤੱਕ ਪਹੁੰਚਣ ਲਈ ਉਸ ਤੋਂ ਜ਼ਿਆਦਾ ਜਨੂਨੀ ਤਾਂ ਕੋਈ ਵੀ ਨਹੀਂ ਹੋਵੇਗਾ। ਛੋਟੇ ਤੋਂ ਲੈ ਕੇ ਵੱਡਾ ਕੋਈ ਵੀ ਅਜਿਹਾ ਪ੍ਰਾਜੈਕਟ ਨਹੀਂ ਜਿਸ ਨੂੰ ਲੈ ਕੇ ਉਸ ਅੰਦਰ ਅੰਨਾ ਜਨੂਨ ਨਾ ਹੋਵੇ। ਪ੍ਰਾਜੈਕਟ ਮਾਕੂਲ ਨਾ ਹੋਵੇ ਤਾਂ ਇਹ ਜੋਸ਼ ਹੋਰ ਵੀ ਪ੍ਰਚੰਡ ਹੋ ਉੱਠਦਾ ਹੈ।ਇਹੋ ਜਿਹੇ ਮੌਕਿਆਂ 'ਤੇ ਹੀ ਉਹ ਜ਼ਿਆਦਾ ਸਭ ਤੋਂ ਜ਼ਿਆਦਾ ਚੰਗਾ ਦਿੱਖਦਾ ਹੈ, ਚੰਗੇ ਮੂਡ ਵਿਚ ਰਹਿੰਦਾ ਹੈ ਅਤੇ ਉਮੰਗ ਭਰਿਆ ਰਹਿੰਦਾ ਹੈ।ਫਿਡੇਲ ਨੂੰ ਜਾਣਨ ਵਾਲੇ ਇੱਕ ਸ਼ਖ਼ਸ ਨੇ ਉਸ ਨੂੰ ਕਿਹਾ "ਜ਼ਰੂਰ ਕੁੱਝ ਭਾਰੀ ਗੜਬੜ ਹੈ ਤੇਰਾ ਚਿਹਰਾ ਦਮਕ ਰਿਹਾ।"

ਵੈਸੇ ਕੁਝ ਸਾਲ ਪਹਿਲਾਂ ਫਿਡੇਲ ਨਾਲ ਪਹਿਲੀ ਵਾਰ ਮਿਲੇ ਵਿਦੇਸ਼ੀ ਨੇ ਮੈਨੂੰ ਕਿਹਾ ਸੀ, "ਫਿਡੇਲ ਬੁੱਢਾ ਹੋ ਗਿਆ ਹੈ ਕੱਲ੍ਹ ਰਾਤ ਉਹ ਇਕ ਹੀ ਵਿਸ਼ੇ 'ਤੇ ਬਾਰ ਮੁੜ ਕੇ ਆਇਆ।" ਮੈਂ ਉਸ ਕੰਮ ਕਰਨ ਵਾਲੇ ਨੂੰ ਦੱਸਿਆ ਕਿ ਇਹ ਵਾਰ ਵਾਰ ਦੁਹਰਾਉਣ ਦਾ ਸੁਭਾਅ ਉਸ ਦੇ ਕੰਮ ਕਰਨ ਦਾ ਤਰੀਕਾ ਹੈ। ਮਿਸਾਲ ਦੇ ਲਈ ਲੈਟਿਨ ਅਮਰੀਕਾ ਦੇ ਵਿਦੇਸ਼ੀ ਕਰਜ਼ ਦਾ ਮੁੱਦਾ ਪਹਿਲੀ ਵਾਰ ਉਸ ਦੀਆਂ ਗੱਲਾਂ ਵਿਚ ਲਗਭਗ ਦੋ ਸਾਲ ਪਹਿਲਾਂ ਆਇਆ ਸੀ, ਅਤੇ ਉਦੋਂ ਤੋਂ ਹੀ ਇਸ ਬਾਬਤ ਵਿਚਾਰ ਵਿਕਸਿਤ ਹੋ ਰਿਹਾ ਹੈ, ਫੈਲ ਰਿਹਾ ਹੈ, ਗੰਭੀਰ ਬਣ ਰਿਹਾ ਹੈ ਅਤੇ ਕਰੀਬ ਕਰੀਬ ਉਹ ਇਕ ਮਾੜੇ ਸੁਪਨੇ ਦਾ ਰੂਪ ਲੈ ਚੁੱਕਿਆ ਹੈ। ਪਹਿਲੀ ਗੱਲ ਉਸ ਨੇ ਕਿਸੀ ਸਾਧਾਰਨ ਗਣਿਤ ਸ਼ਾਸਤਰੀ ਦੀ ਤਰ੍ਹਾਂ ਕਹੀ ਅਤੇ ਉਹ ਇਹ ਸੀ ਕਿ ਇਹ ਕਰਜ਼ ਮੋੜਿਆ ਨਹੀਂ ਜਾ ਸਕਦਾ ਹੈ। ਹੌਲੀ-ਹੌਲੀ ਉਸ ਸਾਲ ਕਿਊਬਾ ਦੇ ਆਪਣੇ ਤਿੰਨ ਦੌਰਿਆਂ ਦੌਰਾਨ ਮੈਂ ਉਸ ਵਿਸ਼ੇ ਦੇ ਉਸ ਦੇ ਤਾਜ਼ਾ ਵਿਚਾਰਾਂ ਨੂੰ ਇਕਸਾਰ ਰੱਖ ਕੇ ਵੇਖਿਆ: ਉਨ੍ਹਾਂ ਦੇਸ਼ਾਂ ਦੀ ਅਰਥਵਿਵਸਥਾ 'ਤੇ ਕਰਜ਼ੇ ਦੇ ਨਤੀਜੇ, ਉਸ ਦੇ ਰਾਜਨੀਤਕ ਅਤੇ ਸਮਾਜਿਕ ਪ੍ਰਭਾਵ, ਕੌਮਾਂਤਰੀ ਸੰਬੰਧਾਂ 'ਤੇ ਉਸ ਦਾ ਨਿਰਨਾਇਕ ਅਸਰ

ਅਤੇ ਸੰਗਠਿਤ ਲੈਟਿਨ ਅਮਰੀਕੀ ਨੀਤੀ ਦੇ ਲਈ ਉਸ ਦਾ ਖੇਤਰੀ ਮਹੱਤਵ। ਆਖ਼ਰਕਾਰ ਫਿਡੇਲ ਨੇ ਹਵਾਨਾ ਵਿਖੇ ਮਾਹਿਰਾਂ ਦੀ ਇਕ ਅਹਿਮ ਮੀਟਿੰਗ ਸੱਦੀ ਅਤੇ ਉੱਥੇ ਇਕ ਭਾਸ਼ਣ ਦਿੱਤਾ ਜਿਸ ਵਿਚ ਉਸ ਨੇ ਆਪਣੀਆਂ ਪੁਰਾਣੀਆਂ ਗੱਲਾਂ ਦੇ ਮਹੱਤਵਪੂਰਨ ਬਿੰਦੂਆਂ ਵਿਚੋਂ ਕੁੱਝ ਵੀ ਨਹੀਂ ਛੱਡਿਆ। ਉਦੋਂ ਤੱਕ ਉਸ ਕੋਲ ਇਕ ਵਿਆਪਕ ਸਮਝ ਸੀ, ਆਉਣ ਵਾਲੇ ਸਮੇਂ ਵਿਚ ਹੀ ਜਿਸ ਦੀ ਝਲਕ ਵੇਖੀ ਜਾ ਸਕਦੀ ਸੀ।

ਮੈਨੂੰ ਲਗਦਾ ਹੈ ਕਿ ਇਕ ਰਾਜਨੇਤਾ ਦੇ ਰੂਪ ਵਿਚ ਉਸ ਦਾ ਸਭ ਤੋਂ ਅਦਭੁਤ ਗੁਣ ਹੈ ਕਿ ਕਿਸੇ ਇਕ ਖ਼ਾਸ ਸਮੱਸਿਆ ਨੂੰ ਉੱਭਰਦੇ ਹੋਏ ਦੇਖ ਪਾਉਣਾ, ਉਸ ਨੂੰ ਸਮਝਣਾ ਅਤੇ ਉਸ ਦੇ ਦੂਰਵਰਤੀ ਸਿੱਟਿਆਂ ਵਿਚ ਵੇਖ ਲੈਣਾ ਮਾਨੋ ਉਹ ਹਿੰਮ-ਖੰਡ ਦਾ ਉੱਭਰਿਆ ਹੋਇਆ ਹਿੱਸਾ ਹੀ ਨਾ ਵੇਖ ਰਿਹਾ ਹੋਵੇ, ਬਲਕਿ ਪਾਣੀ ਦੇ ਥੱਲੇ ਵੀ ਉਸ ਦਾ ਜ਼ਿਆਦਾਤਰ ਹਿੱਸਾ ਦੇਖ ਪਾ ਰਿਹਾ ਹੋਵੇ। ਇਹ ਗੁਣ ਉਸ ਨੂੰ ਕਿਸੇ ਅੰਤਰ-ਗਿਆਨ ਨਾਲ ਨਹੀਂ ਸਗੋਂ ਵਿਕਟ ਅਤੇ ਅਟੱਲ ਤਰਕ ਬੁੱਧੀ ਦੁਆਰਾ ਮਿਲਿਆ ਹੈ। ਇਕ ਮਿਹਨਤਕਸ਼ ਵਿਚਾਰਵਾਨ ਉਸ ਦੀਆਂ ਗੱਲਾਂ ਵਿਚ ਮੌਜੂਦ ਕਿਸੇ ਵੀ ਵਿਚਾਰ ਦੇ ਭਰੂਣ ਨੂੰ ਖੋਜ ਸਕਦਾ ਹੈ, ਉਹ ਕਈ ਮਹੀਨਿਆਂ ਤੱਕ ਨਿਰੰਤਰ ਗੱਲਬਾਤ ਦੇ ਸਿਲਸਿਲਿਆਂ ਵਿਚ ਉਸ ਦੇ ਲੜੀਵਾਰ ਵਿਕਾਸ ਨੂੰ ਫੌਲੋ ਕਰ ਸਕਦਾ ਹੈ ਅਤੇ ਆਖ਼ਰਕਾਰ ਆਪਣੇ ਸਮੁੱਚੇ ਰੂਪ ਵਿਚ ਉਹ ਉਸ ਵਿਚਾਰ ਨੂੰ ਸਰਵਜਨਕ ਕੀਤਾ ਜਾਂਦਾ ਹੋਇਆ ਵੀ ਦੇਖ ਸਕਦਾ ਹੈ, ਜੋ ਕਿ ਮੈਂ ਵਿਦੇਸ਼ੀ ਕਰਜ਼ ਵਾਲੇ ਮੁੱਦੇ ਵਿਚ ਵੇਖਿਆ।

ਇਸ ਤਰ੍ਹਾਂ ਦੀ ਮੌਖਿਕ ਚੱਕੀ ਨੂੰ ਜ਼ਾਹਿਰ ਹੈ ਸੂਚਨਾ ਦੇ ਬੇਰੋਕ ਪ੍ਰਵਾਹ ਦੀ ਵੀ ਲੋੜ ਹੈ- ਚੰਗੀ ਤਰ੍ਹਾਂ ਚੱਬੀ ਅਤੇ ਪਚਾਈ ਹੋਈ ਸੂਚਨਾ। ਉਸ ਦੀ ਸਰਬਉੱਚ ਸਹਾਇਕ ਹੈ ਉਸ ਦੀ ਸਮਰਿਤੀ ਅਤੇ ਸੂਚਨਾ ਇਕੱਤਰ ਕਰਨ ਦਾ ਕੰਮ ਹੁੰਦਾ ਹੈ ਉਸ ਦੇ ਜਾਗਣ ਦੇ ਨਾਲ। ਦੁਨੀਆ ਭਰ ਦੀਆਂ ਖ਼ਬਰਾਂ ਦੇ 200 ਪੰਨਿਆਂ ਦੇ ਨਾਲ ਉਸ ਦਾ ਨਾਸ਼ਤਾ ਹੁੰਦਾ ਹੈ। ਦਿਨ-ਭਰ, ਉਸ ਦੀ ਬੇਰੋਕ ਗਤੀਸ਼ੀਲਤਾ ਦੇ ਬਾਵਜੂਦ, ਉਸ ਨੂੰ ਅਹਿਮ ਸੂਚਨਾਵਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ। ਉਸ ਦਾ ਖ਼ੁਦ ਦਾ ਆਂਕਲਨ ਹੈ ਕਿ ਉਸ ਨੂੰ ਹਰ ਰੋਜ ਪੰਜਾਹ ਦਸਤਾਵੇਜ਼ ਪੜ੍ਹਨੇ ਪੈਂਦੇ ਹਨ। ਉਸ ਦੇ ਦਫ਼ਤਰੀ ਕੰਮਕਾਜ ਅਤੇ ਉਸ ਨੂੰ ਮਿਲਣ ਆਉਣ ਵਾਲਿਆਂ ਦੀਆਂ ਰਿਪੋਰਟਾਂ ਵੀ ਵਿਚ ਜੋੜ ਦਿੱਤੀਆਂ ਜਾਣ ਅਤੇ ਉਹ ਵੀ ਸਭ ਵੀ ਜੋ ਉਸ ਦੀ ਅਨੰਤ ਜਿਗਿਆਸਾ ਦੇ ਦਾਇਰੇ ਵਿਚ ਆਉਂਦਾ ਹੈ।

ਉਸ ਦੀ ਜਾਣਕਾਰੀ ਦਾ ਦੂਜਾ ਜੀਵੰਤ ਸਰੋਤ ਜ਼ਾਹਿਰ ਹੈ ਕਿਤਾਬਾਂ ਹਨ। ਉਸ ਦੇ ਆਲੋਚਕ ਉਸ ਦੀ ਸ਼ਖ਼ਸੀਅਤ ਦੇ ਜਿਸ ਪਹਿਲੂ ਨੂੰ ਅਲੱਗ ਕਰ ਕੇ ਉਸ ਦੀ ਪਛਾਣ ਬਣਾਉਂਦੇ ਹਨ ਉਹ ਇਹ ਹੈ ਕਿ ਉਹ ਇਕ ਅਗਾਧ ਪਾਠਕ ਹੈ। ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਉਹ ਸਾਰਾ ਕੁਝ ਅਤੇ ਇੰਨੀ ਜਲਦੀ ਪੜ੍ਹਨ ਦਾ ਸਮਾਂ ਆਖਿਰ ਕਿਵੇਂ ਕੱਢ ਲੈਂਦਾ ਹੈ। ਕਿਹੜੇ ਤਰੀਕੇ ਵਰਤਦਾ ਹੈ, ਹਾਲਾਂਕਿ ਉਹ ਜੋਰ ਦਿੰਦਾ ਹੈ ਕਿ ਉਸ ਵਿਚ ਕੋਈ ਖ਼ਾਸ ਗੱਲ ਨਹੀਂ ਹੈ। ਇਕ ਸਵੇਰੇ ਉਹ ਕੋਈ ਕਿਤਾਬ ਸ਼ੁਰੂ ਕਰਦਾ ਹੈ ਅਗਲੀ ਸਵੇਰ ਉਸ ਤੇ ਟਿੱਪਣੀ ਕਰਦਾ ਹੈ। ਉਹ ਅੰਗਰੇਜ਼ੀ ਪੜ੍ਹਦਾ ਹੈ ਪਰ ਬੋਲਦਾ ਨਹੀਂ। ਜ਼ਿਆਦਾਤਰ ਉਹ ਸਪੇਨਿਸ਼ ਪੜ੍ਹਨਾ ਚਾਹੁੰਦਾ ਹੈ ਅਤੇ ਕਿਸੇ ਵੀ ਸਮੇਂ ਐਸੇ ਕਿਸੀ ਵੀ ਕਾਗ਼ਜ਼ ਜਿਸ ਤੇ ਅੱਖਰ ਅੰਕਿਤ ਹੋਣ ਉਸ ਨੂੰ ਪੜ੍ਹਨ ਲਈ ਕਾਹਲਾ ਰਹਿੰਦਾ ਹੈ, ਜੋ ਉਸ ਦੇ ਹੱਥ ਲੱਗ ਜਾਵੇ। ਕੋਈ ਨਵੀਂ ਕਿਤਾਬ ਜਿਸ ਦਾ ਅਨੁਵਾਦ ਨਾ ਹੋਇਆ ਹੋਵੇ ਉਸ ਨੂੰ ਪੜ੍ਹਨ ਲਈ ਉਸ ਦਾ ਅਨੁਵਾਦ ਕਰਾ ਦਿੰਦਾ ਹੈ। ਇਕ ਜਾਣ-ਪਹਿਚਾਣ ਵਾਲੇ ਡਾਕਟਰ

ਨੇ ਉਸ ਨੂੰ ਆਰਥੌਪੇਡਿਕਸ 'ਤੇ ਆਪਣੀ ਕਿਤਾਬ ਭੇਜੀ, ਉਹ ਪੜ੍ਹੂਗਾ ਵੀ? ਇਹ ਨਾ ਜਾਣਦੇ ਹੋਏ ਪਰ ਹਫ਼ਤੇ ਬਾਅਦ ਹੀ ਫਿਡੇਲ ਦੀਆਂ ਟਿੱਪਣੀਆਂ ਦੀ ਲੰਬੀ ਸੂਚੀ ਡਾਕਟ ਦੇ ਕੋਲ ਪਹੁੰਚ ਗਈ। ਉਹ ਆਰਥਿਕ ਅਤੇ ਇਤਿਹਾਸਕ ਵਿਸ਼ਿਆਂ ਦਾ ਆਦਤਨ ਪਾਠਕ ਹੈ। ਉਹ ਸਾਹਿੱਤ ਦਾ ਵੀ ਚੰਗਾ ਪਾਠਕ ਹੈ ਅਤੇ ਉਸ ਨੂੰ ਨਜ਼ਦੀਕੀ ਤੋਂ ਫੌਲੋ ਕਰਦਾ ਹੈ।

ਫਿਰ ਵੀ ਉਸ ਦੇ ਲਈ ਸੂਚਨਾ ਦਾ ਸਭ ਤੋਂ ਫ਼ੌਰੀ ਅਤੇ ਕਾਰਗਰ ਸਰੋਤ ਸੰਵਾਦ ਹੈ। ਕਿਸੇ ਵੀ ਗੱਲ ਬਾਰੇ ਪੁੱਛਦੇ ਚਲੇ ਜਾਣ ਦੀ ਉਸ ਦੀ ਆਦਤ ਰੂਸੀ ਗੁੜ੍ਹੀਆਂ ਮਾਤਰਿਉਸ਼ਕਾ ਨਾਲ ਮਿਲਦੀ ਜੁਲਦੀ ਹੈ। ਜਿਸ ਦੇ ਅੰਦਰ ਉਸੇ ਤਰ੍ਹਾਂ ਦੀ ਛੋਟੀ ਗੁੜ੍ਹੀਆਂ ਨਿਕਲਦੀ ਹੈ, ਫਿਰ ਉਸ ਦੇ ਅੰਦਰ ਇਕ ਹੋਰ ਛੋਟੀ ਗੁੜ੍ਹੀਆਂ ਅਤੇ ਆਖ਼ਰਕਾਰ ਸਭ ਤੋਂ ਛੋਟੀ ਗੁੜ੍ਹੀਆਂ ਰਹਿ ਜਾਂਦੀ ਹੈ। ਗੁੜੀਆ ਦੇ ਅੰਦਰ ਗੁੜ੍ਹੀਆਂ ਦੀ ਤਰ੍ਹਾਂ ਇੱਕ ਤੋਂ ਬਾਦ ਇਕ ਸਵਾਲ ਪੁੱਛਦਾ ਜਾਂਦਾ ਹੈ ਤੀਬਰ ਬੁਛਾੜਾਂ ਦੀ ਤਰ੍ਹਾਂ ਜਦ ਤਕ ਕਿ ਉਹ ਕਿਉਂ ਦੇ ਕਿਉਂ ਦਾ ਆਖ਼ਰੀ ਕਿਉਂ ਨਹੀਂ ਜਾਣ ਲੈਂਦਾ ।

ਉਸ ਦੇ ਪੁਰਖਿਆਂ ਦੀ ਭੂਮੀ ਸਪੇਨ ਨਾਲ ਉਸ ਨੂੰ ਖ਼ਾਸ ਲਗਾਅ ਹੈ। ਭਵਿੱਖ ਦੇ ਲੈਟਿਨ ਅਮਰੀਕਾ ਦਾ ਉਸ ਦਾ ਵਿਜ਼ਨ ਬੋਲੀਵਾਰ ਅਤੇ ਮਾਰਟੀ ਵਰਗਾ ਹੀ ਹੈ। ਦੁਨੀਆਂ ਦੇ ਭਾਗਾਂ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਰੱਖਣ ਵਾਲਾ ਅਖੰਡ ਅਤੇ ਪ੍ਰਭੂਸੱਤਾਧਾਰੀ ਸਮੁਦਾਇ, ਪਰ ਕਿਊਬਾ ਤੋਂ ਬਾਅਦ ਜੇ ਉਹ ਕਿਸੇ ਦੇਸ਼ ਨੂੰ ਸਭ ਤੋਂ ਵੱਧ ਜਾਣਦਾ ਹੈ ਤਾਂ ਉਹ ਹੈ ਅਮਰੀਕਾ, ਉਹ ਉੱਥੋਂ ਦੇ ਲੋਕਾਂ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕਫ਼ ਹੈ, ਉਸ ਦੀ ਸੱਤਾ ਦੇ ਢਾਂਚਿਆਂ ਤੋਂ, ਉਸ ਦੀਆਂ ਸਰਕਾਰਾਂ ਦੇ ਅਪ੍ਰਤੱਖ ਇਰਾਦਿਆਂ ਤੋਂ ਅਤੇ ਇਸ ਸਭ ਨਾਲ ਉਸ ਨੂੰ ਨਾਕੇਬੰਦੀ ਦੇ ਬੇਰੋਕ ਤੂਫ਼ਾਨ ਨਾਲ ਜੂਝਣ ਵਿਚ ਮਦਦ ਮਿਲੀ ਹੈ। ਅਮਰੀਕੀ ਸਰਕਾਰ ਦੇ ਪ੍ਰਤੀਬਿੰਬ ਪ੍ਰਤੀਬੰਧਾਂ ਦੇ ਬਾਵਜੂਦ ਹਵਾਨਾ ਅਤੇ ਮਿਆਮੀ ਵਿਚਕਾਰ ਇਕ ਉਡਾਣ ਰੋਜ਼ ਹੈ ਅਤੇ ਰੋਜ਼ਾਨਾ ਅਮਰੀਕਾ ਤੋਂ ਕਿਊਬਾ ਕੋਈ ਨਾ ਕੋਈ ਆਉਂਦਾ ਹੀ ਰਹਿੰਦਾ ਹੈ- ਵਿਸ਼ੇ ਜਹਾਜ਼ ਜਾਂ ਨਿੱਜੀ ਜਹਾਜ਼ 'ਤੇ।

ਵੋਟਾਂ ਤੋਂ ਕੁਝ ਸਮਾਂ ਪਹਿਲਾਂ ਅਮਰੀਕਾ ਦੇ ਦੋਨਾਂ ਦਲਾਂ ਦੇ ਰਾਜਨੀਤਕਾਂ ਦੀ ਆਵਾਜਾਈ ਬੇਹੱਦ ਵਧ ਜਾਂਦੀ ਹੈ। ਕਾਸਤਰੋ ਜਿੰਨੇ ਲੋਕਾਂ ਨਾਲ ਸੰਭਵ ਹੁੰਦਾ ਮਿਲਦਾ ਹੈ, ਉਹ ਇਹ ਸੁਨਿਸ਼ਚਿਤ ਕਰਦਾ ਹੈ ਕਿ ਉਨ੍ਹਾਂ ਦੀ ਮਹਿਮਾਨ ਨਿਵਾਜੀ ਠੀਕ ਤਰੀਕੇ ਨਾਲ ਹੋਵੇ, ਉਨ੍ਹਾਂ ਨੂੰ ਪੂਰਾ ਸਮਾਂ ਦਿੰਦਾ ਹੈ ਤਾਂ ਕਿ ਨਵੀਆਂ ਸੂਚਨਾਵਾਂ ਦਾ ਚੰਗੀ ਤਰ੍ਹਾਂ ਆਦਾਨ ਪ੍ਰਦਾਨ ਹੋ ਸਕੇ। ਅਸਲ ਵਿਚ ਇਹ ਮੁਲਾਕਾਤਾਂ ਇਕ ਤਰ੍ਹਾਂ ਦਾ ਸੰਵਾਦ ਉਤਸਵ ਬਣ ਜਾਂਦੀਆਂ ਹਨ। ਉਹ ਆਪਣੇ ਦੇਸ਼ ਬਾਰੇ ਕੁੱਝ ਸਚਾਈਆਂ ਬਿਆਨ ਕਰਦਾ ਹੈ ਅਤੇ ਉਨ੍ਹਾਂ ਨੂੰ ਸੁਹਿਰਦਤਾ ਅਤੇ ਸਨਮਾਨ ਨਾਲ ਸੁਣਦਾ ਹੈ। ਜੋ ਲੋਕ ਦੁਸ਼ਮਣੀ ਦੇ ਪ੍ਰਚਾਰ ਭਾਵ ਨਾਲ ਮਿਲਦੇ ਹਨ ਜਿਵੇਂ ਕਿ ਉਹ ਕਿਸੇ ਕਰੂਰ ਤਾਨਾਸ਼ਾਹ ਨਾਲ ਮਿਲ ਰਹੇ ਹੋਣ, ਉਨ੍ਹਾਂ ਸਾਹਮਣੇ ਆਪਣਾ ਅਸਲੀ ਚਿਹਰਾ ਦਿਖਾਉਂਦੇ ਹੋਏ ਉਸ ਨੂੰ ਬੜਾ ਆਨੰਦ ਮਿਲਦਾ ਹੈ। ਇਸ ਤਰ੍ਹਾਂ ਦਾ ਇੰਪਰੈਸ਼ਨ ਉਹ ਦਿੰਦਾ ਹੈ। ਇਕ ਮੌਕੇ 'ਤੇ ਅਮਰੀਕੀ ਕਾਂਗਰਸ ਦੇ ਇੱਕ ਦਲ ਅਤੇ ਇੱਥੋਂ ਤੱਕ ਕਿ ਪੈਂਟਾਗਨ ਅਧਿਕਾਰੀ ਦੇ ਸਾਹਮਣੇ ਉਸ ਨੇ ਇਸ ਗੱਲ ਦਾ ਇਕ ਬੜਾ ਹੀ ਵਾਸਤਵਿਕ ਖਾਕਾ ਖਿੱਚਿਆ ਕਿ ਕਿਵੇਂ ਉਸ ਦੇ ਗਾਲਿਜਿਆਈ (ਗਾਲਿਜਿਆ: ਸਪੇਨ ਦਾ ਇਕ ਭੂ-ਭਾਗ) ਪੂਰਵਜਾਂ ਅਤੇ ਉਸ ਦੇ ਧਾਰਮਿਕ ਗੁਰੂਆਂ ਨੇ ਉਸ ਦੇ ਭੀਤਰ ਕੁਝ ਐਸੇ ਨੈਤਿਕ ਸਿਧਾਂਤ ਭਰੇ ਹਨ ਜੋ ਉਸ ਦੀ ਸ਼ਖ਼ਸੀਅਤ ਦੇ ਨਿਰਮਾਣ ਬਹੁਤ ਉਪਯੋਗੀ ਸਾਬਤ ਹੋਏ ਹਨ। ਆਪਣੀ ਗੱਲ ਆਖਿਰ ਵਿਚ


ਉਸ ਨੇ ਕਿਹਾ ਕਿ ਉਹ ਇੱਕ ਇਸਾਈ ਹੈ।

ਇਵੇਂ ਹੀ ਮੰਨੋ ਕੋਈ ਬੰਬ ਡਿੱਗਿਆ ਮੁਲਾਕਾਤ ਅਗਲੀ ਸਵੇਰ ਤੱਕ ਚੱਲੀ। ਸੰਸਦਾਂ ਦੇ ਦਲ ਵਿਚੋਂ ਸਭ ਤੋਂ ਜ਼ਿਆਦਾ ਕੰਜਰਵੇਟਿਵ ਸਮਝੇ ਜਾਣ ਵਾਲੇ ਸੰਸਦ ਨੇ ਇਕ ਰਾਇ ਪੇਸ਼ ਕੀਤੀ। ਉਸ ਦੇ ਮੁਤਾਬਿਕ ਲੈਟਿਨ ਅਮਰੀਕਾ ਅਤੇ ਯੁਨਾਈਟਡ ਸਟੇਟਸ ਵਿਚਾਲੇ ਸਭ ਤੋਂ ਪ੍ਰਭਾਵਸ਼ਾਲੀ ਵਿਚੋਲਾ ਕੋਈ ਹੋ ਸਕਦਾ ਹੈ ਤਾਂ ਉਹ ਹੈ ਫਿਡੇਲ ਕਾਸਤਰੋ।

ਕਿਊਬਾ ਜਾਣ ਵਾਲਾ ਹਰ ਇਨਸਾਨ ਇਹ ਉਮੀਦ ਕਰਦਾ ਹੈ ਕਿ ਉਸ ਨੂੰ ਹਰ ਸੰਭਵ ਹਾਲ ਵਿਚ ਫਿਡੇਲ ਨਾਲ ਮਿਲਣ ਦਾ ਮੌਕਾ ਮਿਲੇਗਾ। ਹਾਲਾਂਕਿ ਕੁਝ ਲੋਕ ਨਿੱਜੀ ਇੰਟਰਵਿਊ ਦਾ ਖ਼ੁਆਬ ਵੀ ਵੇਖਦੇ ਹਨ, ਖ਼ਾਸਕਰ ਵਿਦੇਸ਼ੀ ਪੱਤਰਕਾਰ। ਉਹ ਆਪਣਾ ਕੰਮ ਪੂਰਾ ਹੋਇਆ ਨਹੀਂ ਸਮਝਦੇ ਜਦ ਤੱਕ ਉਨ੍ਹਾਂ ਨੂੰ ਫਿਡੇਲ ਤੋਂ ਇੰਟਰਵਿਊ ਦੀ ਟਰਾਫ਼ੀ ਹਾਸਿਲ ਨਹੀਂ ਹੋ ਜਾਂਦੀ। ਹਵਾਨਾ ਦੇ ਹੋਟਲਾਂ ਵਿਚ ਕੋਈ ਨਾ ਕੋਈ ਪੱਤਰਕਾਰ ਆ ਕੇ ਟਿਕਦਾ ਹੈ। ਇੰਟਰਵਿਊ ਦੇ ਇੰਤਜ਼ਾਰ ਵਿਚ। ਇਸ ਸਮੇਂ ਇੰਟਰਵਿਊ ਦੇ ਲਈ ਲਗਭਗ ਤਿੰਨ ਸੌ ਆਵੇਦਨ ਆਏ ਹੋਏ ਹਨ।

ਆਖ਼ਿਰਕਾਰ ਬਹੁਤ ਹੀ ਘੱਟ ਇੰਟਰਵਿਊ ਉਸ ਨੂੰ ਖ਼ੁਸ਼ ਕਰ ਪਾਉਂਦੇ ਹਨ। ਉਹ ਮੰਨਦਾ ਹੈ ਕਿ ਟੀਵੀ ਇੰਟਰਵਿਊ ਸੁਭਾਵਿਕ ਨਹੀਂ ਹੁੰਦੇ ਅਤੇ ਸੱਤ ਮਿੰਟ ਦੇ ਇੰਟਰਵਿਊ ਲਈ ਉਸ ਨੂੰ ਜ਼ਿੰਦਗੀ ਦੇ ਪੰਜ ਘੰਟੇ ਬਰਬਾਦ ਕਰਨਾ ਸਹੀ ਨਹੀਂ ਲਗਦਾ। ਪਰ ਫਿਡੇਲ ਅਤੇ ਉਸ ਦੇ ਸਰੋਤਿਆਂ ਲਈ ਸਭ ਤੋਂ ਨਿਰਾਸ਼ਾਜਨਕ ਗੱਲ ਇਹ ਹੈ ਕਿ ਸਰਬਉੱਚ ਪੱਤਰਕਾਰ ਵੀ, ਖ਼ਾਸਕਰ ਯੂਰਪੀਅਨ, ਆਪਣੇ ਸਵਾਲਾਂ ਨੂੰ ਯਥਾਰਥ ਨਾਲ ਪੇਸ਼ ਕਰਨ ਦੀ ਅਭਿਲਾਸ਼ਾ ਨਹੀਂ ਰੱਖਦੇ। ਆਪਣੇ ਦੇਸ਼ਾਂ ਦੀਆਂ ਰਾਜਨੀਤਿਕ ਇੱਛਾਵਾਂ ਅਤੇ ਸਮਾਜਿਕ ਉੱਚਤਾ ਦੀ ਗ੍ਰੰਥੀ ਨਾਲ ਗ੍ਰਸਤ ਸਵਾਲਾਂ ਦੇ ਨਾਲ ਹੀ ਉਹ ਟਰਾਫ਼ੀ ਦੀ ਅਕਾਂਖਿਆ ਰੱਖਦੇ ਹਨ। ਇਸ ਗੱਲ ਬਾਰੇ ਜਾਣਨ ਦੀ ਜਰਾ ਵੀ ਤਕਲੀਫ਼ ਉਠਾਏ ਬਿਨਾਂ ਕਿ ਅੱਜ ਦਾ ਕਿਊਬਾ ਵਾਸਤਵ ਵਿਚ ਕਿਹੋ ਜਿਹਾ ਹੈ, ਉੱਥੋਂ ਦੇ ਲੋਕਾਂ ਦੇ ਸੁਪਨੇ ਅਤੇ ਸੱਚੀਆਂ ਨਿਰਾਸ਼ਾਵਾਂ ਕੀ ਹਨ? ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਸਚਾਈ ਕੀ ਹੈ? ਇਸ ਤਰ੍ਹਾਂ ਨਾਲ ਕਿਊਬਾ ਦੇ ਆਮ ਆਦਮੀ ਨੂੰ ਦੁਨੀਆਂ ਭਰ ਨਾਲ ਗੱਲ ਕਰਨ ਤੋਂ ਵੰਚਿਤ ਕਰਦੇ ਹਨ ਅਤੇ ਖ਼ੁਦ ਨੂੰ ਵੀ ਉਸ ਪੇਸ਼ੇਵਾਰ ਪਦਵੀ ਤੋਂ ਵੰਚਿਤ ਕਰ ਲੈਂਦੇ ਹਨ ਜੋ ਫਿਡੇਲ ਨੂੰ ਐਸੇ ਸਵਾਲ ਪੁੱਛ ਕੇ ਹਾਸਲ ਕੀਤੀ ਜਾ ਸਕਦੀ ਸੀ ਕਿ ਆਪਣੇ ਲੋਕਾਂ ਦੀਆਂ ਚਿੰਤਾਵਾਂ ਬਾਰੇ ਉਸ ਦਾ ਕੀ ਕਹਿਣਾ ਹੈ? ਖ਼ਾਸਕਰ ਵੱਡੇ ਫ਼ੈਸਲਿਆਂ ਦੇ ਅੱਜ ਦੇ ਵਕਤ ਉਨ੍ਹਾਂ ਚਿੰਤਾਵਾਂ ਦੇ ਬਾਰੇ ਵਿਚ, ਨਾ ਕਿ ਐਸੇ ਸਵਾਲ ਕਿ ਦੂਰ ਸਥਿਤ ਯੂਰਪੀਅਨ ਅਨੁਮਾਨਾਂ ਦੇ ਬਾਰੇ ਉਸ ਦੇ ਕੀ ਖਿਆਲ ਹਨ।

ਕੁੱਲ ਮਿਲਾਕੇ, ਫਿਡੇਲ ਨੂੰ ਏਨੇ ਸਾਰੇ ਅਤੇ ਵਿਵਿਧ ਹਾਲਤਾਂ ਨੂੰ ਸੁਣਨ ਦੌਰਾਨ, ਮੈਂ ਖ਼ੁਦ ਕਈ ਬਾਰ ਪੁੱਛਿਆ ਕਿ ਗੱਲਬਾਤ ਕਰਦੇ ਰਹਿਣ ਦਾ ਅਤੇ ਸੰਵਾਦ ਵਿਚ ਬਿਜ਼ੀ ਰਹਿਣ ਦਾ ਉਸ ਦਾ ਉਤਸ਼ਾਹ, ਕੀ ਭਰਮਾ ਦੇ ਵਾਲੀ ਸੱਤਾ- ਮ੍ਰਿਗਤ੍ਰਿਸ਼ਨਾ ਦੇ ਵਿਚ ਸਚਾਈ ਦੀ ਬਚਾਉਣ ਵਾਲੀ ਡੋਰ ਨੂੰ ਹਰ ਫੜੇ ਰੱਖਣ ਜੈਵਿਕ ਜ਼ਰੂਰਤ ਤੋਂ ਬਣਿਆ ਹੋਵੇਗਾ। ਮੈਂ ਸਰਵਜਨਕ ਅਤੇ ਨਿੱਜੀ ਸੰਵਾਦਾਂ ਦੇ ਕਈ ਦੌਰਾਂ ਦੇ ਦਰਮਿਆਨ ਖ਼ੁਦ ਨੂੰ ਪੁੱਛਿਆ। ਅਜਿਹੇ ਮੌਕਿਆਂ ਤੇ ਵੀ ਮੈਂ ਇਹੀ ਸੋਚਦਾ ਹਾਂ ਕਿ ਉਸ ਦੇ ਸਾਹਮਣੇ ਬੈਠੇ ਲੋਕ ਆਪਣੀ ਸੁਭਾਵਿਕਤਾ ਖੋ ਦਿੰਦੇ ਹਨ ਅਤੇ ਯਥਾਰਥ ਤੋਂ ਦੂਰ ਕਿਤਾਬੀ ਫ਼ਾਰਮੂਲਿਆਂ ਵਿਚ ਹੀ ਗੱਲਬਾਤ ਕਰਦੇ ਹਨ ਜਾਂ




ਐਸੇ ਮੌਕੇ 'ਤੇ ਜਦ ਸਚਾਈ ਨੂੰ ਉਸ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਸ ਨੂੰ ਖ਼ਾਹ-ਮਖ਼ਾਹ ਚਿੰਤਾਵਾਂ ਵਿਚ ਨਾ ਪਾਇਆ ਜਾਵੇ ਜੋ ਉਸ ਦੇ ਕੋਲ ਪਹਿਲਾਂ ਹੀ ਬਹੁਤ ਹੈ। ਅਜਿਹੇ ਹੀ ਮੌਕੇ 'ਤੇ ਇਕ ਅਧਿਕਾਰੀ ਨੇ ਉਸ ਨੂੰ ਕਿਹਾ ਕਿ ਤੂੰ ਮੇਰੇ ਤੋਂ ਸੱਚ ਛਿਪਾ ਰਿਹਾ ਹੈ ਕਿ ਤਕਲੀਫ਼ ਨਾ ਹੋਵੇ ਪਰ ਆਖ਼ਰਕਾਰ ਜਦ ਮੈਂ ਉਸ ਨੂੰ ਜਾਣ ਲਵਾਂਗਾ ਤਦ ਸੋਚੋ ਕਿ ਇੰਨੀਆਂ ਸਾਰੀਆਂ ਸਚਾਈਆਂ ਦੇ ਸਾਹਮਣੇ ਆ ਜਾਣ 'ਤੇ ਜੋ ਅਸਰ ਉਸ 'ਤੇ ਪਵੇਗਾ ਉਸ ਨਾਲ ਤੇ ਮੈਂ ਮਰ ਹੀ ਜਾਵਾਂਗਾ ।

ਹਾਲਾਂਕਿ ਅਫ਼ਸਰ ਉਸ ਤੋਂ ਜੋ ਸਭ ਤੋਂ ਗੰਭੀਰ ਸਚਾਈ ਛਪਾਉਂਦੇ ਹਨ ਉਹ ਕਮੀਆਂ ਦੇ ਬਾਰੇ ਵਿਚ ਹੈ। ਕਿਉਂਕਿ ਕ੍ਰਾਂਤੀ ਨੂੰ ਕਾਇਮ ਰੱਖਣ ਵਾਲੀਆਂ ਵੱਡੀਆਂ ਉਪਲਬਧੀਆਂ ਦੇ ਬਾਵਜੂਦ-ਰਾਜਨੀਤਿਕ, ਵਿਗਿਆਨਿਕ, ਖੇਲ, ਸਭਿਆਚਾਰਕ ਉਪਲਬਧੀਆਂ - ਇਨ੍ਹਾਂ ਸਭ ਦੇ ਬਾਵਜੂਦ ਅਫ਼ਸਰਸ਼ਾਹੀ ਦੀ ਇਕ ਵਿਰਾਟ ਅਯੋਗਤਾ ਰੋਜ਼ਮੱਰਾ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਰਹੀ ਹੈ ਅਤੇ ਸਭ ਤੋਂ ਵਧ ਕੇ ਘਰੇਲੂ ਖ਼ੁਸ਼ੀ ਨੂੰ ਖਾਈ ਜਾ ਰਹੀ ਹੈ। ਇਸੀ ਵਜ੍ਹਾ ਕਰ ਕੇ ਫਿਡੇਲ ਨੇ ਕ੍ਰਾਂਤੀ ਦੇ ਤੀਹ ਸਾਲ ਬਾਦ ਵੀ ਅਸਾਧਾਰਨ ਤਰੀਕੇ ਨਾਲ ਕੁਝ ਮਸਲਿਆਂ ਵਿਚ ਦਖ਼ਲ ਦੇਣਾ ਜਾਰੀ ਰੱਖਿਆ, ਉਦਾਹਰਨ ਦੇ ਤੌਰ 'ਤੇ ਬਰੈੱਡ ਬਣਾਉਣ ਅਤੇ ਬੀਅਰ ਦੇ ਵਿਤਰਨ ਵਿਚ।

ਸੜਕ 'ਤੇ ਰਹਿਣ ਵਾਲੇ ਲੋਕਾਂ ਨਾਲ ਗੱਲਬਾਤ ਵਿਚ ਸਭ ਕੁਝ ਅਲੱਗ ਹੋ ਜਾਂਦਾ ਹੈ। ਉੱਥੋਂ ਦੀਆਂ ਗੱਲਾਂ ਅਸਲ ਲਗਾਅ ਦੀ ਇੱਕ ਖੁਰਦਰੀ ਇਨਫੌਰਮਿਲਟੀ ਨਾਲ ਭਰੀ ਹੁੰਦੀ ਹੈ। ਉੱਥੇ ਉਸ ਦਾ ਇੱਕ ਹੀ ਨਾਮ ਰਹਿ ਜਾਂਦਾ ਹੈ- ਫਿਡੇਲ। ਲੋਕ ਉਸ ਨੂੰ ਘੇਰ ਲੈਂਦੇ ਹਨ ਅਤੇ ਮਿੱਤਰਤਾ ਦੇ ਸੰਬੋਧਨ ਤੂੰ ਵਿਚ ਪੁਕਾਰਦੇ ਹਨ। ਉਹ ਉਸ ਨਾਲ ਬਹਿਸ ਕਰਦੇ ਹਨ, ਉਸ ਦੀ ਗੱਲ ਕੱਟਦੇ ਹਨ, ਉਸ ਤੋਂ ਮੰਗ ਕਰਦੇ ਹਨ-ਇਹ ਇਕ ਬੇਰੋਕ ਸੰਸਾਰ ਚੈਨਲ ਹੈ ਜਿਸ ਦੇ ਜਰੀਏ ਸੱਚ ਦੀ ਤੇਜ ਧਾਰਾ ਬਹਿੰਦੀ ਰਹਿੰਦੀ ਹੈ। ਇਸ ਤਰਾਂ ਆਪਣੀ ਦਿੱਖ ਦੀ ਚਮਕ ਵਿਚ ਘਿਰਿਆ ਇੱਥੇ ਇਕ ਦੁਰਲੱਭ ਮਨੁੱਖ ਹੈ। ਇਹ ਉਹ ਫਿਡੇਲ ਕਾਸਤਰੋ ਹੈ ਜਿਸ ਨੂੰ ਮੈਂ ਜਾਣਦਾ ਹਾਂ। ਗੱਲਬਾਤ ਦੇ ਅਣਗਿਣਤ ਘੰਟਿਆਂ ਦੇ ਬਾਅਦ ਜਿਸ ਤੋਂ ਹੁੰਦੇ ਹੋਏ ਰਾਜਨੀਤੀ ਦਾ ਪ੍ਰੇਤ ਨਹੀਂ


ਗੁਜ਼ਰਦਾ ਹੈ। ਅਡੰਬਰਾਂ ਤੋਂ ਦੂਰ, ਅਤ੍ਰਿਪਤ ਇੱਛਾਵਾਂ ਨਾਲ ਭਰਿਆ, ਪੁਰਾਣੇ ਸਮੇਂ ਦਾ ਪੜ੍ਹਿਆ ਲਿਖਿਆ, ਸਾਵਧਾਨੀ ਨਾਲ ਸ਼ਬਦ ਚੁਣਦਾ, ਸਾਦੇ ਚਰਿੱਤਰ ਆਲਾ ਅਤੇ ਸਾਧਾਰਨਤਾ ਵਿਚੋਂ ਨਾ ਨਿੱਕਲੇ ਕਿਸੇ ਵੀ ਵਿਚਾਰ ਨੂੰ ਗ੍ਰਹਿਣ ਕਰਨ ਵਿਚ ਅਸਮੱਰਥ। ਉਸ ਦਾ ਸੁਪਨਾ ਹੈ ਕਿ ਉਸ ਦੇ ਵਿਗਿਆਨਿਕ ਕੈਂਸਰ ਦਾ ਇਲਾਜ ਭਾਲ ਲੈਣਗੇ, ਆਪਣੇ ਮੁੱਖ ਦੁਸ਼ਮਣ ਨਾਲੋਂ 84ਗੁਣਾ ਛੋਟੇ ਅਤੇ ਤਾਜ਼ੇ ਪਾਣੀ ਤੋਂ ਖਾਲੀ ਦੀਪ ਵਿਚ ਉਨ੍ਹਾਂ ਨੇ ਸਮੁੱਚਤਾ ਦੀ ਸ਼ਕਤੀ ਵਾਲੀ ਵਿਦੇਸ਼ ਨੀਤੀ ਬਣਾ ਲਈ ਹੈ। ਉਸ ਦੀ ਲਗਭਗ ਰਹੱਸ ਭਰੀ ਮਾਨਤਾ ਹੈ ਕਿ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਅੰਤਹ: ਕਰਣ ਦਾ ਸਮੁਚਾ ਨਿਰਮਾਣ। ਉਸ ਦਾ ਮੰਨਣਾ ਹੈ ਕਿ ਨੈਤਿਕ ਪ੍ਰੇਰਨਾਵਾਂ ਵਿਚ ਭੌਤਿਕਤਾਵਾਦ ਦੇ ਮੁਕਾਬਲੇ ਦੁਨੀਆ ਨੂੰ ਬਦਲਣ ਅਤੇ ਇਤਿਹਾਸ ਨੂੰ ਅੱਗੇ ਲੈ ਜਾਣ ਦੀ ਸ਼ਕਤੀ ਹੈ। ਮੈਂ ਮੰਨਦਾ ਹਾਂ ਕਿ ਫਿਡੇਲ ਸਾਡੇ ਸਮੇਂ ਦੇ ਮਹਾਨਤਮ ਆਦਰਸ਼ਵਾਦੀਆਂ ਵਿਚੋਂ ਇਕ ਹੈ ਅਤੇ ਹੋ ਸਕਦਾ ਹੈ ਕਿ ਇਹ ਉਸ ਦਾ ਸਭ ਤੋਂ ਵੱਡਾ ਗੁਣ ਹੋਵੇ, ਹਾਲਾਂਕਿ ਇਹ ਉਸ ਦਾ ਸਭ ਤੋਂ ਵੱਡਾ ਖ਼ਤਰਾ ਵੀ ਰਿਹਾ ਹੈ।

ਕਈ ਵਾਰ ਦੇਰ ਰਾਤ ਜਾ ਕੇ ਮੈਂ ਉਸ ਨੂੰ ਆਪਣੇ ਘਰ ਵਿਚ ਪਾਇਆ ਹੈ, ਦਿਨ-ਭਰ ਦੀਆਂ ਅੰਤਹੀਨ ਗਤੀਵਿਧੀਆਂ ਦੀ ਜ਼ਿਕਰ ਕਰਦੇ ਹੋਏ, ਕਈ ਵਾਰ ਮੈਂ ਉਸ ਨੂੰ ਪੁੱਛਿਆ ਹੈ ਕਿ ਹੋਰ ਕੀ ਚੱਲ ਰਿਹਾ ਹੈ। ਇਕ ਤੋਂ ਜ਼ਿਆਦਾ ਉਸ ਨੇ ਮੈਨੂੰ ਜਵਾਬ ਦਿੱਤਾ, "ਬਹੁਤ ਵਧੀਆ, ਸਾਡੀਆਂ ਸਾਰੀਆਂ ਝੀਲਾਂ ਭਰੀਆਂ ਹੋਈਆਂ ਹਨ।" ਮੈਂ ਉਸ ਨੂੰ ਰੈਫਰਿਜਰੇਟਰ ਖੋਲ੍ਹ ਕੇ ਚੀਜ਼ ਦਾ ਟੁਕੜਾ ਖਾਂਦੇ ਹੋਏ ਦੇਖਿਆ ਹੈ। ਨਾਸ਼ਤੇ ਤੋਂ ਬਾਅਦ ਹੁਣ ਜਾ ਕੇ ਸ਼ਾਇਦ ਕੋਈ ਟੁਕੜਾ ਉਸ ਦੇ ਮੂੰਹ ਵਿਚ ਗਿਆ ਹੈ। ਮੈਂ ਉਸ ਨੂੰ ਮੈਕਸੀਕੋ ਵਿਚ ਆਪਣੀ ਇਕ ਦੋਸਤ ਨੂੰ ਫ਼ੋਨ ਕਰਦੇ ਹੋਏ ਵੇਖਿਆ ਹੈ, ਉਸ ਨੂੰ ਇਕ ਪਸੰਦੀਦਾ ਡਿਸ਼ ਦੀ ਰੈਸਿਪੀ ਪੁੱਛਣ ਦੇ ਕਾਉਂਟਰ 'ਤੇ ਝੁਕ ਕੇ ਮੈਂ ਉਸ ਨੂੰ ਰੈਸਿਪੀ ਲਿਖਦੇ ਹੋਏ ਵੇਖਿਆ। ਉੱਥੇ ਇਸ ਰਾਤ ਦੇ ਖਾਣੇ ਦੇ ਭਾਂਡੇ ਅਣਧੋਤੇ ਰੱਖੇ ਹਨ। ਟੀਵੀ 'ਤੇ ਕੋਈ ਪੁਰਾਣਾ ਗੀਤ ਆ ਰਿਹਾ ਹੈ, “life is an express train that travels thousands of Leagues.”

ਇਕ ਰਾਤ ਜਦ ਉਹ ਛੋਟੇ ਚਮਚ ਨਾਲ ਵਨੀਲਾ ਆਈਸਕ੍ਰੀਮ ਖਾ ਰਿਹਾ ਸੀ, ਮੈਂ ਵੇਖਿਆ ਕਿ ਇੰਨੇ ਸਾਰੇ ਲੋਕਾਂ ਦੇ ਭਾਗਾਂ ਦੇ ਭਾਰਾਂ ਨਾਲ ਐਨਾ ਦੱਬਿਆ ਹੋਇਆ ਹੈ, ਖ਼ੁਦ ਤੋਂ ਇਨ੍ਹਾਂ ਦੂਰ ਕਿ ਇਕ ਪਲ ਦੇ ਲਈ ਉਹ ਮੈਨੂੰ ਉਸ ਆਦਮੀ ਤੋਂ ਬਿਲਕੁਲ ਅਲੱਗ ਲੱਗਿਆ ਜੋ ਉਹ ਹਮੇਸ਼ਾ ਰਿਹਾ ਹੈ। ਉਸ ਸਮੇਂ ਮੈਂ ਉਸ ਨੂੰ ਪੁੱਛਿਆ ਕਿ ਉਹ ਇਸ ਦੁਨੀਆਂ 'ਤੇ ਸਭ ਤੋਂ ਜ਼ਿਆਦਾ ਕੀ ਕਰਨਾ ਚਾਹੇਗਾ ਅਤੇ ਉਸ ਨੇ ਤੁਰੰਤ ਜਵਾਬ ਦਿੱਤਾ- "ਕਿਸੇ ਨੁੱਕੜ 'ਤੇ ਆਵਾਰਾਗਰਦੀ, ਹੋਰ ਕੀ?”

ਪੰਜਾਬੀ ਅਨੁਵਾਦ: ਵਰੁਣਦੀਪ ਸਿੰਘ

ਸੰਪਰਕ ਨੰਬਰ: 9306290071



# ਹਾਬਰਮਾਸ ਅਤੇ ਲੋਕਤੰਤਰ ਦਾ ਸਿਧਾਂਤ

ਜਰਮਨ ਦਾਰਸ਼ਨਿਕ ਅਤੇ ਸਮਾਜ ਵਿਗਿਆਨੀ ਜੁਰਗੇਨ ਹਾਬਰਮਾਸ ਨੂੰ ਪ੍ਰਸਿਧ ਫ੍ਰੈਂਕਫਰਟ ਸਕੂਲ ਦੀ ਦੂਜੀ ਪੀੜ੍ਹੀ ਦਾ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਪ੍ਰਤੀਨਿਧੀ ਮੰਨਿਆ ਜਾਂਦਾ ਹੈ। ਉਸ ਦਾ ਜਨਮ 18 ਜੂਨ ਸੰਨ 1929 ਨੂੰ ਜਰਮਨੀ ਦੇ ਇਕ ਮੱਧ-ਵਰਗੀ ਪਰਿਵਾਰ ਵਿਚ ਹੋਇਆ। ਕਿਸ਼ੋਰ ਉਮਰੇ ਹਾਬਰਮਾਸ ਉੱਪਰ ਨਾਜ਼ੀਵਾਦ ਅਤੇ ਦੂਜੀ ਸੰਸਾਰ ਜੰਗ ਦਾ ਡੂੰਘਾ ਅਸਰ ਪਿਆ। ਸੰਨ 1954 ਵਿਚ ਉਸ ਨੇ ਬੋਨ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਉਪਾਧੀ ਹਾਸਿਲ ਕੀਤੀ ਅਤੇ ਇਸ ਤੋਂ ਬਾਅਦ ਜਰਮਨੀ ਦੀਆਂ ਪ੍ਰਮੁੱਖ ਅਧਿਐਨ ਸੰਸਥਾਵਾਂ ਅੰਦਰ ਖੋਜ ਅਤੇ ਅਧਿਆਪਨ ਦਾ ਕਾਰਜ ਕੀਤਾ।

ਹਾਬਰਮਾਸ ਦੇ ਵਿਚਾਰਾਂ ਉੱਪਰ ਮਾਰਕਸ ਅਤੇ ਹੀਗਲ ਤੋਂ ਇਲਾਵਾ ਫ੍ਰੈਂਕਫਰਟ ਸਕੂਲ ਦੇ ਮੁਢਲੇ ਵਿਚਾਰਕਾਂ ਜਿਵੇਂ ਥਿਓਡੋਰ ਅਡੋਰਨੋ, ਵਾਲਟਰ ਬੈਂਜਾਮਿਨ, ਜਿਊਰਗੀ ਲਿਊਕਾਕਸ ਆਦਿ ਦਾ ਅਸਰ ਹੋਇਆ । ਇਸ ਸਕੂਲ ਦੇ 'ਆਲੋਚਨਾਤਮਿਕ ਸਿਧਾਂਤ' ਨੇ ਹਾਬਰਮਾਸ ਦੇ ਵਿਚਾਰਾਂ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਮੁੱਖ ਤੌਰ 'ਤੇ ਉਨ੍ਹਾਂ ਦਾ ਯਤਨ ਸਾਧਾਰਨ ਅਤੇ ਪੂੰਜੀਵਾਦੀ ਵਿਵਸਥਾ ਅੰਦਰ ਗਿਆਨ ਦੀ ਭੂਮਿਕਾ ਦੀ ਖੋਜ ਰਿਹਾ ਹੈ। ਉਹਨਾਂ ਦਾ ਵਿਚਾਰ ਸੀ ਕਿ ਵਸਤੂਪਰਕ ਵਿਗਿਆਨਕ ਗਿਆਨ ਸਥਾਪਿਤ ਹਾਲਾਤਾਂ ਦਾ ਸਮਰਥਨ ਕਰਦਾ ਹੈ। ਪੂੰਜੀਵਾਦੀ ਵਿਵਸਥਾ ਅੰਦਰ ਗਿਆਨ ਸੁਤੰਤਰ ਨਹੀਂ ਹੁੰਦਾ। ਇਸ ਲਈ, ਗਿਆਨ ਦੇ ਉਚਿੱਤ ਹੋਣ ਦੇ ਲਈ ਇਹ ਜਰੂਰੀ ਹੈ ਕਿ ਗਿਆਨ ਦਾ ਸਰੋਤ ਸੁਤੰਤਰ ਹੋਣ ਦੇ ਨਾਲ-ਨਾਲ ਮੁਕਤ ਸੰਵਾਦ ਉੱਪਰ ਆਧਾਰਿਤ ਹੋਵੇ।

ਹਾਬਰਮਾਸ ਪ੍ਰਤੱਖਵਾਦ, ਆਰਥਿਕ ਨਿਯਤੀਵਾਦ ਅਤੇ ਉਤਰ-ਆਧੁਨਿਕਤਾਵਾਦ ਦੇ ਕੱਟੜ ਆਲੋਚਕ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਦਮਨ ਅਤੇ ਸੋਸ਼ਣ ਦੀ ਆਲੋਚਨਾ ਕਰਨ ਨਾਲ ਹੀ ਕੋਈ ਹੱਲ ਨਹੀਂ ਹੋਵੇਗਾ। ਪੂੰਜੀਵਾਦੀ ਵਿਵਸਥਾ ਉੱਪਰ ਹਮਲਾ ਕਰਕੇ ਹੀ ਦਮਨ ਅਤੇ ਸੋਸ਼ਣ ਤੋਂ ਛੁਟਕਾਰਾ ਸੰਭਵ

ਹੈ। ਹਾਬਰਮਾਸ ਮੁਤਾਬਿਕ ਵਿਗਿਆਨਕ ਗਿਆਨ ਅੰਦਰ ਵਾਧੇ ਦੇ ਕਾਰਨ ਮਨੁੱਖ ਦੀ ਤਾਰਕਿਕਤਾ ਅੰਦਰ ਕਮੀ ਆ ਰਹੀ ਹੈ ਅਤੇ ਹੁਣ ਤਾਰਕਿਕਤਾ ਪ੍ਰਭੁਤਵ ਅਤੇ ਪ੍ਰਧਾਨਤਾ ਪ੍ਰਾਪਤੀ ਦਾ ਸਾਧਨ ਮਾਤਰ ਰਹਿ ਗਈ ਹੈ। ਜਿਵੇਂ-ਜਿਵੇਂ ਰਾਜ ਤੰਤਰ ਅਤੇ ਨੌਕਰਸ਼ਾਹੀ ਦਾ ਪੂੰਜੀਵਾਦੀ ਵਿਵਸਥਾ ਅੰਦਰ ਵਿਸਤਾਰ ਹੁੰਦਾ ਹੈ, ਉਵੇਂ-ਉਵੇਂ ਹੀ ਮਨੁੱਖ ਗੁਲਾਮ ਹੁੰਦਾ ਚਲਾ ਜਾਂਦਾ ਹੈ। ਇਨ੍ਹਾਂ ਅਵਸਥਾਵਾਂ ਨੂੰ ਦੂਰ ਕਰਨ ਦੇ ਲਈ ਹਾਬਰਮਾਸ ਨੇ ਅੰਦਲੋਨਾਤਮਿਕ ਰਾਜਨੀਤੀ ਦਾ ਸੁਝਾਅ ਦਿੱਤਾ, ਜਿਵੇਂ ਮਹਿਲਾ ਅੰਦੋਲਨ, ਵਾਤਾਵਰਨ ਸੰਭਾਲ ਅੰਦੋਲਨ ਆਦਿ। ਰਾਜਨੀਤਿਕ ਸੱਤਾ ਦੀ ਚਾਹਤ ਨਾ ਰੱਖਦੇ ਹੋਏ ਇਹ ਅੰਦੋਲਨ ਇੱਕ ਤਾਰਕਿਕ, ਨਿਆਂਪੂਰਨ ਅਤੇ ਵਿਵੇਕਸ਼ੀਲ ਸਮਾਜ ਦਾ ਮਾਰਗ-ਦਰਸਨ ਕਰਨਗੇ।

ਹਾਬਰਮਾਸ ਨੇ ਆਪਣੇ ਆਲੋਚਨਾਤਮਿਕ ਸਿਧਾਂਤ ਅੰਦਰ ਸੰਚਾਰ ਵਿਵਸਥਾ ਅਤੇ ਭਾਸ਼ਾ ਉੱਪਰ ਵਿਸ਼ੇਸ ਜੋਰ ਦਿੱਤਾ। ਉਨ੍ਹਾਂ ਨੇ ਸੁਤੰਤਰ ਅਤੇ ਮੁਕਤ ਸੰਚਾਰ ਵਿਵਸਥਾ ਨੂੰ ਆਉਣ ਵਾਲੇ ਸਮਾਜ ਦੀ ਇਕ ਜਰੂਰਤ ਦੱਸਿਆ।

## ਪ੍ਰਮੁੱਖ ਰਚਨਾਵਾਂ

1. The Structural Transformation of the Public Sphere (1962)
2. Toward a rational society (1968)
3. Between Facts and Norms: Contributions to a Discourse Theory of Law and Democracy (1992)
4. Legitimation Crisis (1973)
5. The Theory of Communicative Action (1981)
6. The Philosophical Discourse of Modernity (1985)
7. post metaphysical thinking (1992)
8. The Future of Human Nature (2003)
9. Between naturalism and religion (2008)
10. The Crisis of the European Union: A Response (2012)

* * *

ਹਾਬਰਮਾਸ ਦੀ ਲੋਕਤਾਂਤਰਿਕ ਸਿਧਾਂਤਾਂ ਦੇ ਪ੍ਰਤੀ ਪ੍ਰਤੀਬੱਧਤਾ ਨੂੰ ਸਮਝਣ ਲਈ ਸਾਨੂੰ ਉਨ੍ਹਾਂ ਦੀਆਂ ਦੋ ਮਹੱਤਵਪੂਰਨ ਪੁਸਤਕਾਂ "The Structural Transformation of the Public Sphere: An Inquiry into a Category of Bourgeois Society" (1962) Aqy "Between Facts and Norms: Contributions to a Discourse Theory of Law and Democracy" (1992) ਉੱਪਰ ਧਿਆਨ ਕੇਂਦਰਿਤ ਕਰਨਾ ਪਵੇਗਾ। ਹਾਬਰਮਾਸ ਦੀ ਪਹਿਲੀ ਕਿਤਾਬ ਅੰਦਰ ਲੋਕਤੰਤਰ ਪ੍ਰਤੀ ਇੱਕ

ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਦਿਖਾਈ ਦਿੰਦਾ ਹੈ, ਪਰ ਬਾਅਦ ਵਾਲੀ ਪੁਸਤਕ ਅੰਦਰ ਸਮਕਾਲੀ ਲੋਕਤੰਤਰ ਦੇ ਖੁਸਹਾਲ ਅਤੇ ਬਿਹਤਰ ਭਵਿੱਖ ਦੀ ਸਿਧਾਂਤਕ ਨੀਂਹ ਦਾ ਉਲੇਖ ਕੀਤਾ ਗਿਆ ਹੈ। ਇਹ ਵੇਖਣਾ ਦਿਲਚਸਪ ਰਹੇਗਾ ਕਿ ਹਾਬਰਮਾਸ ਦੇ ਆਪਾ ਵਿਰੋਧੀ ਦ੍ਰਿਸ਼ਟੀਕੋਣਾਂ ਅੰਦਰ ਅੱਜ ਕਿਸ ਨੂੰ ਪ੍ਰਾਸੰਗਿਕ ਮੰਨਿਆ ਜਾ ਸਕਦਾ ਹੈ।

ਉਪਰੋਕਤ ਦੋਵੇਂ ਪੁਸਤਕਾਂ ਮੂਲ ਰੂਪ ਵਿਚ ਜਰਮਨ ਭਾਸ਼ਾ ਵਿਚ ਕ੍ਰਮਵਾਰ ਸੰਨ 1962 ਅਤੇ 1992 ਈਸਵੀ ਵਿਚ ਲਿਖੀਆਂ ਗਈਆਂ ਸਨ। ਇਸ ਲਈ ਸਾਨੂੰ ਨਾ ਕੇਵਲ ਇਨ੍ਹਾਂ ਦੋਵਾਂ ਪੁਸਤਕਾਂ, ਸਗੋਂ ਇਨ੍ਹਾਂ ਤੀਹ ਸਾਲਾਂ ਦੇ ਦਰਮਿਆਨ ਹਾਬਰਮਾਸ ਦੁਆਰਾ ਲਿਖੀਆਂ ਗਈਆਂ ਹੋਰਨਾਂ ਰਚਨਾਵਾਂ ਉੱਪਰ ਵੀ ਧਿਆਨ ਦੇਣਾ ਹੋਵੇਗਾ। ਜਿਸ ਸਦਕਾ ਉਨ੍ਹਾਂ ਦੇ ਵਿਚਾਰਾਂ ਵਿਚ ਆਏ ਪਰਿਵਰਤਨਾਂ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਨੂੰ ਸਮਝਿਆ ਜਾ ਸਕੇ। ਮੇਰਾ ਇਹ ਵੀ ਸੁਝਾਅ ਹੈ ਕਿ ਲੋਕਤੰਤਰ ਉੱਪਰ (ਜਨ ਸੰਚਾਰ ਮਾਧਿਅਮਾਂ ਦੁਆਰਾ) ਆਧੁਨਿਕ ਨਿਗਮਾਂ ਦੇ ਪ੍ਰਭਾਵ ਦਾ ਵੀ ਅਧਿਐਨ ਕੀਤਾ ਜਾਵੇ, ਕਿਉਂਕਿ ਹਾਬਰਮਾਸ ਦੀ ਦੂਜੀ ਕਿਤਾਬ ਇਨ੍ਹਾਂ ਨਿਗਮਾਂ ਦੀਆਂ ਲੋਕਤਾਂਤਰਿਕ ਪ੍ਰਕਿਰਿਆਵਾਂ ਨੂੰ ਭ੍ਰਿਸ਼ਟ ਕਰਨ ਦੀਆਂ ਸਮਰੱਥਾਵਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੀ।

ਆਪਣੀ ਪੁਸਤਕ "Between Facts and Norms" ਅੰਦਰ ਹਾਬਰਮਾਸ ਲੋਕਤੰਤਰ ਦੇ 'ਉਦਾਰਵਾਦੀ' ਅਤੇ 'ਗਣਤੰਤਰਾਤਮਿਕ' ਦੋਵਾਂ ਹੀ ਸਿਧਾਂਤਾਂ ਦੀ ਆਲੋਚਨਾ ਕਰਦਾ ਹੈ। ਉਸ ਮੁਤਾਬਿਕ ਇਹ ਦੋਵੇਂ ਹੀ ਸਿਧਾਂਤ ਇਹ ਦੱਸਣ ਵਿਚ ਅਸਫਲ ਹਨ ਕਿ ਅੱਜ ਲੋਕਤੰਤਰ ਪ੍ਰਭਾਵਸ਼ਾਲੀ ਢੰਗ ਨਾਲ ਕਿਸ ਤਰ੍ਹਾਂ ਕੰਮ ਕਰੇ। ਉਦਾਰਵਾਦੀ ਸਿਧਾਂਤ ਲੋਕਤਾਂਤਰਿਕ ਪ੍ਰਕਿਰਿਆ ਨੂੰ ਮੂਲ ਰੂਪ ਵਿਚ ਵਿਅਕਤੀਆਂ ਦੇ ਵਿਭਿੰਨ ਪ੍ਰਤੀਯੋਗੀ ਆਰਥਿਕ ਹਿਤਾਂ ਦੇ ਸਮਝੌਤੇ ਦੇ ਰੂਪ ਵਿਚ ਦੇਖਦਾ ਹੈ। ਉਹ ਮੰਨਦਾ ਹੈ ਕਿ 'ਗ਼ੈਰ-ਰਾਜਨੀਤਿਕ ਸਾਧਾਰਨ ਹਿਤ' ਤੱਕ ਪਹੁੰਚਣ ਦੇ ਲਈ ਵਿਭਿੰਨ ਵਿਆਕਤੀਆਂ ਦੇ ਜੀਵਨ ਉਦੇਸ਼ਾਂ ਅਤੇ ਸੁੱਖ ਦੀਆ ਚਾਹਤਾਂ ਨੂੰ ਪੂਰਾ ਕਰਨਾ ਜਰੂਰੀ ਹੈ। ਉੱਥੇ ਹੀ ਗਣਤੰਤਰਾਤਮਿਕ ਸਿਧਾਂਤ ਲੋਕਤੰਤਰ ਨੂੰ ਰਾਜ ਅੰਦਰ ਨਾਗਰਿਕਾਂ ਦੇ ਇਕ ਨੈਤਿਕ ਸਮੂਹ ਦੇ ਰੂਪ ਵਿਚ ਦੇਖਦਾ ਹੈ। ਇਸ ਦਾ ਮੰਨਣਾ ਹੈ ਕਿ ਸਮਾਜ ਦੀ ਸੰਰਚਨਾਤਮਿਕ ਜਟਿਲਤਾ ਅਤੇ ਅਨੇਕ ਰੂਪਤਾ ਦੇ ਬਾਵਜੂਦ ਵੀ ਨਾਗਰਿਕਾਂ ਦੀ ਸਰਗਰਮ ਸਮੂਹਿਕ ਸਾਂਝੇਦਾਰੀ ਨਾਲ 'ਸਾਧਾਰਨ ਹਿਤ' ਤੱਕ ਪਹੁੰਚਿਆ ਜਾ ਸਕਦਾ ਹੈ।


ਹਾਬਰਮਾਸ ਉਦਾਰਵਾਦੀ ਅਤੇ ਗਣਤੰਰਾਤਮਿਕ ਦੋਵਾਂ ਹੀ ਸਿਧਾਂਤਾਂ ਪਾਸੋਂ ਕੁਝ ਤੱਤ ਲੈ ਕਿ 'ਚਰਚਾ-ਸਿਧਾਂਤ' ਦਾ ਨਿਰੂਪਣ ਕਰਦਾ ਹੈ। ਉਦਾਰਵਵਾਦੀ ਸਿਧਾਂਤ ਤੋਂ ਉਹ ਰਾਜ ਤੇ ਸਮਾਜ ਦੇ ਵਿਚਕਾਰ ਅੰਤਰ ਨੂੰ ਲੈਂਦਾ ਹੈ ਅਤੇ ਗਣਤੰਤਰਾਤਮਿਕ ਸਿਧਾਤ ਤੋਂ ਉਹ ਜਨਤਾ ਦੀ ਸਰਗਰਮ ਅਤੇ ਸਮੂਹਿਕ ਸਾਂਝੇਦਾਰੀ ਨੂੰ ਲੈ ਕਿ ਉਸ ਨੂੰ ਰਾਜ ਅੰਦਰ ਸਥਾਪਿਤ ਨਾ ਮੰਨਦੇ ਹੋਏ 'ਲੋਕ-ਖੇਤਰ' ਅੰਦਰ ਸਥਾਪਿਤ ਕਰਦਾ ਹੈ। ਚਰਚਾ ਸਿਧਾਂਤ ਉੱਚ ਵਰਗੀ ਲੋਕਾਂ ਦੁਆਰਾ ਸੰਚਾਲਿਤ ਸ਼ਾਸ਼ਤ ਉੱਪਰ ਨਜ਼ਰ ਰੱਖਣ ਤੋਂ ਕੁਝ ਜਿਆਦਾ ਹੈ; ਇਸ ਤਰ੍ਹਾਂ, ਉਹ ਨਾਗਰਿਕਾਂ ਦੇ ਨਾਮ ਉੱਪਰ ਲਏ ਜਾਣ ਵਾਲੇ ਸਰਕਾਰੀ ਫੈਸਲਿਆਂ ਦੀਆਂ ਨਾਗਰਿਕ ਪ੍ਰਵਾਨਗੀਆਂ ਤੋਂ ਵੀ ਕੁਝ ਵਧੇਰੇ ਹੈ। ਹਾਬਰਮਾਸ ਸਰਕਾਰ ਅਤੇ ਜਨਤਾ ਦੋਵਾਂ ਨੂੰ ਹੀ ਖਿਡਾਰੀ ਅਤੇ ਦਰਸਕ ਦੀ ਭੂਮਿਕਾ ਦਿੰਦਾ ਹੈ। ਨਾਗਰਿਕਾਂ ਦੁਆਰਾ ਲੋਕ-ਖੇਤਰ ਅੰਦਰ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਦੇ ਮਾਧਿਅਮ ਨਾਲ

ਲਗਾਤਾਰ ਚਰਚਾ ਚਲਦੀ ਹੈ, ਜਿਹੜੀ ਇਹ ਸੰਕੇਤ ਕਰਦੀ ਹੈ ਕਿ ਇਕ ਨਿਆਂਪੂਰਨ ਅਤੇ ਸੁਤੰਤਰ ਸਮਾਜ ਨੂੰ ਕਿਵੇਂ ਹਾਸਿਲ ਕੀਤਾ ਅਤੇ ਕਾਇਮ ਰੱਖਿਆ ਜਾਵੇ।

ਇਸ ਪ੍ਰਕਿਰਿਆ ਤੋਂ ਉਪਜੇ ਅਤੇ ਸੋਧੇ ਵਿਚਾਰ ਰਾਜਨੀਤਿਕ ਖੇਤਰ ਤੱਕ ਪਹੁੰਚਦੇ ਹਨ, ਜਿੱਥੇ ਰਾਜਨੀਤਿਕ ਸੰਸਥਾਵਾਂ ਉਨ੍ਹਾਂ ਨੂੰ 'ਸਾਧਾਰਨ-ਉਦੇਸ਼ਾਂ' ਦੇ ਸਾਂਚੇ ਵਿਚ ਢਾਲ ਦਿੰਦੀਆਂ ਹਨ।ਰਾਜਨੀਤਿਕ ਸੰਸਥਾ ਤੱਕ ਵਿਚਾਰਾਂ ਦੇ ਸੰਚਾਰ ਨਾਲ ਤਿੰਨ ਮਹੱਤਵਪੂਰਨ ਉਦੇਸ਼ ਪੂਰੇ ਹੁੰਦੇ ਹਨ।ਇਕ, ਇਹ ਇਕ ਸੰਚਾਰਾਤਮਿਕ ਪ੍ਰਕਿਰਿਆ ਹੈ, ਜਿਹੜੀ ਰਾਜਨੀਤਿਕ ਸੰਸਥਾ ਦੇ ਨਿਰਣਿਆਂ ਨੂੰ ਜਨਤਾ ਦੇ ਵਿਚਾਰਾਂ ਨਾਲ ਸਬੰਧਿਤ ਕਰ ਕੇ ਸਰਕਾਰੀ ਕਾਰਜਾਂ ਨੂੰ ਲੋਕਤੰਤਰਿਕ ਪ੍ਰਮਾਣਿਕਤਾ ਪ੍ਰਦਾਨ ਕਰਦੀ ਹੈ।ਦੋ, ਇਹ ਇਕ ਗਲਤੀਆ ਨੂੰ ਦੂਰ ਕਰਨ ਵਾਲੀ ਪ੍ਰਕਿਰਿਆ ਹੈ, ਜਿਹੜੀ ਵਿਚਾਰਾਂ ਨੂੰ ਸੰਵਾਰ ਕਿ ਕਰ ਕੇ ਉਨ੍ਹਾਂ ਨੂੰ 'ਸਾਧਾਰਨ ਹਿਤ' ਦੇ ਅਨੁਕੂਲ ਬਣਾਉਂਦੀ ਹੈ।ਤੀਜਾ, ਇਹ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ 'ਕਾਨੂੰਨੀ ਰੂਪ' ਦਿੰਦੀ ਹੈ- ਕਾਨੂੰਨ ਜਿਸ ਨੂੰ ਪ੍ਰਸ਼ਾਸ਼ਕੀ ਸੰਸਥਾਵਾਂ ਲਾਗੂ ਕਰਦੀਆਂ ਹਨ ਅਤੇ ਜਿਹੜਾ ਨਾਗਰਿਕਾਂ ਨੂੰ ਅਧਿਕਾਰ, ਕਰਤੱਵ ਅਤੇ ਉਮੀਦਾਂ ਪ੍ਰਦਾਨ ਕਰ ਕੇ ਲੋਕ-ਖੇਤਰ ਅੰਦਰ ਇੱਕ ਨਵੀਂ ਚਰਚਾ ਦਾ ਆਰੰਭ ਕਰਦਾ ਹੈ।

ਇਸ ਤਰ੍ਹਾਂ, ਲੋਕਤੰਤਰ ਦੇ ਉਦਾਰਵਵਾਦੀ ਅਤੇ ਗਣਤੰਤਰਾਤਮਿਕ ਸਿਧਾਂਤਾਂ ਦੇ ਵਿਚਕਾਰ ਦੀ ਖਾਈ ਨੂੰ ਹਾਬਰਮਾਸ ਆਪਣੇ ਚਰਚਾ-ਸਿਧਾਂਤ ਤੋਂ ਵੱਖ ਕਰ ਕੇ ਆਪਣੀ ਵਿਲੱਖਣਤਾ ਦਾ ਸਬੂਤ ਦਿੰਦਾ ਹੈ, ਪਰ, ਲੋਕਤੰਤਰ ਦੇ ਪ੍ਰਤੀ ਉਸ ਦੇ ਆਸ਼ਾਵਾਦੀ ਦ੍ਰਿਸ਼ਟੀਕੋਣ ਨੂੰ ਸਮਝਣ ਦੇ ਲਈ ਸਾਨੂੰ ਉਸ ਦੀ ਪਹਿਲੀ ਮਹੱਤਵਪੂਰਨ ਕ੍ਰਿਤ "The Structural Transformation of the Public Sphere: An Inquiry into a Category of Bourgeois Society" ਵੱਲ ਮੁੜ ਪਰਤਣਾ ਹੋਵੇਗਾ।ਇਸ ਕਿਤਾਬ ਅੰਦਰ ਹਾਬਰਮਾਸ ਅਠਾਰਵੀ ਅਤੇ ਉਨੀਵੀ ਸਦੀ ਅੰਦਰ ਬੁਰਜੂਆ ਦੇ ਉੱਥਾਨ ਨੂੰ ਲੋਕਤੰਤਰ ਦੇ ਜਨਮ ਅਤੇ ਵਿਕਾਸ ਦੇ ਲਈ ਉੱਤਰਦਾਈ ਮੰਨਦਾ ਹੈ।ਇਸ ਸਮੇਂ ਲੋਕਤੰਤਰ ਲੋਕ-ਵਿਵੇਚਨ ਦਾ ਅਹਿਮ ਮੁੱਦਾ ਸੀ ਅਤੇ ਇਸ ਨੂੰ ਰਾਜਨੀਤਕ ਰੁਪ ਵਿਚ ਸਰਗਰਮ ਜਾਂ ਸਹਿਭਾਗੀ ਬੁਰਜੂਆ ਦਾ ਸਮਾਂ ਕਹਿ ਸਕਦੇ ਹਾਂ।ਇਹ ਉਦਾਰਵਾਦੀ ਲੋਕਤੰਤਰ ਦਾ ਕਾਲ ਸੀ।ਇਸ ਕਾਲ ਅੰਦਰ ਲੋਕਤੰਤਰਿਕ ਮੁੱਲਾਂ ਅਤੇ ਪ੍ਰਕਿਰਿਆਵਾਂ, ਨੀਤੀਆਂ ਅਤੇ ਉਮੀਦਾਂ ਦੇ ਉੱਪਰ ਜਨਤਾ ਅੰਦਰ ਖੂਬ ਚਰਚਾਵਾਂ ਅਤੇ ਵਾਦ-ਵਿਵਾਦ ਹੋਏ, ਜਿਹੜੇ ਅੱਗੇ ਚੱਲ ਕਿ ਉਦਯੋਗੀਕਰਨ ਦੀ ਪ੍ਰਕਿਰਿਆ ਅਤੇ ਆਧੁਨਿਕ ਜਟਿਲ ਰਾਜ ਦੇ ਉੱਥਾਨ ਅਤੇ ਬਾਅਦ ਵਿਚ ਦਿਖਾਈ ਨਹੀਂ ਦਿੰਦੇ।ਸ਼ੁਰੂਆਤੀ ਦੌਰ ਦੀਆ ਪਰਿਸਥਿਤੀਆਂ ਹੀ ਲੋਕਤੰਤਰ ਦੀ ਸੰਕਲਪਨਾ ਲਈ ਮਹੱਤਵਪੂਰਨ ਹਨ, ਕਿਉਂਕਿ ਇਸ ਦੌਰਾਨ ਉੱਤਰ ਸ਼੍ਰੇਸ਼ਠ ਵਾਦ-ਵਿਵਾਦਾਂ ਅਤੇ ਵਿਵੇਕਪੂਰਨ ਸਮਝੌਤਿਆਂ ਦੇ ਸੰਸਥਾਤਮਿਕ ਸਰੂਪਾਂ ਦੁਆਰਾ ਲੋਕਸੱਤਾ ਦਾ ਮਨੋਰਥ ਸਥਾਪਿਤ ਹੋਇਆ, ਜਿਹੜਾ ਹਾਬਰਮਾਸ ਦੇ ਚਰਚਾ-ਸਿਧਾਂਤ ਦਾ ਕੇਂਦਰ ਬਿੰਦੂ ਹੈ।

ਪ੍ਰੰਤੂ, ਹਾਬਰਮਾਸ ਲੋਕਤੰਤਰ ਦਾ ਭਵਿੱਖ ਕੇਵਲ ਇਕ ਆਧੁਨਿਕ ਉਦਯੋਗਿਕ ਰਾਜ ਅੰਦਰ ਹੀ ਦੇਖ ਪਾਉਂਦਾ ਹੈ।ਇਸ ਦਾ ਕਾਰਨ ਇਹ ਹੈ ਕਿ ਬੁਰਜੂਆ ਕਾਲ ਅੰਦਰ ਸ਼੍ਰੇਸ਼ਠ ਲੋਕ-ਚਰਚਾ ਅਤੇ ਲੋਕਤੰਤਰਿਕ ਪ੍ਰਕਿਰਿਆ ਉੱਪਰ ਉਸ ਦੇ ਬੌਧਿਕ ਪ੍ਰਭਾਵ ਦੀ ਕਮੀ ਹੋ ਗਈ ਅਤੇ ਸੁਆਰਥੀ ਤੱਤਾਂ ਨੇ ਉੱਪਰਲੇ ਦਰਜੇ ਵਾਲੇ ਲੋਕਾਂ ਤੇ ਸੰਸਥਾਵਾਂ ਉੱਪਰ ਪ੍ਰਭੁਤਵ ਕਾਇਮ ਕਰ ਕੇ ਆਪਣੇ ਹਿਤਾਂ ਦੀ ਪੂਰਤੀ ਹਿਤ ਲੋਕਮੱਤ ਨੂੰ



ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਹਾਬਰਮਾਸ ਮੁਤਾਬਿਕ, "ਸਾਧਾਰਨ ਨਾਗਰਿਕਾਂ ਦੀ ਬੌਧਿਕ ਵਿਚਾਰ-ਚਰਚਾ ਉੱਪਰ ਆਧਾਰਿਤ 'ਲੋਕ-ਚਰਚਾ-ਨੈੱਟਵਰਕ' ਤਬਾਹ ਹੋ ਗਿਆ ਹੈ ਅਤੇ ਉਸ ਤੋਂ ਪੈਦਾ ਹੋਣ ਵਾਲਾ 'ਲੋਕਮੱਤ' ਹੁਣ ਸਵਾਰਥੀ ਤੱਤਾਂ ਦੀ ਗ਼ੈਰ-ਰਸਮੀ ਰਾਏ ਦੇ ਰੂਪ ਵਿਚ ਟੁੱਟ ਕਿ ਕੁਝ ਪ੍ਰਭਾਵਸ਼ਾਲੀ ਪ੍ਰਾਪੇਗੰਡਾ ਸੰਸਥਾਵਾਂ ਦੇ ਰਸਮੀ ਵਿਚਾਰਾਂ ਅੰਦਰ ਸਥਾਪਿਤ ਹੋ ਗਿਆ ਹੈ।" ਹੁਣ ਲੋਕ-ਚਰਚਾ ਅੰਦਰ 'ਲੋਕ' ਦਾ ਅਭਾਵ ਹੋਣ ਗਿਆ ਹੈ ਅਤੇ ਇਕ ਸੀਮਿਤ ਦਾਇਰੇ ਅੰਦਰ ਹੋਣ ਵਾਲੀ ਚਰਚਾ ਨੂੰ ਤਾਕਤਵਰ ਪ੍ਰੈੱਸ ਅਤੇ ਜਨ-ਸੰਚਾਰ ਦੇ ਮਾਧਿਅਮ ਰਾਹੀਂ 'ਲੋਕਮੱਤ' ਦੇ ਰੂਪ ਵਿਚ ਪੇਸ਼ ਕਰ ਦਿੱਤਾ ਜਾਂਦਾ ਹੈ। ਇਸ ਲੋਕਮੱਤ ਨੂੰ 'ਅਰਧ-ਲੋਕਮੱਤ' ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਦੀ ਰਚਨਾ ਪ੍ਰਕਿਰਿਆ ਅੰਦਰ ਗ਼ੈਰ-ਸੰਗਠਿਤ ਜਨਤਾ ਦੀ ਕੋਈ ਹਿੱਸੇਦਾਰੀ ਨਹੀਂ ਹੁੰਦੀ। ਹਾਬਰਮਾਸ ਦੇ ਇਨ੍ਹਾਂ ਵਿਚਾਰਾਂ ਦੀ ਪ੍ਰਤਿਧੁਨੀ ਸਾਨੂੰ ਹਾਰਖੀਮਰ ਤੇ ਅਡੋਰਨੋ (1947) ਸੀ.ਰਾਈਟ ਮਿਲਸ (1956) ਅਤੇ ਵਾਲਟਰ ਲਿਪਮੈਨ (1922) ਆਦਿ ਵਿਦਵਾਨਾਂ ਦੀਆਂ ਰਚਨਾਵਾਂ ਅੰਦਰ ਵੀ ਮਿਲਦੀ ਹੈ। ਇਸ ਤੋਂ ਹਾਬਰਮਾਸ ਦੁਆਰਾ ਲੋਕਤੰਤਰ ਦੇ ਵਿਵਹਾਰਿਕ ਸਰੂਪ ਦੇ ਪ੍ਰਤੀ ਪ੍ਰਗਟ ਸ਼ੰਕਾਵਾਂ ਨੂੰ ਬਲ ਮਿਲਦਾ ਹੈ।

ਹਾਬਰਮਾਸ ਦੇ "The Structural Transformation of the Public Sphere" ਨਾਲ "Between Facts and Norms" ਨੂੰ ਕਿਵੇਂ ਜੋੜਿਆ ਜਾਵੇ? ਕੇਲਨਰ ਨੂੰ ਇਸ ਅੰਦਰ ਸਿਧਾਂਤਕ ਪੱਧਰ 'ਤੇ ਨਿਰੰਤਰਤਾ ਅਤੇ ਪਰਿਵਰਤਨ ਦੋਵੇਂ ਦਿਖਾਈ ਦਿੰਦੇ ਹਨ। ਉਸ ਅਨੁਸਾਰ, ਪਹਿਲੀ ਰਚਨਾ 'ਫ੍ਰੈਂਕਫਰਟ ਸਕੂਲ ਮਾਡਲ' ਉੱਪਰ ਆਧਰਿਤ ਹੈ, ਜਿਹੜੀ ਉਨੀਵੀਂ ਸਦੀ ਦੇ ਪੂੰਜੀਵਾਦ ਅਤੇ ਉਦਾਰਵਾਦੀ ਲੋਕਤੰਤਰ ਨੂੰ ਵੀਹਵੀਂ ਸਦੀ ਦੇ ਰਾਜ ਅਤੇ ਏਕਾਧਿਕਾਰਵਾਦੀ ਪੂੰਜੀਵਾਦ ਅੰਦਰ ਗਰਕ ਹੁੰਦੇ ਦੇਖਦੀ ਹੈ, ਜਿਸ ਰਾਹੀਂ 1930 ਦੇ ਦਹਾਕੇ ਵਿਚ ਯੂਰਪ ਅੰਦਰ ਫ਼ਾਸ਼ੀਵਾਦ ਅਤੇ 'ਨਿਊ ਡੀਲ' ਦੇ ਲੋਕ ਕਲਿਆਣਕਾਰੀ ਉਦਾਰਵਾਦ

ਦਾ ਜਨਮ ਹੋਇਆ। ਇਸੇ ਸਮੇਂ, ਸਮਾਜਵਾਦ ਦੇ ਸਟਾਲਿਨਵਾਦ ਅੰਦਰ ਰੂਪਾਂਤਰਨ ਤੋਂ ਵੀ ਫ੍ਰੈਂਕਫਰਟ ਸਕੂਲ ਵਿਆਕਤੀ ਦੀ ਸਮਾਜ ਤੇ ਲੋਕਤੰਤਰ ਵਿਚ ਸਥਿਤੀ ਨੂੰ ਲੈ ਕਿ ਨਿਰਾਸ਼ਾਵਾਦੀ ਹੋ ਗਿਆ। ਆਪਣੇ ਅਸਤਿਤਵ ਨੂੰ ਕਾਇਮ ਰੱਖਣ ਦੇ ਲਈ ਵਿਅਕਤੀ ਖੁਦ ਨੂੰ 'ਵਿਵਸਥਾ' ਦੇ ਮੁਤਾਬਿਕ ਢਾਲਣ ਲਈ ਮਜਬੂਰ ਹੋ ਗਿਆ। ਕੇਲਨਰ ਤੇ ਮੈਕਾਰਥੀ ਦੇ ਮੁਤਾਬਿਕ ਫ੍ਰੈਂਕਫਰਟ ਸਕੂਲ ਨਾ ਤਾਂ ਲੋਕਤੰਤਰ ਦੀ ਕਮਜੋਰੀ ਦਾ ਸਪਸਟੀਕਰਨ ਦੇ ਪਾ ਰਿਹਾ ਸੀ ਅਤੇ ਨਾ ਹੀ ਇਸ ਦੇ ਅੱਗੇ ਵਿਕਾਸ ਦੇ ਲਈ ਕਿਸੇ ਨਵੇਂ ਸਿਧਾਂਤ ਦਾ ਨਿਰੂਪਣ ਕਰ ਪਾ ਰਿਹਾ ਸੀ। ਹਾਬਰਮਾਸ ਨੇ ਇਸ ਘੁਟਨ ਨੂੰ ਤੋੜ ਕਿ ਆਪਣੀ ਰਚਨਾ "The Theory of Communicative Action" (1981) ਅੰਦਰ ਇੱਕ ਨਵਾਂ 'ਪ੍ਰਤਿਮਾਨ' ਸਥਾਪਿਤ ਕੀਤਾ।

ਮੈਕਾਰਥੀ ਦੇ ਅਨੁਸਾਰ ਇਹ ਕਿਤਾਬ ਦੀਆਂ ਤਿੰਨ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ। ਪਹਿਲੀ, ਇਹ ਆਧੁਨਿਕ ਦਰਸ਼ਨ ਅਤੇ ਸਮਾਜਿਕ ਸਿਧਾਂਤਾਂ ਦੇ ਵਿਆਕਤੀਗਤ ਤੇ ਆਤਮ-ਨਿਸ਼ਠ ਸੰਕਲਪਨਾਵਾਂ ਨਾਲ ਅਲੱਗ-ਥਲੱਗ ਬੌਧਿਕਤਾ ਦਾ ਨਿਰਮਾਣ ਕਰਦੀ ਹੈ; ਦੂਜੀ, ਇਹ ਸਮਾਜ ਦੇ ਦੋ-ਆਯਾਮੀ ਸਰੂਪ ਦਾ ਵਰਨਣ ਕਰਦੀ ਹੈ, ਜਿਹੜਾ 'ਸੰਸਾਰਿਕ' ਨੂੰ 'ਵਿਵਸਥਾ-ਪ੍ਰਤਿਮਾਨ' ਨਾਲ ਸਬੰਧਿਤ ਕਰਦਾ ਹੈ; ਤੀਜੀ, ਇਹ ਆਧੁਨਿਕਤਾ ਦੇ 'ਕ੍ਰਿਟੀਕਲ ਸਿਧਾਂਤ' (Critcal Theory) ਦਾ ਨਿਰੂਪਣ ਕਰਦੀ ਹੈ। ਜਿਹੜਾ ਇਸ ਦੀਆਂ ਖ਼ਰਾਬੀਆਂ ਸਪਸਟੀਕਰਨ ਦਿੰਦਾ ਹੈ, ਜਿਸ ਸਦਕਾ ਇਸ ਨੂੰ ਤਿਆਗਣ ਦੀ ਬਜਾਏ ਇਸ ਦੀ ਦਿਸ਼ਾ ਨੂੰ ਠੀਕ ਕੀਤਾ ਜਾ ਸਕੇ।

ਇਸ ਨਵੀਂ ਪ੍ਰਵਿਰਤੀ ਦੇ ਅਧੀਨ ਵਿਆਕਤੀ ਨੂੰ ਸਮਾਜ ਤੋਂ ਹਟ ਕਿ ਨਹੀਂ ਦੇਖਿਆ ਜਾ ਸਕਦਾ। ਵਿਆਕਤੀ ਦੇ ਦੋ ਸਰੂਪ ਹਨ: ਉਹ ਆਪਣੀ 'ਖੁਦਮੁਖਤਿਆਰ ਪਛਾਣ' ਅਤੇ ਵਿਭਿੰਨ ਵਿਆਕਤੀਆਂ ਦੇ ਨਾਲ ਰਹਿੰਦੇ ਹੋਏ ਇੱਕ 'ਵਿਸ਼ਵਵਿਆਪੀ ਪਛਾਣ' ਵੀ ਹੈ। ਹਾਬਰਮਾਸ ਦੇ ਮੁਤਾਬਿਕ ਸਮਾਜ ਅੰਦਰ ਇੱਕ ਵਿਆਕਤੀ ਹੋਰਨਾਂ ਵਿਆਕਤੀਆਂ ਦੇ ਨਾਲ ਬਰਾਬਰ ਕਿਰਿਆ-ਪ੍ਰਤੀਕਿਰਿਆ ਕਰਦਾ ਰਹਿੰਦਾ ਹੈ- ਜਿਸ ਨੂੰ ਅਸੀਂ 'ਸੰਚਾਰਤਾ' ਆਖ ਸਕਦੇ ਹਾਂ। ਇਸ ਤੋਂ ਉਪਜੇ ਸਮਾਜਿਕ ਚਰਚਾ ਅਤੇ ਸਮਝੌਤੇ ਉੱਪਰ ਆਧਾਰਿਤ ਸਮੂਹਿਕ ਯਤਨਾਂ ਰਾਹੀਂ ਮਨੁੱਖੀ ਸਮਾਜ ਵਿਕਾਸ ਕਰਦਾ ਹੈ।

ਸੰਚਾਰਤਾ ਉੱਪਰ ਆਧਾਰਿਤ ਚਰਚਾ ਵਿਆਕਤੀ ਦੇ ਦੋਵਾਂ ਸਰੂਪਾਂ 'ਖੁਦਮੁਖਤਿਆਰ ਅਤੇ ਸਰਵ-ਵਿਆਪੀ'- ਨਾਲ ਕਿਰਿਆ-ਪ੍ਰਤੀਕਿਰਿਆ ਕਰਦਾ ਹੈ। ਇਸ ਦਾ ਇੱਕ ਅੰਦਰੂਨੀ ਅਤੇ ਦੂਜਾ ਬਾਹਰੀ ਆਯਾਮ ਹੁੰਦਾ ਹੈ। ਜਦੋਂ ਦੋ ਪੱਖ ਚਰਚਾ ਕਰ ਰਹੇ ਹੁੰਦੇ ਹਨ ਤਾਂ ਉਹ ਇੱਕ-ਦੂਜੇ ਦੀਆਂ ਵਿਆਖਿਆਵਾਂ ਨਾਲ ਤਾਲਮੇਲ ਕਰ ਕੇ 'ਮੇਰੇ' ਅਤੇ 'ਤੇਰੇ' ਤੋਂ ਅੱਗੇ ਵਧਦੇ ਹੋਏ 'ਆਪਣੇ' ਵਿਚਾਰ ਸੰਸਾਰ ਦਾ ਨਿਰਮਾਣ ਕਰਦੇ ਹਨ।

ਹਾਬਰਮਾਸ ਦੇ ਸਿਧਾਂਤ ਦਾ ਦੂਜਾ ਨਿਰੂਪਣ ਸਮਾਜ ਨੂੰ ਦੋ-ਆਯਾਮੀ ਸਰੂਪ ਪ੍ਰਦਾਨ ਕਰਦਾ ਹੈ। ਇਸ ਦਾ ਇੱਕ ਆਯਾਮ 'ਵਿਆਪਕ' ਅਤੇ ਦੂਜਾ 'ਵਿਵਸਥਾ-ਮੂਲਕ' ਹੈ। 'ਵਿਆਪਕ' ਆਯਾਮ ਦੇ ਅਧੀਨ ਸੰਸਾਰਿਕ ਪੱਖ ਹੈ, ਜਿਸ ਅੰਦਰ ਸੰਚਾਰ ਦੁਆਰਾ ਸਮਾਜਿਕ ਅੰਤਰ ਕਿਰਿਆ, ਚਰਚਾ ਜਾਂ ਏਕੀਕ੍ਰਿਤ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ, ਜਿਹੜੀਆਂ ਸਮਾਜਿਕ ਏਕਤਾ ਅਤੇ ਪੁਨਰ ਉਤਪਾਦਨ ਨੂੰ ਜਨਮ ਦਿੰਦੇ ਹਨ। ਦੂਜੇ ਪਾਸੇ 'ਵਿਵਸਥਾ-ਮੂਲਕ' ਆਯਾਮ ਹੈ, ਜਿਹੜਾ ਪੂਰੀ ਸਮਾਜਿਕ ਵਿਵਸਥਾ,

ਭੌਤਿਕ ਉਤਪਾਦਨ, ਸਰਕਾਰ ਅਤੇ ਵਿੱਤੀ ਸੰਸਥਾਵਾਂ ਨੂੰ ਜਨਮ ਦਿੰਦਾ ਹੈ।

ਉਸ ਦੇ ਸਿਧਾਂਤ ਦਾ ਤੀਜਾ ਪੱਖ ਆਧੁਨਿਕਤਾ ਦੀਆਂ ਬੇਤਰਤੀਬੀਆਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਜਿੱਥੇ 'ਵਿਵਸਥਾ' ਸਮਾਜਿਕ ਜੀਵਨ ਅੰਦਰ ਜਿਆਦਾ ਦਖਲ ਕਰਨ ਲਗਦੀ ਹੈ, ਉੱਥੇ ਹੀ ਬੇਤਰਤੀਬਤਾ ਪੈਦਾ ਹੋਣ ਲਗਦੀ ਹੈ। ਲੋਕਤੰਤਰ ਦੇ ਦ੍ਰਿਸ਼ਟੀਕੋਣ ਤੋਂ ਸੰਸਾਰਿਕ-ਮੁੱਲ ਇਹ ਤੈਅ ਕਰਦੇ ਹਨ ਕਿ ਵਿਵਸਥਾ ਅੰਦਰ ਵੱਧ ਤੋਂ ਵੱਧ ਕੀ ਉਮੀਦ ਕੀਤੀ ਜਾ ਸਕਦੀ ਹੈ, ਪਰ, ਜਦੋਂ ਖੁਦ ਵਿਵਸਥਾ ਆਪਣੀ ਪਹਿਲ 'ਤੇ ਨਵੇਂ-ਨਵੇਂ ਮੁੱਲਾਂ ਨੂੰ ਸਮਾਜ ਅੰਦਰ ਥੋਪਣ ਲਗਦੀ ਹੈ ਤਾਂ ਨਵੀਆਂ-ਨਵੀਆਂ ਬੇਤਰਤੀਬੀਆਂ ਪੈਦਾ ਹੋਣ ਲਗਦੀਆਂ ਹਨ। ਇਹ ਵਿਨਾਸ਼ਕਾਰੀ ਪ੍ਰਵਿਰਤੀ ਹੈ, ਜਿਹੜੀ ਜੀਵਨ-ਸੰਸਾਰ ਨੂੰ ਸਿਸਟਮ ਜਾਂ ਵਿਵਸਥਾ ਦਾ ਉਪਨਿਵੇਸ਼ ਬਣਾ ਦਿੰਦੀ ਹੈ। ਇਸ ਤਰ੍ਹਾਂ, ਲੋਕਤੰਤਰਿਕ ਸਿਧਾਂਤ ਦੇ ਅਧੀਨ ਹੀ ਹਾਬਰਮਾਸ ਬੇਤਰਤੀਬੀਆਂ ਦਾ ਸਪਸਟੀਕਰਨ ਪ੍ਰਦਾਨ ਕਰਦਾ ਹੈ।

ਇਸ ਬਿੰਦੂ 'ਤੇ ਹੀ ਹਾਬਰਮਾਸ ਦੀ ਪੁਰਾਣੀ ਅਤੇ ਨਵੀਂ ਰਚਨਾ ਦੀ ਤੁਲਨਾ ਕਰ ਕੇ ਦੇਖਿਆ ਜਾ ਸਕਦਾ ਹੈ ਕਿ ਕੀ ਪੁਰਾਣੇ ਅਤੇ ਨਵੇਂ ਹਾਬਰਮਾਸ ਦੇ ਲੋਕਤੰਤਰ ਦੇ ਪ੍ਰਤੀ ਦਿਸ਼੍ਟੀਕੋਣਾਂ ਅੰਦਰ ਕੋਈ ਸੁਮੇਲ ਕੀਤਾ ਜਾ ਸਕਦਾ ਹੈ। ਕੇਲਨਰ ਇਸ ਨੂੰ ਵੈਸੇ ਵੀ ਨਿਰੰਤਰਤਾ ਅਤੇ ਪਰਿਵਰਤਨ ਦੇ ਰੂਪ ਵਿਚ ਦੇਖਦਾ ਹੈ। ਹਾਬਰਮਾਸ ਫ੍ਰੈਂਕਫਰਟ ਸਕੂਲ ਦੀ ਸੀਮਾ ਤੋਂ ਬਾਹਰ ਆ ਕਿ ਇਹ ਦੱਸਣ ਦੀ ਕੋਸ਼ਿਸ ਕਰਦਾ ਹੈ ਕਿ ਲੋਕਤੰਤਰ ਨੂੰ ਕੇਂਦਰ ਵਿਚ ਰੱਖ ਕਿ ਇੱਕ ਨਵੇਂ ਰਾਜਨੀਤਿਕ ਸਿਧਾਂਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਪਰ, ਅਜਿਹਾ ਕਰਨ ਵਿਚ ਹਾਬਰਮਾਸ 'ਬੇਤਰਤੀਬੇ ਲੋਕਤੰਤਰੀ ਨਿਰਾਰਥਕਤਾ' ਤੋਂ 'ਵਿਸੰਗਤੀਪੂਰਨ ਲੋਕਤੰਤਰ' ਤੱਕ ਲੈ ਜਾਂਦਾ ਹੈ, ਪਰ, ਉਹ 'ਵਿਸੰਗਤੀ ਰਹਿਤ-ਲੋਕਤੰਤਰ' ਤੱਕ ਫਿਰ ਵੀ ਨਹੀਂ ਪਹੁੰਚਦਾ ਅਰਥਾਤ, ਅਸੀਂ ਹਾਬਰਮਾਸ ਨੂੰ "The Structural Transformation of the Public Sphere" ਤੋਂ "The Theory of Communicative Action" ਤੱਕ ਜਾਂਦੇ ਦੇਖਦੇ ਹਾਂ, ਪਰ, "The Theory of Communicative Action" ਤੋਂ "Between Facts and Norms: Contributions to a Discourse Theory of Law and Democracy" ਤੱਕ ਜਾਂਦੇ ਨਹੀਂ ਦੇਖ ਪਾਉਂਦੇ।

ਇਹ ਕੋਈ ਸਾਧਾਰਨ ਸਮੱਸਿਆ ਨਹੀਂ ਹੈ। "Between Facts and Norms: Contributions to a Discourse Theory of Law and Democracy" ਅੰਦਰ ਵਰਣਿਤ ਲੋਕਤੰਤਰਿਕ ਸਿਧਾਂਤ ਉਸ ਨੀਂਹ ਉੱਪਰ ਆਧਾਰਿਤ ਹੈ, ਜਿਹੜੀ ਜੀਵਨ ਸੰਸਾਰ ਦੇ ਖੁਦਮੁਖਤਿਆਰ ਸਰੂਪ ਨੂੰ ਸਵੀਕਾਰ ਕਰ ਕੇ ਚਲਦੀ ਹੈ- ਉਹ ਸਰੂਪ ਜਿੱਥੇ ਨਾਗਰਿਕਾਂ ਦੇ ਵਿਆਪਕ ਅੰਤਰ-ਸੰਬੰਧ ਸਰਕਾਰੀ ਆਦੇਸ਼ਾਂ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੇ ਹਨ। ਅਜਿਹੀ ਖੁਦਮੁਖਤਿਆਰ ਸਮਾਜਿਕ ਵਿਵਸਥਾ ਦੇ ਬਿਨਾਂ ਹਾਬਰਮਾਸ ਦਾ ਲੋਕਤੰਤਰ ਤਾਸ਼ ਦੇ ਪੱਤਿਆਂ ਵਾਂਗ ਬਿਖਰ ਜਾਏਗਾ। ਪੁਰਾਣੇ ਹਾਬਰਮਾਸ ਨੂੰ ਇਸ ਦਾ ਪਤਾ ਸੀ, ਪਰ ਕੀ ਨਵੇਂ ਹਾਬਰਮਾਸ ਨੂੰ ਵੀ ਇਸ ਦਾ ਕੁੱਝ ਅਹਿਸਾਸ ਸੀ?

ਹਾਬਰਮਾਸ ਸਮਾਜਿਕ ਚਰਚਾ ਅੰਦਰ ਭ੍ਰਿਸ਼ਟਾਚਾਰ ਦੀ ਸੰਭਾਵਨਾ ਅਤੇ ਉਸ ਦੇ ਨਤੀਜਿਆਂ ਤੋਂ ਪਹਿਲਾਂ ਹੀ ਚਿੰਤਿਤ ਸੀ। ਉਸ ਨੇ ਇੱਕ ਲੇਖ "Towards a theory of Communicative Competence" (1970) ਅੰਦਰ ਸਮਾਜਿਕ-ਚਰਚਾ ਵਿਚ ਸ਼ਾਮਿਲ ਲੋਕਾਂ ਦੇ 'ਪੂਰਨ-ਸਮਾਨਤਾ' ਦੀ

ਪਰਿਲਕਪਨਾ ਕੀਤੀ ਸੀ। ਅਜਿਹਾ ਨਾ ਹੋਣ 'ਤੇ ਚਰਚਾ ਅੰਦਰ ਸਾਰਿਆਂ ਦਾ ਸਮਾਨ ਯੋਗਦਾਨ ਨਹੀਂ ਰਹਿ ਸਕੇਗਾ। ਇਸ ਤਰ੍ਹਾਂ, ਹਾਬਰਮਾਸ ਜੀਵਨ ਸੰਸਾਰ (ਸਮਾਜ) ਤੇ ਸਿਸਟਮ (ਵਿਵਸਥਾ) ਦੇ ਦਰਮਿਆਨ ਸਹੀ ਚਰਚਾ ਦੇ ਲਈ ਦੋਵਾਂ ਨੂੰ ਬਰਾਬਰ ਦੀ ਭੂਮਿਕਾ ਦੇਣਾ ਚਾਹੁੰਦਾ ਹੈ, ਪਰ, ਜੇਕਰ ਸਿਸਟਮ, ਸਮਾਜ ਨੂੰ ਅਪਣੀ ਬਸਤੀ ਬਣਾ ਲਵੇਗਾ ਤਾਂ ਦੋਵਾਂ ਦੇ ਵਿਚਕਾਰ 'ਪੂਰਨ-ਸਮਾਨਤਾ' ਤਾਂ ਨਸ਼ਟ ਹੋ ਜਾਵੇਗੀ ਅਤੇ ਚਰਚਾ ਅੰਦਰ 'ਵਿਵਸਥਾ' 'ਸਮਾਜ' ਉੱਪਰ ਹਾਵੀ ਹੋ ਕਿ ਲੋਕਤੰਤਰ ਨੂੰ ਪ੍ਰਦੂਸ਼ਿਤ ਕਰੇਗੀ।

ਇੱਥੇ ਹਾਬਰਮਾਸ ਜਰਮਨ ਭਾਸ਼ਾ ਦੇ ਸ਼ਬਦ 'ਰਿਫਲੈਕਸ਼ਨ' ਦੇ ਭਿੰਨ-ਭਿੰਨ ਅਰਥਾਂ ਅੰਦਰ ਪ੍ਰਯੋਗ ਅਤੇ ਉਸ ਤੋਂ ਉਤਪੰਨ ਭਰਮ ਦੀ ਸਥਿਤੀ ਉੱਪਰ ਵੀ ਧਿਆਨ ਆਕਰਸ਼ਿਤ ਕਰਦਾ ਹੈ। ਸਾਡੇ ਲਈ 'ਰਿਫਲੈਕਸ਼ਨ' ਇੱਕ ਅਜਿਹੇ 'ਆਲੋਚਨਾਤਮਿਕ ਦ੍ਰਿਸ਼ਟੀਕੋਣ' ਵਰਗਾ ਹੈ, ਜਿਹੜਾ ਇਸ ਗੱਲ ਉੱਪਰ ਚਿੰਤਨ ਕਰਦਾ ਹੈ ਕਿ ਆਤਮ-ਨਿਰਮਾਣ ਅੰਦਰ ਕਿਵੇਂ ਕੋਈ ਅਣਚਾਹਿਆ ਉਪਜਿਆ ਕਾਰਕ ਨਾਕਾਰਤਮਿਕ ਪ੍ਰਭਾਵ ਪੈਦਾ ਕਰ ਦਿੰਦਾ ਹੈ। ਇਹ ਸਾਨੂੰ ਭਰਮਾਤਮਿਕ ਚੇਤਨਾ ਦੀ ਸਥਿਤੀ ਤੋਂ ਉਭਾਰਦਾ ਹੈ, ਪਰ, ਹਾਬਰਮਾਸ 'ਰਿਫਲੈਕਸ਼ਨ' ਨੂੰ ਦੂਜੇ ਅਰਥ ਵਿਚ ਪ੍ਰਯੋਗ ਕਰਦਾ ਹੈ। ਉਸ ਮੁਤਾਬਿਕ ਵਿਆਪਕ ਸਮਾਜ ਅੰਦਰ ਵਿਚਾਰਕ ਆਦਾਨ-ਪ੍ਰਦਾਨ ਅੰਦਰ 'ਰਿਫਲੈਕਸ਼ਨ' ਦੀ ਮਹੱਤਵਪੂਰਨ (ਰੂਪਾਂਤਰਨਕਾਰੀ) ਭੂਮਿਕਾ ਹੈ। ਇਹ ਵਿਆਕਤੀਆਂ ਨੂੰ ਆਪਣੀ ਵਿਅਕਤੀਗਤ ਸੰਕਲਪਨਾਵਾਂ ਤੋਂ ਉੱਪਰ ਉਠਾ ਕਿ ਚਰਚਾ ਦੇ ਮਾਧਿਅਮ ਨਾਲ ਚੀਜਾਂ ਨੂੰ ਇੱਕ ਨਵੇਂ ਰੂਪ ਵਿਚ ਦੇਖਣ ਦਾ ਮੌਕਾ ਦਿੰਦਾ ਹੈ, ਪਰ, 'ਵਿਵਸਥਾ' ਦੁਆਰਾ ਸਮਾਜ ਨੂੰ 'ਬਸਤੀ' ਬਣਾਉਣ ਨਾਲ ਸਾਡੇ ਦ੍ਰਿਸ਼ਟੀਕੋਣ ਅੰਦਰ ਦੋ ਪੱਧਰਾਂ 'ਤੇ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਪਹਿਲਾ, ਵਿਵਸਥਾ ਦੁਆਰਾ ਥੋਪੇ ਨਵੇਂ ਮੁੱਲ ਸਮਾਜ ਅੰਦਰ ਇੱਕ ਭਰਮਾਤਮਿਕ ਚੇਤਨਾ ਦਾ ਨਿਰਮਾਣ ਕਰ ਸਕਦੇ ਹਨ ਅਤੇ ਜਦੋਂ ਲੋਕਾਂ ਨੂੰ ਲੱਗੇ ਕਿ ਵਿਚਾਰ ਅਤੇ ਨਿਰਮਾਣ ਕਰਨ ਵਿਚ ਉਹ ਸੁਤੰਤਰ ਹਨ, ਉਦੋਂ ਵਾਸਤਵ ਵਿਚ ਉਹ ਕਿਸੇ ਬਾਹਰੀ ਏਜੰਸੀ ਦੁਆਰਾ ਨਿਯਮਿਤ ਵਿਵਹਾਰ ਕਰ ਰਹੇ ਹੁੰਦੇ ਹਨ। ਦੂਜਾ, ਸਮਾਜ ਨੂੰ ਬਸਤੀ ਬਣਾਉਣ ਦੀ ਪ੍ਰਕਿਰਿਆ ਏਨੀ ਤੀਬਰ ਹੋ ਸਕਦੀ ਹੈ ਕਿ ਸਮਾਜ ਵਿਚ ਚਰਚਾ ਦਾ ਮਨੋਰਥ ਹੀ ਖਤਮ ਹੋ ਸਕਦਾ ਹੈ। ਇਸ ਬਿੰਦੂ ਉੱਪਰ ਅੱਗੇ ਲੋਕਤੰਤਰ ਅੰਦਰ ਨਿਗਮਾਂ ਦੇ ਵਧਦੇ ਪ੍ਰਭਾਵ ਦੇ ਸੰਦਰਭ ਵਿਚ ਚਰਚਾ ਕੀਤੀ ਜਾਵੇਗੀ।

ਹਾਬਰਮਾਸ "Between Facts and Norms" ਅੰਦਰ ਲੋਕਤੰਤਰ ਦੀਆਂ ਬੇਤਰਤੀਬੀਆਂ ਉੱਪਰ ਚਰਚਾ ਕਰਦਾ ਹੈ। ਰਾਜਨੀਤਿਕ ਵਿਵਸਥਾ ਸਮਾਜਿਕ ਏਕਤਾ ਦੀ ਰੱਖਿਅਕ ਨਹੀਂ ਰਹਿ ਸਕਦੀ, ਜੇਕਰ ਉਸਦੇ ਨਿਰਨੈ ਕਾਨੂੰਨ ਅਨੁਸਾਰੀ ਨਾ ਹੋਵੇ। ਸੰਵਿਧਾਨਿਕ ਸ਼ਕਤੀ ਬੇਕਾਰ ਹੋ ਜਾਵੇਗੀ, ਜੇਕਰ ਪ੍ਰਸ਼ਾਸਕੀ ਨਿਰਣੇ ਜਨਤਾ ਮੁਤਾਬਿਕ ਨਾ ਹੋਣ ਅਤੇ ਸਮਾਜ ਅੰਦਰ ਕਾਰਜਸ਼ੀਲਲ ਵੱਡੇ ਸੰਗਠਨ (ਜਿਵੇਂ ਜਨ-ਸੰਚਾਰ ਸੰਸਥਾਵਾਂ) ਗ਼ੈਰ-ਕਾਨੂੰਨੀ ਸ਼ਕਤੀ-ਕੇਂਦਰ ਬਣ ਜਾਣ। ਜਨ-ਸੰਚਾਰ ਸੰਸਥਾਵਾਂ ਆਮ ਤੌਰ ਤੇ ਇਸ ਤਰ੍ਹਾਂ ਕਾਰਜ ਕਰਦੀਆਂ ਹਨ ਕਿ ਲੋਕ-ਚਰਚਾ ਦਾ ਜਿਵੇਂ ਗ਼ੈਰ-ਰਾਜਨੀਤਿਕਰਨ ਹੋ ਜਾਂਦਾ ਹੈ। ਫਿਰ ਵੀ ਹਾਬਰਮਾਸ ਮੰਨਦਾ ਹੈ ਕਿ ਕੁਝ ਹਾਲਾਤਾਂ ਅੰਦਰ ਨਾਗਰਿਕ ਸਮਾਜ ਲੋਕ-ਖੇਤਰ ਅੰਦਰ ਅਪਣਾ ਪ੍ਰਭਾਵ ਜਮਾ ਸਕਦਾ ਹੈ, ਲੋਕਮੱਤ ਦੇ ਦੁਆਰਾ ਸਰਕਾਰੀ ਸੰਸਥਾਵਾਂ ਦੇ ਨਿਰਣਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਰਾਜਨੀਤਕ ਵਿਵਸਥਾ ਨੂੰ ਮਜਬੂਰ ਕਰ ਸਕਦਾ ਹੈ ਕਿ ਉਹ ਕਾਨੂੰਨੀ ਫੈਸਲੇ ਹੀ ਕਰੇ। 'ਕੁੱਝ ਪਰਿਸਥਿਤੀਆਂ ਅੰਦਰ' ਦਾ

ਪ੍ਰਯੋਗ ਹਾਬਰਮਾਸ ਦੇ ਲੋਕਤੰਤਰ ਦੇ ਪ੍ਰਤੀ ਆਸ਼ਾਵਾਦ ਦੀ ਨੀਂਹ ਹੈ, ਪਰ ਕਿਉਂ ਹਾਬਰਮਾਸ ਹੁਣ ਆਸ਼ਾਵਾਦੀ ਬਣ ਗਿਆ ਸੀ?

ਇਸ ਦਾ ਕਾਰਨ ਇਹ ਹੈ ਕਿ ਹਾਬਰਮਾਸ ਨੇ 'ਨਾਗਰਿਕ ਸਮਾਜ' ਅੰਦਰ ਇਕ ਨਵਾਂ ਅਰਥ, ਦਿਸ਼ਾ ਅਤੇ ਮਜਬੂਤੀ ਦੇਖੀ। ਇਹ ਨਾਗਰਿਕ ਸਮਾਜ ਹੀਗਲ ਦੇ 'ਜਰੂਰਤਾਂ ਦੀ ਵਿਵਸਥਾ' ਮਾਤਰ ਨਹੀਂ ਹੈ, ਸਗੋਂ ਨਵੇਂ-ਨਵੇਂ ਸੰਘਾਂ, ਸੰਗਠਨਾਂ ਅਤੇ ਅੰਦੋਲਨਾਂ ਦਾ ਸਮੂਹ ਹੈ, ਜਿਹੜਾ ਵਿਆਕਤੀਗਤ ਖੇਤਰ ਦੀਆਂ ਸਮੱਸਿਆਵਾਂ ਨੂੰ ਸੁਧਾਰਦਾ ਜਾਂ ਵਿਸ਼ਾਲ ਰੂਪ ਵਿਚ ਲੋਕ-ਖੇਤਰ ਅੰਦਰ ਪ੍ਰਗਟ ਕਰਦਾ ਹੈ। ਇਸ ਰੂਪ ਵਿਚ ਨਾਗਰਿਕ ਸਮਾਜ ਦੇ ਕੋਲ ਜਰੂਰੀ ਸੰਚਾਰ ਸ਼ਕਤੀ ਤੇ ਸਮਰੱਥਾ ਹੁੰਦੀ ਹੈ, ਜਿਸ ਰਾਹੀਂ ਉਹ ਸਮਾਜ ਅੰਦਰ ਬਾਹਰੀ ਕਾਰਕਾਂ ਦੇ ਦਖਲ ਤੇ ਪ੍ਰਧਾਨਤਾ ਨੂੰ ਪ੍ਰਭਾਵੀ ਢੰਗ ਨਾਲ ਅਪ੍ਰਭਾਵੀ ਕਰ ਸਕੇ।

ਤਾਕਤਵਰ ਮੀਡੀਆ ਦਾ ਸਹਾਰਾ ਲੈ ਕਿ ਜਨਤਾ ਨੂੰ ਵਰਗਲਾਉਣਾ ਹੁਣ ਏਨਾ ਆਸਾਨ ਨਹੀਂ। ਅੱਜ ਦਾ ਨਾਗਰਿਕ/ਉਪਭੋਗਤਾ ਮੀਡੀਆ ਸਰਗਰਮੀਆਂ ਨੂੰ ਚੁੱਪ-ਚਾਪ ਸਵੀਕਾਰ ਨਹੀਂ ਕਰਦਾ, ਸਗੋਂ ਉਹ ਉਨ੍ਹਾਂ ਸਰਗਰਮੀਆਂ ਬਾਰੇ ਆਪਸ ਵਿਚ ਵਿਚਾਰਾਂ ਜਾਂ ਆਲੋਚਨਾਵਾਂ ਦਾ ਵੀ ਆਦਾਨ-ਪ੍ਰਦਾਨ ਕਰਦਾ ਹੈ ਅਤੇ ਫਿਰ ਉਨ੍ਹਾਂ ਬਾਰੇ ਕੋਈ ਰਾਏ ਬਣਾਉਂਦਾ ਹੈ।

ਹਾਬਰਮਾਸ ਇਹ ਵੀ ਕਹਿੰਦਾ ਹੈ ਕਿ ਕੁਝ ਵਿਸ਼ੇਸ਼ ਪਰਿਸਥਿਤੀਆਂ ਅੰਦਰ ਮੀਡੀਆ ਖੁਦ ਆਪਣੇ ਆਦਰਸ਼ਾਂ ਉੱਪਰ ਚਲਦੇ ਹੋਏ ਰਾਜਨੀਤਿਕ ਪ੍ਰਕਿਰਿਆ ਅੰਦਰ ਜਨਤਾ ਦੇ ਪੱਖ ਵਿਚ ਖੜ੍ਹਾ ਹੋ ਸਕਦਾ ਹੈ, ਪਰ, ਜੇਕਰ ਨਾਗਰਿਕ ਸਮਾਜ ਦਾ ਏਜੰਡਾ ਹੀ ਕਿਸੇ ਕਾਰਪੋਰੇਟ ਸਮੂਹ ਦੁਆਰਾ ਪੂਰਵ-ਨਿਰਧਾਰਿਤ ਹੋਵੇ ਫਿਰ ਲੋਕਤੰਤਰਿਕ ਸਿਧਾਂਤ ਦਾ ਕੀ ਹੋਵੇਗਾ? ਕੁਝ ਵਿਸ਼ੇਸ਼ ਪਰਿਸਥਿਤੀਆਂ ਅੰਦਰ, ਹਾਬਰਮਾਸ ਦੇ ਮੁਤਾਬਿਕ, ਨਾਗਰਿਕ ਖੁਦ ਕਾਫੀ ਸਰਗਰਮੀ ਦਿਖਾ ਸਕਦੇ ਹਨ, ਪਰ, ਸਾਧਾਰਨ ਹਾਲਾਤਾਂ ਵਿਚ ਕੀ ਹੋਵੇਗਾ? ਇਸ ਤੋਂ ਇਲਾਵਾ, ਨਾਗਰਿਕ ਸਮਾਜ ਦੇ ਏਜੰਡੇ ਉੱਪਰ ਕੋਈ ਵਿਸ਼ਾ ਲਿਆਉਣਾ ਹੋਰ ਗੱਲ ਹੈ, ਪਰ, ਕਿਹੜੇ-ਕਿਹੜੇ ਵਿਸ਼ੇ ਨਾਗਰਿਕ ਏਜੰਡੇ 'ਤੇ ਹੋਣ ਇਹ ਤੈਅ ਕਰਨਾ ਹੋਰ ਗੱਲ ਹੈ। ਅੱਗੇ ਇਸ ਗੱਲ ਉੱਪਰ ਚਰਚਾ ਹੋਵੇਗੀ ਕਿ ਕਿਸ ਤਰ੍ਹਾਂ ਕਾਰਪੋਰੇਟ ਜਗਤ ਜਨ-ਸੰਚਾਰ ਉੱਪਰ ਨਿਯੰਤਰਣ ਕਰ ਕੇ ਏਜੰਡਾ ਨਿਰਧਾਰਿਤ ਕਰਨ ਦੀ ਕੋਸ਼ਿਸ ਕਰਦਾ ਹੈ, ਜਿਸ ਨਾਲ ਸਮਾਜ ਨੂੰ ਉਪਨਿਵੇਸ਼ ਬਣਾ ਕਿ ਲੋਕਤਾਂਤਰਿਕ ਪ੍ਰਕਿਰਿਆ ਨੂੰ ਭ੍ਰਸਟ ਕੀਤਾ ਜਾ ਸਕੇ।

ਕਾਰਪੋਰੇਟ ਹਿਤਾਂ ਦਾ ਪ੍ਰਤਿਨਿਧਤਵ ਕਰਨ ਵਾਲੀ 'ਵਿਵਸਥਾ' ਸਮਾਜ ਨੂੰ ਆਪਣਾ ਉਪਨਿਵੇਸ਼ ਬਣਾ ਸਕੇ, ਇਸ ਦੇ ਲਈ ਉਨ੍ਹਾਂ ਕੋਲ ਜਰੂਰੀ ਸ਼ਕਤੀ ਹੋਣੀ ਚਾਹੀਦੀ ਹੈ। ਇਹ ਸ਼ਕਤੀ ਤਿੰਨ ਤਰ੍ਹਾਂ ਦੀ ਹੋ ਸਕਦੀ ਹੈ ਅਤੇ ਇਨ੍ਹਾਂ ਵਿਚੋਂ ਕੋਈ ਵੀ ਇਕ ਜਾਂ ਦੋ ਸ਼ਕਤੀਆਂ ਮਿਲ ਕਿ ਸਮਾਜ ਨੂੰ ਜਕੜ ਸਕਦੀਆਂ ਹਨ। ਪਹਿਲੀ, ਇਸ ਦੇ ਅਧੀਨ ਕੋਈ ਵਿਆਕਤੀ ਜਾਂ ਸੰਸਥਾ ਆਪਣੀ ਇੱਛਾ ਦੇ ਮੁਤਾਬਿਕ ਦੂਜੇ ਵਿਆਕਤੀ ਜਾਂ ਸੰਸਥਾ ਨੂੰ ਅਣਚਾਹਿਆ ਵਿਵਹਾਰ ਕਰਨ ਲਈ ਮਜਬੂਰ ਕਰ ਦਿੰਦੀ ਹੈ (ਹੱਨਾ ਅਰੈਂਟ ਸ਼ਕਤੀ ਦੀ ਅਜਿਹੀ ਸੰਕਲਪਨਾ ਨਾਲ ਜੁੜੀ ਹੈ)। ਕੁਝ ਵੱਡੇ ਕਾਰਪੋਰੇਟ ਸਮੂਹਾਂ ਅੰਦਰ ਅਜਿਹੀ ਸ਼ਕਤੀ ਹੋ ਸਕਦੀ ਹੈ, ਜਿਸ ਰਾਹੀਂ ਉਹ ਲੋਕ-ਚਰਚਾ ਤੋਂ ਨਿਕਲਣ ਵਾਲੀਆਂ ਆਮ-ਸਹਿਮਤੀਆਂ ਨੂੰ ਪ੍ਰਭਾਵਿਤ ਕਰ ਸਕਣ।

ਦੂਜਾ, ਬੈਚਰੇਜ ਅਤੇ ਬੈਰੇਟਜ਼ (1962) ਦੇ ਅਨੁਸਾਰ ਇਹ ਕਾਰਪੋਰੇਟ ਜਗਤ ਦੀ ਉਸ ਸਮਰੱਥਾ

ਦੇ ਵੱਲ ਇਸ਼ਾਰਾ ਕਰਦੇ ਹੈ, ਜਿਹੜਾ ਇਹ ਨਿਰਧਾਰਿਤ ਕਰਦਾ ਹੈ ਕਿ ਜਨਤਾ ਦਾ ਏਜੰਡਾ ਕਿਵੇਂ ਬਣਾਇਆ ਜਾਵੇ ਅਤੇ ਕਿਹੜਿਆਂ ਵਿਸ਼ਿਆਂ ਉੱਪਰ ਫੈਸਲੇ ਲਏ ਜਾਣ। ਕਾਰਪੋਰੇਟ ਸਮੂਹ ਦੋ ਤਰ੍ਹਾਂ ਨਾਲ ਆਪਣੀ ਸ਼ਕਤੀ ਦਾ ਪ੍ਰਯੋਗ ਕਰਦੇ ਹਨ- (1) ਉਹ ਰਾਜਨੀਤਿਕ ਪ੍ਰਕਿਰਿਆ ਅੰਦਰ ਧਨ ਦਾ ਪ੍ਰਵਾਹ ਕਰ ਕਿ ਇਹ ਨਿਸ਼ਚਿਤ ਕਰਦੇ ਹਨ ਕਿ ਕਿਹੜਿਆਂ ਮੁੱਦਿਆਂ ਨੂੰ ਜਨਤਾ ਦੇ ਚਰਚਾ ਏਜੰਡੇ ਉੱਪਰ ਰੱਖਿਆ ਜਾਏ; (2) ਉਹ ਮੀਡੀਆ/ਜਨ-ਸੰਚਾਰ ਮਾਧਿਅਮਾਂ ਨੂੰ ਵਿਗਿਆਪਨਾਂ ਅਤੇ ਪ੍ਰਯੋਜਿਤ ਪ੍ਰੋਗਰਾਮਾਂ ਦੇ ਲਈ ਬਹੁਤ ਸਾਰਾ ਧਨ ਦੇ ਕਿ ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਸੂਚਨਾਵਾਂ ਨੂੰ ਨਿਯੰਤਰਿਤ ਕਰਦੇ ਹਨ। ਇਸ ਨਾਲ ਹੌਲ਼ੀ-ਹੌਲ਼ੀ ਮੀਡੀਆ ਦੀ ਰੁਚੀ ਧਨਾਢਾਂ ਅੰਦਰ ਹੋ ਜਾਂਦੀ ਹੈ ਅਤੇ ਲੋਕਤੰਤਰਿਕ ਸਮਾਜ ਅੰਦਰ ਸੁਤੰਤਰ ਜਾਂ ਨਿਰਪੱਖ ਵਿਚਾਰ-ਚਰਚਾ ਨੂੰ ਮਜਬੂਤ ਕਰਨ ਦਾ ਉਦੇਸ਼ ਹਾਸ਼ੀਏ ਉੱਪਰ ਚਲਾ ਜਾਂਦਾ ਹੈ। ਇਸ ਤਰ੍ਹਾਂ, ਕਿਹੜਿਆਂ-ਕਿਹੜਿਆਂ ਮੁੱਦਿਆਂ ਉੱਪਰ ਚਰਚਾ ਹੋਵੇ ਅਤੇ ਉਨ੍ਹਾਂ ਦੇ ਕਿਹੜੇ ਨਤੀਜੇ ਨਿਕਲਣ, ਇਹ ਸਾਰਾ ਕੁੱਝ ਕਾਰਪੋਰੇਟ ਜਗਤ ਮੀਡੀਆ ਦੇ ਮਾਧਿਅਮ ਰਾਹੀਂ ਨਿਯੰਤਰਰਿਤ ਕਰਨ ਲਗਦਾ ਹੈ। ਇਸ ਤੋਂ ਇਲਾਵਾ ਸਟੀਵਨ ਲੂਕਸ (1944) ਦੇ ਮੁਤਾਬਿਕ ਮੀਡੀਆ ਸਾਡੀਆਂ ਲੋੜਾਂ ਨੂੰ ਪਰਿਭਾਸ਼ਿਤ, ਪ੍ਰਭਾਵਿਤ ਅਤੇ ਨਿਯੰਤਰਿਤ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਸ਼ਾਇਦ ਸਭ ਤੋਂ ਖਤਰਨਾਕ ਹੈ, ਕਿਉਂਕਿ ਇਹ ਦੂਜਿਆਂ ਨੂੰ ਉਸ ਤਰ੍ਹਾਂ ਦੀ ਸਮਾਨ ਇੱਛਾ ਤੇ ਵਿਚਾਰ ਕਰਨ ਲਈ ਮਜਬੂਰ ਕਰ ਦਿੰਦਾ ਹੈ, ਜਿਸ ਤਰ੍ਹਾਂ ਉਹ ਬਾਹਰੀ ਏਜੰਸੀ ਚਾਹੁੰਦੀ ਹੋਵੇ। ਕਾਰਪੋਰੇਟ ਜਗਤ ਇਸ ਦੇ ਪ੍ਰਯੋਗ ਨਾਲ ਸਮਾਜ ਉੱਪਰ ਆਪਣਾ ਪੂਰਾ ਗ਼ਲਬਾ ਸਥਾਪਿਤ ਕਰ ਸਕਦਾ ਹੈ। ਉਹ ਨਾਗਰਿਕਾਂ ਨੂੰ ਮਜਬੂਰ ਕਰ ਸਕਦਾ ਹੈ ਕਿ ਉਹ ਖੁਦ ਨੂੰ ਇਕ ਉਪਭੋਗਤਾ ਦੇ ਰੂਪ ਵਿਚ ਅਤੇ ਨੇਤਾਵਾਂ ਨੂੰ ਉਪਭੋਗਤਾ ਜਰੂਰਤਾਂ (ਵਸਤੂਆਂ ਅਤੇ ਸੇਵਾਵਾਂ) ਨੂੰ ਉਨ੍ਹਾਂ ਤੱਕ ਪਹੁੰਚਾਉਣ ਵਾਲੇ ਮਾਧਿਅਮ ਦੇ ਰੂਪ ਵਿਚ ਦੇਖਣ। ਅਸੀਂ ਦੇਖ ਸਕਦੇ ਹਾਂ ਕਿ ਕਿਵੇਂ ਆਰਥਿਕ ਵਿਕਾਸ ਅਤੇ ਬਿਹਤਰ ਆਰਥਿਕ ਪ੍ਰਦਰਸ਼ਨ ਹੀ ਹੌਲ਼ੀ-ਹੌਲ਼ੀ ਰਾਸ਼ਟਰੀ, ਖੇਤਰੀ ਅਤੇ ਸਥਾਨਿਕ ਨੇਤਾਵਾਂ ਦੀ ਸਫਲਤਾ ਦਾ ਪੈਮਾਨਾ ਬਣਦਾ ਜਾ ਰਿਹਾ ਹੈ ਅਤੇ ਕਿਵੇਂ 'ਚੰਗੇ ਜੀਵਨ' ਨੂੰ 'ਚੰਗੇ ਉਪਭੋਗਤਾ ਸਮਰੱਥਾ' ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ। ਹੁਣ ਤਾਂ ਹੌਲ਼ੀ-ਹੌਲ਼ੀ ਸਰਕਾਰਾਂ ਵੀ ਇਸੇ 'ਕਾਰਪੋਰੇਟ ਮਾਡਲ' ਉੱਪਰ ਚੱਲ ਪਈਆਂ ਹਨ ਅਤੇ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਦੇ ਉਪਭੋਗਤਾ ਦੇ ਰੂਪ ਵਿਚ ਦੇਖ ਰਹੀਆਂ ਹਨ। ਸਥਾਨਿਕ ਸਰਕਾਰਾਂ ਤਾਂ ਸਥਾਨਿਕ ਇਤਿਹਾਸਿਕ ਥਾਵਾਂ ਤੱਕ ਨੂੰ 'ਕਾਰਪੋਰੇਟ ਜਗਤ' ਕੋਲ ਗਹਿਣੇ ਰੱਖ ਕਿ, ਉਨ੍ਹਾਂ ਨੂੰ ਆਪਣਾ ਨਾਮ ਪ੍ਰਯੋਗ ਕਰਨ ਦੀ ਆਗਿਆ ਦੇ ਕਿ, ਸਥਾਨਿਕ ਵਿਕਾਸ ਤੋਂ ਆਪਣਾ ਮੂੰਹ ਮੋੜ ਰਹੀਆਂ ਹਨ। ਇਹ ਪ੍ਰਵਿਰਤੀ ਅਮਰੀਕਾ ਅਤੇ ਇੰਗਲੈਂਡ ਸਹਿਤ ਜਿਆਦਾਤਰ ਲੋਕਤੰਤਰਾਂ ਅੰਦਰ ਦਿਖਾਈ ਦਿੰਦੀ ਹੈ।

ਅਜਿਹਾ ਕਿਵੇਂ ਹੋ ਗਿਆ? ਕਾਰਪੋਰੇਟ ਜਗਤ ਕਿਵੇਂ ਐਨਾ ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਬਣ ਗਿਆ? ਸ਼ੁਰੂਆਤ ਵਿਚ ਤਾਂ ਯਤਨ ਇਹ ਸੀ ਕਿ ਨਿਗਮਾਂ ਨੂੰ ਸਮਾਜਿਕ ਰੂਪ 'ਚ ਉੱਤਰਦਾਈ ਬਣਾਇਆ ਜਾਵੇ। ਇਸ ਲਈ ਨਿਗਮਾਂ ਨੂੰ 'ਉਚਿੱਤ-ਵਿਆਕਤੀਤਵ' ਪ੍ਰਦਾਨ ਕਰ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਗਲਤੀਆਂ ਦੇ ਲਈ ਕਾਨੂੰਨੀ ਰੂਪ ਵਿਚ ਜਿੰਮੇਦਾਰ ਬਣਾਇਆ ਗਿਆ। ਸੰਨ 1916 ਵਿਚ 'ਹਾਰਵਰਡ ਲਾਅ ਰਿਵਿਊ' ਅਤੇ 'ਯੇਲ ਲਾਅ ਜਨਰਲ' ਅੰਦਰ ਹੇਰਲਾਡ ਜੇ. ਲਾਸਕੀ ਨੇ ਨਿਗਮਾਂ ਦੇ 'ਉਚਿੱਤ-ਵਿਆਕਤੀਤਵ' ਉੱਪਰ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ ਲੋਕ ਨੀਤੀਆਂ ਦੇ ਆਧਾਰ 'ਤੇ ਰਾਜ ਨੂੰ ਨਿਗਮਾਂ ਉੱਪਰ ਨਿਯੰਤਰਣ ਰੱਖਣਾ


ਚਾਹੀਦਾ। ਅੱਗੇ ਚੱਲ ਕਿ ਨਿਗਮਾਂ ਨੇ ਆਪਣੇ 'ਕਾਨੂੰਨੀ-ਵਿਆਕਤੀਤਵ' ਦੀਆਂ ਜ਼ਿੰਮੇਵਾਰੀਆਂ ਉੱਪਰ ਤਾਂ ਘੱਟ, ਆਪਣੇ ਅਧਿਕਾਰਾਂ ਉੱਪਰ ਜਿਆਦਾ ਧਿਆਨ ਦਿੱਤਾ। ਇੱਥੋਂ ਹੀ ਇਕ ਗਲਤ ਸ਼ੁਰੂਆਤ ਹੋਈ। ਹੌਲ਼ੀ-ਹੌਲ਼ੀ, ਅਮਰੀਕਾ ਅੰਦਰ ਪਹਿਲੀ, ਚੌਥੀ, ਪੰਜਵੀਂ ਅਤੇ ਛੇਵੀਂ ਸੰਵਿਧਾਨ ਸੋਧ ਨਾਲ ਨਿਗਮਾਂ ਦੇ ਅਧਿਕਾਰਾਂ ਅੰਦਰ ਇੱਕ ਤਰ੍ਹਾਂ ਦਾ ਜਬਰਦਸਤ ਉਛਾਲ ਗਿਆ। ਖਾਸ ਤੌਰ 'ਤੇ ਅਭਿਵਿਅਕਤੀ ਦੀ ਸੁਤੰਤਰਤਾ ਨਾਲ ਤਾਂ ਇਨ੍ਹਾਂ ਨਿਗਮਾਂ ਨੂੰ ਉਹ ਸੰਚਾਰ ਸ਼ਕਤੀ ਪ੍ਰਾਪਤ ਹੋ ਗਈ, ਜਿਸ ਨਾਲ ਪੂਰੇ ਸਮਾਜ ਨੂੰ, ਆਪਣੇ ਪੈਸੇ ਦੇ ਦਮ 'ਤੇ, ਆਪਣੇ ਵਿਚਾਰਾਂ ਨਾਲ ਤਬਾਹ ਕਰ ਸਕਦੇ ਹਨ। ਏਨਾ ਹੀ ਨਹੀਂ, ਅਧਿਕਾਰਾਂ ਦੁਆਰਾ ਉਨ੍ਹਾਂ ਉੱਪਰ ਜਿਹੜੀਆਂ ਜ਼ਿੰਮੇਵਾਰੀਆਂ ਲਗਾਈਆਂ ਗਈਆਂ ਸਨ, ਉਨ੍ਹਾਂ ਦਾ ਪਾਲਣ ਕਰਨ ਵਿਚ ਉਨ੍ਹਾਂ ਦੀ ਸਮਾਜ ਉੱਪਰ ਪਕੜ-ਜਕੜ ਹੋਰ ਮਜਬੂਤ ਹੀ ਹੋਈ। ਇਹ ਨਿਗਮ ਕੇਵਲ ਖੁਦ ਦਾ ਹੀ ਪ੍ਰਤੀਨਿਧਤਵ ਕਰਦੇ ਹਨ ਅਤੇ ਕਾਨੂੰਨਨ ਕੇਵਲ ਲਾਭ ਦੇ ਉਦੇਸ਼ ਨਾਲ ਹੀ ਬਣੇ ਹਨ। ਇਸ ਲਈ, ਅਭਿਵਿਆਕਤੀ ਦੀ ਸੁਤੰਤਰਤਾ ਦੇ ਨਾਲ ਜਦੋਂ ਉਹ ਲਾਭ ਕਮਾਉਣ ਦੇ ਉਦੇਸ਼ ਨਾਲ ਸਮਾਜ ਅੰਦਰ ਪ੍ਰਵੇਸ਼ ਕਰਦੇ ਹਨ ਤਾਂ ਸਮਾਜਿਕ ਚਰਚਾ ਅੰਦਰ ਕਾਫੀ ਤਕੜਾ ਦਖਲ ਦਿੰਦੇ ਹਨ। ਅਜਿਹਾ ਕਰਨ ਵਿਚ ਨਿਗਮਾਂ ਨੂੰ ਸਮਾਜ ਦੇ ਉੱਪਰ ਖਰਚੇ ਵਧਾਉਣੇ ਪੈਂਦੇ ਹਨ, ਫਿਰ ਭਾਵੇਂ ਉਨ੍ਹਾਂ ਦਾ ਲਾਭ ਆਮ ਜਨਤਾ ਨੂੰ ਮਿਲੇ ਜਾਂ ਨਾ ਮਿਲੇ। ਉਹ ਜਿਸ ਤਰ੍ਹਾਂ ਸਮਾਜ ਦਾ ਸ਼ੋਸਣ ਕਰਦੇ ਹਨ, ਉਸ ਤੋਂ ਤਾਂ ਅਜਿਹਾ ਹੀ ਲਗਦਾ ਹੈ ਜਿਵੇਂ ਉਸ ਸਮਾਜ ਦੇ 'ਖ਼ੁਦ ਦੇ ਪੈਦਾ ਕੀਤੇ ਸਾਮਾਰਾਜਵਾਦੀ' ਹੋਣ। ਅਜਿਹੇ 'ਖੁਦ ਪੈਦਾ ਕੀਤੇ ਸਾਮਰਾਜਵਾਦੀਆਂ' ਦੇ ਲਈ ਆਪਣੇ ਹੀ ਸਮਾਜ ਨੂੰ ਬਸਤੀ ਬਣਾਉਣਾ ਆਸਾਨ ਹੁੰਦਾ ਹੈ। ਇਹ ਗੱਲ ਸਾਨੂੰ ਮੁੜ ਹਾਬਰਮਾਸ ਅਤੇ 'ਲੋਕਤੰਤਰ ਦੇ ਭਵਿੱਖ' ਦੇ ਪ੍ਰਸਨ 'ਤੇ ਲਿਆ ਖੜ੍ਹਾ ਕਰਦੀ ਹੈ। ਹਾਬਰਮਾਸ ਦੇ ਅਨੁਸਾਰ ਜਿਉਂ ਹੀ ਕੋਈ ਮਹੱਤਵਪੂਰਨ ਸਮਾਜਿਕ ਸਮੱਸਿਆ ਆਸ-ਪਾਸ ਦੇ ਖੇਤਰਾਂ ਅੰਦਰ 'ਸਮੱਸਿਆ-ਮੂਲਕ ਚੇਤਨਾ' ਦਾ ਨਿਰਮਾਣ ਕਰਦੀ ਹੈ, ਉਵੇਂ ਹੀ ਸ਼ਕਤੀ-ਸੰਪੰਨ ਲੋਕ ਖੇਤਰ ਅੰਦਰ ਸ਼ਕਤੀ-ਸਬੰਧ ਬਦਲ ਜਾਂਦੇ ਹਨ, ਪਰ, ਜੇਕਰ ਲਿਊਕਾਸ ਦੁਆਰਾ ਦੱਸੀ ਗਈ ਤੀਜੀ ਵਿਧੀ ਦੇ ਅਨੁਸਾਰ ਮਨੁੱਖਾਂ ਦੇ ਚਿੰਤਨ ਤੇ ਵਿਚਾਰ ਹੀ ਬਦਲ ਦਿੱਤੇ ਜਾਣ, ਫਿਰ ਅਸੀਂ ਕਿਵੇਂ ਕਲਪਨਾ ਕਰੀਏ ਕਿ ਵਿਆਕਤੀ ਨੂੰ ਆਪਣੀ ਸਮੱਸਿਆ ਦਾ ਅਹਿਸਾਸ ਵੀ ਹੋਵੇਗਾ? ਇਸ ਨਾਲ ਤਾਂ ਸੰਭਵ ਹੈ ਕਿ ਲੋਕਤੰਤਰ ਅੰਦਰ ਪਰਵਾਨਗੀ ਦਾ ਹੀ ਅੰਤ ਹੋ ਜਾਵੇਗਾ। ਲੋਕਤੰਤਰ ਉਦਾਰ ਜਰੂਰ ਦਿਖਾਈ ਦੇਵੇਗਾ, ਪਰ ਹੋਵੇਗਾ ਨਹੀਂ। ਫ੍ਰੈਂਕਫਰਟ ਸਕੂਲ ਦੁਆਰਾ ਦੱਸੀ ਇਸੇ ਕਮੀ ਨਾਲ ਹਾਬਰਮਾਸ ਜੂਝਦਾ ਰਿਹਾ।

## ਸਹਾਇਕ ਕਿਤਾਬਾਂ


1. James F. Bohman (1990); Communication, Ideology, and Democratic Theory, American Political Science Review , Volume 84, Issue 1 March 1990, pp. 93-109
2. Lizabeth Cohen (2003); A Consumers' Republic: The Politics of Mass Consumption in Postwar America, New York: Knopf.
3. Peter A. French (1984); Collective and corporate responsibility, Columbia University Press, New York.


4. Jürgen Habermas (1970);Towards a theory of communicative competence, inquiry, Vol 13, 1970, Page, 360-375.
5. Jürgen Habermas (1984); The Theory of Communicative Action, Beacon Press, Boston.
6. Jürgen Habermas (1996); Between Facts and Norms – Contributions to a Discourse Theory of Law and Democracy, MIT Press, Cambridge.
7. Douglas Kellner (2000); *Habermas, the Public Sphere, and Democracy, (Ed. Book)* Perspectives on Habermas, Lewis Edwin Hahn, Open Court Publishing Co ,U.S.
John R. Zaller
8. (1992); The Nature and Origins of Mass Opinion (Cambridge Studies in Public Opinion and Political Psychology), Cambridge University Press, Cambridge.


ਪਰਮਿੰਦਰ ਸਿੰਘ ਸ਼ੌਂਕੀ ਦੀ ਨਵ-ਪ੍ਰਕਾਸ਼ਿਤ ਕਿਤਾਬ "ਅਰਾਜਕਤਾ, ਰਾਜ ਅਤੇ ਯੂਟੋਪੀਆ' ਵਿਚੋਂ ਧੰਨਵਾਦ ਸਹਿਤ।










# ਖ਼ਤ

# ਵਿਨਸੈਂਟ ਵਾਨ ਗਾਗ



ਨੀਦਰਲੈਂਡ ਦੇ ਵਿਨਸੈਂਟ ਵਾਨ ਗਾਗ ਨੂੰ (30-3-1853 ਤੋਂ 29-7-1890) 19 ਵੀ ਸਦੀ ਦਾ ਮਹਾਨ ਚਿਤਰਕਾਰ ਮੰਨਿਆ ਜਾਂਦਾ ਹੈ। ਉਹਨਾਂ 1881 ਤੋਂ 1890 ਦੇ ਵਿਚ ਲਗਭਗ 900 ਚਿਤਰ ਅਤੇ 1100 ਦੇ ਕਰੀਬ ਸਕੈਚ ਬਣਾਏ। ਤਰ੍ਹਾਂ-ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਨਾਲ ਗ੍ਰਸਤ ਗਾਗ ਨੇ 37 ਸਾਲ ਦੀ ਉਮਰ ਵਿਚ ਆਪਣੇ ਆਪ ਨੂੰ ਗੋਲੀ ਮਾਰਕੇ ਖਤਮ ਕਰ ਲਿਆ ਸੀ। ਉਸ ਦੀਆਂ 800 ਤੋਂ ਜਿਆਦਾ ਚਿੱਠੀਆਂ ਹਨ ਜੋ ਹੁਣ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹਨਾਂ ਚਿੱਠੀਆਂ ਦੇ ਰਾਹੀਂ ਵਾਨ ਗਾਗ ਦੇ ਜੀਵਨ ਸਰੋਕਾਰ ਤੇ ਸਮੇ ਦਾ ਪਤਾ ਲੱਗਦਾ ਹੈ ।

ਨੌਜਵਾਨ ਕਵਿਤਰੀ ਅਪਰਨਾ ਨੇ ਉਸ ਦੀਆਂ ਕੁਝ ਚਿੱਠੀਆਂ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ । ਇਹ ਚਿੱਠੀਆਂ ਵਾਨ ਗਾਗ ਨੇ ਆਪਣੇ ਭਰਾ ਥੀਓ ਨੂੰ ਲਿਖੀਆਂ ਹਨ। ਇਹ ਚਿੱਠੀਆਂ ਰਚਨਕਾਰ ਦੀ ਮਾਨਸਿਕ ਸ਼ਿਲਪਸ਼ਾਲਾ ਹਨ । ਇਹਨਾਂ ਚਿੱਠੀਆਂ ਵਿਚੋਂ ਗੁਜ਼ਰਦੇ ਹੋ ਇਵੇਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਵਾਨ ਗਾਗ ਦੇ ਚਿਤਰਾਂ ਦੀ ਇਕ-ਇਕ ਰੇਖਾਵਾਂ,ਰਗਾਂ ਵਿਚੋਂ ਗੁਜ਼ਰ ਰਹੇ ਹੋਈਏ ।

ਨਵੰਬਰ 1883
ਦ੍ਰੇਂਥੇ

ਪਿਆਰੇ ਵੀਰ

ਮੈਂ ਜ਼ਵੀਲੂ ਯਾਤਰਾ ਦੀਆਂ ਗੱਲਾਂ ਤੇਰੇ ਨਾਲ ਸਾਂਝੀਆਂ ਕਰਨਾ ਚਾਹਾਂਗਾ, ਇਹ ਉਹੀ ਪਿੰਡ ਹੈ ਜਿੱਥੇ ਲਾਇਬਰਮੈਨ ਲੰਬੇ ਸਮੇ ਤੱਕ ਆਪਣੇ ਆਖਰੀ ਚਿਤਰ ਉੱਪਰ ਚਿੰਤਨ ਕਰਣ ਲਈ ਰੁਕਿਆ ਸੀ, ਇਹ ਉਹੀ ਚਿਤਰ ਹੈ ਜਿਸ ਵਿਚ ਧੋਬਣਾਂ ਹ। ਉਹੀ ਜਗ੍ਹਾ ਹੈ ਜਿੱਥੇ ਟਰਮਿਉਲਨ ਤੇ ਜਿਊਲਸ ਬਾਖਿਊਜ਼ੇਨ ਨੇ ਆਪਣਾ ਕੁਝ ਸਮਾ ਗੁਜ਼ਾਰਿਆ ਸੀ ।

ਸੋਚ ਕੇ ਵੇਖ ਕਿ ਸਵੇਰ ਦੇ ਤਿੰਨ ਵੱਜੇ ਮੈ ਆਪਣੀ ਖੁੱਲ੍ਹੀ ਕਾਰ ਦੇ ਵਿਚ ਝਾੜੀਦਾਰ ਮੈਦਾਨ ਦੀ ਸੈਰ ਤੇ ਸੀ ( ਮੈਂ ਆਪਣੇ ਘਰ ਦੇ ਮਾਲਕ ਨਾਲ ਗਿਆ ਸੀ ਜਿਸ ਨੇ ਅਸੇਨ ਦੇ ਬਜ਼ਾਰ ਜਾਣਾ ਸੀ ) ਅਸੀਂ

ਲਗਾਤਾਰ ਵਧ ਰਹੀਆਂ ਸਨ । ਮੈਂ ਹਰ ਜਗ੍ਹਾ ਧਿਆਨ ਨਾਲ ਵੇਖਿਆ ਤੇ ਮਹਿਸੂਸ ਕੀਤਾ ਕਿ ਹਾਲਾਤਾਂ ਨੇ ਉਸ ਪ੍ਰਸ਼ਠਭੂਮੀ ਨੂੰ ਬਹੁਤ ਜਿਆਦਾ ਪ੍ਰਭਾਵਿਤ ਕੀਤਾ ਹੋਇਆ ਸੀ ਸੁੱਕੇ ਘਾਹ ਦੀ ਦਲਦਲ ਨੂੰ, ਘਾਹ-ਫੂਸ ਨਾਲ ਬਣੀਆਂ ਝੌਂਪੜੀਆਂ ਨੂੰ, ਉਹਨਾਂ ਉਪਜਾਊ ਖੇਤਰਾਂ ਨੂੰ, ਸਭ ਤੋਂ ਪੁਰਾਣੇ ਫਾਰਮ ਹਾਊਸ ਦੇ ਚੌਲਾਂ ਵਾਲੇ ਕੋਠੇ ਨੂੰ, ਭੇਡਾਂ ਦੇ ਵਾੜੇ ਨੂੰ ਤੇ ਬਹੁਤ ਸਾਰੀ ਕਾਈ ਵਾਲੀਆਂ ਛੱਤਾਂ ਨੂੰ ਤੇ ਜਿੰਨ੍ਹਾਂ ਦੇ ਚਾਰੇ ਪਾਸੇ ਸ਼ਾਹਬਲੂਤ ਦੇ ਦਰਖ਼ਤ ਸਨ । ਕੋਈ ਵੀ ਇੱਥੇ ਆਣਕੇ ਘੰਟਿਆਂ ਬੱਧੀ ਚਾਰੇ ਪਾਸੇ ਘੁੰਮਣ ਤੋਂ ਬਾਅਦ ਇਹੀ ਮਹਿਸੂਸ ਕਰੇਗਾ ਕਿ ਇੱਥੇ ਕੁਝ ਵੀ ਨਹੀਂ ਹੈ ਸਿਵਾਏ ਦੂਰ ਤੱਕ ਖਾਲੀ ਜ਼ਮੀਨ ਦੇ, ਮੱਕੀ ਦੇ ਖੇਤਾਂ ਦੇ ਜਾਂ ਝਾੜੀਆਂ ਦੇ , ਤੇ ਜੇ ਹੈ ਤਾਂ ਅਸੀਮ ਅੰਬਰ । ਘੋੜੇ ਤੇ ਬੰਦੇ ਇੰਨੇ ਛੋਟੇ ਕਿ ਜਿਵੇਂ ਪਿੱਸੂ । ਕੋਈ ਵੀ ਕੁਝ ਹੋਰ ਮਹਿਸੂਸ ਨਹੀਂ ਕਰ ਸਕਦਾ,ਪਰ ਜਿਵੇਂ ਵੀ ਹੈ ਇਹ ਆਪਣੇ ਆਪ ਵਿਚ ਏਨਾ ਵਿਸ਼ਾਲ ਹੈ ਕਿ ਕੋਈ ਵੀ ਜਾਣੇਗਾ ਤਾਂ ਸਿਰਫ ਇਹ ਕਿ ਇੱਥੇ ਧਰਤੀ ਤੇ ਅਕਾਸ਼ ਹੈ ।

ਜੇ ਅਸੀਂ ਇਸ ਅਪਾਰ ਨੂੰ ਅਲੱਗ ਕਰ ਦਈਏ ਤਾਂ ਆਪਣੀ ਸਮਰੱਥਾ ਤੋਂ ਛੋਟੇ ਧੱਬੇ ਵੇਖੀਏ ਤਾਂ ਅਸੀ ਵੇਖਾਂਗੇ ਕਿ ਹਰ ਛੋਟੀ ਛਿੱਟ ਇੱਥੇ ਮਿਲਟ(,ਮਹਾਨ ਚਿਤਰਕਾਰ) ਹੈ । ਮੈਂ ਇਕ ਪੁਰਾਣੇ ਗਿਰਜਾਘਰ ਦੇ ਕੋਲੋਂ ਲੰਘਿਆ ਤਾਂ ਕੀ ਦੇਖਿਆ ਕਿ ਇਹ ਮਿਲਟ ਦੁਆਰਾ ਲਕਸਮਬਰਗ () ਚ ਬਣਾਈ ਪੇਟਿੰਗ 'ਦ ਚਰਚ ਐਟ ਗ੍ਰੇਵਲੇ( ) ਵਰਗਾ ਸੀ । ਪਰ ਇੱਥੇ ਛੋਟੇ ਕਿਸਾਨ ਦੀ ਜਗ੍ਹਾ ਇਕ ਆਜੜੀ ਸੀ, ਜਿਸ ਨਾਲ ਝਾੜੀਆਂ ਦੇ ਇਕ ਪਾਸੇ ਉਹਦੀਆਂ ਭੇਡਾਂ ਦਾ ਝੁੰਡ ਵੀ ਨਜ਼ਰ ਪੈ ਰਿਹਾ ਸੀ । ਪਿੱਛੇ ਇਕ ਸਮੁੰਦਰ ਦੀ ਜਗ੍ਹਾ ਇਕ ਮੱਕੀ ਦਾ ਸਾਗਰ ਦਿਖਾਈ ਦੇ ਰਿਹਾ ਸੀ, ਲਹਿਰਾਂ ਦੀ ਜਗ੍ਹਾ ਆਪਸ ਚ ਜੁੜੀਆਂ ਲਕੀਰਾਂ ਦਾ ਸਾਗਰ ਸੀ । ਫਿਰ ਓਥੇ ਮੈਂ ਇਕ ਹਲਵਾਹਕ ਨੂੰ ਵੇਖਿਆ ਜਿਹੜਾ ਸਖਤ ਮਿਹਨਤ ਕਰ ਰਿਹਾ ਸੀ, ਇਕ ਰੇਤ ਦੀ ਭਰੀ ਗੱਡੀ ਉਹਦਾ ਚਾਲਕ ਲਿਜਾ ਰਿਹਾ ਸੀ ਤੇ ਸੜਕ ਠੀਕ ਕਰਣ ਵਾਲੇ ਮਜ਼ਦੂਰ ਤੇ ਗੋਹਾ ਸਿੱਟਣ ਵਾਲੀ ਗੱਡੀ । ਸੜਕ ਦੇ ਕਿਨਾਰੇ ਇਕ ਛੋਟੀ ਜਿਹੀ ਸਰਾਂ ਵਿਚ ਮੈਂ ਇਕ ਛੋਟੇ ਕੱਦ ਦੀ ਬਜ਼ੁਰਗ ਔਰਤ ਦਾ ਚਿਤਰ ਬਣਾਇਆ ਜਿਹੜੀ ਚਰਖੇ ਦੇ ਕੋਲ ਬੈਠੀ ਸੀ,ਇਹ ਇਕ ਹਨੇਰਾ ਛਾਇਆਚਿਤਰ ਸੀ ਜਿਹੜਾ ਕਥਨ ਤੋਂ ਬਾਹਰੀ ਸੀ । ਇਕ ਛੋਟਾ ਹਨੇਰਾ ਛਾਇਆਚਿਤਰ ਜਿਸ ਦੇ ਸਾਹਮਣੇ ਇਕ ਚਮਕਦਾਰ ਬਾਰੀ ਸੀ ਜਿਸ ਵਿਚੋਂ ਦੀ ਕੋਈ ਵੀ ਨੀਲਾ ਚਮਕਦਾ ਅੰਬਰ ਤੇ ਉਹ ਛੋਟਾ ਜਿਹਾ ਰਸਤਾ ਜਿਹੜਾ ਨਰਮ ਹਰੇ ਘਾਹ ਵਿਚ ਦੀ ਜਾਂਦਾ ਸੀ ਤੇ ਜਿੱਥੇ ਕੁਝ ਬੱਤਖਾਂ ਘਾਹ ਤੇ ਚੁੰਝਾਂ ਮਾਰ ਰਹੀਆਂ ਸੀ ਇਸ ਸਭ ਨੂੰ ਵੇਖ ਸਕਦਾ ਸੀ ।

ਕਲਪਨਾ ਕਰੋ ਉਸ ਪਲ ਦੀ ਸ਼ਾਂਤੀ ਅਤੇ ਚੁੱਪ ਦੀ ! ਕਲਪਨਾ ਕਰੋ ਉਸ ਛਾਂਦਾਰ ਰਸਤੇ ਦੀ ਜਿੱਥੇ ਉੱਚੇ ਪਾਪੂਲਰ ਦੇ ਰੁੱਖ ਪਤਝੜ ਦੇ ਪੱਤਿਆਂ ਸੰਗ ਲੱਗੇ ਹੋਏ ਨੇ , ਉਸ ਚਿੱਕੜ ਨਾਲ ਭਰੀ ਸੜਕ ਦੇ ਬਾਰੇ ਕਲਪਨਾ ਕਰ ਕੇ ਵੇਖ ਜਿਹੜੀ ਤੁਹਾਡੇ ਸੱਜੇ ਪਾਸੇ ਐ ਤੇ ਖੱਬੇ ਪਾਸੇ ਝਾੜੀਦਾਰ ਅਸੀਮ ਫੈਲਾਅ ਹੈ । ਥੋੜ੍ਹੀ ਕਾਲੀ ਪਰ ਤਿਕੋਣਨੁਮਾ ਘਾਹ ਤੇ ਮਿੱਟੀ ਦੀਆਂ ਬਣੀਆਂ ਝੌਂਪੜੀਆਂ ਜਿਹੜੀਆਂ ਛਾਇਆਚਿਤਰ ਦੇ ਵਾਕਣਾ ਲੱਗ ਰਹੀਆਂ ਨੇ, ਤੇ ਉਹ ਲਾਲੀ ਜਿਹੜੀ ਥੋੜ੍ਹੀ ਅੱਗ ਵਿਚੋਂ ਛੋਟੀਆਂ ਬਾਰੀਆਂ ਵਿਚੋਂ ਝਾਕਦੀ ਦਿਸਦੀ ਹੈ , ਕੁਝ ਪੀਲੇ ਗੰਦੇ ਰੰਗ ਦੇ ਤਲਾਬ ਜਿੰਨ੍ਹਾਂ ਵਿਚੋਂ ਸਾਰਾ ਅਕਾਸ਼ ਪ੍ਰਤੀਬਿੰਬਤ ਹੁੰਦਾ ਹੈ , ਤੇ ਜਿੰਨ੍ਹਾਂ ਵਿਚ ਡਿੱਗੇ ਹੋਏ ਦਰਖਤ ਵੀ ਸੜ ਕੇ ਖਾਦ ਬਣ ਜਾਂਦੇ ਨੇ । ਸੋਚ ਸੰਝ ਵੇਲੇ ਚਿੱਕੜ ਦੇ ਸਮੁੰਦਰ ਦੇ ਬਾਰੇ ਜਿਸ ਦੇ ਸਿਰ ਉੱਪਰ ਅੰਬਰ ਇਵੇਂ ਤਣਿਆ ਹੋਇਆ ਹੈ ਜਿਵੇਂ ਚਿੱਟਾਠੇ ਕਾਲਾ ਬਿਲਕੁੱਲ ਆਹਮੋ-ਸਾਹਮਣੇ ਖੜ੍ਹੇ ਹੋਣ । ਤੇ ਇਸ ਚਿੱਕੜ ਵਿਚ ਇਕ ਊਬੜ-ਖਾਬੜ ਮੂਰਤੀ ਹੈ ; ਉਹ ਆਜੜੀ ਤੇ ਅੰਡਾਕਾਰ ਲੋਥ, ਅੱਧੀ ਉੱਨ ਤੇ ਅੱਧਾ ਚਿੱਕੜ ਆਪਸ ਵਿਚ ਉਲਝਦੇ , ਇਕ ਦੂਸਰੇ ਨੂੰ ਪਰਾਂ ਧੱਕਦਾ ਭੇਡਾਂ ਦਾ ਝੁੰਡ । ਤੂੰ ਉਹਨਾਂ ਨੂੰ ਆਉਂਦੀਆਂ ਨੂੰ ਵੇਖੇਂਗਾ ਤਾਂ ਉਹਨਾਂ ਦੇ ਨਾਲ-ਨਾਲ ਚੱਲ ਪਵੇਂਗਾ । ਮਿਹਨਤ ਤੇ ਆਪਣੀ ਮਰਜ਼ੀ ਤੋਂ ਬਗੈਰ ਉਹ ਆਪਣੇ ਵੱਲੋਂ ਚਿੱਕੜ ਨਾਲ ਭਰੀ ਉਸ ਸੜਕ ਦੇ ਉੱਤੇ ਕੰਮ ਕਰ ਰਹੇ ਨੇ । ਕੁਝ ਦੂਰੀ ਤੇ ਖੜ੍ਹੇ ਖੇਤ ਤੁਹਾਨੂੰ ਕੁਝ ਇਸ਼ਾਰਾ ਕਰਦੇ ਨੇ, ਕੁਝ ਕਾਈ ਦੀ ਬਣੀਆਂ ਛੱਤਾਂ ਦੇ ਵੱਲ , ਗੰਦੇ ਤਲਾਅ ਦੇ ਵੱਲ, ਭੇਡਾਂ ਦੇ ਝੁੰਡ ਵੱਲ । ਭੇਡਾਂ ਦਾ ਵਾੜਾ ਛਾਇਆਚਿਤਰ ਵਰਗਾ ਹੈ , ਜਿਸਦਾ ਅੰਦਰ ਜਾਣ ਵਾਲਾ ਦਰਵਾਜਾ ਹਨੇਰੇ ਵਿਚ ਡੁੱਬਿਆ ਹੋਇਆ ਹੈ , ਦਰਵਾਜਾ ਖੁੱਲ੍ਹਾ ਹੋਣ ਦੇ ਬਾਵਜੂਦਵੀ ਸਭ ਕੁਝ ਹਨੇਰੀ ਗੁਫਾ ਵਰਗਾ ਹੈ । ਇਸਦੇ ਪਿੱਛੇ ਲੱਗੇ ਫੱਟਿਆਂ ਦੀ ਵਿਰਲਾਂ ਥਾਣੀ ਝਿਲਮਿਲਾਉਂਦੀ ਰੌਸ਼ਨੀ ਆਉਂਦੀ ਹੈ । ਪੂਰਾ ਝੁੰਡ ਉੱਨ ਤੇ ਚਿੱਕੜ ਨਾਲ ਗੁਫਾ ਦੇ ਵਿਚ ਕਿਤੇ ਛਿਤਮ ਹੋ ਜਾਂਦਾ ਹੈ । ਆਜੜੀ ਅਤੇ ਉਹ ਛੋਟੇ ਕੱਦ ਦੀ ਔਰਤ ਲਾਲਟੈਣ ਲਈ ਪਿੱਛਿਓਂ ਉਹ

ਸੜਕ ਦੇ ਕਿਨਾਰੇ ਤੇ ਜਿਸ ਨੂੰ ਉਹ 'ਡਾਇਕ' ਕਹਿੰਦੇ ਹਨ ਚੱਲ ਰਹੇ ਸੀ, ਇਹ ਰੇਤ ਦੀ ਥਾਂ ਚਿੱਕੜ ਸੀ । ਪਰ ਫਿਰ ਵੀ ਬਜ਼ਰੇ ਤੋਂ ਜਿਆਦਾ ਵਧੀਆ ਸੀ ।

ਸਵੇਰੇ ਜਦੋਂ ਚਾਨਣ ਹੋਣ ਲੱਗਾ ਤਾਂ ਇਧਰ-ਉਧਰ ਬਣੀਆਂ ਝੌਂਪੜੀਆਂ ਵਿਚੋਂ ਮੁਰਗਿਆਂ ਨੇ ਬਾਂਗ ਦੇਣੀ ਸ਼ੁਰੂ ਕਰ ਦਿੱਤੀ, ਉਹ ਸਾਰੀਆਂ ਝੌਂਪੜੀਆਂ ਜਿੰਨ੍ਹਾਂ ਕੋਲੋਂ ਅਸੀ ਲੰਘ ਰਹੇ ਸੀ ਉਹ ਬਰੀਕ ਪਾਪੂਲਰ ਦੇ ਦਰਖਤਾਂ ਵਿਚ ਘਿਰੀਆਂ ਹੋਈਆਂ ਸੀ । ਜਿੰਨ੍ਹਾਂ ਦੇ ਪੀਲੇ ਪੱਤਿਆਂ ਦੇ ਝੜਨ ਦੀ ਆਵਾਜ਼ ਵੀ ਸੁਣਦੀ ਸੀ, ਛੋਟੇ ਜਿਹੇ ਕਬਰਿਸਤਾਨ ਦੇ ਵਿਚ ਇਕ ਪੁਰਾਣੀ ਛੋਟੀ ਜਿਹੀ ਮਿਨਾਰ ਸੀ ਜਿਸ ਵਿਚ ਜਿਸ ਵਿਚ ਮੁੰਡੇਰ ਤੇ ਕੰਡਿਆਲੀਆਂ ਝਾੜੀਆਂ ਸਨ । ਉੱਥੇ ਦਾ ਅਦਭੁੱਤ ਦਿਲਕਸ਼ ਨਜ਼ਾਰਾ, ਮੱਕੀ ਦੇ ਖੇਤ, ਇਹ ਸਭ ਉਵੇਂ ਹੀ ਖੂਬਸੂਰਤ ਸੀ ਜਿਵੇਂ ਕੋਰੋ ਨੇ ਬਣਾਇਆ ਸੀ । ਬਿਲਕੁਲ ਉਵੇਂ ਹੀ ਨਿਸ਼ਬਦਤਾ, ਰਹੱਸਵਾਦ ਅਤੇ ਚੁੱਪ ਜਿਸ ਨੂੰ ਉਸ ਨੇ ਰੰਗਿਆ ਸੀ । ਜਦੋਂ ਅਸੀਂ ਜ਼ਵੀਲੂ ਪਹੁੰਚੇ ਤਾਂ ਸਵੇਰ ਦੇ ਤਿੰਨ ਵੱਜ ਚੁੱਕੇ ਸੀ ਤੇ ਹਾਲੇ ਵੀ ਖਾਸਾ ਹਨੇਰਾ ਸੀ । ਮੈਂ ਇੰਨੀ ਸਵੇਰੇ ਸੱਚ ਵਿਚ ਹੀ ਕੋਰੋ ਨੂੰ ਸਾਕਾਰ ਹੁੰਦੇ ਵੇਖਿਆ ।

ਪਿੰਡ ਦੀ ਸੈਰ ਅਦਭੁਤ ਸੀ, ਕਾਈ ਨਾਲ ਢਕੀਆਂ ਘਰਾਂ ਦੀਆਂ ਛੱਤਾਂ, ਤਬੇਲੇ, ਭੇਡਾਂ ਤੇ ਗਾਵਾਂ ਦੇ ਛੱਤਦਾਰ ਵਾੜੇ ਸਾਰਾ ਕੁਝ ਵੇਖਣ ਯੋਗ ਸੀ । ਅੱਗੇ ਤੋਂ ਚੌੜੇ ਘਰ ਤਾਂਬੇ ਰੰਗੇ ਸ਼ਾਹਬਲੂਤ ਦਰਖ਼ਤਾਂ ਦੇ ਵਿਚ ਬਹੁਤ ਸੋਹਣੇ ਲੱਗ ਰਹੇ ਸੀ । ਸੁਨਹਿਰੀ ਹਰੇ ਰੰਗ ਦੀ ਕਾਈ, ਧਰਤੀ ਦਾ ਲਾਲ, ਨੀਲਾ ਜਾਂ ਪੀਲਾ ਗਹਿਰਾ ਬਕਾਹਨ-ਸੁਰਮਈ ਰੰਗ, ਮੱਕੀ ਦੇ ਖੇਤਾਂ ਦਾ ਅਕੱਥ ਪਵਿੱਤਰ ਹਰਾ ਰੰਗ, ਦਰਖ਼ਤਾਂ ਦੇ ਗਿੱਲੇ ਤਣਿਆਂ ਦਾ ਕਾਲਾ ਰੰਗ ਪਤਝੜ ਦੀ ਚੱਕਰਦਾਰ ਸੁਨਹਿਰੀ ਪੱਤਿਆਂ ਦੀ ਬਰਸਾਤ, ਜਿਹੜੀ ਗੁੱਛਿਆਂ ਚ ਲਹਿਰਾ ਰਹੀ ਸੀ, ਦੇ ਵਿਰੋਧ ਵਿਚ ਖੜ੍ਹਾ ਸੀ । ਏਦਾਂ ਲੱਗ ਰਿਹਾ ਸੀ ਜਿਵੇਂ ਉਹਨਾਂ ਨੂੰ ਹਵਾਵਾਂ ਵਿਚ ਉੱਡਣ ਲਈ ਢਿੱਲਾ ਛੱਡ ਦਿੱਤਾ ਹੋਵੇ । ਪਹਾੜੀ ਪਿੱਪਲ, ਭੋਜ ਦਰਖ਼ਤ, ਨਿੰਬੂਆਂ ਦੇ ਬੂਟੇ ਅਤੇ ਸੇਬਾਂ ਦੇ ਦਰਖ਼ਤਾਂ ਵਿਚੋਂ ਰੌਸ਼ਨੀ ਛਣ-ਛਣ ਕੇ ਆ ਰਹੀ ਸੀ । ਆਸਾਮਾਨ ਸਾਫ ਤੇ ਵਧੀਆ ਸੀ ਪਰ ਚਿੱਟਾ ਨਹੀਂ ਸੀ ਬਲਕਿ ਬਕਾਹਨ, ਚਿੱਟਾ ਲਾਲ ਦੇ ਨਾਲ ਚਮਕਦਾਰ, ਨੀਲਾ-ਪੀਲਾ ਤੇ ਸਭ ਕੁਝ ਪਰਿਵਰਤਿਤ ਕਰ ਰਿਹਾ ਸੀ, ਹਰ ਥਾਂ ਤੇ ਮਹਿਸੂਸ ਹੋ ਰਿਹਾ ਸੀ।

ਮੈਨੂੰ ਜ਼ਵੀਲੂ ਵਿਚ ਇਕ ਵੀ ਚਿਤਰਕਾਰ ਨਹੀਂ ਮਿਲਿਆ । ਜੋ ਵੀ ਹੋਵੇ, ਮੈਨੂੰ ਲੋਕਾਂ ਨੇ ਦੱਸਿਆ ਉਹ ਸਰਦੀ ਦੀ ਰੁੱਤ ਵਿਚ ਇੱਥੇ ਨਹੀਂ ਆਉਂਦੇ, ਜਦਕਿ ਇਸ ਤੋਂ ਉਲਟ ਮੇਰਾ ਮੇਰੀ ਇੱਛਾ ਸੀ ਕਿ ਮੈਂ ਸਰਦੀਆਂ ਵਿਚ ਇੱਥੇ ਰਹਾਂ । ਕਿਉਕਿ ਜ਼ਵੀਲੂ ਵਿਚ ਕੋਈ ਚਿਤਰਕਾਰ ਨਹੀਂ ਸੀ ਤਾਂ ਮੈਂ ਇਹ ਪੱਕਾ ਧਾਰ ਲਿਆ ਕਿ ਮੈਂ ਆਪਣੇ ਮਕਾਨ ਮਾਲਕ ਦੇ ਮੁੜ ਆਉਣ ਦਾ ਇੰਤਜ਼ਾਰ ਨਹੀਂ ਕਰਣਾ ਤੇ ਇਕੱਲੇ ਵਾਪਿਸ ਜਾਣਾ ਹੈ ਤੇ ਰਸਤੇ ਵਿਚ ਮੈਂ ਕੁਝ ਚਿਤਰ ਵੀ ਬਣਾਉਣੇ ਹਨ । ਫਿਰ ਮੈਂ ਸੇਬ ਦੇ ਛੋਟੇ ਜਿਹੇ ਬਾਗ ਵਿਚ ਰੇਖਾ ਚਿਤਰ ਬਣਾਉਣਾ ਸ਼ੁਰੂ ਕਰ ਦਿੱਤਾ, ਜਿੱਥੇ ਲਿਬਰਮੈਨ ਨੇ ਆਪਣੀ ਆਪਣੀ ਉਹ ਵੱਡੀ ਤਸਵੀਰ ਬਣਾਈ ਸੀ ; ਤੇ ਤੈਅ ਕੀਤਾ ਕਿ ਉਸੇ ਰਸਤੇ ਵਾਪਸ ਚਲਾ ਜਾਵਾਂਗਾ ਜਿੱਥੋਂ ਦੀ ਸਵੇਰੇ ਆਏ ਸੀ । ਇਸ ਵੇਲੇ ਜ਼ਵੀਲੂ ਵਿਚ ਹੋਰ ਕੁਝ ਨਹੀਂ ਬਸ ਹਰ ਪਾਸੇ ਨਵੀਂ ਮੱਕੀ ਹੈ । ਜਿੱਥੇ ਤੱਕ ਮੇਰੀ ਸਮਝ , ਜਿੰਨੀ ਦੂਰ ਤੱਕ ਨਿਗ੍ਹਾ ਜਾਂਦੀ ਹੈ ਹਰੇ ਵਿਚ ਵੀ ਸਭ ਤੋਂ ਵੱਧ ਹਰਾ ਦਿਖਾਈ ਦਿੰਦਾ ਹੈ । ਤੇ ਇਸ ਤੋਂ ਉੱਪਰ ਸੁਹਾਵਣਾ ਬਕਾਹਨ-ਸਫੈਦ ਅੰਬਰ ਕੁਝ ਅਜਿਹਾ ਅਸਰ ਛੱਡ ਰਿਹਾ ਸੀ ਤੁਸੀਂ ਉਸ ਨੂੰ ਵੇਖ ਕੇ ਚਿਤਰ ਵਿਚ ਨਹੀਂ ਭਰ ਸਕਦੇ । ਪਰ ਹਾਂ ਜਿੱਥੋਂ ਤੱਕ ਮੈਂ ਵੇਖਿਆ, ਮੈਨੂੰ ਇਹ ਕਿਸੇ ਭੁੱਲ-ਭੁਲਈਏ ਵਾਂਗ ਲੱਗਿਆ ਜਿਸ ਵਿਚ ਸਮਝਣ ਤੋਂ ਬਾਅਦ ਹੀ ਦੂਸਰੇ ਬਾਰੇ ਜਾਣਿਆ ਜਾ ਸਕਦਾ ਹੈ ।

ਇੱਕ ਕਾਲੀ, ਸਮਤਲ ਤੇ ਕਦੇ ਵੀ ਨਾ ਖਤਮ ਹੋਣ ਵਾਲੀ ਧਰਤੀ ਤੇ ਸਾਫ ਅੰਬਰ ਦਾ ਕੋਮਲ ਨੀਲਾ ਸਫੈਦ ਰੰਗ। ਇਹ ਜ਼ਮੀਨ ਇਸ ਮੱਕੀ ਨੂੰ ਏਦਾਂ ਫੁਟਾ ਰਹੀ ਹੈ ਜਿਵੇਂ ਇਹ ਉਹਨਾਂ ਨੂੰ ਢਾਲ ਰਹੀ ਹੋਵੇ । ਇਹੋ ਜਿਹੀ ਹੀ ਹੈ ਦ੍ਰੇਂਥੇ ਦੀ ਵਧੀਆ ਤੇ ਉਪਜਾਊ ਜ਼ਮੀਨ ਤੇ ਧੁੰਦ ਨਾਲ ਭਰੀ ਫਿਜ਼ਾ, ਯਾਦ ਕਰ ਬਰਾਇਨ ਦੀ ਸਿਰਜਣਾ (ਸਿਰਜਣਾ ਦਾ ਆਖਰੀ ਦਿਨ)- ਖੈਰ ਕੱਲ੍ਹ ਮੈਨੂੰ ਲੱਗਿਆ ਕਿ ਮੈਂ ਉਸ ਚਿੱਤਰ ਦਾ ਮਤਲਬ ਸਮਝ ਲਿਆ ਹੈ।

ਦ੍ਰੇਂਥੇ ਦੀ ਉਹੀ ਅਣਉਪਜਾਊ ਧਰਤੀ, ਬਸ ਕਾਲੀ ਧਰਤੀ ਹੋਰ ਕਾਲੀ ਹੋ ਗਈ ਹੈ , ਕੱਜਲ ਵਾਂਗ, ਲਾਇਲੇਕ-ਕਾਲੇ ਦੇ ਵਾਂਗ ਨਹੀਂ ਬਲਕਿ ਦੁੱਖ ਵਿਚ ਵਧਦੀ ਉਮਰ ਵਿਚ ਚਿਹਰੇ ਦੀਆਂ ਝੁਰੜੀਆਂ ਵਾਂਗ ਜੋ

ਦਰਵਾਜ਼ਾ ਬੰਦ ਕਰ ਦਿੰਦੇ ਹਨ ।

ਇਸ ਤਰ੍ਹਾਂ ਝੁੰਡ ਦਾ ਸ਼ਾਮ ਢਲੇ ਵਾਪਸ ਮੁੜਨਾ ਸੰਗੀਤ ਦੀ ਸਮਾਪਤੀ ਹੈ , ਜਿਸ ਨੂੰ ਕੱਲ੍ਹ ਮੈਂ ਸੁਣਿਆ ਸੀ । ਦਿਨ ਸੁਪਨੇ ਦੇ ਵਾਂਗ ਲੰਘ ਗਿਆ । ਮੈਂ ਦਿਲ ਨੂੰ ਟੁੰਬਣ ਵਾਲੇ ਇਸ ਸੰਗੀਤ ਵਿਚ ਸਾਰਾ ਦਿਨ ਕੁਝ ਇਸ ਤਰ੍ਹਾਂ ਅਨੰਦਿਤ ਰਿਹਾ ਕਿ ਮੈਨੂੰ ਭੁੱਖ-ਪਿਆਸ ਦਾ ਵੀ ਖਿਆਲ ਨਾ ਰਿਹਾ । ਮੈਂ ਉਸ ਛੋਟੀ ਜਿਹੀ ਸਰਾਂ ਵਿਚ, ਜਿੱਥੇ ਚਰਖੇ ਦਾ ਰੇਖਾ ਚਿਤਰ ਬਣਾਇਆ ਸੀ, ਉੱਥੇ ਬਸ ਇਕ ਬਰੈਡ ਤੇ ਇਕ ਕੱਪ ਕੌਫੀ ਪੀਤੀ ਸੀ । ਦਿਨ ਗੁਜ਼ਰ ਚੁੱਕਿਆ ਸੀ ਮੈਂ ਸਵੇਰ ਤੋਂ ਲੈਕੇ ਸ਼ਾਮ ਤੱਕ ਜਾਂ ਇੰਝ ਕਹਿ ਲਓ ਕਿ ਇਕ ਰਾਤ ਤੋਂ ਅਗਲੀ ਰਾਤ ਤੱਕ ਇਸੇ ਸੰਗੀਤਕ ਰਚਨਾ ਵਿਚ ਮਸਤ ਸੀ । ਮੈਂ ਘਰ ਆਕੇ ਜਦੋਂ ਅੱਗ ਕੋਲ ਬੈਠਾ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੈਂ ਤਾਂ ਹਾਲੇ ਤੱਕ ਭੁੱਖਾ ਹਾਂ ।

ਹੁਣ ਤੂੰ ਮਹਿਸੂਸ ਕਰ ਸਕਦਾ ਹੈਂ ਕਿ ਇੱਥੇ ਕੀ ਹੈ। ਕੋਈ ਵੀ ਸੋਚ ਸਕਦਾ ਹੈ ਕਿ ਓਹ ਕਿਸੇ ਕਲਾ ਪਦਰਸ਼ਨੀ ਚ ਸੈਂਕੜੇ ਸ਼ਾਹਕਾਰ ਕਿਤਾਂ ਵੇਖ ਆਇਆ ਹੋਵੇ। ਕੋਈ ਐਹੋ ਜਿਹੇ ਦਿਨ ਚ ਕੀ ਲੱਭਦਾ ਹੈ? ਬਹੁਤ ਸਾਰੇ ਕੱਚੇ ਰੇਖਾਚਿੱਤਰ। ਅਤੇ ਹਾਂ , ਇਸ ਤੋਂ ਪਰੇ ਪਰੇ ਕੰਮ ਕਰਨ ਦਾ ਸੁੱਖ ਵੀ।

ਜਲਦ ਹੀ ਲਿਖੀਂ ।ਅੱਜ ਸ਼ੁੱਕਰਵਾਰ ਹੈ, ਪਰ ਤੇਰਾ ਖਤ ਨਹੀਂ ਮਿਲਿਆ; ਮੈਂ ਉਤਸ਼ਾਹ ਨਾਲ ਉਡੀਕ ਕਰ ਰਿਹਾ ਹਾਂ। ਮੁਦਰਾ ਵਟਾਂਦਰਾ ਹੁਗਵੀ () ਤੋਂ ਹੁੰਦਾ ਹੈ , ਇਸ ਲਈ ਪੈਸਾ ਆਉਣ ਚ ਦੇਰੀ ਹੋ ਜਾਂਦੀ ਹੈ। ਮੈਨੂੰ ਨਹੀਂ ਪਤਾ ਕਿ ਇਹ ਸਭ ਕਾਰਵਾਈ ਕਿਵੇਂ ਹੁੰਦੀ ਹੈ, ਤੇ ਤੈਨੂੰ ਇਕ ਸੌਖਾ ਤਰੀਕਾ ਦੱਸਦਾ ਹਾਂ। ਤੂੰ ਮਹੀਨੇ ਚ ਇਕ ਵਾਰ ਪੈਸੇ ਭੇਜ ਦਿਆ ਕਰ। ਜਲਦੀ ਉੱਤਰ ਦਵੀਂ। ਪਿਆਰ ਨਾਲ।

ਤੇਰਾ ਪਿਆਰਾ ਵੀਰ

ਵਿਨਸੈਂਟ

* * *

3 ਅਕਤੂਬਰ 1983

ਦ੍ਰੇਂਥੇ

ਪਿਆਰੇ ਥੀਓ

ਇਸ ਵਾਰ ਮੈਂ ਤੈਨੂੰ ਦ੍ਰੇਂਥੇ ਦੇ ਦੂਰਵਰਤੀ ਇਲਾਕੇ ਤੋਂ ਚਿੱਠੀ ਲਿਖ ਰਿਹਾ ਹਾਂ, ਕਦੇ ਵੀ ਨਾ ਖਤਮ ਹੋਣ ਵਾਲੇ ਇਸ ਗਲਿਆਰੇ ਵਿੱਚ ਮੈਂ ਇਕ ਸੋਟੀ ਦੇ ਸਹਾਰੇ ਝਾੜੀਦਾਰ ਮੈਦਾਨ ਲੰਘਦਾ ਹੋਇਆ ਪਹੁੰਚਿਆ ਹਾਂ । ਮੈਨੂੰ ਨਹੀਂ ਲੱਗਦਾ ਮੈਂ ਇਸ ਸੁਹੱਪਣ ਦੇ ਨਾਲ ਇਨਸਾਫ਼ ਕਰ ਪਾਵਾਂਗਾ ਕਿਉਂਕਿ ਕਿ ਇਹ ਸਵਰਗ ਹੈ ਜਿੱਥੇ ਆਣਕੇ ਸ਼ਬਦ ਵੀ ਹਾਰ ਜਾਂਦੇ ਨੇ । ਕਲਪਨਾ ਕਰ ਉਸ ਨਹਿਰ ਦੇ ਮੀਲਾਂ ਤੱਕ ਫੈਲੇ ਹੋਏ ਕਿਨਾਰੇ ਦੀ ਜਿਸਦਾ ਵਰਨਣ ਮਿਸ਼ੇਲ, ਰੂਸੋ, ਵਾਨ ਗੋਇੰਨ ਦ ਕੋਨਿਕਸ (, , ) ਕੀਤਾ ਹੈ । ਇੱਥੇ ਅਨੇਕਾਂ ਰੰਗਾਂ ਦੇ ਸਮਤਲ ਮੈਦਾਨ ਜਾਂ ਭੂਖੰਡ ਹਨ, ਜਿਹੜੇ ਖਿਤਿਜ ਤੱਕ ਜਾਂਦੇ-ਜਾਂਦੇ ਹੋਰ ਵੀ ਤੰਗ ਹੁੰਦੇ ਜਾਂਦੇ ਲੱਗਦੇ ਨੇ । ਆਸੇ-ਪਾਸੇ ਬਣੀਆਂ ਘਾਹ-ਫੂਸ ਦੀਆਂ ਝੌਂਪੜੀਆਂ, ਛੋਟੇ-ਛੋਟੇ ਖੇਤ, ਛੋਟੇ ਕੱਦ ਦੇ ਭੋਜ ਦੇ ਦਰਖਤ, ਪਾਪੂਲਰ, ਸ਼ਾਹਬਲੂਤ ਆਦਿ ਸਭ ਇਸਨੂੰ ਸਪਸ਼ਟ ਕਰਦੇ ਦਿਖਾਈ ਦਿੰਦੇ ਹਨ । ਇਧਰ-ਉਧਰ ਲੱਗੇ ਘਾਹ ਦੇ ਢੇਰ ਅਤੇ ਆਉਂਦੇ ਜਾਂਦੇ ਕਿਸ਼ਤੀ ਸਵਾਰ ਵੀ ਅਕਸਰ ਹੀ ਦਿਸ ਪੈਂਦੇ ਨੇ । ਇੱਥੇ ਹਲਕੇ ਰੰਗ ਵਾਲੀਆਂ ਮਰੀਅਲ ਜਿਹੀਆਂ ਗਾਵਾਂ ਵੀ ਅਕਸਰ ਹੀ ਘੁੰਮਦੀਆ ਤੇ ਕੁਝ ਸੂਰ ਤੇ ਭੇਡਾਂ ਵੀ ਦਿਖਾਈ ਦਿੰਦੀਆਂ ਹਨ ।

ਸਾਮਾਨ ਤੌਰ ਤੇ ਇਸ ਸਮਤਲ ਉੱਤੇ ਜਿਹੜੇ ਆਕਾਰ ਜਾਂ ਚਿਤਰ ਦਿਖਾਈ ਦਿੰਦੇ ਹਨ ਉਹ ਅਨੋਖੇ ਕਿਰਦਾਰ ਦੇ ਨੇ ਤੇ ਕਦੇ-ਕਦੇ ਉਹ ਤੁਹਾਨੂੰ ਖੂਬ ਆਕਰਸ਼ਤ ਕਰਦੇ ਹਨ । ਇਹਨਾਂ ਸਭ ਦੇ ਵਿਚ ਮੈਂ ਕੁਝ ਚਿਤਰ ਬਣਾਏ, ਇਕ ਛੋਟੀ ਜਿਹੀ ਔਰਤ ਦਾ ਜਿਹੜੀ ਸੈਰ ਕਰਣ ਵਾਲੀ ਕਿਸ਼ਤੀ ਦੇ ਵਿਚ ਬੈਠੀ ਹੈ,

ਉਸ ਨੇ ਆਪਣੇ ਜੜਾਊ ਪਿੰਨ ਦੇ ਚਾਰੋਂ ਪਾਸੇ ਗੋਟਾ ਲਾ ਬਾਰੀਕ ਕੱਪੜੇ ਦੀ ਬੁੱਕਲ ਮਾਰੀ ਹੋਈ ਹੈ । ਫਿਰ ਇਕ ਮਾਂ ਆਪਣੇ ਬੱਚੇ ਦੇ ਨਾਲ ਬੈਠੀ ਹੈ ਉਸ ਨੇ ਆਪਣੇ ਸਿਰ ਦੇ ਉੱਤੇ ਬੈਂਗਣੀ ਰੰਗ ਦਾ ਦੁਪੱਟਾ ਲਿਆ ਹੋਇਆ ਹੈ । ਇੱਥੇ ਔਸਤੇਦ ( ) ਦੀ ਰੀਤ ਵਾਲੀਆਂ ਅਨੇਕਾਂ ਤਸਵੀਰਾਂ ਦਿਖਾਈ ਦੇਣਗੀਆਂ ਜਿਹੜੀਆਂ ਤੁਹਾਡੇ ਦਿਮਾਗ ਉੱਪਰ ਸੂਰ, ਕਾਂਵਾਂ ਦੀ ਛਾਪ ਛੱਡਦੀਆਂ ਹਨ । ਪਰ ਇਹਨਾਂ ਦੇ ਨਾਲ ਹੀ ਛੋਟੇ ਅਕਾਰ ਵਿਚ ਦੀਆਂ ਕੁਝ ਤਸਵੀਰਾਂ ਵੀ ਮਿਲਣਗੀਆਂ ਜਿਹੜੀਆਂ ਤੁਹਾਨੂੰ ਕੰਡਿਆਂ ਦੇ ਵਿਚ ਕਮਲ ਦਾ ਅਹਿਸਾਸ ਵੀ ਕਰਵਾਉਣਗੀਆਂ ।

ਸੰਖੇਪ ਵਿਚ ਮੈਂ ਇਸ ਵਹਿਮ ਦੇ ਨਾਲ ਬਹੁਤ ਖੁਸ਼ ਹਾਂ । ਮੈਂ ਜੋ ਕੁਝ ਵੀ ਦੇਖਿਆ ਉਸ ਨਾਲ ਲਬਾਲਬ ਭਰਿਆ ਹੋਇਆ ਹਾਂ । ਸੰਝ ਢਲਦੇ ਇਹ ਕੰਡਿਆਲੀ ਝਾੜੀਆਂ ਨਾਲ ਭਰੇ ਰਸਤੇ ਅਸਾਧਸਾਰਣ ਰੂਪ ਨਾਲ ਬਹੁਤ ਹੀ ਸੋਹਣੇ ਲੱਗਦੇ ਨੇ । ਬੋਤਜ਼ੇਲ() ਦੀ ਇਕ ਐਲਬਮ ਦੌਬਿਨੀ() ਨੇ ਇਹਨਾਂ ਪ੍ਰਭਾਵਾਂ ਨੂੰ ਹੂਬਹੂ ਉਤਾਰ ਦਿੱਤਾ ਹੈ । ਅੰਬਰ ਅਕੱਥ ਰੂਪ ਨਾਲ ਨਾਜ਼ੁਕ ਬਕਾਹਨ-ਸਲੇਟੀ ਚਿੱਟਾ ਸੀ । ਬੱਦਲ ਊਨੀ ਨਹੀਂ ਸਨ ਪਰ ਨੇੜੇ ਆਕੇ ਹੋਰ ਵੀ ਸੰਘਣੇ ਹੋ ਗਏ ਸਨ । ਗੁੱਛਿਆਂ ਦੇ ਰੂਪ ਵਿਚ ਉਹ ਅੰਬਰ ਤੇ ਥੋੜ੍ਹੇ ਜਾਂ ਜਿਆਦਾ ਬਕਾਹਨ-ਸਲੇਟੀ ਚਿੱਟੇ ਦੀ ਭਾਅ ਮਾਰ ਰਹੇ ਸਨ । ਉਹਨਾਂ ਦੇ ਵਿਚ ਸਿਰਫ ਛੋਟੀਆਂ-ਛੋਟੀਆਂ ਦਰਾਰਾਂ ਦੇ ਵਿਚ ਦੀ ਨੀਲਾ ਝਾਤੀਆਂ ਮਾਰ ਰਿਹਾ ਸੀ । ਖਿਤਿਜ ਵਿਚ ਚਮਕਦਾਰ ਲਾਲ ਲੀਕ ਛੱਡ ਰਿਹਾ ਸੀ । ਉਸ ਦੇ ਥੱਲੇ ਹੈਰਾਨੀਜਨਕ ਰੂਪ ਨਾਲ ਬਜਰੇ ਦਾ ਗਹਿਰਾ ਭੂਰਾਪਨ ਤੇ ਝੁਕੀਆਂ ਛੱਤਾਂ ਵਾਲੀਆਂ ਝੌਂਪੜੀਆਂ ਦੀ ਭੀੜ ਸੀ । ਇਹ ਸਭ ਉਸ ਚਮਕੀਲੀ ਲਾਲ ਲਕੀਰ ਦੇ ਉਲਟ ਖੜ੍ਹਾ ਸੀ ।

ਆਥਣ ਵੇਲੇ ਬਜਰੇ ਦਾ ਪ੍ਰਭਾਵ ਐਸਾ ਨਜ਼ਾਰਾ ਦਿੰਦਾ ਹੈ ਜਿਸ ਨੂੰ ਅੰਗਰੇਜ਼ ਜਾਦੂ ਤੇ ਅਦਭੁਤ ਕਹਿੰਦੇ ਹਨ। ਡੌਨ ਕਿਵਿਕਜੋਟ ਦੀਆਂ ਪੌਣ ਚੱਕੀਆਂ ਵਰਗੀਆਂ ਚੱਕੀਆਂ ਸ਼ਾਨਦਾਰ ਛਾਇਆਚਿਤਰ ਖਿੱਚਦੀਆਂ ਹਨ। ਅਦਭੁੱਤ ਭਾਰੀ ਉੱਚੇ ਪੁਲ ਪਾਰਸ਼ਵ ਛਾਇਆਚਿਤਰ ਵਾਂਗ ਅੰਬਰ ਅਤੇ ਜਗਮਗਾਉਂਦੀਆਂ ਛੋਟੀਆਂ ਬਾਰੀਆਂ ਦੇ ਪਾਣੀ ਜਾਂ ਤਲਾਅ ਦੇ ਵਿਚ ਬਣ ਰਹੇ ਪਰਛਾਵੇਂ ਦੇ ਵਿਰੁਧ ਖੜ੍ਹੇ ਲੱਗ ਰਹੇ ਹਨ ।

ਹੁਗਵੀਨ ਛੱਡਣ ਤੋਂ ਪਹਿਲਾਂ ਮੈਂ ਕੁਝ ਸਟਡੀਜ ਨੂੰ ਪੇਂਟ ਕੀਤਾ ਤੇ ਉਹਨਾਂ ਵਿਚੋਂ ਇਕ ਉਹ ਫਾਰਮ ਹਾਊਸ ਵਾਲੀ ਸੀ ਜਿਸ ਦੀ ਛੱਤ ਕਾਈ ਦੇ ਨਾਲ ਢੱਕੀ ਪਈ ਸੀ । ਮੇਰੇ ਕੋਲ ਫੁਰਨੀ () ਦੇ ਭੇਜੇ ਹੋਏ ਰੰਗ ਸਨ । ਕਿਉਂਕਿ ਮੈਂ ਵੀ ਇਹਨਾਂ ਦੇ ਬਾਰੇ ਵਿਚ ਉਵੇਂ ਹੀ ਸੋਚਿਆ ਸੀ ਜਿਵੇਂ ਤੂੰ ਆਪਣੀ ਚਿੱਠੀ ਵਿਚ ਕਿਹਾ ਸੀ ।ਆਪਣਾ ਮਨ ਬਦਲਣ ਤੋਂ ਪਹਿਲਾਂ ਹੀ ਮੈਂ ਆਪਣੇ ਕੰਮ ਵਿਚ ਪੂਰਨ ਰੂਪ ਵਿਚ ਲੀਨ ਹੋ ਜਾਣਾ ਚਾਹੁੰਦਾ ਸੀ, ਜਿਸ ਵਿਚ ਮੈਂ ਆਪਣਾ ਆਪਾ ਰੱਖ ਸਕਾਂ ਇਹ ਇਕ ਚੰਗਾ ਸੌਦਾ ਸੀ ।

ਪਰ ਉਹਨਾਂ ਪਲਾਂ ਵਿਚ ਜਦੋਂ ਤੂੰ ਅਮਰੀਕਾ ਜਾਣ ਦੀ ਮਨਸ਼ਾ ਰੱਖਦਾਂ ਹੈਂ, ਮੈਂ ਪੂਰਬ ਵਿਚ ਜਾਣ ਦੀ ਗੱਲ ਸੋਚਦਾ ਹਾਂ । ਇਹ ਉਹ ਫਿੱਕੇ ਉਦਾਸ ਪਲ ਨੇ ਜਿੰਨ੍ਹਾਂ ਵਿਚ ਕੋਈ ਵੀ ਬਿਹਬਲ ਹੋ ਸਕਦਾ ਹੈ, ਇਸ ਲਈ ਮੈਂ ਚਾਹਾਂਗਾ ਕਿ ਤੂੰ ਇਸ ਸ਼ਾਂਤ ਬੰਜਰ ਨੂੰ ਵੇਖ, ਜਿਸ ਨੂੰ ਮੈਂ ਆਪਣੇ ਕਮਰੇ ਦੀ ਬਾਰੀ ਵਿਚੋਂ ਨਿਹਾਰਦਾ ਹਾਂ, ਕਿਉਂਕਿ ਇਹ ਚੀਜ਼ਾਂ ਆਪਣੇ ਮਨ ਨੂੰ ਹਲਕਾ ਕਰਦੀਆਂ ਨੇ, ਤੁਹਾਨੂੰ ਬਹੁਤ ਜਿਆਦਾ ਭਰੋਸੇ ਨਾਲ, ਸਮਰਪਣ ਨਾਲ ਤੇ ਸ਼ਾਂਤੀਪੂਰਵਕ ਕੰਮ ਕਰਦੇ ਰਹਿਣ ਲਈ ਪ੍ਰੇਰਦੀਆਂ ਹਨ ।

ਬਜਰੇ ਵਿਚ ਮੈਂ ਕਈ ਚਿਤਰ ਬਣਾਏ ਤੇ ਮੈਂ ਸਿਰਫ ਇੱਥੇ ਚਿਤਰਕਾਰੀ ਲਈ ਹੀ ਰੁਕਿਆ ਹੋਇਆ ਹਾਂ । ਮੈਂ ਜ਼ਵੀਲੂ ਦੇ ਨੇੜੇ ਹੀ ਹਾਂ, ਜਿੱਥੇ ਲਾਇਬਰਮੈਨ ਆਇਆ ਸੀ । ਇਸ ਤੋਂ ਬਿਨਾ ਇੱਥੇ ਅਜਿਹਾ ਖੇਤਰ ਹੈ ਜਿੱਥੇ ਬਹੁਤ ਸਾਰੀਆਂ ਘਾਹ ਮਿੱਟੀ ਮਿਲੀਆਂ ਝੌਂਪੜੀਆਂ ਹੀ ਝੌਂਪੜੀਆਂ ਹਨ । ਜਿਹਨਾਂ ਵਿਚ ਵਾੜੇ ਅਤੇ ਬੈਠਕ ਵਿਚ ਕੋਈ ਵੀ ਕੰਧ ਨਹੀਂ ਹੈ । ਮੇਰਾ ਸਭ ਤੋਂ ਪਹਿਲਾ ਵਿਚਾਰ ਇਸੇ ਜਗ੍ਹਾ ਦੀ ਸੈਰ ਕਰਣਾ ਹੈ । ਕਿੰਨੀ ਸ਼ਾਂਤੀ, ਕਿੰਨਾ ਫੈਲਾਅ ਤੇ ਠਹਿਰਾਅ ਹੈ ਇਸ ਕੁਦਰਤ ਵਿਚ । ਤੇ ਇਸ ਨੂੰ ਉਸ ਸਮੇ ਤੱਕ ਕੋਈ ਮਹਿਸੂਸ ਨਹੀਂ ਕਰ ਸਕਦਾ ਜਦੋਂ ਉਹ ਆਪਣੇ ਵਿਚ ਮੀਲਾਂ ਮੀਲਾਂ ਤੱਕ ਭਗਵਾਨ ਰੂਪ ਵਿਚ ਬੈਠੇ ਮਿਸ਼ੇਲ ਨੂੰ ਨਾ ਵੇਖੇ ।

ਮੈਂ ਤੈਨੂੰ ਆਪਣਾ ਨਿਸ਼ਚਿਤ ਪਤਾ ਨਹੀਂ ਦੇ ਪਾਵਾਂਗਾ ਕਿਉਂਕਿ ਮੈਨੂੰ ਖੁਦ ਨੂੰ ਨਹੀਂ ਪਤਾ ਕਿ ਆਉਣ ਵਾਲੇ ਦਿਨਾ ਵਿਚ ਮੈਂ ਕਦੋ ਤੇ ਕਿੱਥੇ ਹੋਵਾਂਗਾ । ਪਰ ਹਾਲੇ 12 ਅਕਤੂਬਰ ਤੱਕ ਮੈਂ ਹੁਗਵੀਨ ਹੀ

ਹੋਵਾਂਗਾ ਤੇ ਜੇ 12 ਤੋਂ ਪਹਿਲਾਂ ਤੇਰੀ ਚਿੱਠੀ ਇੱਥੇ ਪਹੁੰਚ ਗਈ ਤਾਂ ਮੈਂ ਉਸ ਨੂੰ ਪੜ੍ਹ ਪਾਵਾਂਗਾ । ਅੱਜਕੱਲ੍ਹ ਮੈਂ ਨਿਊ ਐਮਸਟਰਡਮ ਵਿੱਚ ਹਾਂ ।

ਤੇਰੇ ਦੁਆਰਾ ਪਿਤਾ ਜੀ ਦੁਆਰਾ ਭੇਜਿਆ ਗਿਆ ਦਸ ਗਿਲਡਰ ਦਾ ਪੋਸਟਲ ਆਰਡਰ ਮੈਨੂੰ ਮਿਲ ਗਿਆ ਹੈ, ਜਿਸ ਦਾ ਅਰਥ ਹੈ ਕਿ ਹੁਣ ਮੈਂ ਚਿਤਰਕਾਰੀ ਕਰ ਸਕਦਾ ਹਾਂ । ਮੈਂ ਉਸੇ ਹੀ ਸਰਾਂ ਵਿਚ ਵਾਪਸ ਜਾਣ ਬਾਰੇ ਸੋਚ ਰਿਹਾ ਹਾਂ ਜਿੱਥੇ ਮੈਂ ਲੰਬਾ ਸਮਾ ਰੁਕਿਆ ਹਾਂ । ਇੱਥੋਂ ਮੈਂ ਆਸਾਨੀ ਨਾਲ ਦੁਬ ਚੌਰਾ ਦੀਆਂ ਉਹਨਾਂ ਪੁਰਾਣੀਆਂ ਝੌਂਪੜੀਆਂ ਤੱਕ ਪਹੁੰਚ ਸਕਦਾ ਹਾਂ । ਇੱਥੇ ਖੁੱਲ੍ਹੀ ਜਗ੍ਹਾ ਤੇ ਰੌਸ਼ਨੀ ਦਾ ਪ੍ਰਬੰਧ ਵੀ ਹੈ । ਉਦਾਹਰਣ ਦੇ ਤੌਰ ਤੇ ਉਹ ਚਿਤਰ ਵੇਖਣਾ ਜਿਸ ਵਿਚ ਅੰਗਰੇਜ਼ ਅਦਮੀ ਨੇ ਕਮਜੋਰ ਜਿਹੀ ਬਿੱਲੀ ਤੇ ਤਾਬੂਤ ਦੇ ਚਿਤਰ ਬਣਾਏ ਸੀ । ਇਸ ਦਾ ਵਿਚਾਰ ਹਨੇਰਕਮਰੇ ਵਿਚ ਹੀ ਆਇਆ ਸੀ । ਪਰ ਉਸ ਨੂੰ ਉਸ ਹਨੇਰੇ ਕਮਰੇ ਵਿਚ ਚਿਤਰ ਬਣਾਉਣਾ ਬਹੁਤ ਮੁਸ਼ਕਲ ਸੀ, ਕਮਰੇ ਵਿਚ ਜੇ ਬਹੁਤਾ ਹਨੇਰਾ ਹੋਵੇ ਤਾਂ ਚਿਤਰ ਵੀ ਬਹੁਤ ਹਲਕੇ ਬਣ ਜਾਣਗੇ । ਤੇ ਚਾਨਣੇ ਚ ਵੇਖਣ ਤੇ ਤੁਹਾਨੂੰ ਪਤਾ ਲੱਗੇਗਾ ਕਿ ਇਹ ਚਿਤਰ ਕਿੰਨਾ ਧੁੰਦਲਾ ਜਿਹਾ ਬਣਿਆ ਹੈ । ਇਸਦਾ ਅਨੁਭਵ ਵੀ ਮੈਨੂੰ ਉਸ ਵੇਲੇ ਹੋਇਆ ਜਦੋਂ ਮੈਂ ਵਾੜੇ ਵਿਚ ਬੈਠ ਕੇ ਖੁੱਲ੍ਹੇ ਦਰਵਾਜੇ ਨੂੰ ਰੰਗ ਕਰਿਆ ਸੀ ਜਿਸ ਵਿਚੋਂ ਬਾਗ ਦਾ ਦ੍ਰਿਸ਼ ਦਿਖਾਈ ਦਿੰਦਾ ਸੀ ।

ਆਪਣੀ ਇਸ ਕਮਜ਼ੋਰੀ ਨੂੰ ਮੈਂ ਜਿੱਤ ਲਵਾਂਗਾ ਕਿਉਂਕਿ ਹੁਣ ਮੈਨੂੰ ਚਾਨਣ ਨਾਲ ਭਰਪੂਰ ਕਮਰਾ ਮਿਲ ਜਾਵੇਗਾ, ਜਿੱਥੇ ਸਿਆਲ ਦੀ ਰੁੱਤ ਵਿਚ ਮੈਂ ਸਟੋਵ ਬਾਲ ਕੇ ਰੱਖ ਸਕਾਂਗਾ । ਮੇਰੇ ਤਜ਼ਰਬੇਕਾਰ ਵੀਰ ਜੇ ਤੂੰ ਅਮਰੀਕਾ ਤੇ ਮੈਂ ਹਾਰਡਰਵਿਜਕ() ਦਾ ਵਿਚਾਰ ਤਿਆਗ ਦਵਾਂ ਤਾਂ ਸਾਰਾ ਕੁਝ ਆਪਣੇ ਆਪ ਕੰਮ ਕਰੇਗਾ। ਸੀ.ਐਮ ਦੀ ਚੁੱਪ ਨੂੰ ਲੈ ਕੇ ਜੋ ਤੂੰ ਸਫਾਈ ਦਿੱਤੀ ਹੈ ਉਹ ਉਦਾਹਰਣ ਹੋ ਸਕਦੀ ਹੈ । ਪਰੰਤੂ ਕਦੇ ਕਦੇ ਜਾਣ ਬੁੱਝ ਕੇ ਵੀ ਉਦਾਸੀਨਤਾ ਰੱਖਣੀ ਪੈਂਦੀ ਹੈ । ਹੋ ਸਕਦਾ ਹੈ ਕਿ ਤੈਨੂੰ ਪਿਛਲਭੂਮੀ ਵਿਚੋਂ ਕੁਝ ਰਫ ਸਕੈਚ ਹੀ ਮਿਲਣ । ਮੈਂ ਇਹ ਸਭ ਤੈਨੂੰ ਜਲਦਬਾਜ਼ੀ ਚ ਹੀ ਲਿਖ ਰਿਹਾ ਹਾਂ, ਸ਼ਾਇਦ ਲਿਖਣ ਵਿਚ ਦੇਰ ਹੋ ਗਈ ਹੈ। ਫਿਰ ਵੀ ਮੈਂ ਕਾਮਨਾ ਕਰਦਾ ਹਾਂ ਆਪਾਂ ਦੋਨੋਂ ਇਕੱਠੇ ਚੱਲੀਏ ਤੇ ਨਾਲ-ਨਾਲ ਚਿਤਰ ਬਣਾਈਏ । ਮੇਰਾ ਖਿਆਲ ਹੈ ਕਿ ਇਹ ਕੰਟਰੀਸਾਈਡ ਤੇਰਾ ਦਿਲ ਜਿੱਤ ਲਵੇਗੀ ਤੇ ਭਰੋਸਾ ਦੁਆਵੇਗੀ । ਆਸ ਕਰਦਾ ਹਾਂ ਕਿ ਤੂੰ ਠੀਕ-ਠਾਕ ਹੋਵੇਂਗਾ ਤੇ ਕਿਸਮਤ ਤੇਰਾ ਸਾਥ ਦਵੇਗੀ । ਇਸ ਯਾਤਰਾ ਵਿਚ ਮੈਂ ਵਾਰ ਵਾਰ ਤੈਨੂੰ ਯਾਦ ਕੀਤਾ ਹੈ ।

ਹਮੇਸ਼ਾਂ ਤੇਰਾ

ਵਿਨਸੈਂਟ

* * *

ਪਿਆਰੇ ਥੀਓ

ਤੇਰਾ ਖ਼ਤ ਅੱਜ ਹੀ ਮਿਲਿਆ , ਅੱਜਕੱਲ੍ਹ ਬਹੁਤ ਮਸ਼ਰੂਫ ਹਾਂ ਇਸ ਲਈ ਜਲਦੀ ਚ ਉੱਤਰ ਦੇ ਰਿਹਾ ਹਾਂ । ਤੇਰਾ ਖ਼ਤ ਅੰਕਲ ਜੇਨ ਨੂੰ ਦੇ ਦਿੱਤਾ ਸੀ। ਉਹਨਾਂ ਨੇ ਆਪਣੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਖ਼ਤ ਲਈ ਧੰਨਵਾਦ ਕੀਤਾ ।

ਤੇਰੇ ਖ਼ਤ ਵਿਚਲੀਆਂ ਕੁਝ ਸਤਰਾਂ ਨੇ ਮੇਰਾ ਮਨ ਛੂਹ ਲਿਆ ਹੈ, ਮੈਨੂੰ ਸਭ ਕਾਸੇ ਤੋਂ ਪਰ੍ਹੇ ਚਲੇ ਜਾਣਾ ਚਾਹੀਦਾ ਹੈ, ਮੈਂ ਹੀ ਸਭ ਕਾਸੇ ਦਾ ਕਾਰਣ ਹਾਂ ਅਤੇ ਦੂਸਰਿਆਂ ਨੂੰ ਸਿਰਫ ਦੁਖੀ ਕਰਦਾ ਹਾਂ , ਆਪਣੇ ਆਪ ਅਤੇ ਦੂਸਰਿਆਂ ਦੇ ਦੁਖਾਂ ਦਾ ਕਾਰਨ ਮੈਂ ਹੀ ਹਾਂ ।

ਬਿਲਕੁਲ ਇਹੀ ਅਹਿਸਾਸ ਬਿਨਾ ਕਿਸੇ ਵਾਧ - ਘਾਟ ਦੇ ਮੈਂ ਵੀ ਮਹਿਸੂਸ ਕਰ ਰਿਹਾ ਹਾਂ ।

ਜਦੋਂ ਮੈਂ ਅਤੀਤ ਬਾਰੇ ਸੋਚਦਾ ਹਾਂ ਅਤੇ ਭਵਿੱਖ ਬਾਰੇ ਸੋਚਦਾ ਹਾਂ ਜੋ ਕਿ ਨਾ ਮੁੱਕਣ ਵਾਲੀਆਂ ਮੁਸ਼ਕਿਲਾਂ ਨਾਲ ਘਿਰਿਆ ਹੈ, ਜਿਹਦੇ ਵਿੱਚ ਅਜਿਹੇ ਮੁਸ਼ਕਿਲ ਕੰਮ ਆਣ ਪਏ ਹਨ ਕਿ ਜਿਹੜੇ ਮੈਂ ਪੂਰੇ ਕਰਨਾ ਪਸੰਦ ਨਹੀਂ ਕਰਦਾ, ਜਿਹਨਾਂ ਨੂੰ ਮੈਂ , ਮੇਰੇ ਅੰਦਰਲਾ ਸ਼ੈਤਾਨ ਵੀ ਅਣਦੇਖਿਆ ਕਰਨਾ ਚਾਹੁੰਦਾ ਹੈ, ਜਦੋਂ ਮੈਂ ਸੋਚਦਾ ਹਾਂ ਕਿ ਕਈਆਂ ਦੀਆਂ ਨਜ਼ਰਾਂ ਮੇਰੇ ਤੇ ਕੇਂਦਰਿਤ ਹਨ, ਜੋ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਮੀ ਕਿੱਥੇ ਹੈ, ਅਜਿਹੇ ਚ ਜੇਕਰ ਮੈਂ ਸਫਲ ਨਹੀਂ ਹੁੰਦਾ ਤਾਂ ਕਿਉਂ ਨਾ ਉਹ ਮੈਨੂੰ ਉਲਾਂਭੇ ਦੇਣਗੇ ਜਦੋਂਕਿ ਉਹ

ਜ਼ਿੰਦਗੀ ਦੇ ਹਰ ਖੇਤਰ ਵਿੱਚ ਆਜਮਾਏ ਹੋਏ ਹਨ ਅਤੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਕੀ ਚੰਗਾ ਹੈ ਅਤੇ ਉਹ ਪਰਪੱਕ ਅਤੇ ਖਰਾ ਸੋਨਾ ਹਨ। ਅਜਿਹੇ ਚ ਉਹਨਾਂ ਦੇ ਚਿਹਰਿਆਂ ਦੇ ਉਤਾਰ - ਚੜ੍ਹਾਅ ਕਹਿਣਗੇ: ਅਸੀਂ ਤੇਰੀ ਸਹਾਇਤਾ ਕੀਤੀ ਅਤੇ ਚਾਨਣ ਦਿੱਤਾ - ਅਸੀਂ ਜੋ ਕਰ ਸਕਦੇ ਸੀ ਉਹ ਤੇਰੇ ਲਈ ਕੀਤਾ, ਪਰ ਕੀ ਤੂੰ ਇਮਾਨਦਾਰ ਕੋਸ਼ਿਸ਼ ਕੀਤੀ? ਸਾਡੀ ਮਿਹਨਤ ਦਾ ਕੀ ਮੁੱਲ ਅਤੇ ਕੀ ਫਲ ਹੈ?

ਦੇਖ , ਜਦੋਂ ਵੀ ਮੈਂ ਇਸ ਸਭ ਤੇ ਵਿਚਾਰ ਕਰਦਾ ਹਾਂ ਤਾਂ ਹੋਰ ਵੀ ਬਹੁਤ ਕੁਝ ਜੋ ਕਿ ਆਪਨੇ ਆਪ ਵਿਚ ਅਣਗਿਣਤ ਹੈ, ਓਹ ਸਾਰੀਆਂ ਮੁਸੀਬਤਾਂ ਅਤੇ ਚਿੰਤਾਵਾਂ ਜੋ ਵਧਦੇ ਜੀਵਨ ਦੇ ਨਾਲ ਘੱਟ ਨਹੀਂ ਹੋਈਆਂ , ਉਹ ਦੁੱਖ , ਨਿਰਾਸ਼ਤਾਵਾਂ , ਅਸਫਲਤਾ ਦੇ ਉਹ ਡਰ, ਅਪਮਾਨ - ਉਦੋਂ ਮੇਰੀ ਵੀ ਇੱਛਾ ਹੁੰਦੀ ਹੈ ਕਿ ਇਹਨਾਂ ਸਭ ਤੋਂ ਕਿਤੇ ਦੂਰ ਚਲਾ ਜਾਵਾਂ।

ਅਤੇ ਹੁਣ- ਮੈਂ ਅੱਗੇ ਵਧ ਰਿਹਾ ਹਾਂ , ਪਰ ਸਾਵਧਾਨੀ ਨਾਲ ਅਤੇ ਇਸ ਆਸ ਨਾਲ ਕਿ ਮੈਂ ਇਹਨਾਂ ਸਭ ਨੂੰ ਰੋਕਣ ਵਿਚ ਸਫਲ ਹੋਵਾਂਗਾ, ਜਿਸ ਨਾਲ ਮੈਂ ਉਹਨਾਂ ਸਭ ਆਲੋਚਨਾਵਾਂ ਦਾ ਜਵਾਬ ਦੇ ਸਕਾਂਗਾ ਜੋ ਡਰਾਉਂਦੀਆਂ ਹਨ , ਇਹ ਵਿਸ਼ਵਾਸ ਕਰਦੇ ਹੋਏ ਕਿ ਸਭ ਕੁਝ ਮੇਰੇ ਵਿਰੁੱਧ ਹੈ, ਮੈਂ ਉਦੇਸ਼ ਤਕ ਪਹੁੰਚਾਂਗਾ ਜਿਸ ਲਈ ਮੈਂ ਸੰਘਰਸ਼ ਕਰਦਾ ਰਿਹਾ, ਅਤੇ ਜੇ ਰੱਬ ਦੀ ਇੱਛਾ ਹੋਈ ਤਾਂ ਉਹਨਾਂ ਅੱਖਾਂ ਚ ਚਮਕ ਦੇਖਾਂਗਾ ਜਿਹਨਾਂ ਨੂੰ ਮੈਂ ਪਿਆਰ ਕਰਦਾ ਹਾਂ ਅਤੇ ਜੋ ਮੇਰੇ ਪਿੱਛੇ ਆਉਣਗੀਆਂ ।

ਇਹ ਲਿਖਿਆ ਹੋਇਆ ਹੈ , ਕਮਜੋਰ ਹੱਥਾਂ ਅਤੇ ਡਿੱਗੇ ਹੋਏ ਗੋਡਿਆਂ ਨੂੰ ਉਠਾਓ, ਅਤੇ ਜਦੋਂ ਤੁਹਾਡੇ ਵਿਦਿਆਰਥੀ ਰਾਤ ਭਰ ਦੀ ਮਿਹਨਤ ਤੋਂ ਬਾਅਦ ਵੀ ਮੱਛੀ ਨਾ ਫੜ ਸਕਣ, ਤਾਂ ਉਹਨਾਂ ਨੂੰ ਕਹੋ ਕਿ ਉਹ ਹੋਰ ਡੂੰਘੇ ਪਾਣੀ ਚ ਜਾਣ ਅਤੇ ਦੁਬਾਰਾ ਆਪਣੇ ਜਾਲ ਸਮੁੰਦਰ ਚ ਪਾਉਣ।

ਮੇਰਾ ਦਿਮਾਗ ਕਦੀ ਕਦੀ ਭਾਰੀ ਹੋ ਜਾਂਦਾ ਹੈ ਅਤੇ ਅਕਸਰ ਤਪਣ ਲੱਗਦਾ ਹੈ , ਮੇਰੇ ਵਿਚਾਰ ਉਲਝ ਜਾਂਦੇ ਹਨ , ਮੈਂ ਨਹੀਂ ਵੇਖ ਪਾਉਂਦਾ ਕਿ ਆਪਣੇ ਇਨ੍ਹਾਂ ਮੁਸ਼ਕਿਲ ਵਿਚਾਰਾਂ ਦਾ ਵਿਆਪਕ ਤੌਰ ਤੇ ਅਧਿਐਨ ਕਰ ਸਕਾਂ ਤਾਂ ਕਿ ਮੈਂ ਇੰਨਾ ਅਭਿਆਸੀ ਹੋ ਸਕਦਾ ਅਤੇ ਆਪਣੀ ਲਗਨ ਨਾਲ ਇਸ ਨੂੰ ਸਹਿਜ ਅਧਿਐਨ ਬਣਾ ਪਾਉਂਦਾ , ਮੇਰੇ ਇਹ ਭਾਵਨਾਤਮਕ ਸਾਲ ਆਖਿਰ ਇੰਨੇ ਸੌਖੇ ਨਹੀਂ ਸੀ, ਇਸ ਸਭ ਦੇ ਬਾਵਜੂਦ ਵੀ ਮੈਂ ਅੱਗੇ ਵਧਦਾ ਹਾਂ ; ਜੇ ਅਸੀਂ ਥੱਕ ਗਏ ਹਾਂ ਤਾਂ ਕੀ ਇਸ ਲਈ ਹੈ ਕਿ ਅਸੀਂ ਆਪਣੇ ਇਕ ਰਸਤੇ ਤੇ ਬਹੁਤ ਦੂਰ ਤਕ ਚਲੇ ਆਏ ਹਾਂ, ਅਤੇ ਜੇ ਇਹ ਸੱਚ ਹੈ ਕਿ ਧਰਤੀ ਤੇ ਮਨੁੱਖ ਦੀ ਜਿੰਦਗੀ ਇਕ ਸੰਘਰਸ਼ ਹੈ, ਤਾਂ ਕੀ ਇਹ ਥਕਾਵਟ ਅਤੇ ਤਪਦਾ ਸਿਰ ਇਕ ਇਸ਼ਾਰਾ ਨਹੀਂ ਹੈ ਕਿ ਅਸੀਂ ਸੰਘਰਸ਼ ਕੀਤਾ? ਜਦੋ ਕੋਈ ਕਿਸੇ ਮੁਸ਼ਕਿਲ ਕੰਮ ਤੇ ਮਿਹਨਤ ਕਰਦਾ ਹੈ ਅਤੇ ਨੇਕ ਫਲ ਲਈ ਕੋਸ਼ਿਸ਼ ਕਰਦਾ ਹੈ , ਤਾਂ ਇਹ ਸੰਘਰਸ਼ ਨਿਆਂਸੰਗਤ ਹੁੰਦਾ ਹੈ, ਜਿਸਦਾ ਫਲ ਨਿਸ਼ਚਿਤ ਰੂਪ ਨਾਲ ਇਹੀ ਹੋਵੇਗਾ ਕਿ ਉਹ ਇਨਸਾਨ ਬੁਰਾਈਆਂ ਤੋਂ ਬਚਿਆ ਰਹਿੰਦਾ ਹੈ। ਅਤੇ ਰੱਬ ਮਿਹਨਤ ਅਤੇ ਦੁੱਖ ਦੇਖਦਾ ਹੈ ਅਤੇ ਸਭ ਕਾਸੇ ਦੇ ਬਾਵਜੂਦ ਮਦਦ ਕਰਦਾ ਹੈ।

ਰੱਬ ਵਿਚ ਮੇਰਾ ਵਿਸ਼ਵਾਸ ਅਟੱਲ ਹੈ, ਇਹ ਕੋਈ ਕਲਪਨਾ ਨਹੀਂ ਅਤੇ ਨਾ ਹੀ ਕੋਈ ਅੰਧ ਵਿਸ਼ਵਾਸ ਹੈ, ਪਰ ਇਹ ਏਦਾਂ ਹੀ ਹੈ , ਇਹ ਸੱਚ ਹੈ ਕਿ ਰੱਬ ਹੈ , ਜੋ ਜਿਉਂਦਾ ਹੈ ਅਤੇ ਸਾਡੇ ਮਾਤਾ ਪਿਤਾ ਦੇ ਨਾਲ ਹੈ , ਜੋ ਸਾਡੇ ਉੱਤੇ ਨਿਗਾਹ ਰੱਖਦਾ ਹੈ । ਮੈਨੂੰ ਪੂਰਾ ਯਕੀਨ ਹੈ ਕਿ ਉਹੀ ਸਾਡੇ ਜੀਵਨ ਦੀ ਹੋਣੀ ਤੈਅ ਕਰਦਾ ਹੈ । ਸਾਡਾ ਹੋਣਾ ਸਾਡੀ ਖੁਦ ਦੀ ਮਾਲਕੀ ਨਹੀਂ ਜਿਹਾ ਕਿ ਅਸੀਂ ਸੋਚਦੇ ਰਹੇ- ਅਤੇ ਉਹ ਰੱਬ ਯਿਸੂ ਤੋਂ ਅਲੱਗ ਨਹੀਂ ਜਿਸਨੂੰ ਅਸੀਂ ਬਾਈਬਲ ਵਿੱਚ ਪੜ੍ਹਦੇ ਹਾਂ , ਜਿਸਦੇ ਸ਼ਬਦ ਅਤੇ ਇਤਿਹਾਸ ਵੀ ਸਾਡੇ ਸੀਨੇ ਵਿਚ ਗਹਿਰੇ ਉਤਰੇ ਹੋਏ ਹਨ। ਜੇ ਮੈਂ ਪਹਿਲਾਂ ਹੀ ਆਪਣੀ ਸਾਰੀ ਸਮਰੱਥਾ ਲਾ ਦਿੰਦਾ, ਤਾਂ ਹਾਂ, ਨਿਸ਼ਚਿਤ ਰੂਪ ਨਾਲ ਮੈਂ ਅੱਗੇ ਹੁੰਦਾ । ਪਰ ਹੁਣ ਵੀ ਉਹ ਇਕ ਮਜਬੂਤ ਸਹਾਰਾ ਹੈ , ਅਤੇ ਉਸਦੀ ਸ਼ਕਤੀ ਨਾਲ ਹੀ ਅਸੀਂ ਆਪਣੀ ਜਿੰਦਗੀ ਸਹਿਣਸ਼ੀਲ ਬਣਾ ਪਾਉਂਦੇ ਹਾਂ , ਅਤੇ ਬੁਰਾਈ ਤੋਂ ਬਚੇ ਰਹਿੰਦੇ ਹਾਂ, ਨੇਕ ਉਦੇਸ਼ ਲਈ ਸਾਰੀਆਂ ਚੀਜ਼ਾਂ ਇਕੱਠੀਆਂ ਕੰਮ ਕਰਦੀਆਂ ਹਨ, ਸਾਡਾ ਅੰਤ ਸ਼ਾਂਤਮਈ ਹੁੰਦਾ ਹੈ।

ਸਾਡੇ ਅੰਦਰ ਅਤੇ ਸੰਸਾਰ ਵਿਚ ਬਹੁਤ ਸਾਰੀਆਂ ਬੁਰਾਈਆਂ ਹਨ, ਭਿਆਨਕ ਚੀਜ਼ਾਂ ਹਨ, ਇਸ ਲਈ ਬਹੁਤ ਜਿਆਦਾ ਪਾਉਣ ਦੇ ਡਰ ਚ ਜਿਆਦਾ ਵਿਕਾਸ (ਉੱਨਤੀ ) ਦੀ ਜਰੂਰਤ ਨਹੀਂ ਹੈ, ਜੇ ਜਰੂਰਤ ਹੈ ਤਾਂ ਦ੍ਰਿੜ ਸ਼ਰਧਾ ਦੀ ਅਤੇ ਇਹ ਜਾਨਣ ਦੀ ਕਿ ਰੱਬ ਵਿਚ ਯਕੀਨ ਕੀਤੇ ਬਿਨਾਂ ਅਸੀਂ ਜਿਉਂਦੇ ਨਹੀਂ ਰਹਿ

ਸਕਦੇ – ਅਤੇ ਨਾ ਸਹਿ ਸਕਦੇ ਹਾਂ । ਪਰ ਇਸ ਸ਼ਰਧਾ ਦੇ ਸਹਾਰੇ ਅਸੀਂ ਵੀ ਲੰਮੇ ਸਮੇ ਤੱਕ ਰਹਿ ਸਕਦੇ ਹਾਂ।

ਜਦੋਂ ਮੈਂ ਆਰਸੇਨ ਦੇ ਮ੍ਰਿਤਕ ਸਰੀਰ ਲਾਗੇ ਖੜ੍ਹਾ ਸੀ ਤਾਂ ਮੌਤ ਦੀ ਚੁੱਪ, ਗੰਭੀਰਤਾ ਅਤੇ ਗਹਿਰ ਸ਼ਾਂਤੀ ਵਿਲੱਖਣਤਾ ਨਾਲ ਸਾਦੇ ਜਿਉਂਦਿਆਂ ਦੇ ਸਾਹਮਣੇ ਖੜੀ ਸੀ, ਸਾਰਿਆਂ ਨੇ ਮਹਿਸੂਸ ਕੀਤਾ ਜੋ ਉਸਦੀ ਧੀ ਨੇ ਸਾਦਗੀ ਨਾਲ ਕਿਹਾ : ਉਹ ਜਿੰਦਗੀ ਦੇ ਉਸ ਭਾਰ ਤੋਂ ਮੁਕਤ ਹੋ ਗਏ ਹਨ ਜਿਸਨੂੰ ਅਜੇ ਅਸੀਂ ਜਿਉਂਦਿਆਂ ਨੇ ਢੋਹਣਾ ਹੈ , ਅਤੇ ਇਸਦੇ ਬਾਅਦ ਵੀ ਅਸੀਂ ਇਸ ਬੁੱਢੀ ਜਿੰਦਗੀ ਨਾਲ ਚਿੰਬੜੇ ਰਹਿੰਦੇ ਹਾਂ ਇਹੀ ਸੋਚ ਕੇ ਕਿ ਇਸ ਨਿਰਾਸ਼ਾਮਈ ਮਨੋਦਸ਼ਾ ਤੋਂ ਬਾਅਦ ਸੁਖ ਦੇ ਪਲ ਆਉਣਗੇ, ਜਦੋਂ ਮਨ ਅਤੇ ਆਤਮਾ ਪ੍ਰਸੰਨ ਹੋਣਗੇ ਉਸ ਭਰਤ ਪੰਛੀ ਦੀ ਤਰ੍ਹਾਂ ਜੋ ਸਵੇਰ ਹੁੰਦਿਆਂ ਹੀ ਖੁਦ ਨੂੰ ਗਾਉਣ ਤੋਂ ਰੋਕ ਨਹੀਂ ਪਾਉਂਦਾ , ਉਦੋਂ ਵੀ ਜਦੋਂ ਕਈ ਵਾਰ ਸਾਡੀ ਆਤਮਾ ਡੁੱਬ ਰਹੀ ਹੁੰਦੀ ਹੈ । ਅਤੇ ਸਾਡੇ ਪਿਆਰਿਆਂ ਦੀਆਂ ਯਾਦਾਂ ਜਿੰਦਗੀ ਦੀ ਸ਼ਾਮ ਵੇਲੇ ਮੁੜ -ਮੁੜ ਕੇ ਆਉਂਦੀਆਂ ਹਨ। ਉਹ ਮਰੇ ਨਹੀਂ , ਪਰ ਸੁੱਤੇ ਹਨ ਅਤੇ ਇਹ ਚੰਗਾ ਰਹੇਗਾ ਕਿ ਅਸੀ ਇਹਨਾਂ ਦਾ ਇਕ ਚੰਗਾ ਭੰਡਾਰ ਬਣਾ ਲਈਏ। ਤੇਰੇ ਲਈ ਸ਼ੁੱਭ ਇੱਛਾਵਾਂ , ਜਲਦੀ ਵਾਪਸ ਲਿਖਣਾ।

ਤੇਰਾ ਪਿਆਰਾ ਭਰਾ
ਵਿਨਸੇਂਟ

ਅਨੁਵਾਦ
ਬਲਰਾਜ ਕੋਕਰੀ
98148-13011





# ਐਨੀ ਫ੍ਰੈਂਕ ਦੀ ਡਾਇਰੀ

ਐਨੀ ਫ੍ਰੈਂਕ ਦਾ ਜਨਮ ਫ੍ਰੈਂਕਫਰਟ ਸ਼ਹਿਰ ਵਿਚ 12 ਜੂਨ 1929 ਈਸਵੀ ਨੂੰ ਹੋਇਆ ਤੇ 15 ਸਾਲ ਦੀ ਉਮਰੇ ਹੀ ਉਸ ਦੀ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਸ ਨੇ ਇਕ ਡਾਇਰੀ ਲਿਖੀ ਸੀ, ਜਿਸ ਵਿਚ ਜਰਮਨ ਸੱਤਾ ਦੁਆਰਾ ਯਹੂਦੀਆਂ ਉੱਪਰ ਕੀਤੇ ਜਾਣ ਵਾਲੇ ਜ਼ੁਲਮਾਂ ਦੀ ਦਾਸਤਾਨ ਦਾ ਇਕ ਬੇਹੱਦ ਭਾਵਪੂਰਤ ਦ੍ਰਿਸ਼ ਬਿਆਨ ਕੀਤਾ ਗਿਆ ਹੈ। ਉਸ ਡਾਇਰੀ ਦੇ ਵਿਚੋਂ ਹੀ ਇੱਥੇ ਕੁਝ ਚੋਣਵੇਂ ਅੰਸ਼ ਪ੍ਰਸਤੁਤ ਕੀਤੇ ਜਾ ਰਹੇ ਹਨ।

ਵੀਰਵਾਰ, 3 ਫਰਵਰੀ 1944

ਹਮਲਿਆਂ ਦਾ ਬੁਖ਼ਾਰ ਪੂਰੇ ਦੇਸ਼ ਵਿਚ ਵਧਦਾ ਹੀ ਜਾ ਰਿਹਾ ਹੈ। ਜੇਕਰ ਤੂੰ ਇੱਥੇ ਹੁੰਦੀ ਤਾਂ ਮੈਨੂੰ ਯਕੀਨ ਹੈ, ਕਈ ਤਿਆਰੀਆਂ ਵਿਚ ਤੂੰ ਵੀ ਏਨੀ ਹੀ ਪ੍ਰਭਾਵਿਤ ਹੁੰਦੀ ਜਿੰਨੀ ਕੇ ਮੈਂ ਹੋ ਰਹੀ ਹਾਂ, ਹਾਲਾਂਕਿ, ਆਪਾਂ ਜੋ ਹੰਗਾਮਾ ਕਰ ਰਹੇ ਹਾਂ, ਨਿਰਸੰਦੇਹ, ਤੂੰ ਉਸ ਉੱਪਰ ਹੱਸਦੀ। ਕੌਣ ਜਾਣਦਾ ਹੈ, ਹੋ ਸਕਦਾ ਹੈ ਇਹ ਸਭ ਵਿਅਰਥ ਹੋਵੇ!

ਅਖ਼ਬਾਰ ਹਮਲੇ ਸਬੰਧੀ ਖ਼ਬਰਾਂ ਦੇ ਨਾਲ ਭਰੇ ਪਏ ਹਨ ਅਤੇ ਹਰ ਇੱਕ ਨੂੰ ਅਜਿਹੀਆਂ ਖ਼ਬਰਾਂ ਦੇ ਨਾਲ ਪਾਗਲ ਕਰਦੇ ਫਿਰ ਰਹੇ ਹਨ: ਬ੍ਰਿਟਿਸ਼ ਲੋਕਾਂ ਦੇ ਹਾਲੈਂਡ ਵਿਖੇ ਉੱਤਰਨ 'ਤੇ ਜਰਮਨ ਲੋਕ ਅਪਣੇ ਦੇਸ਼ ਦੀ ਰੱਖਿਆ ਲਈ ਜੋ ਕਰ ਸਕਦੇ ਹਨ ਕਰਨਗੇ, ਇੱਥੋਂ ਤੱਕ ਕਿ, ਜੇਕਰ ਲੋੜ ਪਈ ਤਾਂ ਇਸ ਨੂੰ ਬੇ-ਅਥਾਹ ਪਾਣੀ ਅੰਦਰ ਡੁੱਬੋ

ਵੀ ਦੇਣਗੇ। ਉਨ੍ਹਾਂ ਨੇ ਚਿੰਨ੍ਹਿਤ ਕੀਤੇ ਹੋਏ ਸੰਭਾਵਿਤ ਹੜ੍ਹਾਂ ਵਾਲੇ ਖੇਤਰਾਂ ਦੀ ਪਹਿਚਾਣ ਦੱਸਦੇ ਹਾਲੈਂਡ ਦੇ ਨਕਸ਼ੇ ਪ੍ਰਕਾਸ਼ਿਤ ਕੀਤੇ ਹਨ। ਕਿਉਂਕਿ ਐਮਸਟਰਡੈਮ ਦੇ ਵੱਡੇ ਹਿੱਸੇ ਪਹਿਚਾਣੇ ਗਏ ਸਨ, ਸਾਡਾ ਪਹਿਲਾ ਸਵਾਲ ਇਹ ਸੀ ਕਿ ਜੇਕਰ ਗਲ਼ੀਆਂ ਵਿਚ ਪਾਣੀ ਸਾਡੀ ਕਮਰ ਤੱਕ ਪਹੁੰਚਦਾ ਹੈ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ। ਇਸ ਪੇਚੀਦਾ ਸਵਾਲ ਨੇ ਵਿਭਿੰਨ ਪ੍ਰਕਾਰ ਦੀਆਂ ਪ੍ਰਤੀਕਿਰਿਆਵਾਂ ਨੂੰ ਉਭਾਰ ਦਿੱਤਾ:

'ਪੈਦਲ ਚੱਲਣਾ ਜਾਂ ਸਾਈਕਲ ਦੀ ਸਵਾਰੀ ਕਰਨਾ ਅਸੰਭਵ ਹੋ ਜਾਵੇਗਾ, ਤਾਂ ਸਾਨੂੰ ਮੁਸ਼ਕਿਲ ਨਾਲ ਪਾਣੀ ਪਾਰ ਕਰਨਾ ਪਵੇਗਾ।'

'ਮੂਰਖ ਨਾ ਬਣੋ। ਸਾਨੂੰ ਕੋਸ਼ਿਸ਼ ਕਰ ਕੇ ਤੈਰਨਾ ਹੋਵੇਗਾ। ਅਸੀਂ ਸਾਰੇ ਅਪਣੇ ਤੈਰਨ ਵਾਲੇ ਸੂਟ ਅਤੇ ਟੋਪੀ ਪਹਿਨ ਕੇ ਪਾਣੀ ਦੇ ਹੇਠਾਂ ਜਿੰਨਾਂ ਹੋ ਸਕੇਗਾ ਓਨਾ ਤੈਰਾਂਗੇ ਤਾਂ ਕਿ ਕੋਈ ਵੀ ਇਹ ਨਾ ਦੇਖ ਸਕੇ ਕੇ ਅਸੀਂ ਯਹੂਦੀ ਹਾਂ।'

'ਬਕਵਾਸ ਹੈ! ਮੈਂ ਸਿਰਫ਼ ਤੈਰਦੀਆਂ ਹੋਈਆਂ ਔਰਤਾਂ ਦੇ ਪੈਰਾਂ ਨੂੰ ਕੱਟਦੇ ਹੋਏ ਚੂਹਿਆਂ ਦੀ ਕਲਪਨਾ ਕਰ ਸਕਦਾ ਹਾਂ! (ਇਹ ਨਿਸ਼ਚਿਤ ਰੂਪ ਵਿਚ ਇੱਕ ਆਦਮੀ ਸੀ, ਜੋ ਸਿਰਫ਼ ਇਹ ਦੇਖਣਾ ਚਾਹੁੰਦਾ ਸੀ ਕਿ ਵੇਖਦੇ ਹਾਂ ਸਭ ਤੋਂ ਜ਼ਿਆਦਾ ਕੌਣ ਚੀਕੇਗੀ)!

'ਅਸੀਂ ਘਰ ਛੱਡਣ ਦੇ ਸਮਰੱਥ ਵੀ ਨਹੀਂ ਹੋਵਾਂਗੇ। ਗੋਦਾਮ ਬਹੁਤ ਅਸਥਿਰ ਹੈ, ਜੇਕਰ ਹੜ ਆਉਂਦੇ ਹਨ ਤਾਂ ਇਹ ਢਹਿ ਜਾਵੇਗਾ।'

'ਹਰ ਕੋਈ, ਸੁਣੋ, ਮਜ਼ਾਕ ਇੱਕ ਪਾਸੇ ਰਿਹਾ, ਵਾਸਤਵ ਵਿਚ ਸਾਨੂੰ ਕੋਸ਼ਿਸ਼ ਕਰ ਕੇ ਇੱਕ ਕਿਸ਼ਤੀ ਪ੍ਰਾਪਤ ਕਰਨੀ ਚਾਹੀਦੀ ਹੈ।'

'ਪ੍ਰੇਸ਼ਾਨ ਕਿਉਂ ਹੋ ਰਹੇ ਹੋ? ਮੇਰੇ ਕੋਲ ਇੱਕ ਅੱਛਾ ਵਿਚਾਰ ਹੈ। ਅਸੀਂ ਸਾਰੇ ਅਟਾਰੀ ਤੋਂ ਇੱਕ ਸਮਾਨ ਬੰਨ੍ਹਣ ਵਾਲੀ ਪੇਟੀ ਲੈ ਸਕਦੇ ਹਾਂ ਅਤੇ ਇੱਕ ਲੱਕੜੀ ਦੇ ਚੱਪੂ ਨਾਲ ਕਿਸ਼ਤੀ ਚਲਾ ਸਕਦੇ ਹਾਂ।'

'ਮੈਂ ਬਾਂਸ ਦੇ ਡੰਡਿਆਂ ਦੇ ਚੱਲਣ ਵਾਲਾ ਹਾਂ। ਜਦੋਂ ਮੈਂ ਛੋਟਾ ਸੀ, ਮੈਂ ਇੱਕ ਜਾਦੂਗਰ ਬਣਨਾ ਚਾਹੁੰਦਾ ਸੀ।'

'ਜੇਨ ਗਿਏਸ ਨੂੰ ਇਸ ਦੀ ਜ਼ਰੂਰਤ ਨਹੀਂ ਹੋਵੇਗੀ। ਉਹ ਅਪਣੀ ਪਤਨੀ ਨੂੰ ਪਿੱਠ ਦੀ ਸਵਾਰੀ ਦੇਵੇਗਾ ਅਤੇ ਫਿਰ ਮੀਏਪ ਬਾਂਸਾਂ 'ਤੇ ਹੋਵੇਗੀ।'

ਸੋ ਹੁਣ ਤੁਹਾਡੇ ਕੋਲ ਇੱਕ ਮੋਟਾ ਅੰਦਾਜ਼ਾ ਹੈ ਕਿ ਇੱਥੇ ਚੱਲ ਕੀ ਰਿਹਾ ਹੈ, ਕਿ ਨਹੀਂ ਕਿੱਟ? ਇਹ ਹਲਕੇ-ਫੁਲਕੇ ਸਾਰੇ ਮਜ਼ਾਕ ਬਹੁਤ ਮਨੋਰੰਜਕ ਹਨ, ਪਰ ਵਾਸਤਵਿਕਤਾ ਨਹੀਂ ਤਾਂ ਸਾਬਤ ਹੋ ਜਾਵੇਗੀ। ਹਮਲੇ ਦੇ ਬਾਰੇ ਦੂਜਾ ਸਵਾਲ ਉੱਠਣਾ ਲਾਜ਼ਮੀ ਸੀ: 'ਸਾਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਜਰਮਨੀ ਐਮਸਟਰਡੈਮ ਨੂੰ ਖਾਲੀ ਕਰਦਾ ਹੈ?'

'ਦੂਸਰਿਆਂ ਸਮੇਤ ਸ਼ਹਿਰ ਛੱਡ ਦਈਏ। ਜਿੰਨੀ ਅੱਛੀ ਤਰ੍ਹਾਂ ਹੋ ਸਕੇ ਅਸੀਂ ਖ਼ੁਦ ਨੂੰ ਲੁਕੋ ਲਈਏ।'

'ਕੁੱਝ ਵੀ ਹੋ ਜਾਵੇ, ਬਾਹਰ ਨਾ ਜਾਈਏ। ਜਿਹੜੀ ਗੱਲ ਸਾਡੇ ਕਰਨ ਵਾਲੀ ਹੈ ਉਹ ਸਭ ਤੋਂ ਸੋਹਣੀ ਗੱਲ ਇਹ ਹੈ ਕਿ ਅਸੀਂ ਰੁਕੇ ਰਹੀਏ। ਜਰਮਨੀ ਦੇ ਲੋਕ, ਹਾਲੈਂਡ ਦੀ ਪੂਰੀ ਆਬਾਦੀ ਨੂੰ ਇੱਕ ਝੁੰਡ ਦੇ ਰੂਪ ਵਿਚ ਜਰਮਨੀ ਲੈ ਜਾਣ ਦੇ ਸਮਰੱਥ ਹਨ, ਜਿੱਥੇ ਪੁੱਜ ਕਿ ਉਹ ਸਭ ਮਾਰ ਦਿੱਤੇ ਜਾਣਗੇ।'

'ਬੇਸ਼ੱਕ ਅਸੀਂ ਇੱਥੇ ਹੀ ਰਹਾਂਗੇ। ਇਹ ਸਭ ਤੋਂ ਸੁਰੱਖਿਅਤ ਜਗ੍ਹਾ ਹੈ। ਅਸੀਂ ਕਿਲਮਨ ਅਤੇ ਉਨ੍ਹਾਂ ਦੇ

ਪਰਿਵਾਰ ਨਾਲ ਇੱਥੇ ਸਾਡੇ ਨਾਲ ਰਹਿਣ ਦੇ ਲਈ ਆਉਣ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰਾਂਗੇ। ਅਸੀਂ ਕਿਸੇ ਵੀ ਤਰ੍ਹਾਂ, ਲੱਕੜੀਆਂ ਦੇ ਬਾਰੂਦੇ ਦਾ ਇੱਕ ਬੈਗ ਲਵਾਂਗੇ ਫਿਰ ਅਸੀਂ ਫ਼ਰਸ਼ ਉੱਪਰ ਸੌਂ ਸਕਦੇ ਹਾਂ। ਜੇਕਰ ਲੋੜ ਪੈਂਦੀ ਹੈ, ਤਾਂ ਮੀਏਪ ਅਤੇ ਕਿਲਮਨ ਨੂੰ ਕੁੱਝ ਕੰਬਲ ਲਿਆਉਣ ਲਈ ਪੁੱਛੀਏ? ਸਾਡੇ ਕੋਲ ਪਹਿਲਾਂ ਤੋਂ ਹੀ ਜੋ ਪੈਂਹਠ ਪੌਂਡ ਹਨ, ਉਨ੍ਹਾਂ ਨਾਲ ਅਸੀਂ ਕੁੱਝ ਵਾਧੂ ਅਨਾਜ ਖ਼ਰੀਦਣ ਦੇ ਯਤਨ ਕਰਾਂਗੇ। ਜਨਵਰੀ ਵਿਚ ਕੁੱਝ ਹੋਰ ਸੇਮ ਖੋਜਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਫਿਲਹਾਲ ਜੇਨ ਕੁੱਝ ਹੋਰ ਸੇਮ ਲੱਭਣ ਦੇ ਯਤਨ ਕਰ ਸਕਦੀ ਹੈ। ਫਿਲਹਾਲ ਤਾਂ ਸਾਡੇ ਕੋਲ ਪੈਂਹਠ ਪੌਂਡ ਸੇਮ ਅਤੇ ਦਸ ਪੌਂਡ ਮਟਰ ਦੀ ਦਾਲ ਤੋਂ ਇਲਾਵਾ ਸਬਜ਼ੀਆਂ ਦੇ ਪੰਜਾਹ ਡੱਬੇ ਹਨ।'

'ਮਾਂ, ਬਾਕੀਆਂ ਦੇ ਬਾਰੇ ਕੀ? ਸਾਨੂੰ ਤਾਜ਼ਾ ਅੰਕੜੇ ਦਸੋ।'

'ਮੱਛੀ ਦੇ ਦਸ ਡਿੱਬੇ, ਦੁੱਧ ਦੇ ਚਾਲੀ ਡੱਬੇ, ਦੁੱਧ ਪਾਊਡਰ ਦੇ ਵੀਹ ਪੌਂਡ, ਤੇਲ ਦੀਆਂ ਤਿੰਨ ਬੋਤਲਾਂ, ਮੱਖਣ ਦੇ ਚਾਰ ਬਰਤਨ, ਮਾਸ ਦੇ ਚਾਰ ਜ਼ਾਰ, ਝਰਬੇਰ ਦੇ ਦੋ ਵੱਡੇ ਜ਼ਾਰ, ਰਸਭਰੀ ਦੇ ਦੋ ਜ਼ਾਰ, ਟਮਾਟਰ ਦੇ ਵੀਹ ਜ਼ਾਰ, ਦਸ ਪੌਂਡ ਦਲ਼ੀਆ, ਚੌਲ਼ਾਂ ਦੇ ਨੌਂ ਪੌਂਡ। ਬੱਸ ਏਨਾ ਹੀ ਹੈ।'

ਸਾਡੇ ਸਾਰੇ ਯਤਨ ਬਹੁਤ ਚੰਗੀ ਤਰ੍ਹਾਂ ਨਾਲ ਪ੍ਰਤਿਰੋਧ ਕਰ ਰਹੇ ਹਨ। ਇੱਕ ਹੀ ਗੱਲ ਹੈ। ਅਸੀਂ ਦਫ਼ਤਰ ਦੇ ਮੁਲਾਜ਼ਮਾਂ ਨੂੰ ਵੀ ਖਵਾਉਣਾ ਹੈ ਜਿਸ ਦਾ ਅਰਥ ਹੈ ਹਰ ਹਫ਼ਤੇ ਅਪਣੇ ਭੰਡਾਰ ਤੋ ਹੱਥ ਧੋਣਾ। ਇਸ ਲਈ ਇਹ ਅਜਿਹਾ ਨਹੀਂ ਹੈ, ਜਿਸ ਤਰ੍ਹਾਂ ਦਾ ਦਿਖਾਈ ਦੇ ਰਿਹਾ ਹੈ। ਸਾਡੇ ਕੋਲ ਜ਼ਰੂਰਤ ਦੇ ਕੋਲਾ ਅਤੇ ਲੱਕੜੀ, ਮੋਮ ਬੱਤੀਆਂ ਵੀ ਹਨ।'

'ਚਲੋ ਅਸੀਂ ਸਾਰੇ ਅਪਣੇ ਕੱਪੜਿਆਂ ਵਿਚ ਛੁਪਾਉਣ ਲਈ ਛੋਟੇ-ਛੋਟੇ ਥੈਲੇ ਬਣਾਉਂਦੇ ਹਾਂ ਕਿਉਂਕਿ ਜੇਕਰ ਸਾਨੂੰ ਇੱਥੋਂ ਜਾਣ ਦੀ ਲੋੜ ਵੀ ਪੈਂਦੀ ਹੈ ਤਾਂ ਅਸੀਂ ਅਪਣੇ ਪੈਸੇ ਅਪਣੇ ਨਾਲ ਲੈ ਜਾ ਸਕੀਏ।'

'ਅਸੀਂ ਉਨ੍ਹਾਂ ਚੀਜ਼ਾਂ ਦੀ ਵੀ ਸੂਚੀ ਬਣਾਉਂਦੇ ਹਾਂ ਜਿਹਨਾਂ ਦੀ ਭੱਜਣ ਮੌਕੇ ਜ਼ਰੂਰਤ ਪੈ ਸਕਦੀ ਹੈ ।ਇਸ ਦੇ ਨਾਲ ਹੀ ਅਸੀਂ ਪਹਿਲਾਂ ਤੋਂ ਹੀ ਅਪਣੇ ਪਿੱਠੂ ਬੈਗਾਂ ਨੂੰ ਬੰਨ੍ਹ ਕਿ ਰੱਖ ਸਕਦੇ ਹਾਂ।'

'ਜਦੋਂ ਸਮਾਂ ਆਇਆ, ਅਸੀਂ ਚੌਕੀਦਾਰੀ ਲਈ ਦੋ ਲੋਕਾਂ ਨੂੰ ਰੱਖਾਂਗੇ। ਇੱਕ ਘਰ ਦੇ ਸਾਹਮਣੇ ਵਾਲੇ ਹਿੱਸੇ ਦੀ ਮਚਾਣ ਉੱਪਰ ਅਤੇ ਦੂਸਰਾ ਘਰ ਦੇ ਪਿਛਲੇ ਹਿੱਸੇ ਵਿਚ ਮੌਜੂਦ ਰਹੇਗਾ।'

'ਉਡੀਕ ਕਰੋ, ਏਨੇ ਸਾਰੇ ਭੋਜਨ ਦਾ ਕੀ ਮਤਲਬ ਹੈ, ਜੇਕਰ ਪਾਣੀ, ਗੈਸ ਜਾਂ ਬਿਜਲੀ ਨਹੀਂ ਹੈ?'

'ਸਾਨੂੰ ਚੁੱਲ੍ਹੇ ਉੱਪਰ ਭੋਜਨ ਬਣਾਉਣਾ ਪਵੇਗਾ। ਪਾਣੀ ਨੂੰ ਉਬਾਲਨਾ ਅਤੇ ਛਾਨਣਾ ਹੋਵੇਗਾ। ਸਾਨੂੰ ਕੁੱਝ ਵੱਡੇ ਜੱਗ ਸਾਫ਼ ਕਰ ਕੇ ਪਾਣੀ ਨਾਲ ਭਰ ਕੇ ਰੱਖਣੇ ਪੈਣਗੇ। ਅਸੀਂ ਤਿੰਨ ਕੜਾਹੀਆਂ ਵਿਚ ਵੀ ਪਾਣੀ ਜਮਾਂ ਕਰ ਸਕਦੇ ਹਾਂ, ਜਿਹਨਾਂ ਨੂੰ ਆਪਾਂ ਵਾਧੂ ਮੌਕਿਆਂ ਲਈ ਵਰਤਦੇ ਹਾਂ। ਇਸ ਤੋਂ ਇਲਾਵਾ ਇਸ਼ਨਾਨ ਕਰਨ ਵਾਲੇ ਭਾਂਡਿਆਂ ਵਿਚ ਵੀ ਪਾਣੀ ਭਰ ਸਕਦੇ ਹਾਂ।'

'ਇਸ ਤੋਂ ਇਲਾਵਾ, ਅਪਣੇ ਕੋਲ ਅਜੇ ਵੀ ਗੋਦਾਮ ਵਿਚ ਕਰੀਬ ਦੋ ਸੌ ਤੀਹ ਪੌਂਡ ਸਰਦੀਆਂ ਦੇ ਆਲੂ ਹਨ।'

ਪੂਰਾ ਦਿਨ ਇਹ ਸਭ ਹੀ ਮੈਂ ਸੁਣਦੀ ਰਹਿੰਦੀ ਹਾਂ। ਹਮਲਾ, ਹਮਲਾ ਅਤੇ ਸਿਰਫ਼ ਹਮਲਾ। ਭੁੱਖੇ ਰਹਿਣਾ, ਮਰਨਾ, ਬੰਬ, ਅੱਗ ਬੁਝਾਉਣ ਦੇ ਯੰਤਰ, ਸੋਨੇ ਦੇ ਥੈਲੇ, ਪਹਿਚਾਣ ਪੱਤਰ, ਜ਼ਹਿਰੀਲੀ ਗੈਸ ਆਦਿ, ਦੇ ਬਾਰੇ ਬਹਿਸ ਕਰਨਾ ਠੀਕ-ਠੀਕ ਅਨੰਦਦਾਇਕ ਨਹੀਂ ਹੁੰਦਾ।

ਪੁਰਸ਼ ਦਲ ਦੀ ਸਪਸ਼ਟ ਚੇਤਾਵਨੀ ਦਾ ਇੱਕ ਵਧੀਆ ਉਦਾਹਰਨ ਜੇਨ ਦੇ ਨਾਲ ਨਿਮਨਲਿਖਤ ਵਾਰਤਾਲਾਪ ਹੈ:

ਉੱਪਭਵਨ: 'ਸਾਨੂੰ ਡਰ ਹੈ ਕਿ ਜਦੋਂ ਜਰਮਨ ਪਿੱਛੇ ਹਟਣਗੇ ਤਾਂ ਉਹ ਅਪਣੇ ਨਾਲ ਪੂਰੀ ਆਬਾਦੀ ਲੈ ਜਾਣਗੇ।'

ਜੇਨ: 'ਇਹ ਅਸੰਭਵ ਹੈ। ਉਨ੍ਹਾਂ ਕੋਲ ਇਸ ਸਭ ਲਈ ਲੋੜੀਂਦੀਆਂ ਰੇਲਗੱਡੀਆਂ ਨਹੀਂ ਹਨ।'

ਉੱਪਭਵਨ: 'ਰੇਲਗੱਡੀਆਂ! ਕੀ ਤੁਹਾਨੂੰ ਸੱਚੀਂ ਲਗਦਾ ਹੈ ਕਿ ਉਹ ਨਾਗਰਿਕਾਂ ਨੂੰ ਰੇਲਗੱਡੀਆਂ ਵਿਚ ਲੈ ਜਾਣਗੇ? ਕਦੀ ਵੀ ਨਹੀਂ। ਹਰ ਇੱਕ ਨੂੰ ਤੁਰਨਾ ਪਵੇਗਾ।' (ਜਾਂ, ਜਿਵੇਂ ਕਿ ਡਸੇਲ ਹਮੇਸ਼ਾ ਆਖਦੇ ਹਨ, ਪ੍ਰੇਰਿਤਾਂ ਦੇ ਪੈਰਾਂ ਨਾਲ।)

ਜੇਨ: 'ਮੈਂ ਇਸ ਉੱਪਰ ਯਕੀਨ ਨਹੀਂ ਕਰ ਸਕਦੀ। ਤੁਸੀਂ ਹਮੇਸ਼ਾ ਨਾਂਹ ਪੱਖੀ ਹੀ ਤੱਕਦੇ ਹੋ। ਉਨ੍ਹਾਂ ਕੋਲ ਨਾਗਰਿਕਾਂ ਨੂੰ ਇਕੱਠਾ ਕਰਨ ਅਤੇ ਉਨ੍ਹਾਂ ਨੂੰ ਅਪਣੇ ਨਾਲ ਲੈ ਜਾਣ ਦੇ ਕੀ ਕਾਰਨ ਹੋਣਗੇ'?

ਉੱਪਭਵਨ: 'ਕੀ ਤੁਹਾਨੂੰ ਗੋਇਬਲਜ਼ ਦਾ ਇਹ ਆਖਣਾ ਯਾਦ ਨਹੀਂ ਹੈ ਕਿ ਜੇਕਰ ਜਰਮਨਾਂ ਨੂੰ ਜਾਣਾ ਪੈਂਦਾ ਹੈ ਤਾਂ ਉਹ ਅਪਣੇ ਮਗਰ ਕਬਜ਼ੇ ਅਧੀਨ ਸਾਰੇ ਖੇਤਰਾਂ ਦਾ ਜ਼ੋਰ ਨਾਲ ਦਰਵਾਜ਼ਾ ਬੰਦ ਕਰ ਦੇਣਗੇ?'

ਜੇਨ: 'ਉਨ੍ਹਾਂ ਨੇ ਬਹੁਤ ਸਾਰੀਆਂ ਗੱਲਾਂ ਆਖੀਆਂ ਹਨ।'

ਉੱਪਭਵਨ: ਕੀ ਤੁਹਾਨੂੰ ਲਗਦਾ ਹੈ ਇਹ ਸਭ ਕਰਨ ਲਈ ਜਰਮਨੀ ਦੇ ਲੋਕ ਬਹੁਤ ਦਿਆਲੂ ਅਤੇ ਸ਼ਿਸ਼ਟ ਹਨ? ਉਨ੍ਹਾਂ ਦਾ ਤਰਕ ਹੈ: ਜੇਕਰ ਅਸੀਂ ਹੇਠਾਂ ਜਾਂਦੇ ਹਾਂ ਤਾਂ, ਅਸੀਂ ਅਪਣੇ ਨਾਲ ਹਰ ਇੱਕ ਨੂੰ ਹੇਠਾਂ ਖਿੱਚ ਲਵਾਂਗੇ।'

ਜੇਨ: 'ਤੁਸੀਂ ਜੋ ਆਖਣਾ ਚਾਹੁੰਦੇ ਹੋ ਆਖ ਸਕਦੇ ਹੋ ਪਰ ਮੈਂ ਯਕੀਨ ਨਹੀਂ ਕਰ ਸਕਦੀ।'

ਉੱਪਭਵਨ: ਹਮੇਸ਼ਾ ਉਹੀ ਪੁਰਾਣੀ ਕਹਾਣੀ ਹੈ ।ਕੋਈ ਵੀ ਖ਼ਤਰੇ ਨੂੰ ਉਸ ਸਮੇਂ ਤੱਕ ਨਹੀਂ ਦੇਖਣਾ ਚਾਹੁੰਦਾ ਜਦੋਂ ਤੱਕ ਇਹ ਉਨ੍ਹਾਂ ਦੇ ਚਿਹਰੇ ਸਾਹਮਣੇ ਖੜ ਕੇ ਘੂਰ ਨਾ ਰਿਹਾ ਹੋਵੇ।'

ਜੇਨ: 'ਪਰ ਤੁਸੀਂ ਨਿਸ਼ਚਿਤ ਢੰਗ ਨਾਲ ਕੁੱਝ ਵੀ ਨਹੀਂ ਜਾਣਦੇ ਤੁਸੀ ਸਿਰਫ਼ ਇੱਕ ਧਾਰਨਾ ਬਣਾ ਰਹੇ ਹੋ।'

ਉੱਪਭਵਨ: 'ਕਿਉਂਕਿ ਅਸੀਂ ਪਹਿਲਾਂ ਤੋਂ ਹੀ ਇਸ ਸਭ ਵਿਚੋਂ ਗੁਜ਼ਰ ਚੁੱਕੇ ਹਾਂ, ਪਹਿਲਾਂ ਜਰਮਨੀ ਵਿਚ ਅਤੇ ਹੁਣ ਇੱਥੇ। ਰੂਸ ਵਿਚ ਕੀ ਹੋ ਰਿਹਾ ਹੈ, ਤੁਸੀਂ ਕੀ ਸੋਚਦੇ ਹੋ?'

ਜੇਨ: 'ਤੁਹਾਨੂੰ ਯਹੂਦੀਆਂ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ। ਮੈਨੂੰ ਨਹੀਂ ਲਗਦਾ ਕਿਸੇ ਨੂੰ ਇਹ ਪਤਾ ਹੈ ਕਿ ਰੂਸ ਵਿਚ ਕੀ ਹੋ ਰਿਹਾ ਹੈ ।ਬ੍ਰਿਟਿਸ਼ ਅਤੇ ਰੂਸੀ ਸ਼ਾਇਦ, ਸਿਰਫ਼ ਜਰਮਨਾਂ ਦੇ ਵਾਂਗ, ਪ੍ਰਚਾਰ ਮਨੋਰਥਾਂ ਲਈ ਅੱਤਕਥਨੀਆਂ ਕਰ ਰਹੇ ਹਨ।'

ਉੱਪਭਵਨ: 'ਬਿਲਕੁਲ ਨਹੀਂ। ਬੀ.ਬੀ.ਸੀ. ਨੇ ਹਮੇਸ਼ਾ ਸੱਚ ਦੱਸਿਆ ਹੈ ਅਤੇ ਜੇਕਰ ਖ਼ਬਰ ਥੋੜੀ ਜਿਹੀ ਵੀ ਗਲਤ ਹੈ ਫਿਰ ਵੀ ਤੱਥ ਪ੍ਰਾਪਤ ਹਾਲਤਾਂ ਨਾਲੋਂ ਬੁਰੇ ਹੁੰਦੇ ਹਨ, ਜਿੰਨੇ ਉਹ ਹਨ। ਤੁਸੀਂ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਪੋਲੈਂਡ ਅਤੇ ਰੂਸ ਵਿਚ ਲੱਖਾਂ ਸ਼ਾਂਤੀ ਪ੍ਰੇਮੀ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ ਗਈ ਹੈ ਜਾਂ ਜ਼ਹਿਰੀਲੀ ਗੈਸ ਦੇ ਦਿੱਤੀ ਗਈ ਹੈ।'

ਮੈਂ ਤੁਹਾਡੇ ਨਾਲ ਸਾਡੀ ਬਾਕੀ ਗੱਲ ਬਾਤ ਛੱਡ ਦਵਾਂਗੀ। ਮੈਂ ਬਹੁਤ ਸ਼ਾਂਤ ਹਾਂ ਅਤੇ ਸਾਰੇ ਝੰਜਟਾਂ ਉੱਪਰ

ਧਿਆਨ ਨਹੀਂ ਦਿੰਦੀ ਹਾਂ। ਮੈਂ ਉਸ ਬਿੰਦੂ 'ਤੇ ਪਹੁੰਚ ਚੁੱਕੀ ਹਾਂ ਜਿੱਥੇ ਮੈਂ ਸ਼ਾਇਦ ਹੀ ਪਰਵਾਹ ਕਰਦੀ ਹਾਂ ਕਿ ਮੈਂ ਮਰਦੀ ਹਾਂ ਜਾਂ ਜਿਊਂਦੀ ਹਾਂ। ਦੁਨੀਆਂ ਮੇਰੇ ਬਿਨਾਂ ਵੀ ਜਿਊਂਦੀ ਹੀ ਰਹੇਗੀ ਅਤੇ ਵੈਸੇ ਵੀ ਮੈਂ ਘਟਨਾਵਾਂ ਨੂੰ ਬਦਲਣ ਲਈ ਕੁੱਝ ਨਹੀਂ ਕਰ ਸਕਦੀ।'

ਮੈਂ ਤਾਂ ਬੱਸ ਮਾਮਲਿਆਂ ਨੂੰ ਸੁਭਾਵਿਕ ਰੂਪ ਵਿਚ ਵਧਣ ਦਵਾਂਗੀ ਅਤੇ ਅਧਿਐਨ ਉੱਪਰ ਅਪਣਾ ਧਿਆਨ ਕੇਂਦਰਿਤ ਕਰਾਂਗੀ। ਮੈਂ ਆਸਾ ਕਰਾਂਗੀ ਕਿ ਆਖੀਰ ਸਭ ਕੁੱਝ ਠੀਕ ਹੋ ਜਾਵੇਗਾ।

ਤੇਰੀ, ਐਨੀ

ਮੰਗਲਵਾਰ, 8 ਫਰਵਰੀ , 1944

ਪਿਆਰੀ ਕਿੱਟੀ,

ਮੈਂ ਦੱਸ ਨਹੀਂ ਸਕਦੀ ਮੈਨੂੰ ਕਿਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ। ਮੈਂ ਇੱਕ ਮਿੰਟ ਦੀ ਸ਼ਾਂਤੀ ਅਤੇ ਖ਼ਾਮੋਸ਼ੀ ਲਈ ਤਰਸ ਰਹੀ ਹਾਂ। ਇਸ ਦੇ ਨਾਲ ਹੀ ਥੋੜੇ ਜਿਹੇ ਮਜ਼ਾਕ ਦੇ ਲਈ ਵੀ। ਹੱਸਿਆ ਕਿਵੇਂ ਜਾਂਦਾ ਹੈ ਇਹ ਤਾਂ ਅਸੀਂ ਭੁੱਲ ਹੀ ਚੁੱਕੇ ਹਾਂ- ਮੇਰਾ ਮਤਲਬ ਹੈ , ਏਨੇ ਜੋਰ ਨਾਲ ਹੱਸਣਾ ਕਿ ਖ਼ੁਦ ਨੂੰ ਰੋਕ ਹੀ ਨਾ ਪਾਈਏ।

ਅੱਜ ਸਵੇਰੇ ਮੈਂ ਨਿੰਮ੍ਹਾ-ਨਿਮ੍ਹਾਂ ਹੱਸ ਰਹੀ ਸੀ ; ਤੂੰ ਤਾਂ ਜਾਣਦੀ ਹੀ ਏਂ ਨਾ ਜਿਵੇਂ ਆਪਾਂ ਸਕੂਲ ਵਿਚ ਹੱਸਿਆ ਕਰਦੇ ਸੀ। ਮਾਰਗਰੇਟ ਅਤੇ ਮੈਂ ਵਾਸਤਵਿਕ ਕਿਸ਼ੋਰਾਂ ਦੀ ਤਰ੍ਹਾਂ ਠੱਠਾ ਕਰ ਰਹੇ ਸੀ।

ਪਿਛਲੀ ਰਾਤ ਮਾਂ ਨਾਲ ਇੱਕ ਹੋਰ ਤਮਾਸ਼ਾ ਹੋ ਗਿਆ। ਮਾਰਗਰੇਟ ਅਪਣੇ ਚਾਰੇ ਪਾਸੇ ਉੱਨੀ ਕੰਬਲ ਲਪੇਟ ਰਹੀ ਸੀ ਜਦੋਂ ਅਚਾਨਕ ਉਹ ਬਿਸਤਰੇ 'ਚੋਂ ਉੱਛਲ ਕਿ ਬਾਹਰ ਆਈ ਅਤੇ ਕੰਬਲ ਦੀ ਧਿਆਨ ਨਾਲ ਜਾਂਚ ਕਰਨ ਲੱਗੀ। ਤੈਨੂੰ ਕੀ ਲਗਦਾ ਹੈ, ਉਸ ਨੇ ਕੀ ਵੇਖਿਆ ਹੋਣਾ? ਇੱਕ ਸੂਈ! ਮਾਂ ਨੇ ਕੰਬਲ 'ਚ ਤੋਪੇ ਲਗਾਏ ਸੀ ਤੇ ਉਹ ਉਸ ਕੱਢਣਾ ਭੁੱਲ ਗਈ ਸੀ। ਪਿਤਾ ਜੀ ਨੇ ਅਰਥ-ਪੂਰਨ ਢੰਗ ਨਾਲ ਅਪਣਾ ਸਿਰ ਹਿਲਾਇਆ ਅਤੇ ਟਿੱਪਣੀ ਕੀਤੀ ਕਿ, 'ਮਾਂ ਕਿੰਨੀ ਲਾਪਰਵਾਹ ਹੈ।' ਇਸ ਦੇ ਤੁਰੰਤ ਬਾਅਦ ਮਾਂ ਬਾਥਰੂਮ ਵਿਚੋਂ ਬਾਹਰ ਆਈ ਅਤੇ ਮੈਂ ਸਿਰਫ਼ ਉਸ ਨੂੰ ਪ੍ਰੇਸ਼ਾਨ ਕਰਨ ਲਈ ਹੀ ਕਹਿ ਦਿੱਤਾ, 'ਤੂੰ ਸੱਚੀਂ ਇੱਕ ਬੁਰੀ ਮਾਂ ਏਂ'।

ਬੇਸ਼ੱਕ, ਉਨ੍ਹਾਂ ਨੇ ਕਿਹਾ ਕਿ ਮੈਂ ਅਜਿਹਾ ਕਿਉਂ ਆਖ ਰਹੀ ਹਾਂ? ਅਤੇ ਫਿਰ ਅਸੀਂ ਉਨ੍ਹਾਂ ਨੂੰ ਸੂਈ ਦੇ ਬਾਰੇ ਦੱਸਿਆ ਜਿਸ ਨੂੰ ਉਨ੍ਹਾਂ ਨੇ ਅਣਦੇਖਾ ਜਿਹਾ ਕਰ ਛੱਡਿਆ। ਉਨ੍ਹਾਂ ਨੇ ਤੁਰੰਤ ਉਸ ਨੂੰ ਅਹੰਕਾਰ ਭਰਿਆ ਪ੍ਰਗਟਾਵਾ ਮੰਨ ਲਿਆ ਅਤੇ ਕਿਹਾ ਤੂੰ ਗੱਲਾਂ ਕਰਨ ਵਿਚ ਹੀ ਸੋਹਣੀ ਏਂ। ਜਦੋਂ ਤੂੰ ਸਿਲਾਈ ਕਰ ਰਹੀ ਹੁੰਦੀ ਏਂ ਤਾਂ ਪੂਰਾ ਫ਼ਰਸ਼ ਸੂਈਆਂ ਨਾਲ ਢਕਿਆ ਜਾਂਦਾ ਹੈ ਅਤੇ ਦੇਖ ਤੂੰ ਅਪਣਾ ਸਾਜੋ-ਸਾਮਾਨ ਇੱਧਰ-ਉੱਧਰ ਹੀ ਪਿਆ ਰਹਿਣ ਦਿੰਦੀ ਏਂ, ਤੂੰ ਉਸ ਨੂੰ ਕਦੀ ਵੀ ਥਾਂ ਸਿਰ ਨਹੀਂ ਰੱਖਦੀ!'

ਮੈਂ ਕਿਹਾ, ਮੈਂ ਇਸ ਦੀ ਵਰਤੋਂ ਨਹੀਂ ਕੀਤੀ, ਮਾਰਗਰੇਟ ਨੇ ਵੀ ਮੇਰਾ ਪੂਰਾ ਸਮਰਥਨ ਕੀਤਾ, ਕਿਉਂਕਿ ਉਹ

ਦੋਸ਼ੀ ਪੱਖ ਸੀ। ਮਾਂ, ਫਿਰ ਗੱਲ ਕਰਨ ਲੱਗੀ ਕਿ ਮੈਂ ਕਿੰਨੀ ਲਾਪਰਵਾਹ ਹਾਂ, ਜਦੋਂ ਤੱਕ ਕਿ ਮੈਂ ਤੰਗ ਨਾ ਆ ਗਈ ਅਤੇ ਰੁੱਖੇਪਣ ਨਾਲ ਇਹ ਨਾ ਕਹਿ ਬੈਠੀ ਕਿ ਮੈਂ ਤਾਂ ਅਜਿਹੀ ਵੀ ਨਹੀਂ ਜਿਸ ਨੇ ਤੁਹਾਨੂੰ ਲਾਪਰਵਾਹ ਕਿਹਾ ਹੈ। ਮੈਂ ਹਮੇਸ਼ਾ ਦੂਸਰਿਆਂ ਦੀਆਂ ਗ਼ਲਤੀਆਂ ਲਈ ਦੋਸ਼ੀ ਠਹਿਰਾ ਦਿੱਤੀ ਜਾਂਦੀ ਹਾਂ।'

ਮਾਂ ਚੁੱਪ ਹੋ ਗਈ ਅਤੇ ਇੱਕ ਮਿੰਟ ਤੋਂ ਪਹਿਲਾਂ ਹੀ ਮੈਂ ਉਨ੍ਹਾਂ ਨੂੰ ਚੁੰਮਦੇ ਹੋਏ ਸ਼ੁੱਭ ਰਾਤ ਕਹਿਣ ਦੇ ਲਈ ਮਜਬੂਰ ਕਰ ਦਿੱਤਾ। ਇਹ ਘਟਨਾ ਜ਼ਿਆਦਾ ਮਹੱਤਵਪੂਰਨ ਤਾਂ ਨਹੀਂ ਰਹੀ ਹੋਵੇਗੀ, ਪਰ ਇਹਨਾਂ ਦਿਨਾਂ ਦੌਰਾਨ ਹਰ ਇੱਕ ਚੀਜ਼ ਮੇਰੀ ਨੱਕ ਵਿਚ ਦਮ ਕਰ ਕੇ ਰੱਖਦੀ ਹੈ।

ਐਨੀ ਮੈਰੀ ਫਰੈਂਕ

ਸਨਿੱਚਰਵਾਰ, 12 ਫ਼ਰਵਰੀ, 1944

ਸਭ ਤੋਂ ਵਧੇਰੇ ਪਿਆਰੀ ਕਿੱਟੀ,

ਸੂਰਜ ਚਮਕ ਰਿਹਾ ਹੈ, ਆਕਾਸ਼ ਨੀਲਾ ਗਹਿਰਾ ਹੈ, ਸ਼ਾਨਦਾਰ ਪੌਣ ਰੁਮਕ ਰਹੀ ਹੈ ਅਤੇ ਮੈਂ ਤਰਸ ਰਹੀ ਹਾਂ– ਸੱਚੀਂ ਤਰਸ ਰਹੀ ਹਾਂ- ਹਰ ਚੀਜ਼ ਦੇ ਲਈ ; ਗੱਲਬਾਤ, ਸੁਤੰਤਰਤਾ, ਦੋਸਤਾਂ, ਇਕੱਲਾ ਰਹਿਣ ਦੇ ਲਈ। ਮੈਂ ਤਰਸ ਰਹੀ ਹਾਂ ...ਰੋਣ ਦੇ ਲਈ ! ਮੈਂ ਇਸ ਤਰ੍ਹਾਂ ਮਹਿਸੂਸ ਕਰ ਰਹੀ ਹਾਂ ਜਿਵੇਂ ਕਿ ਮੈਂ ਹੁਣੇ ਰੋਣ ਲੱਗ ਪਵਾਂਗੀ। ਮੈਂ ਜਾਣਦੀ ਹਾਂ ਰੋਣਾ ਮਦਦ ਕਰੇਗਾ ਪਰ ਮੈਂ ਰੋ ਨਹੀਂ ਸਕਦੀ। ਮੈਂ ਬੇਚੈਨ ਹਾਂ। ਮੈਂ ਇੱਕ ਕਮਰੇ ਤੋਂ ਦੂਸਰੇ ਕਮਰੇ ਵਿਚ ਟਹਿਲਦੀ ਰਹਿੰਦੀ ਹਾਂ। ਖਿੜਕੀਆਂ ਦੇ ਫਰੇਮ ਵਿਚ ਪਈ ਦਰਾੜ ਦੀ ਸਹਾਇਤਾ ਨਾਲ ਸਾਹ ਲੈਂਦੀ ਹਾਂ। ਅਪਣੇ ਧੜਕਦੇ ਦਿਲ ਨੂੰ ਮਹਿਸੂਸ ਕਰਦੀ ਹਾਂ, ਕੁੱਝ ਇਸ ਤਰ੍ਹਾਂ ਜਿਵੇਂ ਕਿ ਇਹ ਆਖਦਾ ਪਿਆ ਹੋਵੇ 'ਆਖੀਰ ਵਿਚ, ਮੇਰੀ ਲਾਲਸਾ ਪੂਰੀ ਕਰ ਦਿਓ...'

ਮੈਂ ਸੋਚਦੀ ਹਾਂ ਬਸੰਤ ਮੇਰੇ ਅੰਦਰ ਹੈ। ਮੈਨੂੰ ਜਾਪਦਾ ਹੈ ਬਸੰਤ ਜਾਗ ਰਿਹਾ ਹੈ। ਮੈਨੂੰ ਲਗਦਾ ਹੈ ਕਿ ਇਹ ਮੇਰੇ ਪੂਰੇ ਸਰੀਰ ਅਤੇ ਆਤਮਾ ਵਿਚ ਵਸਦਾ ਹੈ। ਸਾਧਾਰਨ ਰੂਪ ਵਿਚ ਕਾਰਜਾਂ ਨੂੰ ਕਰਨ ਦੇ ਲਈ ਇਹ ਮੈਨੂੰ ਮਜਬੂਰ ਕਰਦਾ ਹੈ। ਮੈਂ ਪੂਰੇ ਭਰਮ ਦੀ ਸਥਿਤੀ ਵਿਚ ਹਾਂ, ਪਤਾ ਨਹੀਂ ਕੀ ਪੜ੍ਹਨਾ ਹੈ, ਕੀ ਲਿਖਣਾ ਹੈ, ਕੀ ਕਰਨਾ ਹੈ। ਮੈਨੂੰ ਸਿਰਫ਼ ਏਨਾ ਪਤਾ ਹੈ ਕਿ ਮੈਂ ਕਿਸੇ ਚੀਜ਼ ਦੇ ਲਈ ਤਰਸ ਰਹੀ ਹਾਂ ...।

ਤੇਰੀ , ਐਨੀ

ਸੋਮਵਾਰ, 14 ਫਰਵਰੀ, 1944

ਸਭ ਤੋਂ ਪਿਆਰੀ ਕਿੱਟੀ,

ਸਨਿੱਚਰਵਾਰ ਤੋਂ ਬਾਅਦ ਮੇਰੇ ਲਈ ਕਾਫ਼ੀ ਕੁੱਝ ਬਦਲ ਗਿਆ ਹੈ। ਜੋ ਕੁੱਝ ਵਾਪਰਿਆ ਉਹ ਇਸ ਪ੍ਰਕਾਰ ਹੈ: ਮੈਂ ਕਿਸੇ ਚੀਜ਼ ਦੇ ਲਈ ਤਰਸ ਰਹੀ ਸੀ (ਅਤੇ ਅਜੇ ਵੀ ਤਰਸ ਰਹੀ ਹਾਂ), ਪਰ ...ਇੱਕ ਛੋਟਾ , ਇਸ ਸਮੱਸਿਆ ਦਾ ਇੱਕ ਛੋਟਾ ਜਿਹਾ ਹਿੱਸਾ ਹੱਲ ਕਰ ਲਿਆ ਗਿਆ ਹੈ।

ਐਤਵਾਰ ਦੀ ਸਵੇਰ ਮੈਂ ਧਿਆਨ ਦਿੱਤਾ, ਮੈਨੂੰ ਬਹੁਤ ਖ਼ੁਸ਼ੀ ਹੋਈ (ਮੈਂ ਤੁਹਾਡੇ ਨਾਲ ਇਮਾਨਦਾਰ ਰਹਾਂਗੀ), ਕਿ ਪੀਟਰ ਮੈਨੂੰ ਦੇਖ ਰਿਹਾ ਹੈ। ਹਮੇਸ਼ਾ ਦੀ ਤਰ੍ਹਾਂ ਨਹੀਂ। ਮੈਨੂੰ ਨਹੀਂ ਪਤਾ, ਮੈਂ ਇਸ ਸਭ ਨੂੰ ਸਮਝਾ ਨਹੀਂ ਸਕਦੀ ਪਰ ਅਚਾਨਕ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਮੈਂ ਸੋਚਦੀ ਸੀ ਉਸ ਰੂਪ ਵਿਚ ਉਹ ਮਾਰਗਰੇਟ ਦੇ ਨਾਲ ਪਿਆਰ ਵਿਚ ਨਹੀਂ ਸੀ। ਸਾਰਾ ਦਿਨ ਮੈਂ ਉਸ ਵੱਲ ਬਹੁਤ ਜ਼ਿਆਦਾ ਨਾ ਦੇਖਣ ਦੀ ਕੋਸ਼ਿਸ਼ ਕਰਦੀ ਰਹੀ, ਕਿਉਂਕਿ ਜਦੋਂ ਵੀ ਮੈਂ ਅਜਿਹਾ ਕੀਤਾ, ਉਦੋਂ ਹੀ ਉਸ ਨੂੰ ਅਪਣੇ ਵੱਲ ਵੇਖਦਿਆਂ ਪਾਇਆ ਅਤੇ ਉਸ ਤੋਂ ਬਾਅਦ- ਠੀਕ ਹੈ, ਇਸ ਨੇ ਮੇਰੇ ਅੰਦਰ ਇੱਕ ਅਦਭੁਤ ਅਹਿਸਾਸ ਭਰ ਦਿੱਤਾ ਅਤੇ ਉਹ ਅਕਸਰ ਹੋਣ ਵਾਲਾ ਅਹਿਸਾਸ ਨਹੀਂ ਸੀ।

ਐਤਵਾਰ ਦੀ ਸ਼ਾਮ, ਪਿਮ ਅਤੇ ਮੇਰੇ ਤੋਂ ਇਲਾਵਾ ਸਭ, 'ਜਰਮਨ ਉਸਤਾਦਾਂ ਦੇ ਅਮਰ ਸੰਗੀਤ' ਸੁਣਨ ਲਈ ਰੇਡੀਉ ਦੇ ਇਰਦ –ਗਿਰਦ ਇਕੱਤਰ ਹੋਏ ਸੀ। ਡਸੇਲ ਰੇਡੀਉ ਨਾਲ ਛੇੜਛਾੜ ਕਰਦਾ ਰਿਹਾ ਸੀ ਜਿਸ ਨੇ ਪੀਟਰ ਅਤੇ ਹੋਰਨਾਂ ਨੂੰ ਵੀ ਨਾਰਾਜ਼ ਕਰ ਛੱਡਿਆ। ਅੱਧੇ ਘੰਟੇ ਤੱਕ ਖ਼ੁਦ ਨੂੰ ਰੋਕ ਰੱਖਣ ਦੇ ਬਾਅਦ ਪੀਟਰ ਨੇ ਥੋੜਾ ਗ਼ੁੱਸੇ ਹੁੰਦੇ ਆਖਿਆ ਕਿ ਕੀ ਉਹ ਰੇਡੀਉ ਨਾਲ ਬੇਕਾਰ ਦੀ ਛੇੜਛਾੜ ਬੰਦ ਕਰਨਗੇ? ਡਸੇਲ ਨੇ ਅਪਣੇ ਆਕੜ ਭਰੇ ਸੁਰ ਵਿਚ ਕਿਹਾ, 'ਮੈਂ ਤਾਂ ਇੰਜ ਹੀ ਕਰਾਂਗਾ'! ਇਹ ਸੁਣ ਕਿ ਪੀਟਰ ਨੂੰ ਗ਼ੁੱਸਾ ਆ ਗਿਆ ਤੇ ਉਸ ਨੇ ਵੀ ਇੱਕ ਅਭੱਦਰ ਟਿੱਪਣੀ ਕਰ ਦਿੱਤੀ। ਸ਼੍ਰੀ ਵੈਨ ਦਾਨ ਨੇ ਉਸ ਦਾ ਪੱਖ ਲਿਆ ਤੇ ਆਖੀਰ ਡਸੇਲ ਨੂੰ ਇਹ ਛੱਡਣਾ ਪਿਆ। ਬੱਸ, ਏਨਾ ਹੀ ਸੀ।

ਅਸਹਿਮਤੀ ਦਾ ਕਾਰਨ ਵਿਸ਼ੇਸ਼ ਰੂਪ ਵਿਚ ਅਪਣੇ ਆਪ ਵਿਚ ਦਿਲਚਸਪ ਨਹੀਂ ਸੀ, ਪਰ ਪੀਟਰ ਨੇ ਸੱਚਮੁੱਚ ਇਸ ਸਾਰੇ ਮਾਮਲੇ ਨੂੰ ਬਹੁਤ ਜ਼ਿਆਦਾ ਦਿਲ 'ਤੇ ਲੈ ਲਿਆ ਸੀ ਕਿਉਂਕਿ ਅੱਜ ਸਵੇਰ , ਜਦੋਂ ਮੈਂ ਅਟਾਰੀ ਅੰਦਰ ਕਿਤਾਬਾਂ ਦੇ ਟੋਕਰੇ ਦੇ ਆਸ-ਪਾਸ ਤਲਾਸ਼ੀ ਕਰ ਰਹੀ ਸੀ, ਪੀਟਰ ਆਇਆ ਅਤੇ ਜੋ ਕੁੱਝ ਹੋਇਆ ਸੀ ਉਸ ਬਾਰੇ ਮੈਨੂੰ ਆਖਣਾ ਸ਼ੁਰੂ ਕਰ ਦਿੱਤਾ। ਮੈਨੂੰ ਇਸ ਬਾਰੇ ਕੁੱਝ ਵੀ ਪਤਾ ਨਹੀਂ ਸੀ ਪਰ ਪੀਟਰ ਨੇ ਜਲਦੀ ਹੀ ਇਹ ਅਹਿਸਾਸ ਕੀਤਾ ਕਿ ਉਸ ਨੇ ਇੱਕ ਚੁਸਤ ਸਰੋਤਾ ਪ੍ਰਾਪਤ ਕੀਤਾ ਹੈ ਤੇ ਉਸ ਨੇ ਅਪਣੇ ਵਿਸ਼ੇ ਦੀ ਤਿਆਰੀ ਆਰੰਭ ਕਰ ਦਿੱਤੀ।

'ਠੀਕ ਹੈ, ਤਾਂ ਇਹ ਗੱਲ ਹੈ', ਉਸ ਨੇ ਆਖਿਆ। ਮੈਂ ਆਮ ਤੌਰ 'ਤੇ ਜ਼ਿਆਦਾ ਗੱਲ ਨਹੀਂ ਕਰਦੀ ਕਿਉਂਕਿ ਮੈਨੂੰ ਪਤਾ ਹੈ ਕਿ ਮੈਂ ਤਾਂ ਪਹਿਲਾਂ ਹੀ ਅਵਾਕ ਹੋ ਜਾਵਾਂਗੀ। ਮੈਂ ਬੁੜਬੁੜਾਉਣਾ ਤੇ ਸ਼ਰਮਾਉਣਾ ਸ਼ੁਰੂ ਕਰ ਦੇਵਾਂਗੀ ਅਤੇ ਆਪਣੇ ਸ਼ਬਦਾਂ ਨੂੰ ਹਰ ਪਾਸਿਉਂ ਏਨਾ ਤੋੜ ਮਰੋੜ ਦ ਕਿ ਅਵਾਂਗੀ ਾਖੀਰ ਮੈਨੂੰ ਰੁਕ ਜਾਣਾ ਪਵੇਗਾ ਕਿਉਂਕਿ ਮੈਂ ਸਹੀ ਸ਼ਬਦ ਨਹੀਂ ਲੱਭ ਸਕਾਂਗੀ। ਇਹੀ ਤਾ ਕੱਲ੍ਹ ਹੋਇਆ ਹੈ। ਮੈਂ ਕੁੱਝ ਪੂਰੀ ਤਰ੍ਹਾਂ ਨਾਲ ਵੱਖਰਾ ਕਹਿਣਾ ਚਾਹੁੰਦੀ ਸੀ ਪਰ ਜਦੋਂ ਮੈਂ ਆਖਣਾ ਸ਼ੁਰੂ ਕਰ ਦਿੱਤਾ ਤਾਂ ਹਰ ਇੱਕ ਗੱਲ ਨੂੰ ਮੁੜ ਤੋਂ ਆਪਸ ਵਿਚ ਰਲਾ – ਮਿਲਾ

ਦਿੱਤਾ ।ਇਹ ਬਹੁਤ ਬੁਰਾ ਹੈ। ਮੈਂ ਇੱਕ ਬੁਰੀ ਆਦਤ ਦੀ ਸ਼ਿਕਾਰ ਹਾਂ। ਕਦੀ-ਕਦੀ ਮੈਂ ਚਾਹੁੰਦੀ ਹਾਂ (ਮੈਂ ਅਜੇ ਵੀ ਚਾਹੁੰਦੀ ਹਾਂ) ਜਦੋਂ ਵੀ ਮੈਂ ਕਦੀ ਕਿਸੇ 'ਤੇ ਗ਼ੁੱਸਾ ਹੁੰਦੀ ਸੀ ਤਾ ਉਸ ਨਾਲ ਬਹਿਸ ਦੀ ਬਜਾਏ ਮੈਂ ਉਸ ਨੂੰ ਹਰਾਉਣਾ ਚਾਹੁੰਦੀ ਸੀ। ਮੈਂ ਜਾਣਦੀ ਹਾਂ ਕਿ ਇਹ ਰਾਹ ਮੈਨੂੰ ਕਿਤੇ ਵੀ ਨਹੀਂ ਲੈ ਜਾਏਗਾ ਇਸ ਲਈ ਹੀ ਤਾਂ ਮੈਂ ਤੇਰੀ ਪ੍ਰਸੰਸਕ ਹਾਂ । ਤੁਸੀਂ ਸ਼ਬਦਾਂ ਦਾ ਕਦੀ ਵੀ ਨੁਕਸਾਨ ਨਹੀਂ ਕਰਦੇ। ਤੁਸੀਂ ਵਾਸਤਵ ਵਿਚ ਉਹੀ ਆਖਦੇ ਹੋ ਜੋ ਤੁਸੀਂ ਆਖਣਾ ਚਾਹੁੰਦੇ ਹੋ ਅਤੇ ਘੱਟੋ-ਘੱਟ ਥੋੜੀ ਜਿਹੀ ਵੀ ਸ਼ਰਮ ਨਹੀਂ ਕਰਦੇ।

'ਓਹ ! ਤੁਸੀਂ, ਇਸ ਸਬੰਧੀ ਗਲਤ ਹੋ', ਮੈਂ ਉੱਤਰ ਦਿੱਤਾ। 'ਜ਼ਿਆਦਾਤਰ ਜੋ ਮੈਂ ਆਖਦੀ ਹਾਂ ਉਹ ਮੇਰੀ ਬਣਾਈ ਗਈ ਯੋਜਨਾ ਦੇ ਤਰੀਕੇ ਤੋਂ ਬਹੁਤ ਹੀ ਵੱਖਰੇ ਜਿਹੇ ਢੰਗ ਨਾਲ ਬਾਹਰ ਆਉਂਦਾ ਹੈ। ਇਸ ਤੋਂ ਇਲਾਵਾ ਮੈਂ ਬਹੁਤ ਜ਼ਿਆਦਾ ਅਤੇ ਲੰਮੇ ਸਮੇਂ ਤੱਕ ਗੱਲਾਂ ਕਰਦੀ ਹਾਂ ਅਤੇ ਉਹ ਸਭ ਬੁਰਾ ਹੋ ਜਾਂਦਾ ਹੈ।'

'ਸ਼ਾਇਦ, ਪਰ ਤੁਸੀਂ ਲਾਭ ਵਿਚ ਹੋ ਕੋਈ ਵੀ ਨਹੀਂ ਦੇਖ ਸਕਦਾ ਕਿ ਤੁਸੀਂ ਸ਼ਰਮਿੰਦਾ ਹੋ ਰਹੇ ਹੋ। ਤੁਸੀਂ ਸ਼ਰਮਾਉਂਦੇ ਨਹੀਂ ਜਾਂ ਟੁਕੜੇ ਵਿਚ ਨਹੀਂ ਜਾਂਦੇ।'

ਉਨ੍ਹਾਂ ਦੇ ਸ਼ਬਦਾਂ ਵਿਚ ਲੁਕੇ ਹੋਏ ਤਰੀਕੇ ਨਾਲ ਖ਼ੁਸ਼ ਕੀਤੇ ਜਾਣ ਵਿਚ ਮੈਂ ਮਦਦ ਨਹੀਂ ਕਰ ਸਕਦੀ। ਹਾਲਾਂਕਿ, ਮੈਂ ਉਸ ਨੂੰ ਆਰਾਮਦਾਇਕ ਤਰੀਕੇ ਨਾਲ ਅਪਣੇ ਬਾਰੇ ਗੱਲਾਂ ਕਰਨ ਦੇ ਰਹੀ ਹਾਂ, ਮੈਂ ਅਪਣਾ ਹਾਸਾ ਲੁਕੋਂਦੀ ਹੋਈ, ਫ਼ਰਸ਼ ਉੱਪਰ ਰੱਖੇ ਇੱਕ ਗੱਦੇ 'ਤੇ ਬੈਠ ਗਈ, ਆਪਣੀਆਂ ਬਾਂਹਾਂ ਨੂੰ ਅਪਣੇ ਗੋਡਿਆਂ ਦੁਆਲੇ ਵੇਲ੍ਹ ਕਿ ਅਰਥਪੂਰਨ ਢੰਗ ਨਾਲ ਉਸ ਵੱਲ ਤੱਕਣ ਲੱਗੀ।

ਮੈਨੂੰ ਖ਼ੁਸ਼ੀ ਹੈ ਕਿ ਘਰ ਵਿਚ ਕੋਈ ਹੋਰ ਵੀ ਹੈ ਜੋ ਮੇਰੇ ਵਾਂਗ ਹੀ ਗ਼ੁੱਸੇ ਵਿਚ ਉੱਡਦਾ ਹੈ। ਮੈਂ ਦੱਸਣਾ ਚਾਹੁੰਦੀ ਹਾਂ ਕਿ ਪੀਟਰ ਤੋਂ ਰਾਹਤ ਮਿਲਦੀ ਮਹਿਸੂਸ ਹੋ ਰਹੀ ਹੈ ਕਿਉਂ ਕਿ ਉਹ ਬਿਨਾਂ ਡਰੇ ਡਸੇਲ ਦੀ ਆਲੋਚਨਾ ਕਰ ਸਕਦਾ ਹੈ। ਜਿੱਥੋਂ ਤੱਕ ਮੇਰਾ ਪ੍ਰਸ਼ਨ ਹੈ, ਮੈਂ ਵੀ ਖ਼ੁਸ਼ ਸੀ ਕਿਉਂਕਿ ਮੈਂ ਅਪਣੇ ਪਣ ਦੀ ਇੱਕ ਮਜ਼ਬੂਤ ਭਾਵਨਾ ਮਹਿਸੂਸ ਕੀਤੀ, ਜੋ ਮੈਨੂੰ ਕੇਵਲ ਅਪਣੀ ਸਹੇਲੀ ਦੇ ਨਾਲ ਯਾਦ ਆ ਰਿਹਾ ਸੀ।

ਤੇਰੀ, ਐਨੀ

ਮੰਗਲਵਾਰ, 15 ਫਰਵਰੀ, 1944

ਡਸੇਲ ਨਾਲ ਹੋਏ ਮਾਮੂਲੀ ਜਿਹੇ ਝਗੜੇ ਦੇ ਕਈ ਨਤੀਜੇ ਨਿਕਲੇ ਸੀ, ਜਿਹਨਾ ਦੇ ਲਈ ਉਨ੍ਹਾਂ ਨੂੰ ਖ਼ੁਦ ਨੂੰ ਹੀ ਕਸੂਰਵਾਰ ਮੰਨਣਾ ਚਾਹੀਦਾ ਸੀ। ਸੋਮਵਾਰ ਦੀ ਸ਼ਾਮ ਡਸੇਲ ਮਾਂ ਨੂੰ ਮਿਲਣ ਲਈ ਅੰਦਰ ਆਏ ਅਤੇ ਜੇਤੂ ਦੇ ਰੂਪ ਵਿਚ ਉਨ੍ਹਾਂ ਨੂੰ ਕਿਹਾ ਕਿ ਪੀਟਰ ਨੇ ਉਸ ਨੂੰ ਉਸ ਸਵੇਰ ਪੁੱਛਿਆ ਸੀ ਕਿ ਕੀ ਉਸ ਨੂੰ ਅੱਛੀ ਨੀਂਦ ਆਈ ਸੀ ਅਤੇ ਫਿਰ ਦੱਸਿਆ ਕਿ ਐਤਵਾਰ ਦੀ ਸ਼ਾਮ ਜੋ ਹੋਇਆ ਉਸ ਦੇ ਬਾਰੇ ਉਸ ਨੇ ਕਿਸ ਤਰ੍ਹਾਂ ਖੇਦ ਜ਼ਾਹਿਰ ਕੀਤਾ- ਅਸਲ

ਵਿਚ ਉਸ ਨੇ ਜੋ ਕਿਹਾ ਉਸ ਦਾ ਉਹ ਮਤਲਬ ਨਹੀਂ ਸੀ ਜੋ ਉਸ ਨੇ ਦੱਸਿਆ ਸੀ। ਡਸੇਲ ਨੇ ਉਸ ਨੂੰ ਯਕੀਨ ਦਿਵਾਇਆ ਕਿ ਜੋ ਵੀ ਹੋਇਆ ਸੀ ਉਹ ਉਸ ਨੇ ਦਿਲ ਉੱਪਰ ਨਹੀ ਲਿਆ। ਇਸ ਲਈ ਸਭ ਕੁੱਝ ਮੁੜ ਤੋਂ ਮੀਂਹ ਦੇ ਵਾਂਗ ਠੀਕ ਹੋ ਗਿਆ ਸੀ। ਮਾਂ ਨੇ ਇਹ ਕਹਾਣੀ ਮੈਨੂੰ ਦੱਸੀ ਤੇ ਮੈਂ ਅਪ੍ਰਗਟ ਰੂਪ ਨਾਲ ਹੈਰਾਨ ਸੀ ਕਿ ਪੀਟਰ, ਜਿਸ ਨੇ ਡਸੇਲ 'ਤੇ ਏਨਾ ਗ਼ੁੱਸਾ ਕੀਤਾ, ਅਪਣੇ ਸਾਰੇ ਯਕੀਨਾਂ ਦੇ ਬਾਵਜੂਦ , ਇਸ ਦੇ ਵਿਰੁੱਧ ਜਾ ਕਿ ਅਪਣੇ-ਆਪ ਨੂੰ ਨਿਮਾਣਾ ਜਿਹਾ ਬਣਾ ਲਿਆ ਸੀ।

ਮੈਂ ਇਸ ਵਿਸ਼ੇ ਉੱਪਰ ਪੀਟਰ ਦੇ ਵਿਚਾਰ ਜਾਣਨ ਤੋਂ ਬਚ ਨਾ ਸਕੀ। ਪੀਟਰ ਨੇ ਤੁਰੰਤ ਉੱਤਰ ਦਿੱਤਾ ਕਿ ਡਸੇਲ ਝੂਠ ਬੋਲ ਰਿਹਾ ਹੈ ।ਤੁਹਾਨੂੰ ਉਸ ਸਮੇਂ ਪੀਟਰ ਦਾ ਚਿਹਰਾ ਦੇਖਣਾ ਚਾਹੀਦਾ ਸੀ। ਕਾਸ਼ ਮੇਰੇ ਕੋਲ ਇੱਕ ਕੈਮਰਾ ਹੁੰਦਾ। ਖਿਝ, ਗ਼ੁੱਸਾ, ਫ਼ੈਸਲਾ ਨਾ ਲੈ ਸਕਣਾ, ਉਤੇਜਨਾ ਅਤੇ ਹੋਰ ਬਹੁਤ ਕੁੱਝ ਬੜੀ ਹੀ ਤੇਜ਼ੀ ਨਾਲ ਇੱਕ ਦੂਸਰੇ ਦੇ ਬਾਅਦ ਉਸ ਦੇ ਚਿਹਰੇ 'ਤੇ ਆ ਰਹੇ ਸੀ।

ਉਸ ਸ਼ਾਮ ਸ਼੍ਰੀ ਵੈਨ ਦਾਨ ਅਤੇ ਪੀਟਰ ਨੇ ਵਾਸਤਵ ਵਿਚ ਡਸੇਲ ਕੋਲ ਇਸ ਗੱਲ ਦਾ ਵਿਰੋਧ ਪ੍ਰਗਟ ਕੀਤਾ ਪਰ ਇਹ ਸਭ ਓਨਾ ਬੁਰਾ ਨਹੀਂ ਹੋ ਸਕਦਾ ਸੀ, ਕਿਉਂਕਿ ਪੀਟਰ ਦੀ ਅੱਜ ਇੱਕ ਹੋਰ ਦੰਤ ਨਿਯੁਕਤੀ ਸੀ।

ਅਸਲ ਵਿਚ, ਉਹ ਦੋਵੇਂ ਮੁੜ ਇੱਕ ਦੂਜੇ ਨਾਲ ਕਦੀ ਵੀ ਗੱਲ ਨਹੀਂ ਕਰਨਾ ਚਾਹੁੰਦੇ ਸੀ।

ਬੁੱਧਵਾਰ, 16 ਫਰਵਰੀ, 1944

ਕੁੱਝ ਅਰਥਹੀਣ ਸ਼ਬਦਾਂ ਨੂੰ ਛੱਡਦੇ ਹੋਏ, ਪੀਟਰ ਅਤੇ ਮੈਂ ਪੂਰਾ ਦਿਨ ਇੱਕ ਦੂਜੇ ਨਾਲ ਕੋਈ ਗੱਲ ਨਾ ਕੀਤੀ। ਅਟਾਰੀ ਤੱਕ ਜਾਣ ਲਈ ਬਹੁਤ ਜ਼ਿਆਦਾ ਠੰਢ ਸੀ ਅਤੇ ਵੈਸੇ ਵੀ, ਅੱਜ ਮਾਰਗਰੇਟ ਦਾ ਜਨਮ ਦਿਨ ਸੀ। ਸਾਢੇ ਬਾਰ੍ਹਾਂ ਵਜੇ ਉਹ ਤੋਹਫ਼ਿਆਂ ਨੂੰ ਦੇਖਣ ਲਈ ਆਇਆ ਅਤੇ ਜ਼ਰੂਰਤ ਤੋਂ ਜ਼ਿਆਦਾ ਵਕਤ ਤੱਕ ਗੱਲੀਂ-ਬਾਤੀਂ ਲੱਗਾ ਰਿਹਾ। ਇਸ ਤੋਂ ਇਲਾਵਾ ਉਸ ਨੇ ਕੁੱਝ ਵੀ ਨਹੀਂ ਕੀਤਾ ਸੀ ਪਰ ਦੁਪਹਿਰ ਸਮੇਂ ਮੈਨੂੰ ਮੇਰਾ ਮੌਕਾ ਮਿਲ ਗਿਆ ਕਿਉਂਕਿ ਮੈਂ ਤੇ ਮਾਰਗਰੇਟ ਉਸ ਦੇ ਜਨਮ ਦਿਨ ਮੌਕੇ ਥੱਕੀਆਂ ਹੋਈਆਂ ਮਹਿਸੂਸ ਕਰ ਰਹੀਆਂ ਸੀ, ਮੈਂ ਕਾਫ਼ੀ ਤੇ ਉਸ ਉਪਰੰਤ ਆਲੂ ਲੈਣ ਚਲੀ ਗਈ। ਜਦ ਮੈਂ ਪੀਟਰ ਦੇ ਕਮਰੇ ਵਿਚ ਆਈ, ਉਹ ਤੁਰੰਤ ਹੀ ਅਪਣੇ ਕਾਗ਼ਜ਼-ਪੱਤਰ ਉਠਾਉਂਦਾ ਹੋਇਆ ਪੌੜੀਆਂ ਤੋਂ ਦੀ ਬਾਹਰ ਵੱਲ ਨੂੰ ਆ ਰਿਹਾ ਸੀ। ਮੈਂ ਉਸ ਨੂੰ ਅਟਾਰੀ ਦੇ ਚੋਰ ਦਰਵਾਜ਼ੇ ਨੂੰ ਬੰਦ ਕਰਨ ਲਈ ਪੁੱਛਿਆ:

'ਬਿਲਕੁਲ', ਉਸ ਨੇ ਕਿਹਾ, 'ਅੱਗੇ ਵਧੀਏ। ਜਦੋਂ ਤੁਸੀਂ ਹੇਠਾਂ ਵਾਪਸ ਆਉਣ ਲਈ ਤਿਆਰ ਹੋਵੋ ਤੇ ਦਸਤਕ ਦੇ ਦਵੋਂ ਤਾਂ ਮੈਂ ਇਸ ਨੂੰ ਤੁਹਾਡੇ ਲਈ ਖ਼ੋਲ੍ਹ ਦਵਾਂਗਾ।'

ਮੈਂ ਉਸ ਦਾ ਸ਼ੁਕਰੀਆ ਕਰਦੀ ਹੋਈ ਉੱਪਰ ਚਲੀ ਗਈ ਤੇ ਪੀਪੇ ਦੇ ਚਾਰੇ ਪਾਸੇ ਨਿੱਕੇ ਤੋਂ ਨਿੱਕੇ ਆਲੂ ਦੀ ਖੋਜ ਵਿਚ ਪੂਰੇ ਦਸ ਮਿੰਟ ਗੁਜ਼ਾਰ ਦਿੱਤੇ। ਮੇਰੀ ਪਿੱਠ 'ਚ ਦਰਦ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਅਟਾਰੀ ਵਿਚ ਠੰਢ ਬਹੁਤ ਸੀ। ਸੁਭਾਵਿਕ ਰੂਪ ਵਿਚ ਮੈਂ ਖੜਕਾਉਣ ਦੀ ਤਕਲੀਫ਼ ਨਹੀਂ ਉਠਾਈ ਤੇ ਦਰਵਾਜ਼ੇ ਨੂੰ ਖ਼ੁਦ ਹੀ ਖ਼ੋਲ ਲਿਆ, ਲੇਕਿਨ ਉਸ ਨੇ ਮਿਹਰਬਾਨੀ ਨਾਲ ਉੱਠਦਿਆਂ ਤਸਲਾ ਮੇਰੇ ਹੱਥੋਂ ਲੈ ਲਿਆ।

'ਮੈਂ ਕੋਸ਼ਿਸ਼ ਤਾਂ ਬਹੁਤ ਕੀਤੀ ਪਰ ਮੈਂ ਛੋਟੇ ਆਲੂ ਲੱਭ ਨਾ ਸਕੀ।'

'ਕੀ ਤੂੰ ਵੱਡੇ ਵਾਲੇ ਪੀਪੇ ਵਿਚ ਦੇਖੇ?'

'ਹਾਂ, ਮੈਂ ਉਨ੍ਹਾਂ ਸਾਰਿਆਂ ਵਿਚ ਦੇਖਿਆ।'

ਇਸ ਸਮੇਂ ਤੱਕ ਮੈਂ ਹੇਠਲੀਆਂ ਪੌੜੀਆਂ 'ਤੇ ਸੀ ਅਤੇ ਉਸ ਨੇ ਫੜੇ ਹੋਏ ਆਲੂਆਂ ਦੇ ਤਸਲੇ ਵੱਲ ਵੇਖਿਆ।'ਓਹ! ਪਰ ਇਹ ਠੀਕ ਨੇ।' ਉਸ ਨੇ ਕਿਹਾ ਅਤੇ ਜਿਉਂ ਹੀ ਮੈਂ ਤਸਲਾ ਉਸ ਦੇ ਹੱਥਾਂ ਵਿਚੋਂ ਫੜਿਆ ਉਹ ਬੋਲਿਆ, 'ਮੇਰਾ ਧੰਨਵਾਦ!'

ਜਿਉਂ ਹੀ ਉਸ ਨੇ ਇਹ ਕਿਹਾ, ਉਸ ਨੇ ਮੇਰੇ ਉੱਪਰ ਇੱਕ ਅਜਿਹੀ ਕੋਸੀ ਜਿਹੀ ਨਿਗ੍ਹਾ ਮਾਰੀ ਕਿ ਮੈਂ ਤਾਂ ਅੰਦਰ ਹੀ ਅੰਦਰ ਚਹਿਕ ਉੱਠੀ। ਮੈਂ ਦੱਸ ਸਕਦੀ ਸੀ ਕਿ ਉਹ ਮੈਨੂੰ ਖ਼ੁਸ਼ ਕਰਨਾ ਚਾਹੁੰਦਾ ਹੈ, ਪਰ ਕਿਉਂਕਿ ਉਹ ਇੱਕ ਲੰਮਾ ਚੌੜਾ ਭਾਸ਼ਣ ਨਹੀਂ ਦੇ ਸਕਦਾ ਸੀ ਇਸ ਲਈ ਉਸ ਨੇ ਅਪਣੇ ਨੈਣਾਂ ਨਾਲ ਹ ਬਹੁਤ ਕੁੱਝ ਆਖ ਛੱਡਿਆ। ਜਿਸ ਨੂੰ ਮੈਂ ਵੀ ਚੰਗੀ ਤਰ੍ਹਾਂ ਸਮਝ ਗਈ ਸੀ ਤੇ ਉਸ ਦੇ ਲਈ ਮੈਂ ਉਸ ਦੀ ਸ਼ੁਕਰਗੁਜ਼ਾਰ ਸੀ। ਇਹ ਸਭ ਮੈਨੂੰ ਹੁਣ ਵੀ ਉਨ੍ਹਾਂ ਸ਼ਬਦਾਂ ਅਤੇ ਉਸ ਨਜ਼ਰ ਦੇ ਬਾਰੇ ਮੁੜ ਤੋਂ ਸੋਚਦੇ ਹੋਏ ਖ਼ੁਸ਼ ਕਰ ਦਿੰਦਾ ਹੈ।

ਜਦੋਂ ਮੈਂ ਹੇਠਾਂ ਆਈ, ਮਾਂ ਨੇ ਕਿਹਾ, ਉਸ ਨੂੰ ਹੋਰ ਜ਼ਿਆਦਾ ਆਲੂਆਂ ਦੀ ਲੋੜ ਹੈ,ਕਿਉਂ ਕਿ ਇਹ ਰਾਤ ਦੇ ਖਾਣੇ ਵਿਚ ਵੀ ਵਰਤੇ ਜਾਣੇ ਸਨ। ਇਸ ਵਾਰ ਮੈਂ ਸਵੈ ਇੱਛਾ ਨਾਲ ਹੀ ਮੁੜ ਉੱਪਰ ਵੱਲ ਗਈ। ਮੈਂ ਪੀਟਰ ਦੇ ਕਮਰੇ ਵਿਚ ਮੁੜ ਪ੍ਰਵੇਸ਼ ਕੀਤਾ ਤੇ ਉਸ ਨੂੰ ਫਿਰ ਤੋਂ ਪ੍ਰੇਸ਼ਾਨ ਕਰਨ ਲਈ ਮਾਫ਼ੀ ਮੰਗੀ। ਜਿਉਂ ਹੀ ਮੈਂ ਪੌੜੀਆਂ ਤੋਂ ਉੱਪਰ ਜਾਣ ਲੱਗੀ, ਉਹ ਕੰਧ ਅਤੇ ਪੌੜੀਆਂ ਦੇ ਦਰਮਿਆਨ ਖੜਾ ਹੋ ਗਿਆ ਤੇ ਮੇਰਾ ਹੱਥ ਫੜਦੇ ਹੋਏ ਮੈਨੂੰ ਰੋਕਣ ਦੀ ਕੋਸ਼ਿਸ਼ ਕਰਨ ਲੱਗਾ।

'ਮੈਂ ਜਾਵਾਂਗਾ', ਉਸ ਨੇ ਕਿਹਾ। 'ਵੈਸੇ ਵੀ ਮੈਂ ਉੱਪਰ ਜਾਣਾ ਸੀ।'

ਮੈਂ ਉੱਤਰ ਦਿੱਤਾ ਕਿ ਇਹ ਵਾਸਤਵ ਵਿਚ ਜ਼ਰੂਰੀ ਨਹੀਂ ਸੀ ਕਿਉਂਕਿ ਮੈਂ ਇਸ ਵਾਰ ਸਿਰਫ਼ ਨਿੱਕੇ ਆਲੂ ਹੀ ਨਹੀਂ ਚੁਗਣੇ ਸਨ। ਯਕੀਨ ਕਰਦੇ ਹੋਏ ਉਸ ਨੇ ਮੇਰਾ ਹੱਥ ਛੱਡ ਦਿੱਤਾ ਤੇ ਜਾਣ ਦਿੱਤਾ। ਮੇਰੇ ਮੁੜ ਆਉਣ 'ਤੇ ਉਸ ਨੇ ਫਿਰ ਤੋਂ ਚੋਰ ਦਰਵਾਜ਼ਾ ਖੋਲਿਆ ਤੇ ਇੱਕ ਵਾਰ ਫਿਰ ਤੋਂ ਮੇਰੇ ਪਾਸੋਂ ਤਸਲਾ ਲੈ ਲਿਆ। ਦਰਵਾਜ਼ੇ 'ਤੇ ਖਲੋਂਦਿਆਂ ਮੈਂ ਆਖਿਆ, 'ਤੁਸੀਂ ਕਿਹੜਾ ਕੰਮ ਕਰ ਰਹੇ ਹੋ?'

'ਫਰੈਂਚ', ਉਸ ਨੇ ਕਿਹਾ ।

ਮੈਂ ਕਿਹਾ, ਕੀ ਮੈਂ ਤੁਹਾਡੇ ਕਾਰਜ ਉੱਪਰ ਨਜ਼ਰਸਾਨੀ ਕਰ ਸਕਦੀ ਹਾਂ? ਫਿਰ ਮੈਂ ਅਪਣੇ ਹੱਥ ਧੋਣ ਚਲੀ ਗਈ ਅਤੇ ਉਸ ਕੋਲ ਬੈੱਡ ਉੱਪਰ ਬੈਠ ਗਈ।

ਮੈਂ ਉਸ ਨੂੰ ਥੋੜੀ ਫਰੈਂਚ ਸਮਝਾਈ ਤੇ ਇਸ ਉਪਰੰਤ ਅਸੀਂ ਗੱਲਾਂ ਕਰਨ ਲੱਗ ਪਏ। ਉਸ ਨੇ ਮੈਨੂੰ ਦੱਸਿਆ ਕਿ ਯੁੱਧ ਤੋਂ ਬਾਅਦ ਉਹ ਡੱਚ ਈਸਟ ਇੰਡੀਜ਼ ਜਾਣਾ ਤੇ ਇੱਕ ਰਬੜ ਦੇ ਬਾਗ਼ ਵਿਚ ਰਹਿਣਾ ਚਾਹੁੰਦਾ ਸੀ। ਉਸ ਨੇ ਘਰ ਅੰਦਰ ਅਪਣੇ ਜੀਵਨ, ਕਾਲਾ ਬਾਜ਼ਾਰ ਅਤੇ ਇਹ ਕਿਸ ਤਰ੍ਹਾਂ ਇੱਕ ਨਿਰਾਸ਼ਾਜਨਕ ਮਾਮਲਾ ਹੈ, ਦੇ ਬਾਰੇ ਵੀ ਗੱਲ ਕੀਤੀ। ਮੈਂ ਉਸ ਨੂੰ ਆਖਿਆ। ਉਸ ਅੰਦਰ ਬੜੀ ਹੀ ਹੀਣ ਭਾਵਨਾ ਪੈਦਾ ਹੋ ਗਈ ਸੀ। ਉਸ ਨੇ ਇਹ ਆਖਦਿਆਂ ਕਿ ਰੂਸ ਅਤੇ ਇੰਗਲੈਂਡ ਇੱਕ ਦੂਸਰੇ ਖ਼ਿਲਾਫ਼ ਯੁੱਧ ਵਿਚ ਉੱਤਰਨ ਲਈ ਮਜਬੂਰ ਹੋ ਗਏ ਹਨ, ਯੁੱਧ ਦੇ ਬਾਰੇ ਅਤੇ ਯਹੂਦੀਆਂ ਸਬੰਧੀ ਗੱਲ ਕੀਤੀ। ਉਸ ਨੇ ਕਿਹਾ ਜੇ ਉਹ ਇਸਾਈ ਬਣ ਜਾਂਦਾ ਤਾਂ ਜੀਵਨ ਬਹੁਤ ਆਸਾਨ ਹੋ ਜਾਣਾ ਸੀ। ਮੈਂ ਪੁੱਛਿਆ, ਕੀ ਉਹ ਬਿਪਤਿਸਮਾ ਲੈਣਾ ਚਾਹੁੰਦਾ ਸੀ? ਪਰ ਸ਼ਾਇਦ ਉਸ ਦਾ ਇਹ ਮਤਲਬ ਨਹੀਂ ਸੀ। ਉਸ ਨੇ ਕਿਹਾ ਉਹ ਕਦੀ ਵੀ ਇੱਕ ਇਸਾਈ ਦੀ ਤਰ੍ਹਾਂ ਮਹਿਸੂਸ ਕਰਨ ਦੇ ਯੋਗ ਨਹੀਂ ਹੋ

ਸਕਦਾ, ਪਰ ਯੁੱਧ ਉਪਰੰਤ ਉਹ ਪੱਕਾ ਕਰਨਾ ਚਾਹੁੰਦਾ ਹੈ ਕਿ ਕਿਸੇ ਨੂੰ ਵੀ ਇਹ ਪਤਾ ਨਾ ਲੱਗੇ ਕਿ ਉਹ ਇੱਕ ਯਹੂਦੀ ਹੈ। ਮੈਨੂੰ ਅਪਣੇ ਅੰਦਰ ਇੱਕ ਕਰੁਣਾਮਈ ਵੇਦਨਾ ਮਹਿਸੂਸ ਹੋਈ। ਇਹ ਸ਼ਰਮ ਦੀ ਗੱਲ ਹੈ ਕਿ ਉਸ ਦੇ ਅੰਦਰ ਅਜੇ ਵੀ ਬੇਈਮਾਨੀ ਦੀ ਇੱਕ ਛੋਹ ਬਾਕੀ ਹੈ।

ਪੀਟਰ ਨੇ ਅੱਗੇ ਕਿਹਾ, 'ਯਹੂਦੀ ਰਹਿਣਗੇ ਅਤੇ ਹਮੇਸ਼ਾ ਚੁਣੇ ਹੋਏ ਲੋਕ ਹੋਣਗੇ।'

ਮੈਂ ਉੱਤਰ ਦਿੱਤਾ, 'ਸਿਰਫ਼ ਇਸ ਵਾਰ, ਮੈਂ ਉਮੀਦ ਕਰਦੀ ਹਾਂ ਕਿ ਕੁੱਝ ਚੰਗੇ ਦੇ ਲਈ ਹੀ ਚੁਣੇ ਜਾਣਗੇ।' ਪਰ ਫਿਰ ਵੀ ਅਸੀਂ ਬਹੁਤ ਆਰਾਮਦਾਇਕ ਤਰੀਕੇ ਨਾਲ ਗੱਲਾਂ ਕਰਦੇ ਰਹੇ। ਪਿਤਾ ਜੀ ਦੇ ਬਾਰੇ, ਮਨੁੱਖੀ ਸੁਭਾਅ ਨੂੰ ਪਹਿਚਾਨਣ ਦੇ ਬਾਰੇ ਅਤੇ ਹਰ ਤਰ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ। ਕਈ ਤਾਂ ਇੰਨੀਆਂ ਜ਼ਿਆਦਾ ਸਨ ਕਿ ਮੈਂ ਉਨ੍ਹਾਂ ਸਾਰੀਆਂ ਨੂੰ ਯਾਦ ਵੀ ਨਹੀਂ ਰੱਖ ਪਾਈ।

ਮੈਂ ਸਵਾ ਪੰਜ ਵਜੇ ਉੱਠ ਗਈ, ਕਿਉਂਕਿ ਬੇਪ ਆ ਗਈ ਸੀ।

ਉਸ ਸ਼ਾਮ ਉਸ ਨੇ ਕੁੱਝ ਹੋਰ ਗੱਲ ਕੀਤੀ ਸੀ ਜੋ ਮੈਨੂੰ ਪਸੰਦ ਆਈ। ਅਸੀਂ ਉਸ ਫ਼ਿਲਮ ਅਦਾਕਾਰ ਦੀ ਤਸਵੀਰ ਬਾਰੇ ਗੱਲ ਕਰ ਰਹੇ ਸੀ ਜੋ ਮੈਂ ਉਸ ਨੂੰ ਦਿੱਤੀ ਸੀ। ਇਹ ਤਸਵੀਰ ਉਸ ਦੇ ਕਮਰੇ ਅੰਦਰ ਕਰੀਬ ਡੇਢ ਸਾਲ ਤੋਂ ਟੰਗੀ ਪਈ ਸੀ। ਉਸ ਨੂੰ ਉਹ ਏਨੀ ਜ਼ਿਆਦਾ ਪਸੰਦ ਆਈ ਕਿ ਮੈਂ ਉਸ ਨੂੰ ਕੁੱਝ ਹੋਰ ਦੇਣ ਦੀ ਵੀ ਪੇਸ਼ਕਸ਼ ਕੀਤੀ।

'ਨਹੀਂ", ਸਗੋਂ ਮੈਂ ਇਹੀ ਰੱਖਣਾ ਚਾਹੁੰਦਾ ਹਾਂ ਜਿਹੜੀ ਮੇਰੇ ਕੋਲ ਹੈ।' ਉਸ ਨੇ ਉੱਤਰ ਦਿੱਤ। 'ਮੈਂ ਇਸ ਨੂੰ ਹਰ ਦਿਨ ਨਿਹਾਰਦਾ ਰਹਿੰਦਾ ਹਾਂ ਅਤੇ ਇਸ ਵਿਚ ਜਿਹੜੇ ਲੋਕ ਹਨ ਉਹ ਮੇਰੇ ਦੋਸਤ ਬਣ ਗਏ ਹਨ।'

ਹੁਣ ਮੇਰੇ ਕੋਲ ਇੱਕ ਬਿਹਤਰ ਸਮਝ ਹੈ ਕਿ ਉਹ ਕਿਉਂ ਮੌਸਚੀ ਨੂੰ ਹਮੇਸ਼ਾ ਏਨਾ ਘੁੱਟ ਕਿ ਗਲ਼ੇ ਲਗਾਉਂਦਾ ਹੈ। ਸਪਸ਼ਟ ਰੂਪ ਵਿਚ, ਉਸ ਨੂੰ ਵੀ ਸਨੇਹ ਦੀ ਜ਼ਰੂਰਤ ਹੈ। ਮੈਂ ਕਿਸੇ ਹੋਰ ਬਾਰੇ ਵੀ ਦੱਸਣਾ ਭੁੱਲ ਗਈ ਜਿਸ ਦੀ ਗੱਲ ਉਸ ਨੇ ਕੀਤੀ ਸੀ। ਉਸ ਨੇ ਕਿਹਾ 'ਨਹੀਂ' ਮੈਂ ਡਰਦਾ ਨਹੀਂ ਹਾ ਸਿਵਾਏ ਇਸ ਦੇ ਕਿ ਜਦੋਂ ਮੇਰੇ ਨਾਲ ਸਬੰਧਿਤ ਚੀਜ਼ਾਂ ਦੀ ਗੱਲ ਹੁੰਦੀ ਹੈ, ਪਰ ਮੈਂ ਉਨ੍ਹਾਂ 'ਤੇ ਕੰਮ ਕਰ ਰਿਹਾ ਹਾਂ।

ਪੀਟਰ ਅੰਦਰ ਇੱਕ ਵਿਸ਼ਾਲ ਹੀਣ ਭਾਵਨਾ ਘਰ ਕਰ ਗਈ ਹੈ। ਉਦਾਹਰਨ ਦੇ ਲਈ, ਉਹ ਹਮੇਸ਼ਾ ਸੋਚਦਾ ਰਹਿੰਦਾ ਹੈ ਕਿ ਉਹ ਬਹੁਤ ਬੇਵਕੂਫ਼ ਹੈ ਅਤੇ ਅਸੀਂ ਬਹੁਤ ਜ਼ਿਆਦਾ ਚਾਲਾਕ ਹਾਂ। ਜਦ ਮੈਂ ਫਰੈਂਚ ਸਬੰਧੀ ਉਸ ਦੀ ਮਦਦ ਕਰ ਰਹੀ ਸੀ, ਉਹ ਮੈਨੂੰ ਹਜ਼ਾਰਾਂ ਵਾਰ ਧੰਨਵਾਦ ਦਿੰਦਾ ਹੈ। ਜਲਦੀ ਹੀ ਮੈਂ ਆਖਣ ਵਾਲੀ ਹਾਂ ਕਿ, ਛੱਡ ਇਹ ਸਭ ! ਤੂੰ ਅੰਗਰੇਜ਼ੀ ਅਤੇ ਭੂਗੋਲ ਵਿਚ ਜ਼ਿਆਦਾ ਬਿਹਤਰ ਏਂ !'

ਐਨੀ ਫਰੈਂਕ

ਵੀਰਵਾਰ, 17 ਫਰਵਰੀ, 1944

ਪਿਆਰੀ ਕਿੱਟੀ,

ਮੈਂ ਅੱਜ ਸਵੇਰੇ ਉੱਪਰ ਸੀ, ਕਿਉਂ ਕਿ ਮੈਂ ਸ਼੍ਰੀਮਤੀ ਵੈਨ ਦਾਨ ਨਾਲ ਵਾਅਦਾ ਕੀਤੀ ਸੀ ਕਿ ਮੈਂ ਅਪਣੀਆਂ ਕੁੱਝ ਕਹਾਣੀਆਂ ਉਸ ਨੂੰ ਸੁਣਾਵਾਂਗੀ। ਮੈਂ 'ਈਵਾ ਦਾ ਸੁਪਨਾ' ਤੋਂ ਸ਼ੁਰੂ ਕੀਤਾ, ਜਿਹੜੀ ਉਨ੍ਹਾਂ ਨੂੰ ਬਹੁਤ ਜ਼ਿਆਦਾ ਪਸੰਦ ਆਈ, ਫਿਰ ਮੈਂ ਗੁਪਤ ਉੱਪਭਵਨ ਵਿਚੋਂ ਕੁੱਝ ਅੰਸ਼ ਪੜੇ ਜਿਨ੍ਹਾਂ 'ਤੇ ਉਹ ਬੜੀ ਜ਼ੋਰ ਨਾਲ ਹੱਸੀ। ਪੀਟਰ ਨੇ ਭੀ ਥੋੜੀ ਦੇਰ ਤੱਕ (ਸਿਰਫ਼ ਆਖ਼ਰੀ ਭਾਗ) ਸੁਣਿਆ ਅਤੇ ਪੁੱਛਿਆ ਕਿ ਕੀ ਮੈਂ ਕਿਸੇ ਸਮੇਂ ਉਸ ਦੇ ਕਮਰੇ ਵਿਚ ਆ ਕਿ ਕੁੱਝ ਹੋਰ ਪੜ੍ਹਾਂਗੀ।

ਮੈਂ ਫ਼ੈਸਲਾ ਕੀਤਾ ਕਿ ਮੈਨੂੰ ਤੁਰੰਤ ਉਹ ਮੌਕਾ ਸੰਭਾਲ ਲੈਣਾ ਚਾਹੀਦਾ ਹੈ, ਇਸ ਲਈ ਮੈਂ ਅਪਣੀ ਅਭਿਆਸ ਪੁਸਤਕ ਲਈ ਅਤੇ ਉਸ ਨੂੰ ਥੋੜਾ ਪੜਣ ਦਿੱਤਾ ਜਿੱਥੇ ਕੈਡੀ ਅਤੇ ਹੰਸ ਭਗਵਾਨ ਦੇ ਬਾਰੇ ਗੱਲਾਂ ਕਰਦੇ ਹਨ। ਮੈਂ ਨਹੀਂ ਜਾਣਦੀ ਅਸਲੀਅਤ 'ਚ ਮੈਂ ਉਸ ਉੱਪਰ ਕਿਸ ਤਰ੍ਹਾਂ ਦਾ ਪ੍ਰਭਾਵ ਛੱਡਿਆ। ਉਸ ਨੇ ਕੁੱਝ ਕਿਹਾ, ਜੋ ਮੈਨੂੰ ਠੀਕ ਤਰ੍ਹਾਂ ਨਾਲ ਯਾਦ ਨਹੀਂ, ਇਸ ਬਾਰੇ ਨਹੀਂ ਸੀ ਕਿ ਇਹ ਵਧੀਆ ਸੀ ਸਗੋਂ ਇਸ ਦ ਪਿੱਛੇ ਕਾਰਜਸ਼ੀਲ ਵਿਚਾਰ ਦੇ ਬਾਰੇ, ਮੈਂ ਉਸ ਨੂੰ ਦੱਸਿਆ ਕਿ ਮੈਂ ਬੱਸ ਉਸ ਨੂੰ ਇਹ ਦਿਖਾਉਣਾ ਚਾਹੀਦੀ ਸੀ ਕਿ ਮੈਂ ਸਿਰਫ਼ ਮਨੋਰੰਜਕ ਚੀਜ਼ਾਂ ਹੀ ਨਹੀਂ ਲਿਖੀਆਂ। ਉਸ ਨੇ ਸਿਰ ਹਿਲਾਇਆ ਅਤੇ ਮੈਂ ਕਮਰੇ 'ਚੋਂ ਬਾਹਰ ਆ ਗਈ। ਅਸੀਂ ਦੇਖਾਂਗੇ ਜੇਕਰ ਮੈਂ ਕੁੱਝ ਹੋਰ ਸੁਣਦੀ ਹਾਂ!

ਤੇਰੀ, ਐਨੀ ਫਰੈਂਕ

ਸ਼ੁੱਕਰਵਾਰ, 18 ਫਰਵਰੀ, 1944

ਮੇਰੀ ਸਭ ਤੋਂ ਪਿਆਰੀ ਕਿੱਟੀ,

ਜਦੋਂ ਵੀ ਮੈਂ ਉੱਪਰ ਜਾਂਦੀ ਹਾਂ ਹਮੇਸ਼ਾ ਇੰਜ ਹੁੰਦਾ ਹੈ ਕਿ ਮੈਂ ਉਸ ਨੂੰ ਦੇਖ ਸਕਦੀ ਹਾਂ ਅਤੇ ਹੁਣ ਜਦੋਂ ਮੇਰੇ ਕੋਲ ਇੰਤਜ਼ਾਰ ਕਰਨ ਲਈ ਕੁੱਝ ਹੈ, ਇੱਥੇ ਮੇਰੇ ਜੀਵਨ ਅੰਦਰ ਬਹੁਤ ਜ਼ਿਆਦਾ ਸੁਧਾਰ ਹੋਇਆ ਹੈ।

ਘੱਟੋ-ਘੱਟ ਇੱਥੇ ਹਮੇਸ਼ਾ ਮੇਰੀ ਦੋਸਤੀ ਦਾ ਉਦੇਸ਼ ਤਾਂ ਹੈ ਹੀ ਅਤੇ ਮੈਨੂੰ ਵਿਰੋਧੀਆਂ (ਮਾਰਗਰੇਟ ਨੂੰ ਛੱਡ ਕਿ) ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਇਹ ਨਾ ਸੋਚਣਾ ਕਿ ਮੈਂ ਪਿਆਰ ਵਿਚ ਹਾਂ, ਕਿਉਂਕਿ ਮੈਂ ਨਹੀਂ ਹਾਂ ਪਰ ਮੈਨੂੰ ਇਹ ਵਿਸ਼ਵਾਸ ਹੈ ਕਿ ਮੇਰੇ ਤੇ ਪੀਟਰ ਦਰਮਿਆਨ ਕੁੱਝ ਸੋਹਣਾ ਜਿਹਾ ਵਿਕਸਿਤ ਹੋਣ ਵਾਲਾ ਜ਼ਰੂਰ ਹੈ। ਇੱਕ

ਤਰ੍ਹਾਂ ਦੀ ਦੋਸਤੀ ਅਤੇ ਇੱਕ ਵਿਸ਼ਵਾਸ ਦੀ ਭਾਵਨਾ। ਜਦੋਂ ਵੀ ਮੈਨੂੰ ਮੌਕਾ ਮਿਲਦਾ ਹੈ ਮੈਂ ਉਸ ਨੂੰ ਦੇਖਣ ਜਾਦੀ ਹਾਂ। ਇਹ ਅਜਿਹਾ ਨਹੀਂ ਜਿਵੇਂ ਦਾ ਹੁੰਦਾ ਸੀ, ਜਦੋਂ ਉਹ ਨਹੀਂ ਜਾਣਦਾ ਸੀ ਕਿ ਮੇਰੇ ਬਾਰੇ ਕੀ ਸੋਚਣਾ ਹੈ। ਇਸ ਦੇ ਉਲਟ ਉਹ ਉਸ ਵਕਤ ਵੀ ਗੱਲ ਕਰ ਰਿਹਾ ਹੁੰਦਾ ਹੈ ਜਦੋਂ ਮੈਂ ਦਰਵਾਜ਼ੇ ਤੋਂ ਬਾਹਰ ਜਾ ਰਹੀ ਹੁੰਦੀ ਹਾਂ। ਮਾਂ ਨੂੰ ਮੇਰਾ ਉੱਪਰ ਜਾਣਾ ਪਸੰਦ ਨਹੀਂ ਹੈ । ਉਹ ਹਮੇਸ਼ਾ ਕਹਿੰਦੀ ਹੈ ਕਿ ਮੈਂ ਪੀਟਰ ਨੂੰ ਪ੍ਰੇਸ਼ਾਨ ਕਰ ਰਹੀ ਹਾਂ। ਮੈਨੂੰ ਉਸ ਨੂੰ ਇਕੱਲਾ ਛੱਡ ਦੇਣਾ ਚਾਹੀਦਾ ਹੈ। ਇਮਾਨਦਾਰੀ ਨਾਲ, ਕੀ ਉਹ ਕਿਸੇ ਅੰਤਰ-ਗਿਆਨ ਦੀ ਸਹਾਇਤਾ ਨਾਲ ਮੇਰੇ 'ਤੇ ਯਕੀਨ ਨਹੀਂ ਕਰ ਸਕਦੀ?

ਜਦੋਂ ਵੀ ਮੈਂ ਪੀਟਰ ਦੇ ਕਮਰੇ ਅੰਦਰ ਜਾਂਦੀ ਹਾਂ, ਉਹ ਹਮੇਸ਼ਾ ਮੈਨੂੰ ਅਜੀਬ ਜਿਹੇ ਤਰੀਕੇ ਨਾਲ ਦੇਖਦੀ ਹੈ। ਮੈਂ ਫਿਰ ਤੋਂ ਜਦੋਂ ਹੇਠਾਂ ਆ ਜਾਦੀ ਹਾਂ, ਤਾਂ ਉਹ ਮੈਨੂੰ ਪੁੱਛਦੀ ਹੈ, ਮੈਂ ਕਿੱਥੇ ਸੀ? ਇਹ ਭਿਆਨਕ ਹੈ, ਪਰ ਮੈਂ ਉਨ੍ਹਾਂ ਨਾਲ ਨਫ਼ਰਤ ਕਰਨਾ ਸ਼ੁਰੂ ਕਰ ਰਹੀ ਹਾਂ!

ਤੁਹਾਡੀ, ਐਨੀ ਐੱਮ. ਫਰੈਂਕ

ਸ਼ਨੀਵਾਰ, 19 ਫਰਵਰੀ, 1944

ਸਭ ਤੋਂ ਪਿਆਰੀ ਕਿੱਟੀ,

ਇਹ ਫਿਰ ਸ਼ਨੀਵਾਰ ਹੈ ਅਤੇ ਜਿਸ ਨੂੰ ਕਾਫ਼ੀ ਕੁੱਝ ਦਸਣਾ ਚਾਹੀਦਾ ਹੈ। ਅੱਜ ਸਵੇਰੇ ਸਭ ਕੁੱਝ ਸ਼ਾਂਤ ਸੀ। ਮੈਂ ਉੱਪਰ ਮਾਸ ਦੀਆਂ ਗੋਲ਼ੀਆਂ ਬਣਾਉਂਦੇ ਹੋਏ ਇੱਕ ਘੰਟਾ ਗੁਜ਼ਾਰਿਆ, ਪਰ ਮੈਂ ਉਸ ਨਾਲ ਥੋੜੀ ਜਿਹੀ ਹੀ ਗੱਲ-ਬਾਤ ਕੀਤੀ।

ਜਦੋਂ ਢਾਈ 'ਕੁ ਵਜੇ ਕੋਈ ਨਾ ਕੋਈ ਉੱਪਰ ਥੋੜਾ ਪੜ੍ਹਨ ਜਾਂ ਅਰਾਮ ਕਰਨ ਲਈ ਗਿਆ, ਮੈਂ ਕੰਬਲ ਲੈ ਕਿ ਹੇਠਾਂ ਮੇਜ਼ 'ਤੇ ਬੈਠਣ ਜਾਂ ਲਿਖਣ ਲੱਗ ਪਈ ਪਰ ਮੈਂ ਅਜਿਹਾ ਜਿਆਦਾ ਸਮੇਂ ਤੱਕ ਨਾ ਕਰ ਸਕੀ ਤੇ ਜਲਦੀ ਹੀ ਅਪਣੇ ਸਿਰ ਨੂੰ ਬਾਹਾਂ ਵਿਚ ਲੈ ਕਿ ਰੋਣ ਲੱਗ ਪਈ। ਅੱਥਰੂ ਮੇਰੀਆਂ ਗੱਲ੍ਹਾਂ ਤੋਂ ਹੇਠਾਂ ਵਗਣ ਲੱਗ ਪਏ ਤੇ ਮੈਂ ਨਿਰਾਸ਼ਾ ਦੇ ਆਲਮ 'ਚ ਖ਼ੁਦ ਨੂੰ ਦੁਖੀ ਮਹਿਸੂਸ ਕਰਨ ਲੱਗੀ। ਓਹ! ਕਾਸ਼, 'ਉਹ' ਮੈਨੂੰ ਆਰਾਮ ਪਹੁੰਚਾਉਣ ਲਈ ਆਇਆ ਹੁੰਦਾ।

ਜਦੋਂ ਮੈਂ ਮੁੜ ਉੱਪਰ ਗਈ, ਕਰੀਬ ਚਾਰ ਵੱਜ ਚੁੱਕੇ ਸਨ। ਪੰਜ ਵਜੇ ਮੈਂ ਇਸ ਉਮੀਦ ਨਾਲ ਆਲੂ ਲੈਣ ਨਿੱਕਲੀ, ਕਿ ਅਸੀਂ ਮੁੜ ਮਿਲਾਂਗੇ ਪਰ ਜਦੋਂ ਮੈਂ ਗ਼ੁਸਲਖ਼ਾਨੇ ਅੰਦਰ ਅਪਣੇ ਵਾਲ ਠੀਕ ਕਰ ਰਹੀ ਸੀ, ਉਸੇ ਪਲ ਉਹ ਬੋਚ ਨੂੰ ਮਿਲਣ ਲਈ ਚਲਾ ਗਿਆ ਸੀ।

ਮੈਂ ਸ਼੍ਰੀਮਤੀ ਵੈਨ ਦਾਨ ਦੀ ਮਦਦ ਕਰਨਾ ਚਾਹੁੰਦੀ ਸੀ ਅਤੇ ਮੈਂ ਅਪਣੀ ਕਿਤਾਬ ਅਤੇ ਦੂਸਰੀਆਂ ਚੀਜ਼ਾਂ ਲੈ

ਕਿ ਉੱਪਰ ਗਈ ਪਰ ਅਚਾਨਕ ਹੀ ਮੈਂ ਮਹਿਸੂਸ ਕੀਤਾ ਕਿ ਮੇਰੇ ਅੱਥਰੂ ਮੁੜ ਵਗ ਤੁਰੇ ਸਨ। ਮੈਂ ਰਸਤੇ 'ਚੋਂ ਸ਼ੀਸ਼ਾ ਲੈ ਕਿ ਫਿਰ ਹੇਠਾਂ ਲੈਟਰੀਨ ਵੱਲ ਨੂੰ ਦੌੜੀ। ਉੱਥੇ ਮੈਂ ਅਪਣੇ ਪੂਰੇ ਕੱਪੜਿਆਂ ਸਮੇਤ ਹੀ ਬੈਠ ਗਈ। ਲੈਟਰੀਨ ਵਾਲਾ ਕਾਰਜ ਮੁਕਾਉਣ ਦੇ ਕਾਫ਼ੀ ਸਮੇਂ ਬਾਅਦ ਮੇਰੇ ਅੰਦਰੂਨੀ ਕੱਪੜਿਆਂ ਉੱਪਰ ਹੰਝੂਆਂ ਦੇ ਕਾਫ਼ੀ ਧੱਬੇ ਪੈ ਗਏ ਸਨ। ਜਿਨ੍ਹਾਂ ਨੂੰ ਮੈਂ ਪੂਰੀ ਤਰ੍ਹਾਂ ਉਦਾਸ ਮਹਿਸੂਸ ਕੀਤਾ।

ਮੇਰਾ ਦਿਲ ਜੋ ਕੁੱਝ ਸਹਿ ਰਿਹਾ ਸੀ, ਉਹ ਇਹ ਸੀ: 'ਓਹ, ਇਸ ਤਰ੍ਹਾਂ ਤਾਂ ਮੈਂ ਪੀਟਰ ਤੱਕ ਕਦੀ ਵੀ ਨਹੀਂ ਪਹੁੰਚ ਸਕਦੀ। ਕੌਣ ਜਾਣਦਾ ਹੈ, ਸ਼ਾਇਦ ਉਹ ਮੈਨੂੰ ਪਸੰਦ ਹੀ ਨਾ ਕਰਦਾ ਹੋਵੇ, ਸ਼ਾਇਦ ਉਸ ਨੂੰ ਕਿਸੇ ਦੇ ਭਰੋਸੇ ਦੀ ਜਰੂਰਤ ਹੀ ਨਾ ਹੋਵੇ। ਸ਼ਾਇਦ, ਉਹ ਮੇਰੇ ਬਾਰੇ ਸਿਰਫ਼ ਇੱਕ ਸਾਧਾਰਨ ਜਿਹੇ ਤਰੀਕੇ ਨਾਲ ਹੀ ਸੋਚਦਾ ਹੋਵੇ। ਮੈਨੂੰ ਮੁੜ ਇਕੱਲਾ ਰਹਿਣ ਵਾਲੀ ਸਥਿਤੀ ਵੱਲ ਪਰਤਣਾ ਹੋਵੇਗਾ, ਬਿਨਾਂ ਕਿਸੇ 'ਤੇ ਭਰੋਸਾ ਕੀਤੇ ਅਤੇ ਬਿਨਾਂ ਪੀਟਰ, ਬਿਨਾਂ ਉਮੀਦ, ਆਰਾਮ ਜਾਂ ਕਿਸੇ ਹੋਰ ਦਾ ਇੰਤਜ਼ਾਰ ਕੀਤੇ, ਓਹ! ਕਾਸ਼! ਮੈਂ ਉਸ ਦੇ ਮੋਢਿਆਂ 'ਤੇ ਅਪਣਾ ਸਿਰ ਰੱਖ ਪਾਉਂਦੀ!! ਕੌਣ ਜਾਣਦਾ ਹੈ, ਹੋ ਸਕਦਾ ਹੈ, ਉਹ ਮੇਰੀ ਬਿਲਕੁਲ ਵੀ ਪਰਵਾਹ ਨਾ ਕਰਦਾ, ਕੀ ਪਤਾ ਉਹ ਦੂਜਿਆਂ ਨੂੰ ਵੀ ਉਸੇ ਸਨੇਹ ਦੀ ਦ੍ਰਿਸ਼ਟੀ ਨਾਲ ਦੇਖਦਾ ਹੋਵੇ। ਹੋ ਸਕਦਾ ਹੈ ਕਿ ਮੈਂ ਕਲਪਨਾ ਹੀ ਕੀਤੀ ਹੋਵੇ ਕੇ ਇਹ ਵਿਸ਼ੇਸ਼ ਰੂਪ ਵਿਚ ਮੇਰੇ ਲਈ ਹੀ ਸੀ। ਓਹ! ਪੀਟਰ ਕਾਸ਼ ਤੂੰ ਮੈਨੂੰ ਸੁਣ ਸਕਦਾ ਜਾਂ ਮੈਨੂੰ ਦੇਖ ਸਕਦਾ। ਜੇਕਰ ਇਹ ਨਿਰਾਸ਼ਾਜਨਕ ਹੈ ਤਾਂ ਮੈਂ ਇਸ ਨੂੰ ਬਰਦਾਸ਼ਤ ਕਰਨ ਦੇ ਸਮਰੱਥ ਨਹੀਂ ਹੋਵਾਂਗੀ।'

ਕੁੱਝ ਸਮੇਂ ਬਾਅਦ ਮੈਂ ਮੁੜ ਤੋਂ ਖ਼ੁਦ ਨੂੰ ਉਮੀਦ ਨਾਲ ਭਰਿਆ ਹੋਇਆ ਮਹਿਸੂਸ ਕੀਤਾ, ਹਾਲਾਂਕਿ ਮੇਰੇ ਅੰਦਰ- ਮੇਰੇ ਹੰਝੂ ਅਜੇ ਤੱਕ ਵੀ ਵਹਿ ਰਹੇ ਸਨ।

ਤੇਰੀ, ਐਨੀ ਐੱਮ. ਫਰੈਂਕ

ਐਤਵਾਰ, 20 ਫਰਵਰੀ, 1944

ਹਫ਼ਤੇ ਦੇ ਬਾਕੀ ਦਿਨਾਂ ਦੌਰਾਨ ਜੋ ਦੂਜੇ ਲੋਕਾਂ ਦੇ ਘਰਾਂ ਅੰਦਰ ਹੁੰਦਾ ਹੈ, ਉਹੀ ਸਭ ਕੁੱਝ ਇੱਥੇ ਉੱਪਭਵਨ ਅੰਦਰ ਐਤਵਾਰ ਦੇ ਦਿਨਾਂ ਦੌਰਾਨ ਹੁੰਦਾ ਹੈ। ਇੱਥੇ ਬਾਕੀ ਲੋਕ ਅਪਣੇ ਸਭ ਤੋਂ ਸੋਹਣੇ ਕੱਪੜੇ ਪਾ ਕਿ ਧੁੱਪ ਵਿਚ ਘੁੰਮਣ-ਫਿਰਨ ਲਈ ਬਾਹਰ ਜਾਂਦੇ ਹਨ ਤੇ ਅਸੀਂ ਝਾੜੂ-ਪੋਚਾ ਲਗਾਉਂਦੇ, ਕੱਪੜੇ ਧੋਂਦੇ ਹਾਂ।

ਅੱਠ ਵਜੇ। ਹਾਲਾਂਕਿ ਸਾਡੇ ਵਿਚੋਂ ਬਾਕੀ ਕੁੱਝ ਦੇਰ ਤਕ ਸੌਣਾ ਪਸੰਦ ਕਰਦੇ ਹਨ, ਡਸੇਲ ਅੱਠ ਵਜੇ ਉੱਠ ਖੜਦੇ ਹਨ । ਉਹ ਇਸ਼ਨਾਨ-ਘਰ ਜਾਂਦੇ ਹਨ, ਫਿਰ ਹੇਠਾਂ, ਮੁੜ ਫਿਰ ਤੋਂ ਉੱਪਰ ਅਤੇ ਫਿਰ ਇਸ਼ਨਾਨ-ਘਰ, ਜਿੱਥੇ ਉਹ ਖ਼ੁਦ ਨੂੰ ਧੋਣ ਵਿਚ ਪੂਰਾ ਇੱਕ ਘੰਟਾ ਲਗਾ ਦਿੰਦੇ ਹਨ।

ਸਾਢੇ ਨੌਂ ਵਜੇ। ਚੁੱਲ੍ਹੇ ਭਖਾਏ ਜਾਂਦੇ ਹਨ, ਢਕਣ ਵਾਲੇ ਪਰਦੇ ਹੇਠਾਂ ਖਿੱਚ ਲਏ ਜਾਂਦੇ ਹਨ ਅਤੇ ਸ਼੍ਰੀਮਾਨ ਵੈਨ ਦਾਨ ਇਸ਼ਨਾਨ-ਘਰ ਦੇ ਵੱਲ ਨੂੰ ਜਾਂਦੇ ਹਨ। ਮੇਰੇ ਐਤਵਾਰ ਦੇ ਕਠੋਰ ਅਨੁਭਵਾਂ ਵਿਚੋਂ ਇੱਕ ਬਿਸਤਰੇ 'ਚ ਦੇਰ ਤੱਕ ਸੁੱਤੇ ਪਏ ਰਹਿਣਾ ਤੇ ਡਸੇਲ ਦੇ ਪ੍ਰਾਰਥਨਾ ਕਰਦੇ ਸਮੇਂ ਉਸ ਦੀ ਪਿੱਠ ਦੇਖਣਾ ਹੈ। ਮੈਂ ਜਾਣਦੀ ਹਾਂ ਇਹ ਸੁਣਨ

'ਚ ਅਜੀਬ ਲਗਦਾ ਹੈ, ਪਰ ਪ੍ਰਾਰਥਨਾ ਸਮੇਂ ਡਸੇਲ ਨੂੰ ਤੱਕਣਾ ਇੱਕ ਭਿਆਨਕ ਦ੍ਰਿਸ਼ ਹੁੰਦਾ ਹੈ। ਅਜਿਹਾ ਵੀ ਨਹੀਂ ਕਿ ਉਹ ਰੋਂਦੇ ਜਾਂ ਭਾਵੁਕ ਹੋ ਜਾਂਦੇ ਨੇ, ਬਿਲਕੁਲ ਵੀ ਨਹੀਂ, ਪਰ ਇੱਕ ਚੌਥਾਈ ਘੰਟਾ ਤਾਂ ਉਹ ਗੁਜ਼ਾਰ ਹੀ ਦਿੰਦੇ ਹਨ- ਪੂਰੇ ਪੰਦਰਾਂ ਮਿੰਟ- ਅਪਣੇ ਪੰਜਿਆਂ ਤੋਂ ਲੈ ਕਿ ਅੱਡੀਆਂ ਤੱਕ ਕੰਬਦੇ ਹੋਏ। ਅੱਗੇ-ਪਿੱਛੇ, ਅੱਗੇ-ਪਿੱਛੇ। ਇਹ ਹਮੇਸ਼ਾ ਜਾਰੀ ਰਹਿੰਦਾ ਹੈ ਅਤੇ ਜੇਕਰ ਮੈਂ ਆਪਣੀਆਂ ਅੱਖਾਂ ਬੰਦ ਨਾ ਕਰਾ ਤਾਂ ਮੇਰਾ ਸਿਰ ਚਕਰਾਉਣ ਲੱਗ ਪੈਂਦਾ ਹੈ।

ਸਵਾ ਦਸ ਵਜੇ। ਵੈਨ ਦਾਨ ਸੀਟੀ ਵਜਾਉਂਦੇ ਹਨ; ਇਸ਼ਨਾਨ-ਘਰ ਖਾਲੀ ਹੈ। ਫਰੈਂਕ ਪਰਿਵਾਰ ਬਸੇਰਿਆਂ 'ਚ, ਪਹਿਲਾਂ ਉਨੀਦੇ ਚਿਹਰੇ ਅਪਣੇ ਸਿਰਹਾਣਿਆਂ ਅੰਦਰੋਂ ਉੱਭਰਨਾ ਸ਼ੁਰੂ ਹੁੰਦੇ ਹਨ। ਫਿਰ ਸਭ ਕੁੱਝ ਤੇਜ਼, ਤੇਜ਼, ਤੇਜ਼ ਹੁੰਦਾ ਹੈ। ਮਾਰਗਰੇਟ ਅਤੇ ਮੈਂ ਵਾਰੀ-ਵਾਰੀ ਕੱਪੜੇ ਧੌਣ ਦਾ ਕੰਮ ਕਰਦੀਆਂ ਹਾਂ, ਕਿਉਂਕਿ ਹੇਠਾਂ ਕਾਫ਼ੀ ਠੰਢ ਹੈ, ਅਸੀਂ ਸਲਵਾਰ ਤੇ ਸਿਰ ਉੱਪਰ ਸਕਾਰਫ਼ ਪਾ ਲੈਂਦੀਆਂ ਹਾਂ। ਇਸੇ ਦੌਰਾਨ, ਪਿਤਾ ਜੀ ਇਸ਼ਨਾਨ-ਘਰ ਵਿਚ ਰੁੱਝ ਜਾਂਦੇ ਹਨ। ਗਿਆਰਾਂ ਵਜੇ ਇਸ਼ਨਾਨ-ਘਰ ਅੰਦਰ ਜਾਂ ਤਾਂ ਮਾਰਗਰੇਟ ਤੇ ਜਾਂ ਫਿਰ ਮੇਰੀ ਵਾਰੀ ਹੁੰਦੀ ਹੈ ਤੇ ਫਿਰ ਅਸੀਂ ਸਾਰੇ ਸਾਫ਼ ਹੋ ਜਾਂਦੇ ਹਾਂ।

ਸਾਢੇ ਗਿਆਰਾਂ ਵਜੇ। ਨਾਸ਼ਤਾ। ਮੈਂ ਇਸ ਬਾਰੇ ਨਹੀਂ ਸੋਚਾਂਗੀ , ਕਿਉਂਕਿ ਮੇਰੇ ਦੁਆਰਾ ਇਸ ਦੀ ਚਰਚਾ ਕੀਤੇ ਬਿਨਾਂ ਵੀ, ਭੋਜਨ ਬਾਰੇ ਕਾਫ਼ੀ ਗੱਲਾਂ ਹਨ।

ਸਵਾ ਬਾਰਾਂ ਵਜੇ। ਸਾਡੇ ਸਾਰਿਆਂ ਵਿਚੋਂ ਹਰ ਕੋਈ ਅਪਣੇ-ਅਪਣੇ ਤਰੀਕੇ ਨਾਲ ਹੀ ਚਲਦਾ ਹੈ। ਲੰਮਾ ਕੁਰਤਾ ਪਾ ਕਿ ਬੈਠੇ ਹੋਏ ਪਿਤਾ ਜੀ ਅਪਣੇ ਪੈਰਾਂ ਭਾਰ ਬੈਠ ਜਾਂਦੇ ਹਨ ਤੇ ਫਿਰ ਅਪਣੇ ਕੰਬਲ ਨੂੰ ਬੁਰਸ਼ ਨਾਲ ਏਨੇ ਸਖ਼ਤ ਤਰੀਕੇ ਨਾਲ ਸਾਫ਼ ਕਰਦੇ ਹਨ ਕਿ ਉਸ ਵਿਚੋਂ ਨਿਕਲਦੀ ਧੂੜ ਨਾਲ ਕਮਰਾ ਇਸ ਤਰ੍ਹਾਂ ਭਰ ਜਾਂਦਾ ਹੈ ਜਿਵੇਂ ਕਿ ਇਹ ਧੂੜ ਦੇ ਕਿਸੇ ਬੱਦਲ ਨਾਲ ਢਕਿਆ ਹੋਵੇ। ਸ਼੍ਰੀਮਾਨ ਡਸੇਲ ਬਿਸਤਰ ਤਿਆਰ ਕਰਦੇ ਹਨ (ਸਾਧਾਰਨ ਜਿਹੀ ਗੱਲ ਹੈ, ਸਭ ਗਲਤ), ਜਿਉਂ ਹੀ ਉਹ ਅਪਣਾ ਕੰਮ ਸ਼ੁਰੂ ਕਰਦੇ ਹਨ, ਹਮੇਸ਼ਾ ਇੱਕ ਹੀ ਬੀਥੋਵੇਨ ਵਾਇਲਿਨ ਬੰਦਿਸ਼ ਉੱਤੇ ਸੀਟੀ ਵਜਾਉਂਦੇ ਰਹਿੰਦੇ ਹਨ। ਮਾਂ ਧੋਤੇ ਹੋਏ ਕੱਪੜੇ ਉੱਪਰ ਟੰਗਦੀ ਹੈ, ਅਟਾਰੀ ਦੇ ਆਸ-ਪਾਸ, ਉਸ ਦੇ ਚੱਲਣ ਦੀ ਆਵਾਜ਼ ਸੁਣੀ ਜਾ ਸਕਦੀ ਹੈ।

ਸ਼੍ਰੀਮਾਨ ਵੈਨ ਦਾਨ ਅਪਣੀ ਟੋਪੀ ਪਹਿਨਦੇ ਹਨ ਅਤੇ ਹੇਠਲੇ ਖੇਤਰਾਂ ਅੰਦਰ ਗ਼ਾਇਬ ਹੋ ਜਾਂਦੇ ਹਨ, ਆਮ ਤੌਰ 'ਤੇ ਪੀਟਰ ਅਤੇ ਮੌਸ਼ਚੀ ਵੀ ਉਨ੍ਹਾਂ ਵਾਂਗ ਹੀ ਕਰਦੇ ਹਨ। ਸ਼੍ਰੀਮਤੀ ਵੈਨ ਦਾਨ ਇੱਕ ਲੰਮਾ ਕੁਰਤਾ ਪਹਿਨਦੀ ਹੈ, ਇੱਕ ਊਨੀ ਜੈਕੇਟ ਅਤੇ ਲੰਮੇ ਜੁੱਤੇ, ਅਪਣੇ ਸਿਰ ਨੂੰ ਚਾਰੇ ਪਾਸਿਉਂ ਲਾਲ ਊਨੀ ਸਕਾਰਫ਼ ਨਾਲ ਢੱਕ ਲੈਂਦੀ ਹੈ, ਧੋਣ ਵਾਲੇ ਗੰਦੇ ਕੱਪੜਿਆਂ ਦੀਆਂ ਗਠੜੀਆਂ ਝੱਟ ਉਠਾਉਂਦੀ ਹੈ ਤੇ ਇੱਕ ਚੰਗੀ ਧੋਬਣ ਦੀ ਪਹਿਚਾਣ ਲਏ ਹੇਠਾਂ ਵੱਲ ਵਧਦੀ ਹੈ, ਮਾਰਗਰੇਟ ਅਤੇ ਮੈਂ ਭਾਂਡੇ ਤੇ ਕਮਰਾ ਸਾਫ਼ ਕਰਦੀਆਂ ਹਾਂ।

ਬੁੱਧਵਾਰ, 23 ਫਰਵਰੀ, 1944

ਮੇਰੀ ਸਭ ਤੋਂ ਪਿਆਰੀ ਕਿੱਟੀ,

ਕੱਲ੍ਹ ਤੋਂ ਮੌਸਮ ਅਦਭੁਤ ਹੋ ਗਿਆ ਹੈ ਤੇ ਮੈਂ ਥੋੜਾ ਬਹੁਤ ਉਤਸ਼ਾਹਿਤ ਹੋ ਗਈ ਹਾਂ। ਮੇਰਾ ਲਿਖਣ ਕਾਰਜ, ਮੇਰੀ ਸਭ ਤੋਂ ਸੋਹਣੀ ਗੱਲ, ਚੰਗੀ ਤਰ੍ਹਾਂ ਚੱਲ ਰਹੇ ਹਨ। ਮੈਂ ਲਗਭਗ ਹਰ ਸਵੇਰ ਅਪਣੇ ਫੇਫੜਿਆਂ ਅੰਦਰੋਂ ਬੇਹੀ ਹਵਾ ਬਾਹਰ ਕੱਢਣ ਲਈ ਅਟਾਰੀ 'ਤੇ ਆ ਜਾਂਦੀ ਹਾਂ। ਅੱਜ ਸਵੇਰ ਜਦੋਂ ਮੈਂ ਉੱਥੇ ਗਈ, ਪੀਟਰ ਸਫ਼ਾਈ ਕਰਨ 'ਚ ਰੁੱਝਾ ਹੋਇਆ ਸੀ। ਉਸ ਨੇ ਜਲਦੀ-ਜਲਦੀ ਅਪਣਾ ਕੰਮ ਮੁਕਾਇਆ ਤੇ ਫ਼ਰਸ਼ ਦੀ ਅਪਣੀ ਪਸੰਦੀਦਾ ਜਗ੍ਹਾ 'ਤੇ ਜਿੱਥੇ ਮੈਂ ਬੈਠੀ ਹੋਈ ਸੀ , ਉੱਥੇ ਆ ਗਿਆ। ਅਸੀਂ ਦੋਵਾਂ ਨੇ ਨੀਲੇ ਆਸਮਾਨ, ਤਰੇਲ ਦੀਆਂ ਬੂੰਦਾਂ ਨਾਲ ਚਮਕਦੇ ਸ਼ਾਹਬਲੂਤ ਦੇ ਦਰਖਤਾਂ, ਸਮੁੰਦਰੀ ਚਿੜੀ ਅਤੇ ਹਵਾ 'ਚ ਫੜਫੜਾਉਂਦੇ ਚਾਂਦੀ ਵਾਂਗ ਚਮਕਦੇ ਹੋਰਨਾਂ ਪੰਛੀਆਂ ਨੂੰ ਦੇਖਿਆ ਤੇ ਇਸ ਸਭ ਨਾਲ ਏਨੇ ਸੰਮੋਹਿਤ ਤੇ ਵਿਸਮਾਦੀ ਹੋ ਗਏ ਕਿ ਕੁੱਝ ਬੋਲ ਹੀ ਨਾ ਸਕੇ। ਉਹ ਅਪਣਾ ਸਿਰ ਇੱਕ ਮੋਟੀ ਕਿਰਨ ਦੇ ਵਿਰੁੱਧ ਲੈ ਕਿ ਖੜਾ ਹੋ ਗਿਆ ਜਦੋਂ ਕੇ ਮੈਂ ਬੈਠੀ ਹੀ ਰਹੀ। ਅਸੀਂ ਹਵਾ ਵਿਚ ਇੱਕ ਲੰਮੀ ਸਾਹ ਲਈ, ਬਾਹਰ ਦੇਖਿਆ ਤੇ ਦੋਵਾਂ ਨੇ ਮਹਿਸੂਸ ਕੀਤਾ ਕਿ ਇਹ ਜਾਦੂ ਸ਼ਬਦਾਂ ਨਾਲ ਟੁੱਟਣਾ ਨਹੀਂ ਚਾਹੀਦਾ। ਅਸੀਂ ਇੱਕ ਲੰਮੇ ਸਮੇਂ ਉਸ ਵਕਤ ਤੱਕ ਇਸੇ ਤਰ੍ਹਾਂ ਬੈਠੇ ਰਹੇ ਜਦੋਂ ਤੱਕ ਉਸ ਨੂੰ ਇੱਕ ਮਚਾਨ 'ਤੇ ਲੱਕੜੀਆਂ ਕੱਟਣ ਲਈ ਨਾ ਜਾਣਾ ਪਿਆ। ਮੈਂ ਜਾਣਦੀ ਸੀ ਕਿ ਉਹ ਇੱਕ ਚੰਗਾ ਤੇ ਸਭਿਅਕ ਮੁੰਡਾ ਹੈ। ਉਹ ਮਚਾਨ 'ਤੇ ਜਾਣ ਵਾਲੀ ਪੌੜੀ ਉੱਪਰ ਚੜ੍ਹ ਗਿਆ ਤੇ ਮੈਂ ਉਸ ਦੇ ਪਿੱਛੇ ਚਲੀ ਗਈ। ਉਨ੍ਹਾਂ ਪੰਦਰਾਂ ਮਿੰਟਾਂ ਦੌਰਾਨ ਜਦੋਂ ਉਹ ਲੱਕੜੀਆਂ ਕੱਟ ਰਿਹਾ ਸੀ ਅਸੀਂ ਦੋਵਾਂ ਨੇ ਇੱਕ ਵੀ ਸ਼ਬਦ ਨਾ ਕਿਹਾ। ਮੈਂ ਜਿੱਥੇ ਖੜੀ ਸੀ, ਉੱਥੋਂ ਹੀ ਉਸ ਨੂੰ ਵੇਖਿਆ ਤੇ ਵੇਖ ਸਕਦੀ ਸੀ ਕਿ ਉਹ ਸਪਸ਼ਟ ਰੂਪ 'ਚ ਸਹੀ ਤਰੀਕੇ ਨਾਲ ਲੱਕੜੀਆਂ ਕੱਟਣ ਤੇ ਅਪਣੀ ਤਾਕਤ ਦਿਖਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ, ਪਰ ਐਮਸਟਰਡਮ ਦੇ ਇੱਕ ਵੱਡੇ ਭਾਗ ਉੱਪਰ, ਛੱਤਾਂ 'ਤੇ ਅਤੇ ਕਿਨਾਰਿਆਂ 'ਤੇ, ਨੀਲੇ ਰੰਗ ਦੀ ਇੱਕ ਪੱਟੀ ਜੋ ਏਨੀ ਫਿੱਕੀ ਸੀ ਕੇ ਮੁਸ਼ਕਿਲ ਨਾਲ ਦਿਖਾਈ ਦਿੰਦੀ ਸੀ, ਉੱਪਰ ਮੈਂ ਆਪਣੀਆਂ ਅੱਖਾਂ ਨੂੰ ਘੁੰਮਣ ਦਿੰਦਿਆਂ, ਖੁੱਲ੍ਹੀ ਖਿੜਕੀ ਤੋਂ ਬਾਹਰ ਵੀ ਦੇਖਿਆ।

'ਜਦੋਂ ਤੱਕ ਇਹ ਮੌਜੂਦ ਹੈ', ਮੈਂ ਸੋਚਿਆ, 'ਇਹ ਧੁੱਪ ਅਤੇ ਇਹ ਬਿਨਾਂ ਬੱਦਲਾਂ ਤੋਂ ਆਕਾਸ਼, ਜਦੋਂ ਤੱਕ ਮੈਂ ਇੱਥੇ ਆਨੰਦ ਉਠਾ ਸਕਦੀ ਹਾਂ, ਮੈਂ ਦੁਖੀ ਕਿਵੇਂ ਹੋ ਸਕਦੀ ਹਾਂ?'

ਇਕੱਲੇ ਜਾਂ ਦੁਖੀ, ਡਰੇ ਹੋਏ ਲੋਕਾਂ ਲਈ ਸਭ ਤੋਂ ਸੋਹਣਾ ਹੱਲ ਹੈ, ਬਾਹਰ ਜਾਣਾ, ਕਿਸੇ ਅਜਿਹੀ ਜਗ੍ਹਾ ਜਿੱਥੇ ਉਹ ਇਕੱਲੇ ਰਹਿ ਸਕਣ, ਆਕਾਸ਼, ਕੁਦਰਤ ਅਤੇ ਪ੍ਰਮਾਤਮਾ ਦੇ ਨਾਲ, ਬਿਲਕੁਲ ਇਕੱਲੇ, ਫਿਰ ਹੀ ਸ਼ਾਇਦ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਹਰ ਚੀਜ਼ ਅਜਿਹੀ ਹੀ ਹੈ ਜਿਸ ਤਰ੍ਹਾਂ ਦਾ ਉਸ ਨੂੰ ਹੋਣਾ ਚਾਹੀਦਾ ਸੀ। ਫਿਰ ਹੀ ਪਤਾ ਲਗਦਾ ਹੈ ਕਿ ਪ੍ਰਮਾਤਮਾ ਚਾਹੁੰਦਾ ਸੀ ਕਿ ਲੋਕ ਕੁਦਰਤ ਦੀ ਸੁੰਦਰਤਾ ਅਤੇ ਸਾਦਗੀ ਵਿਚ ਖ਼ੁਸ਼ ਰਹਿਣ।

ਜਦੋਂ ਤੱਕ ਇਹ ਮੌਜੂਦ ਹੈ ਅਤੇ ਇਹ ਹਮੇਸ਼ਾ ਲਈ ਹੋਣਾ ਚਾਹੀਦਾ, ਮੈਂ ਜਾਣਦੀ ਹਾਂ ਕਿ ਜੋ ਵੀ ਹਾਲਾਤ ਹੋਣ, ਇਹ ਹਰ ਦੁੱਖ ਲਈ ਹਮਦਰਦੀ ਹੋਵੇਗੀ। ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਕੁਦਰਤ ਉਨ੍ਹਾਂ ਸਾਰਿਆਂ ਨੂੰ ਰਾਹਤ ਪਹੁੰਚਾ ਸਕਦੀ ਹੈ ਜੋ ਪੀੜਿਤ ਹਨ।

ਓਹ, ਕੌਣ ਜਾਣਦਾ ਹੈ, ਇਸ ਤੋ ਪਹਿਲਾਂ ਕਿ ਸ਼ਾਇਦ ਮੈ ਇਸ ਅਤਿ ਤੀਬਰ ਅਹਿਸਾਸ ਨੂੰ ਕਿਸੇ ਅਜਿਹੇ ਸ਼ਖ਼ਸ ਨਾਲ ਸਾਝਾ ਕਰ ਸਕਾਂ ਜੋ ਬਿਲਕੁਲ ਅਜਿਹਾ ਹੀ ਮਹਿਸੂਸ ਕਰਦਾ ਹੋਵੇ ਜਿਹਾ ਕਿ ਮੈਂ ਇਹ ਜਿਆਦਾ ਸਮਾਂ ਨਹੀਂ ਹੋਇਆ ਹੋਵੇਗਾ।

ਤੇਰੀ, ਐਨੀ

ਐਤਵਾਰ, 27 ਫਰਵਰੀ , 1944

ਮੇਰੀ ਸਭ ਤੋਂ ਪਿਆਰੀ ਕਿੱਟੀ,

ਸਵੇਰੇ ਦੀ ਆਰੰਭਤਾ ਤੋਂ ਹੀ, ਰਾਤ ਦੇਰ ਤੱਕ, ਮੈਂ ਜੋ ਕਰਦੀ ਹਾਂ, ਉਹ ਹੈ ਪੀਟਰ ਦੇ ਬਾਰੇ ਸੋਚਣਾ। ਮੈਂ ਉਸ ਦੇ ਚਿਹਰੇ ਨੂੰ ਆਪਣੀਆਂ ਅੱਖਾਂ ਵਿਚ ਲੁਕੋ ਕਿ ਸੌਂ ਜਾਦੀ ਹਾਂ , ਉਸ ਦੇ ਸੁਪਨੇ ਦੇਖਦੀ ਹਾਂ ਅਤੇ ਉਸ ਦੇ ਨਾਲ ਹੀ ਉੱਠਦੀ ਹਾਂ। ਉਸ ਨੂੰ ਹੁਣ ਤੱਕ ਮੇਰੇ ਵੱਲ ਤੱਕਦੇ ਹੋਏ।

ਮੇਰੇ ਕੋਲ ਇੱਕ ਮਜ਼ਬੂਤ ਅਹਿਸਾਸ ਹੈ ਕਿ ਪੀਟਰ ਅਤੇ ਮੈਂ ਏਨੇ ਵੱਖ ਨਹੀਂ ਹਾਂ ਜਿੰਨੇ ਅਸੀਂ ਜਾਪਦੇ ਹਾਂ ਅਤੇ ਮੈਂ ਸਮਝਦੀ ਹਾਂ ਕਿ ਕਿਵੇਂ: ਨਾ ਤਾਂ ਪੀਟਰ ਅਤੇ ਨਾ ਹੀ ਮੇਰੇ, ਕਿਸੇ ਕੋਲ ਵੀ ਮਾਂ ਨਹੀਂ ਹੈ। ਉਸ ਦੀ ਮਾਂ ਵੀ, ਬਹੁਤ ਹੀ ਲੋਫ਼ਰ ਹੈ , ਇਸ਼ਕਬਾਜ਼ੀ ਪਸੰਦ ਕਰਦੀ ਹੈ ਅਤੇ ਇਸ ਗੱਲ ਨਾਲ ਕਿ ਉਸ ਦੇ ਦਿਮਾਗ਼ ਅੰਦਰ ਕੀ ਚਲਦਾ ਹੈ , ਖ਼ੁਦ ਦੀ ਜ਼ਿਆਦਾ ਚਿੰਤਾ ਨਹੀ ਕਰਦੀ। ਮੇਰੀ ਮਾਂ, ਮੇਰੇ ਜੀਵਨ ਵਿਚ ਪੂਰੀ ਰੁਚੀ ਲੈਂਦੀ ਹੈ ਪਰ ਕੋਈ ਚਤੁਰਾਈ, ਸੰਵੇਦਨਸ਼ੀਲਤਾ ਜਾਂ ਮਾਂ ਵਰਗ ਸਮਝ ਨਹੀਂ ਰੱਖਦੀ।

ਪੀਟਰ ਅਤੇ ਮੈਂ, ਅਸੀਂ ਦੋਵੇਂ ਹੀ ਅਪਣੀ ਅੰਤਰ-ਆਤਮਾ ਨਾਲ ਸੰਘਰਸ਼ ਕਰ ਰਹੇ ਹਾਂ। ਅਸੀਂ ਅਜੇ ਵੀ ਆਪਣੇ-ਆਪ ਬਾਰੇ ਅਨਿਸ਼ਚਿਤ ਹਾਂ ਅਤੇ ਬੇਦਰਦੀ ਨਾਲ ਲੜਨ ਲਈ ਭਾਵਨਾਤਮਿਕ ਰੂਪ 'ਚ ਬਹੁਤ ਕਮਜ਼ੋਰ ਹਾਂ। ਜਦੋਂ ਵੀ ਅਜਿਹਾ ਹੁੰਦਾ ਹੈ, ਮੈਂ ਬਾਹਰ ਭੱਜ ਜਾਣਾ ਚਾਹੁੰਦੀ ਹਾਂ ਜਾਂ ਆਪਣੀਆਂ ਭਾਵਨਾਵਾਂ ਨੂੰ ਛੁਪਾਉਣਾ ਚਾਹੁੰਦੀ ਹਾਂ। ਇਸ ਦੀ ਬਜਾਏ ਮੈਂ ਭਾਂਡੇ ਭੰਨਦੀ ਹਾਂ, ਪਾਣੀ ਡੋਲਦੀ ਹਾਂ ਅਤੇ ਬਹੁਤ ਜ਼ਿਆਦਾ ਰੌਲ਼ਾ ਪਾਉਂਦੀ ਹਾਂ। ਇਸ ਲਈ ਹਰ ਕੋਈ ਚਾਹੁੰਦਾ ਹੈ ਕਿ ਮੀਲਾਂ ਤੱਕ ਦੀ ਦੂਰੀ 'ਤੇ ਰਹਾਂ। ਪੀਟਰ ਦੀ ਪ੍ਰਤੀਕਿਰਿਆ ਖ਼ੁਦ ਨੂੰ ਖ਼ਾਮੋਸ਼ ਕਰ ਲੈਣਾ, ਬਹੁਤ ਘੱਟ ਬੋਲਣਾ, ਚੁੱਪ-ਚਾਪ ਬੈਠੇ ਰਹਿਣਾ ਅਤੇ ਦਿਨ ਵਿਚ ਸੁਪਨੇ ਦੇਖਣਾ। ਇਹ ਸਭ ਕਰਦੇ ਹੋਏ ਸਾਵਧਾਨੀ ਨਾਲ ਅਪਣੀ ਸੱਚੀ ਆਤਮਾ ਨੂੰ ਲੁਕੋ ਰਹਿਣਾ।

ਪਰ ਕਿਵੇਂ ਤੇ ਕਦੋਂ ਆਖੀਰ ਅਸੀਂ ਇੱਕ ਦੂਜੇ ਤਕ ਪਹੁੰਚ ਸਕਾਂਗੇ?

ਮੈਂ ਨਹੀਂ ਜਾਣਦੀ ਕਿੰਨੇ ਲੰਮੇ ਸਮੇਂ ਤੱਕ ਮੈਂ ਇਸ ਤੜਪ ਨੂੰ ਅਪਣੇ ਕਾਬੂ ਵਿਚ ਰੱਖਣ ਵਿਚ ਕਾਮਯਾਬ ਹੋ ਸਕਦੀ ਹਾਂ।

ਤੇਰੀ, ਐਨੀ ਐਮ. ਫਰੈਂਕ

ਸੋਮਵਾਰ, 28 ਫਰਵਰੀ, 1944

ਮੇਰੀ ਸਭ ਤੋਂ ਪਿਆਰੀ ਕਿੱਟੀ,

ਇਹ ਇੱਕ ਅਜਿਹੇ ਬੁਰੇ ਸੁਪਨੇ ਦੀ ਤਰ੍ਹਾਂ ਹੈ ਜਿਹੜਾ ਮੇਰੇ ਜਾਗਣ ਦੇ ਬਾਅਦ ਵੀ ਲੰਮੇ ਸਮੇਂ ਤੱਕ ਮੇਰੇ ਨਾਲ ਚਲਦਾ ਰਹਿੰਦਾ ਹੈ। ਮੈਂ ਉਸ ਨੂੰ ਦਿਨ ਦੇ ਲਗਭਗ ਹਰ ਇੱਕ ਘੰਟੇ ਦੇਖ ਸਕਦੀ ਹਾਂ ਅਤੇ ਫਿਰ ਵੀ ਮੈਂ ਉਸ ਦੇ ਨਾਲ ਨਹੀਂ ਹੋ ਸਕਦੀ ਮੈਂ ਦੂਜਿਆਂ ਦੇ ਵੱਲ ਧਿਆਨ ਨਹੀਂ ਦੇ ਸਕਦੀ ਹਾਲਾਂਕਿ ਮੇਰਾ ਦਿਲ ਦੁਖ ਰਿਹਾ ਹੈ ਫਿਰ ਵੀ ਮੈਨੂੰ ਖ਼ੁਸ਼

ਹੋਣ ਦਾ ਨਾਟਕ ਕਰਨਾ ਪੈਂਦਾ ਹੈ।

ਪੀਟਰ ਸਕਿਫ ਅਤੇ ਪੀਟਰ ਵੈਨ ਦਾਨ, ਪਿਘਲ ਕਿ ਇੱਕ ਪੀਟਰ ਬਣ ਚੁੱਕੇ ਹਨ। ਪੀਟਰ ਜੋ ਇੱਕ ਚੰਗਾ ਤੇ ਦਿਆਲੂ ਹੈ ਤੇ ਜਿਸ ਦੇ ਵੱਲ ਮੈਂ ਮੁੱਕੀਆਂ ਆਸ਼ਾਵਾਂ ਨਾਲ ਤਰਸਦੀ ਰਹਿੰਦੀ ਹਾਂ। ਮਾਂ ਭਿਆਨਕ ਹੈ ਅਤੇ ਪਿਤਾ ਚੰਗੇ ਹਨ ਜੋ ਉਨ੍ਹਾਂ ਨੂੰ ਹੋਰ ਵੀ ਨਾਗਵਾਰ ਬਣਾਉਂਦਾ ਹੈ ਅਤੇ ਮਾਰਗਰੇਟ ਸਭ ਤੋਂ ਜ਼ਿਆਦਾ ਖ਼ਰਾਬ ਹੈ, ਕਿਉਂਕਿ ਜਦੋਂ ਮੈਂ ਇਕੱਲਾ ਰਹਿਣਾ ਚਾਹੁੰਦੀ ਹਾਂ, ਉਹ ਮੈਨੂੰ ਆਪਣੇ ਨੁਕਸਾਨ ਦਾ ਕਾਰਨ ਮੰਨ ਕਿ ਮੇਰੇ ਹੱਸਦੇ ਚਿਹਰੇ ਦਾ ਲਾਭ ਉਠਾਉਂਦੀ ਹੈ।

ਪੀਟਰ ਅਟਾਰੀ ਉੱਪਰ ਮੇਰੇ ਨਾਲ ਨਹੀਂ ਆਇਆ ਪਰ ਕੁੱਝ ਕੱਟਣ ਦਾ ਕੰਮ ਕਰਨ ਲਈ ਮਚਾਨ ਉੱਪਰ ਚੜ੍ਹ ਗਿਆ। ਰਗੜਨ ਅਤੇ ਉਲਟਾਉਣ ਦੀ ਹੋਈ ਆਵਾਜ਼ ਦੇ ਨਾਲ ਮੇਰੀ ਹਿੰਮਤ ਦਾ ਇੱਕ ਹੋਰ ਹਿੱਸਾ ਟੁੱਟ ਗਿਆ ਅਤੇ ਮੈਂ ਹੋਰ ਵਧੇਰੇ ਦੁਖੀ ਹੋ ਗਈ। ਦੂਰ ਇੱਕ ਘੜੀ ਦੀ ਖੜਾਕ ਕਹਿ ਰਹੀ ਸੀ, 'ਦਿਲ ਤੋਂ ਸ਼ੁੱਧ ਰਹੋ, ਦਿਮਾਗ਼ ਤੋਂ ਸ਼ੁੱਧ ਰਹੋ !'


ਮੈਂ ਜਾਣਦੀ ਹਾਂ ਕਿ ਮੈਂ ਭਾਵੁਕ ਹਾਂ। ਮੈਂ ਹਤਾਸ਼ ਤੇ ਮੂਰਖ ਹਾਂ, ਮੈਂ ਇਹ ਵੀ ਜਾਣਦੀ ਹਾਂ। ਓਹ, ਮੇਰੀ ਮਦਦ ਕਰੋ।

ਤੇਰੀ, ਐਨੀ ਐਮ . ਫਰੈਂਕ

ਪੰਜਾਬੀ ਅਨੁਵਾਦ

ਹਰਮਨ

Harmandeepkaur.hk93@gmail.com


Hoping to hear from you
Your Dutch friend
PS Please write me the
Netherland



# ਕਾਫਕਾ ਦੀਆਂ ਯਾਦਾਂ

ਇਕ ਗਿੱਲਾ ਪਤਝੜ। ਸਮੇਂ ਤੋਂ ਪਹਿਲਾਂ ਮੀਂਹ ਅਤੇ ਬਰਫ਼ੀਲੀ ਠੰਡ ਨੇ ਕਾਫਕਾ ਦੀ ਬਿਮਾਰੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ।

ਕਾਫਕਾ ਦੀ ਮੇਜ਼ ਖਾਲੀ ਰਹਿਣ ਲੱਗੀ।

"ਉਨ੍ਹਾਂ ਨੂੰ ਬੁਖਾਰ ਹੈ।" ਕਾਫਕਾ ਦੇ ਸਹਿਕਰਮੀ ਟ੍ਰੇਮਲ ਨੇ ਦੱਸਿਆ, ਜੋ ਉਹਨਾਂ ਦੀ ਨਾਲ ਵਾਲੀ ਮੇਜ 'ਤੇ ਬੈਠਦਾ ਸੀ, ਸ਼ਾਇਦ ਹੁਣ ਅਸੀਂ ਉਹਨਾਂ ਨੂੰ ਕਦੀ ਨਹੀਂ ਦੇਖ ਪਾਵਾਂਗੇ।"

ਮੈਂ ਦੁਖੀ ਹੋ ਕੇ ਘਰ ਵਾਪਸ ਆ ਗਿਆ।

ਪਰ ਅਗਲੇ ਦਿਨ ਕਾਫਕਾ ਦਫ਼ਤਰ ਵਿਚ ਬੈਠੇ ਸੀ। ਝੁਕੇ ਹੋਏ, ਪੀਲੇ, ਮੁਸਕਰਾਉਂਦੇ ਹੋਏ। ਥੱਕੇ ਹੋਏ ਸੁਰ ਵਿੱਚ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਮੈਨੂੰ ਦਸਤਾਵੇਜ਼ ਫੜਾਉਣ ਅਤੇ ਆਪਣੇ ਕੁਝ ਕਾਗਜ਼ ਲੈਣ ਆਏ ਹਨ ਕੁਝ ਦਿਨਾਂ ਬਾਅਦ ਹਾਈ ਤਾਰਾ ਸੈਨੇਟੋਰੀਅਮ ਜਾ ਰਹੇ ਹਨ

ਚੰਗਾ ਹੈ ਜਿੰਨੀ ਜਲਦੀ ਸੰਭਵ ਹੋ ਜਾਵੇ ਮੈਂ ਕਿਹਾ ਕਾਫਕਾ ਸੰਜੀਦਗੀ ਨਾਲ ਮੁਸਕਰਾਏ ਸਭ ਤੋਂ ਮੁਸ਼ਕਿਲ ਕੰਮ ਇਹੀ ਹੈ ਜ਼ਿੰਦਗੀ ਵਿੱਚ ਜਿੰਨੀਆਂ ਸੰਭਾਵਨਾਵਾਂ ਹੁੰਦੀਆਂ ਹਨ ਉਹ ਸਾਰੀਆਂ ਅਪਲਾਈਨ ਦੀ ਵੱਲ ਸੰ ਕੇਤ ਕਰਦੀਆਂ ਹਨ-- ਮਨੁੱਖ ਦੀ ਹੋਂਦ ਦੀ ਸੰਭਾਵਨਾ ਵੱਲ ਉਨ੍ਹਾਂ ਦੀ ਆਵਾਜ਼ ਖੰਘ ਦੇ ਦੌਰ ਵਿੱਚ ਦੱਬੀ ਗਈ ਜਿਸ ਤੇ ਉਨ੍ਹਾਂ ਨੇ ਜਲਦੀ ਕਾਬੂ ਪਾ ਲਿਆ ।

ਅਸੀਂ ਇੱਕ ਦੂਸਰੇ ਵੱਲ ਮੁਸਕੁਰਾਏ ।

ਜਲਦੀ ਹੀ ਸਭ ਠੀਕ ਹੋ ਜਾਵੇਗਾ ਮੈਂ ਕਿਹਾ , ਸਭ ਠੀਕ ਹੋ ਚੁੱਕਿਆ ਹੈ ਮੈਂ ਹਰ ਸੰਭਾਵਨਾ ਨੂੰ ਸਵੀਕਾਰਦਾ ਹਾਂ । ਅਜਿਹੀ ਹਾਲਤ ਵਿੱਚ ਪੀੜ ਇੱਕ ਆਨੰਦ ਬਣ ਜਾਂਦੀ ਹੈ ਅਤੇ ਮੌਤ ਜੀਵਨ ਦੀ ਮਿਠਾਸ ਦਾ ਇੱਕ ਕਾਰਕ---"

ਮੈਂ ਆਪਣੇ ਦੋਸਤ ਹੈਲਨ ਸਲਾਵਸਿਕ ਨਾਲ ਚਲੂਮੇਤਸ ਤੋਂ ਪਰਾਗ ਵਾਪਸੀ ਤੇ ਇਹ ਦੱਸਣ ਲਈ ਕਿ ਅਸੀਂ ਆ ਗਏ ਹਾਂ , ਪਿਤਾ ਦੇ ਦਫ਼ਤਰ ਗਿਆ। ਪੌੜੀਆਂ ਤੇ ਕਾਫ਼ਕਾ ਨਾਲ ਮੁਲਾਕਾਤ ਹੋਈ। ਮੈਂ ਹੇਲੇਨ ਨਾਲ

ਉਹਨਾਂ ਦੀ ਜਾਣ ਪਹਿਚਾਣ ਕਰਵਾਈ।

ਬਾਅਦ ਵਿਚ ਕਾਫਕਾ ਨੇ ਕਿਹਾ:

ਔਰਤਾਂ ਜਾਲ ਹੁੰਦੀਆਂ ਹਨ। ਜੋ ਹਰ ਤਰ੍ਹਾਂ ਨਾਲ ਆਦਮੀ ਦਾ ਇੰਤਜ਼ਾਰ ਕਰਦੀਆਂ ਹਨ। ਜਦੋਂ ਕੋਈ ਆਦਮੀ ਉਸ ਵਿਚ ਆਪ ਆ ਫਸਦਾ ਹੈ, ਤਾਂ ਔਰਤ ਦੇ ਖਤਰੇ ਖਤਮ ਹੋ ਜਾਂਦੇ ਹਨ..."

"....?"

ਉਹ ਤੇਰੀ ਦੋਸਤ ਹੈ। ਸੁਭਾਵਿਕ ਰੂਪ ਤੋਂ ਤੈਨੂੰ ਉਸ ਨਾਲ ਲਗਾਵ ਹੋਣਾ ਚਾਹੀਦਾ ਹੈ। 'ਇਕ ਔਰਤ' ਨੂੰ 'ਵਿਸ਼ੇਸ਼ ਔਰਤ' ਵਿਚ ਤਬਦੀਲ ਹੋਣਾ ਚਾਹੀਦਾ ਹੈ। ਪਿਆਰ ਦੀ ਜੈਵਿਕ ਅਵਧਾਰਣਾ ਨੂੰ ਭਾਵੀ ਦੀ ਚਾਲਕ ਸ਼ਕਤੀ ਬਣਨਾ ਚਾਹੀਦਾ। ਏਨਾ ਕੁ ਹੋ ਜਾਵੇ ਤਾਂ ਸਭ ਠੀਕ ਹੈ।

ਪ੍ਰਾਗ-ਯਹੂਦੀ ਸਭਾ ਦੇ ਮੁੱਖ ਵਿਅਕਤੀਆਂ ਦੀ ਚਰਚਾ ਦੌਰਾਨ, ਸਾਬਕਾ ਅਭਿਨੇਤਾ ਰੂਡੋਲਫ ਕੇ. ਦਾ ਨਾਮ ਆਇਆ , ਜੋ ਕਿ ਇਕ ਵਿਲੱਖਣ ਵਕਤਾ ਸੀ। ਮੈਂ 'ਖ਼ੂਬਸੂਰਤ ਰੂਡੀ' ਦੀਆਂ ਔਰਤਾਂ ਦੇ ਮਾਮਲੇ ਚ ਸਫਲਤਾ ਦਾ ਜਿਕਰ ਕੀਤਾ ਤਾਂ ਕਾਫਕਾ ਨੇ ਕਿਹਾ:

" ਔਰਤਾਂ ਦੇ ਮਾਮਲੇ ਵਿਚ ਆਦਮੀਆਂ ਦੀ ਖੁਸ਼ਕਿਸਮਤੀ, ਔਰਤਾਂ ਲਈ ਬਦਕਿਸਮਤੀ ਸਾਬਿਤ ਹੋ ਸਕਦੀ ਹੈ, ਜਿਸ ਨਾਲ ਉਹਨਾਂ ਦੀ ਜ਼ਿੰਦਗੀ ਤਬਾਹ ਹੋ ਸਕਦੀ ਹੈ। ਇਹ ਇਕ ਵੱਡਾ ਨੈਤਿਕ ਅਪਰਾਧ ਹੈ। ਇਹੋ ਜਿਹਾ ਆਦਮੀ ਵੀ ਜੋ ਪਹਿਲਾਂ ਖੁਸ਼ਕਿਸਮਤੀ ਤੇ ਇਤਰਾਉਂਦਾ ਹੈ, ਬਾਅਦ ਵਿਚ ਕਿਸੇ ਹਨੇਰੇ ਕੋਨੇ ਵਿਚ ਪਿਆ ਆਪਣੇ ਦਰਦ ਅਤੇ ਡਰ ਦੇ ਤਲੇ ਘੁੱਟਦਾ ਰਹਿੰਦਾ ਹੈ।

ਇਕ ਜਵਾਨ ਮੁੰਡੇ ਐਫ. ਨੇ ਪਿਆਰ ਵਿਚ ਅਸਫਲਤਾ ਮਿਲਣ ਤੇ ਆਤਮਹੱਤਿਆ ਕਰ ਲਈ, ਇਸਤੇ ਕਾਫਕਾ ਨੇ ਚਰਚਾ ਕਰਦਿਆਂ ਕਿਹਾ:

" ਪਿਆਰ ਕੀ ਹੈ, ਇਸਦਾ ਉੱਤਰ ਬੜਾ ਸੌਖਾ ਹੈ। ਉਹ ਹਰ ਚੀਜ਼ ਪਿਆਰ ਹੈ , ਜੋ ਜੀਵਨ ਨੂੰ ਖੁਸ਼ਹਾਲੀ ਅਤੇ ਵਿਸਥਾਰ ਦਿੰਦੀ ਹੈ। ਉਚਾਈਆਂ ਅਤੇ ਡੂੰਘਾਈਆਂ, ਦੋਹਾਂ ਵਿਚ। ਪਿਆਰ ਵਿਚ ਮੋਟਰਕਾਰ ਨਾਲੋਂ ਘੱਟ ਸਮੱਸਿਆਵਾਂ ਹੁੰਦੀਆਂ ਹਨ। ਸਮੱਸਿਆ ਸਿਰਫ ਚਾਲਕ, ਰਸਤੇ ਤੇ ਯਾਤਰੀ ਦੀ ਹੁੰਦੀ ਹੈ।"

ਮੈਂ ਇਕ ਫਰੈਂਚ ਗਵਰਨੈਂਸ ਦਾ ਜਿਕਰ ਕੀਤਾ ਜਿਸਨੇ ਇਕ ਦਸ ਸਾਲਾ ਮੁੰਡੇ ਨੂੰ ਵਰਗਲਾ ਲਿਆ ਸੀ। ਇਸਤੋਂ ਬਾਅਦ ਮੁੰਡਾ ਸੰਸਾਰ ਦੀਆਂ ਸਾਰੀਆਂ ਕੁੜੀਆਂ , ਇੱਥੋਂ ਤਕ ਕਿ ਆਪਣੀ ਭੈਣ ਤੋਂ ਵੀ ਡਰਨ ਲੱਗਾ । ਹੁਣ ਉਹ ਮਨੋਵਿਸ਼ਲੇਸ਼ਕ ਡਾ. ਪੋਤਜਲ ਦੀ ਨਿਗਰਾਨੀ ਵਿਚ ਸੀ।

ਕਾਫਕਾ ਨੇ ਕਿਹਾ:

"ਪਿਆਰ ਏਦਾਂ ਦੇ ਫੱਟ ਵੀ ਦਿੰਦਾ ਹੈ, ਜੋ ਕਦੀ ਨਹੀਂ ਭਰਦੇ ਕਿਉਂਕਿ ਪਿਆਰ ਤੇ ਪਰਦੂਸ਼ਣ ਦੋਵੇਂ ਜੁੜਵਾ ਹਨ। ਸਿਰਫ਼ ਪ੍ਰੇਮੀ ਪ੍ਰੇਮਿਕਾ ਦੀ ਸਵੈਇੱਛਾ ਹੀ ਇਸਨੂੰ ਨਿਰਮਲ ਰੱਖ ਸਕਦੀ ਹੈ। ਪਰ ਉਸ ਲੜਕੇ ਚ ਕੋਈ ਸਵੈ ਇੱਛਾ ਹੈ ਹੀ ਨਹੀਂ ਸੀ, ਇਸਤੋਂ ਉਹ ਹੈਰਾਨੀਜਨਕ ਅਵਸਥਾ ਦਾ ਸ਼ਿਕਾਰ ਹੋ ਗਿਆ ਹੈ। ਕਿਸੇ-ਕਿਸੇ ਆਦਮੀ ਦੇ ਸੁਭਾਅ ਦੀ ਕਠੋਰਤਾ ਅਕਸਰ ਏਹੋ ਜਿਹੀ ਕਿਸੀ ਤਾਜੀ ਦੁਰਘਟਨਾ ਦਾ ਨਤੀਜਾ ਹੁੰਦੀ ਹੈ।"

ਕਰਮਚਾਰੀ ਬੀਮਾ-ਸੰਸਥਾ ਦੇ ਸਾਹਮਣੇ ਇਕ ਪੁਰਾਣੀ (ਚਾਲ) ਦਾ ਹੋਟਲ ਸੀ, ਜਿਸ ਤੇ ਵੱਡੇ ਵੱਡੇ ਸੁਨਿਹਰੇ ਅੱਖਰਾਂ ਵਿੱਚ 'ਸੁਨਹਿਰੀ ਫੈਸ਼ਨ' ਲਿਖਿਆ ਹੋਇਆ ਸੀ। ਇਹ ਇਕ ਮੰਜ਼ਿਲਾ ਇਮਾਰਤ ਸੀ। ਇਸ ਦੇ ਗਾਹਕਾਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਸੰਖਿਆ ਜ਼ਿਆਦਾ ਸੀ, ਜੋ ਨਿਰੰਤਰ ਹੋਟਲ ਦੇ ਆਸ ਪਾਸ ਘੁੰਮਦੀਆਂ (ਮੰਡਰਾਉਂਦੀਆਂ) ਰਹਿੰਦੀਆਂ ਸਨ । ਇੱਕ ਵਾਰ ਮੈਂ ਥੱਲੇ ਕਾਫ਼ਕਾ ਦਾ ਇੰਤਜ਼ਾਰ ਕਰ ਰਿਹਾ ਸੀ, ਤਾਂ ਕਾਫ਼ਕਾ ਨੇ ਕਿਹਾ :




"ਮੈਂ ਉੱਤੋਂ ਦੇਖ ਰਿਹਾ ਸੀ ਕਿ ਤੂੰ ਕਿਸ ਤਰ੍ਹਾਂ ਲੜਕੀਆਂ ਨੂੰ ਘੂਰ ਰਿਹਾ ਹੈਂ। ਇਸ ਲਈ ਮੈਂ ਤੇਜ਼ੀ ਨਾਲ ਪੌੜੀਆਂ ਉਤਰ ਕੇ ਆਇਆ।"

ਮੈਨੂੰ ਸ਼ਰਮ ਮਹਿਸੂਸ ਹੋਈ। ਮੈਂ ਸਫਾਈ ਦਿੱਤੀ: "ਮੈਨੂੰ ਕੁੜੀਆਂ ਵਿਚ ਕੋਈ ਦਿਲਚਸਪੀ ਨਹੀਂ, ਮੈ ਉਨ੍ਹਾਂ ਦੇ ਗਾਹਕਾਂ ਦੀ ਨੂੰ ਦੇਖ ਰਿਹਾ ਸੀ।"

ਕਾਫਕਾ ਨੇ ਮੈਨੂੰ ਕੁਣੱਖਾ ਜਿਹਾ ਦੇਖਿਆ ਅਤੇ ਫਿਰ ਇੱਕਦਮ ਸਾਹਮਣੇ ਦੇਖਦੇ ਹੋਏ ਬੋਲੇ :

"ਚੇਕ ਭਾਸ਼ਾ ਵਿੱਚ ਇੱਕ ਸ਼ਬਦ ਹੈ-- ' ਕੀਚ' ਜੋ ਇਨ੍ਹਾਂ ਔਰਤਾਂ ਲਈ ਢੁੱਕਵਾਂ ਹੈ। ਇਹ ਲੋਕ ਜੋ ਇਸ ਕੀਚ ਤੋਂ ਖੁਦ ਨੂੰ ਗਰਮ ਕਰਨਾ ਚਾਹੁੰਦੇ ਹਨ, ਕਿੰਨੇ ਨੀਚ, ਬੇਇੱਜ਼ਤ ਅਤੇ ਠੰਢੇ ਹੋਣੇ ਚਾਹੀਦੇ ਹਨ। ਵੇ ਇਤਨੇ ਦਾਨੀ ਔਰ ਆਤਮਾ ਨੂੰ ਹੋ ਸਕਦਾ ਹੈ ਕਿ ਕਿਸੇ ਵੀ ਖੋਜੀ ਨਜ਼ਰਾਂ ਨਾਲ ਜ਼ਖਮੀ ਹੋ ਸਕਦੇ ਨੇ। ਇਸ ਲਈ ਉਨ੍ਹਾਂ ਨੂੰ ਵੇਖਣਾ ਨਹੀਂ ਚਾਹੀਦਾ। ਜੇਕਰ ਦੇਖਦੇ ਹੋਏ ਤੁਸੀਂ ਉਨ੍ਹਾਂ ਵੱਲੋਂ ਮੂੰਹ ਮੋੜ ਲੈਂਦੇ ਹੋ ਤਾਂ ਉਹ ਆਪਣਾ ਅਪਮਾਨ ਸਮਝਦੇ ਹਨ । ਕੈਸੀ ਵਿਡੰਬਣਾ ਹੈ ਕਿ ਪਿਆਰ ਦੀ ਰਾਹ ਹਮੇਸ਼ਾ ਗੰਦਗੀ ਅਤੇ ਪੀੜ ਤੋਂ ਹੋ ਕੇ ਗੁਜ਼ਰਦੀ ਹੈ ਰਾਹ ਦੀਆਂ ਮੁਸ਼ਕਿਲਾਂ ਨੂੰ ਨਿਮਰਤਾ ਨਾਲ ਸਵੀਕਾਰ ਕਰਨਾ ਚਾਹੀਦਾ ਹੈ, ਉਦੋਂ ਹੀ ਉਦੇਸ਼ ਨੂੰ ਪੂਰਾ ਕੀਤਾ ਜਾ ਸਕਦਾ ਹੈ। ਸ਼ਾਇਦ..."

ਇਕ ਵਾਰ ਮੈਂ ਆਪਣੇ ਮਾਂ ਪਿਓ ਵਿਚਕਾਰ ਅਕਸਰ ਖੜੇ ਹੋ ਜਾਣ ਵਾਲੇ ਝਗੜਿਆਂ ਬਾਰੇ ਕਾਫਕਾ ਨੂੰ ਦੱਸਿਆ ਅਤੇ ਉਸਦੀ ਪ੍ਰਤੀਕਿਰਿਆ ਚ ਆਪਣੀ ਭਟਕਣ ਬਾਰੇ ਜਿਕਰ ਕੀਤਾ ਤਾਂ ਕਾਫਕਾ ਨੇ ਕਿਹਾ:

"ਸ਼ਾਂਤ ਰਹਿ। ਕਿਸੇ ਵੀ ਹਾਲ ਆਪਣੇ ਆਪ ਨੂੰ ਉਤੇਜਿਤ ਨਾ ਹੋਣ ਦੇ । ਚੁੱਪ ਸਹੀ ਅਰਥਾਂ ਵਿਚ ਸ਼ਕਤੀ ਦੀ ਪਹਿਚਾਣ ਹੈ। ਸ਼ਾਂਤੀ ਨਾਲ ਸ਼ਕਤੀ ਪੈਦਾ ਹੁੰਦੀ ਹੈ--ਇਹ ਲਾਅ ਆਫ ਆਪੋਜਿਟਸ ਹੈ।"

" ਧੀਰਜ ਹਰ ਮੁਸੀਬਤ ਦੀ ਮਾਸਟਰ ਚਾਬੀ ਹੁੰਦਾ ਹੈ। ਮਨੁੱਖ ਦੇ ਮਨ ਵਿਚ ਹਰ ਇਕ ਲਈ ਹਮਦਰਦੀ ਹੋਣੀ ਚਾਹੀਦੀ ਹੈ, ਹਰ ਚੀਜ਼ , ਹਰ ਹਾਲਾਤ ਦੀ ਸਵੀਕਾਰਤਾ ਹੋਣੀ ਚਾਹੀਦੀ ਹੈ। ਸਹਿਨਸ਼ੀਲ ਹੋਣਾ ਚਾਹੀਦਾ।"

*　　　*　　　*　　　*　　　*

ਇਕ ਪਤਝੜ ਦੀ ਸ਼ਾਮ, ਬਾਗ ਦੇ ਵਿਚ ਪੱਤ ਵਿਹੂਣੇ ਦਰਖਤ ਦੇ ਹੇਠੋਂ ਗੁਜਰਦਿਆਂ ਕਾਫਕਾ ਨੇ ਮੈਨੂੰ ਕਿਹਾ, "ਇਸ ਵਿਚ ਟੁੱਟਣ ਜਾਂ ਝੁਕਣ ਦਾ ਸਵਾਲ ਨਹੀਂ । ਸਵਾਲ ਆਪਣੇ ਅੰਦਰੂਨੀ ਯੁੱਧ ਨੂੰ ਜਿੱਤਣ ਦਾ ਹੈ। ਜਿਹੜਾ ਖੁਦ ਆਪਣੀ ਜਿੱਤ ਤੋਂ ਸ਼ੁਰੂ ਹੁੰਦਾ ਹੈ। ਤਸੀਂ ਇਸ ਕੋਲੋਂ ਬਚ ਨਹੀਂ ਸਕਦੇ। ਕਿਉਂਕਿ ਹੌਂਸਲਾ ਛੱਡ ਦੇਣ ਦਾ ਮਤਲਬ ਹੁੰਦਾ ਹੈ—ਹਜ਼ਾਰਾਂ ਟੁਕੜਿਆਂ ਵਿਚ ਖਿੰਡ ਜਾਣਾ। ਮਨੁੱਖ ਨੂੰ ਆਪਣੀ ਹਰ ਪਰਸਥਿਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਉਸ ਨੂੰ ਜਜ਼ਬ ਕਰ ਆਪਣੇ ਅੰਦਰ ਉੱਗਣ ਦੇਣਾ ਚਾਹੀਦਾ ਹੈ। ਡਰ ਦੇ ਦਬਾਅ ਨੂੰ ਸਿਰਫ ਪਿਆਰ ਦੇ ਆਸਰੇ ਹੀ ਪਾਰ ਕੀਤਾ ਜਾ ਸਕਦਾ ਹੈ। ਪਤਝੜ ਦੇ ਵਿਚ ਡਿੱਗਦੇ ਪੱਤਿਆਂ ਦੇ ਨਾਲ, ਉਹਨਾਂ ਵਿਚੋਂ ਫੁੱਟਦੀਆਂ ਕਰੂੰਬਲਾਂ ਵੱਲ ਵੀ ਦੇਖਣਾ ਚਾਹੀਦਾ ਹੈ, ਤੇ ਸੰਜਮ ਨਾਲ ਉਡੀਕ ਕਰਣੀ ਚਾਹੀਦੀ ਹੈ। ਸੰਜਮ ਹੀ ਉਹ ਆਧਾਰ ਹੈ, ਜਿੱਥੇ ਅਸੀਂ ਆਪਣੇ ਸੁਪਨਿਆਂ ਨੂੰ ਸੱਚ ਕਰਣ ਦੀ ਉਮੀਦ ਰੱਖ ਸਕਦੇ ਹਾਂ।

ਸੰਖੇਪ ਵਿਚ ਇਹ ਕਾਫਕਾ ਦੇ ਜੀਵਨ ਦਾ ਦਰਸ਼ਨ ਸੀ, ਜਿਸ ਦੀ ਅਮਿੱਟ ਛਾਪ ਉਹਨਾਂ ਨੇ ਮੇਰੇ ਮਨ ਤੇ ਛੱਡੀ, ਤੇ ਮੈਂ ਉਸਨੂੰ ਗ੍ਰਹਿਣ ਕਰਣ ਵਿਚ ਕੋਈ ਕਸਰ ਨਹੀਂ ਛੱਡੀ। ਇਹ ਸਿਧਾਂਤ ਸਨ, ਜਿਸ ਦੇ ਸੱਚ ਪ੍ਰਤੀ ਉਹਨਾਂ ਮੈਨੂੰ, ਆਪਣੇ ਬੋਲਾਂ ਨਾਲ, ਹਾਵ ਭਾਵ ਨਾਲ ਤੇ ਅੱਖਾਂ ਵਿਚ ਆਉਣ ਵਾਲੇ ਭਾਵ ਨਾਲ ਮੇਰੀ ਸੰਤੁਸ਼ਟੀ ਕਰਵਾਈ ਸੀ।

...ਉਹਨਾਂ ਸਾਲਾਂ ਵਿਚ, ਜਦੋਂ ਉਹ ਕਰਮਚਾਰੀ ਬੀਮਾ ਸੰਸਥਾ ਵਿਚ ਰਹੇ।

ਮੈਨੂੰ ਆਪਣੇ ਪਿਤਾ ਜੀ ਕੋਲੋਂ ਪਤਾ ਲੱਗਿਆ ਕਿ ਕਾਫਕਾ ਚੌਦਾਂ ਸਾਲ, ਫੈਕਟਰੀ ਨੰ 7 , ਵਿਚ ਧੂੰਏਂ ਦੀ ਮੁਸ਼ਕਭਰੀ ਹਵਾ ਵਿਚ, ਇਕ ਕਾਲੇ ਮੇਜ਼ ਦੇ ਪਿੱਛੇ, ਬੈਠਦੇ ਰਹੇ । 30 ਜੁਲਾਈ 1908 ਨੂੰ, ਇਕ ਅਸਿਸਟੈਂਟ ਦੇ ਰੂਪ ਵਿਚ ਸੰਸਥਾ ਵਿਚ ਆਏ, ਤੇ ਆਪਣੀ ਇੱਛਾ ਦੇ ਨਾਲ ਜੁਲਾਈ 1922 ਨੂੰ ਚੀਫ ਸੈਕਟਰੀ ਦੇ ਅਹੁਦੇ ਤੋਂ ਰਿਟਾਇਰ ਹੋਏ। ਕਾਫਕਾ ਦੇ ਦਫਤਰ ਦੀ ਸਫਾਈ ਕਰਮਚਾਰੀ ਤੇ ਘਰੇਲੂ ਨੌਕਰਾਣੀ ਫਰਾਊ ਸਵਾਤੇਕ ਨੇ ਬਾਅਦ ਵਿਚ ਸਾਨੂੰ ਦੱਸਿਆ :

"ਦਫਤਰ ਵਿਚ ਕਾਫਕਾ ਇਕ ਚੂਹੇ ਵਾਂਗ ਚੁੱਪ-ਚੁਪੀਤੇ ਆਉਂਦੇ ਤੇ ਚਲੇ ਜਾਂਦੇ ਸੀ। ਉਹ ਜਿਸ ਤਰ੍ਹਾਂ ਚੁੱਪ-ਚਾਪ ਸੰਸਥਾ ਵਿਚ ਰਹੇ ਉਵੇਂ ਚਲੇ ਗਏ।

"ਮੈਨੂੰ ਨਹੀਂ ਪਤਾ ਕਿ ਕਾਫਕਾ ਦਾ ਮੇਜ਼ ਕੌਣ ਸਾਫ ਕਰਦਾ ਸੀ, ਸ਼ਾਇਦ ਉਹ ਖੁਦ....ਹੈਂਗਰ ਉੱਤੇ ਸਿਰਫ ਉਹਨਾਂ ਦਾ ਭੂਰੇ ਰੰਗ ਦਾ ਬਰਸਾਤੀ ਕੋਟ ਟੰਗਿਆ ਰਹਿੰਦਾ ਸੀ, ਜਿਸ ਨੂੰ ਉਹ ਮੀਂਹ ਦੇ ਦਿਨਾਂ ਵਿਚ ਪਾਉਂਦੇ ਸੀ। ਮੈਂ ਉਹਨਾਂ ਦੇ ਹੱਥ ਵਿਚ ਕਦੇ ਵੀ ਛੱਤਰੀ ਨਹੀਂ ਸੀ ਵੇਖੀ। ਇਕ ਸਫਾਈ-ਕਰਮਚਾਰੀ ਉਹ ਕੋਟ ਚੁੱਕ ਕੇ ਲੈ ਗਈ। ਮੈਨੂੰ ਨਹੀਂ ਪਤਾ ਕਿ ਉਹਨੂੰ ਉਹ ਕੋਟ ਕਾਫਕਾ ਨੇ ਦਿੱਤਾ ਸੀ ਜਾਂ ਨਹੀਂ। ਉਸਦੇ ਜਾਣ ਤੋਂ ਬਾਅਦ ਮੈਂ ਮੇਜ ਦੀ ਦਰਾਜ਼ ਖੋਲ੍ਹੀ ਤਾਂ ਉਸ ਵਿਚ ਇਕ ਕੱਚ ਦਾ ਪਿੰਨ-ਹੋਲਡਰ ਅਤੇ ਉਸ ਦੇ ਨਾਲ ਹੀ ਇਕ ਬਹੁਤ ਸੋਹਣਾ ਸੁਨਹਿਰੀ ਰਿੰਮ ਵਾਲਾ ਨੀਲ਼ੇ ਰੰਗ ਦਾ ਪਿਆਲਾ ਰੱਖਿਆ ਹੋਇਆ ਸੀ । ਉਹਨਾਂ ਦਾ ਸਹਿਕਰਮੀ ਜਿਹੜਾ ਮੈਨੂੰ ਸਫਾਈ ਕਰਦੀ ਨੂੰ ਵੇਖ ਰਿਹਾ ਸੀ, ਬੋਲਿਆ: "ਇਸ ਕਬਾੜ ਨੂੰ ਇੱਥੋਂ ਲੈ ਜਾਹ," ਕਾਫਕਾ ਇਸ ਵਿਚ ਚਾਹ ਪੀਂਦੇ ਸੀ। ਇਸ ਲਈ ਮੈਂ ਇਸਨੂੰ ਘਰ ਲੈ ਆਈ...."

"ਉਸਨੂੰ ਤੁਸੀਂ ਲੈ ਲਵੋ। ਮੈਨੂੰ ਪਤਾ ਤੁਸੀਂ ਕਾਫਕਾ ਨੂੰ ਕਿੰਨਾ ਪਿਆਰ ਕਰਦੇ ਸੀ। ਇਹ ਤੁਹਾਡੀ

ਵਿਰਾਸਤ ਹੈ।"

ਉਸਨੇ ਧੂੜ ਪੂੰਝੀ ਤੇ ਸੁਨਹਿਰੀ ਰਿੰਮ ਵਾਲਾ ਨੀਲਾ ਕੱਚ ਦਾ ਪਿਆਲਾ ਮੇਰੇ ਸਾਹਮਣੇ ਰੱਖ ਦਿੱਤਾ।

ਮੈਂ ਉਸ ਕੱਪ ਨੂੰ ਆਪਣੇ ਨਾਲ ਲੈ ਆਇਆ। ਉਸ ਵੇਲੇ ਤੋਂ ਉਹ ਛੋਟਾ ਜਿਹਾ ਕੱਪ ਹਰ ਦੁੱਖ-ਸੁੱਖ ਵਿਚ ਮੇਰੇ ਨਾਲ ਰਿਹਾ । ਪਰ ਕਦੇ ਵੀ ਮੈਂ ਉਸ ਕੱਪ ਨੂੰ ਵਰਤਿਆ ਨਹੀਂ। ਸਿਰਫ ਇਹੀ ਸੋਚ ਨਾਲ ਕਿ, ਜਿਸ ਕੱਪ ਨਾਲ ਕਾਫਕਾ ਨੇ ਬੁੱਲ ਛੁਹਾਏ ਹੋਵਣਗੇ, ਮੈਂ ਆਪਣੇ ਬੁੱਲਾਂ ਛੁਹਾਵਾਂ ਮੈਨੂੰ ਸ਼ਰਮ ਨਾਲ ਭਰ ਦਿੰਦਾ ਹੈ। ਜਦੋਂ ਵੀ ਉਸ ਸੋਹਣੇ ਜਿਹੇ ਕੱਪ ਨੂੰ ਵੇਖਦਾ ਹਾਂ ਤਾਂ ਮੈਨੂੰ ਕਾਫਕਾ ਦੇ ਆਖਰੀ ਬੋਲ ਯਾਦ ਆਂ ਜਾਂਦੇ ਨੇ, ਜੋ ਉਹਨਾ ਨੇ ਸਾਲ ਪਹਿਲਾਂ ਇਕ ਸ਼ਾਮ ਨੂੰ ਤਿਨਹਾਫ ਪਾਰਕ ਵਿਚ ਘੁੰਮਦਿਆਂ ਕਹੇ ਸੀ।

"...ਜੀਵਨ ਓਨਾ ਹੀ ਗੰਭੀਰ ਤੇ ਵਿਸ਼ਾਲ ਹੈ, ਜਿੰਨਾ ਅਨੰਤ ਗ੍ਰਹਿ ਨਛੱਤਰਾਂ ਨਾਲ ਭਰਿਆ ਹੋਇਆ ਆਕਾਸ਼। ਮਨੁੱਖ ਆਪਣੇ ਅਨੁਭਵ ਨਾਲ ਸਿਰਫ ਇਹਨਾਂ ਦੀ ਝਲਕ ਹੀ ਵੇਖ ਸਕਦਾ ਹੈ। ਪਰ ਅਨੁਭਵ ਦੇ ਨਾਲ ਅਸੀਂ ਖੁੱਲ੍ਹੀਆਂ ਅੱਖਾਂ ਨਾਲੋਂ ਜਿਆਦਾ ਵੇਖ ਸਕਦੇ ਹਾਂ। ਇਸ ਲਈ ਮਨੁੱਖ ਨੂੰ ਆਪਣਾ ਅੰਤਰ-ਮਨ ਸਾਫ ਰੱਖਣਾ ਚਾਹੀਦਾ ਹੈ।

" ਕੀ ਮੈਂ ਐਸਾ ਕਰ ਸਕਿਆ ਹਾਂ?" ਮੇਰੇ ਅੰਦਰ ਤੋਂ ਇਕ ਸਵਾਲ ਉੱਠਿਆ।

"ਮੈਂ ਨਹੀਂ ਜਾਣਦਾ..." ਮੇਰੇ ਅੰਦਰ ਤੋਂ ਜਵਾਬ ਆਇਆ ।

ਮੇਰਾ ਵਿਸ਼ਵਾਸ ਹੈ ਕਿ ਸਿਰਫ ਕਾਫਕਾ ਵਰਗੇ ਸੰਤ ਹੀ ਅਜਿਹਾ ਕਰ ਸਕਦੇ ਹਨ।

1924 ਦੀ ਬਸੰਤ ਨੂੰ ਮੈ ਓਜ਼ਿਓਜ਼ੇਂਥਲ ਵਿਚ ਸੀ। 20 ਜੂਨ,1924 ਨੂੰ ਮੈਨੂੰ ਪ੍ਰਾਗ ਨਿਵਾਸੀ ਆਪਣੇ ਚਿਤਰਕਾਰ ਦੋਸਤ ਐਰਿਕ ਹਾਰਟ ਦਾ ਖ਼ਤ ਮਿਲਿਆ, ਖ਼ਤ ਵਿਚ ਲਿਖਿਆ ਸੀ:

"ਮੈ ਹੁਣੇ-ਹੁਣੇ ਤੇਗਬਲੇਤ ਦੇ ਆਡੀਟੋਰੀਅਲ ਤੋਂ ਸੁਣਿਆ ਕਿ ਵਿਆਨਾ ਦੇ ਨੇੜੇ, ਕਲੇਰਿੰਗ ਦੇ ਇਕ ਨਿੱਜੀ ਸੈਨੀਟੋਰੀਅਮ ਚ ਫ੍ਰਾਂਜ਼ ਕਾਫਕਾ ਦੀ ਮੌਤ ਹੋ ਗਈ ਹੈ । ਉਹਨਾਂ ਨੂੰ 11 ਜੂਨ 1924 ਨੂੰ ਪ੍ਰਾਗ ਦੇ ਯਹੂਦੀ-ਸਮਿਟਰੀ ਚ ਦਫ਼ਨ ਕੀਤਾ ਗਿਆ..."

ਮੈਂ ਬਿਸਤਰੇ ਦੇ ਉੱਪਰ ਟੰਗੀ ਆਪਣੇ ਪਿਉ ਦੀ ਤਸਵੀਰ ਵੱਲ ਵੇਖਿਆ। ਮਾਂ ਤੋਂ ਤੰਗ ਹੋ ਕੇ 14 ਮਈ, 1924 ਨੂੰ ਉਹਨਾਂ ਖੁਦਕੁਸ਼ੀ ਕਰ ਲਈ ਸੀ।

ਉਹਨਾਂ ਦੇ ਜਾਣ ਤੋਂ 21 ਦਿਨ ਬਾਅਦ ਕਾਫਕਾ ਗਏ...

21 ਦਿਨ ਬਾਅਦ

21 ਦਿਨ.

21 ਦਿਨ..

ਮੇਰੀ ਉਮਰ 21 ਸਾਲ ਦੇ ਬਰਾਬਰ....21

ਤੇ ਜਿਵੇਂ ਮੇਰੀ ਜਵਾਨੀ ਦਾ ਖਿਤਿਜ ਫਟ ਕੇ ਛਾਰ-ਛਾਰ ਹੋ ਗਿਆ।

ਮੂਲ ਲੇਖਕ ਗੁਸਤਾਵ ਜੇਨੱਕ
ਅਨੁਵਾਦਕ : ਹਰਜਿੰਦਰ ਕੌਰ
98148-13011



# ਰਾਈਨਰ ਮਾਰਿਆ ਰਿਲਕੇ 1875-1926

'ਰਾਹ ਇੱਕ ਹੀ ਹੈ: ਆਪਣੇ ਅੰਦਰ ਉਤਰ ਜਾ।'

'ਸੰਘਰਸ਼ ਨੂੰ ਗਲ਼ੇ ਲਾਉਣਾ ਜ਼ਰੂਰੀ ਹੈ।'

' ਆਪਣਾ ਅਸਤਿੱਤਵ ਸਵੀਕਾਰਨ ਲਈ ਸਾਨੂੰ ਜਿਸ ਵੀ ਹੱਦ ਤੱਕ ਜਾਣਾ ਪਏ, ਜਾਣਾ ਚਾਹੀਦਾ ਹੈ। ਲੋੜ ਸਿਰਫ਼ ਇੱਕੋ ਹੌਂਸਲੇ ਦੀ ਹੈ ਜੋ ਪੂਰੀ ਤਰ੍ਹਾਂ ਓਪਰਾ ਹੈ, ਬਿਲਕੁਲ ਹੀ ਅਣਜਾਣਿਆ ਹੈ, ਉਸ ਨੂੰ ਸਾਹਮਣਿਉਂ ਮਿਲਣ ਦੇ ਹੌਂਸਲੇ ਦੀ। ਜਦੋਂ ਅਸੀਂ ਇੰਝ ਨਹੀਂ ਕਰ ਸਕਦੇ, ਭੂਤਾਂ ਦੀਆਂ ਗੱਲਾਂ ਕਰਨ ਲਗਦੇ ਹਾਂ। ਰੱਬ ਦੀ ਤਾਂ ਗੱਲ ਹੀ ਛੱਡੋ।'

'ਕਲਾ ਦੀ ਕਿਰਤ ਨੂੰ ਮੁਹੱਬਤ ਹੀ ਸਮਝ ਸਕਦੀ ਹੈ। ਉਹ ਹੀ ਉਸਦੀ ਸਹੀ ਪਛਾਣ ਕਰ ਸਕਦੀ ਹੈ।'

ਕਲਾ ਨੂੰ ਸਮਝਣ ਲਈ ਰਿਲਕੇ ਨੇ ਰੋਦਾਂ ਦੀ ਸ਼ਾਗਿਰਦੀ ਕੀਤੀ। ਉਹ ਲਿਖਦਾ ਹੈ, ਰੋਦਾਂ ਆਪਣੀ ਕਲਾ ਵਿੱਚ ਜਿਉਂਦਾ ਸੀ। ਉਸਨੂੰ ਕਲਾ ਦੀ ਭਾਲ ਕਰਨ, ਉਸਦੇ ਪਿੱਛੇ ਦੌੜਨ, ਜਾਂ ਤੁਰਨ ਦੀ ਲੋੜ ਨਹੀਂ ਸੀ ਹੁੰਦੀ। ਕਿਤਾਬਾਂ ਅਤੇ ਸੁਆਲਾਂ ਨਾਲ ਵੀ ਉਹ ਇਹੋ ਜਿਹੇ ਰਿਸ਼ਤੇ ਬਣਾਉਣ ਦੀ ਗੱਲ ਕਰਦਾ ਹੈ। ਪਾਠਕ ਨੂੰ ਕਿਤਾਬ ਦੇ ਅੰਦਰ ਵਸਣ ਦੀ ਸਲਾਹ ਦਿੰਦਾ ਹੈ। ਸੁਆਲ ਨੂੰ ਜਿਉਣ ਦੀ ਬਾਤ ਕਰਦਾ ਹੈ। ਕਿਉਂਕਿ ਅਨੁਸ਼ਾਸਨ ਬਿਨਾਂ ਕੁਝ ਨਹੀਂ ਹੁੰਦਾ। ਜਦੋਂ ਕੁਝ ਨਹੀਂ ਹੋ ਰਿਹਾ ਹੁੰਦਾ, ਉਦੋਂ ਵੀ ਬਹੁਤ ਕੁਝ ਵਾਪਰ ਰਿਹਾ ਹੁੰਦਾ ਹੈ। ਇਸ ਨਿਰੰਤਰਤਾ ਨੂੰ ਹਾਸਲ ਕਰਨਾ ਕਲਾ ਦੀ ਸਾਧਨਾ ਹੈ। ਉਸ ਅਨੁਸਾਰ ਕਵਿਤਾ ਲਿਖਣ ਲਈ ਇੰਤਜ਼ਾਰ ਕਰਨਾ ਪੈਂਦਾ ਹੈ। ਜਦੋਂ ਤੱਕ ਸਾਡੇ ਤਜਰਬੇ ਅਤੇ ਸਮ੍ਰਿਤੀਆਂ ਸਾਡੇ ਲਹੂ, ਸਾਡੀ ਨਿਗਾਹ, ਸਾਡੀ ਹਰਕਤ, ਸਾਡੀ ਅਦਾ ਵਿੱਚ ਤਬਦੀਲ

ਨਹੀਂ ਹੋ ਜਾਂਦੇ। 'ਸਬਰ ਹੀ ਸਭ ਕੁਝ ਹੈ,' ਉਹ ਲਿਖਦਾ ਹੈ।

ਰਿਲਕੇ ਹਰ ਰੋਜ਼ ਸਵੇਰੇ-ਸਾਰ ਪੂਰੀ ਤਰ੍ਹਾਂ ਤਿਆਰ ਹੋ ਕੇ ਆਪਣੇ ਮੇਜ਼-ਕੁਰਸੀ 'ਤੇ ਜਾ ਬੈਠਦਾ। ਉਸਦੇ ਕੋਲ ਦੋ ਪੈੱਨ ਹੁੰਦੇ। ਇੱਕ ਸਿਰਫ਼ ਕਵਿਤਾ ਲਿਖਣ ਲਈ, ਦੂਜਾ ਖ਼ਤ ਆਦਿ ਲਿਖਣ ਲਈ। ਉਸਨੇ ਲੱਗਭਗ ਗਿਆਰਾਂ ਹਜ਼ਾਰ ਖ਼ਤ ਲਿਖੇ। ਜਦੋਂ ਮੌਤ ਨੂੰ ਦਰਵਾਜ਼ੇ ਉੱਪਰ ਖੜ੍ਹੀ ਵੇਖਿਆ, ਤਾਂ ਜਰਮਨ ਅਤੇ ਫ੍ਰਾਂਸੀਸੀ ਦੋਹਾਂ ਭਾਸ਼ਾਵਾਂ ਵਿੱਚ ਇੱਕ ਸੰਖੇਪ ਖ਼ਤ ਕਾਰਡ ਉੱਪਰ ਛਪਵਾ ਕੇ, ਅੱਗੋਂ ਤੋਂ ਮਾਫ਼ੀ ਸਮੇਤ, ਸਾਰੇ ਉਡੀਕਵਾਨਾਂ ਨੂੰ ਭੇਜ ਦਿੱਤਾ। ਖ਼ਤ ਦਾ ਜੁਆਬ ਦੇਣਾ ਰਿਲਕੇ ਲਈ ਨੈਤਿਕ ਪ੍ਰਤਿਬੱਧਤਾ ਦਾ ਮਸਲਾ ਸੀ। ਖ਼ਤ ਲਿਖਣਾ, ਕਵਿਤਾ ਦੀ ਪ੍ਰਯੋਗਸ਼ਾਲਾ ਸੀ। ਉਸਦੀ ਰਿਹਰਸਲ ਦਾ ਸਪੇਸ।

ਸਾਲ 1875 ਵਿੱਚ ਪ੍ਰਾਗ ਸ਼ਹਿਰ ਵਿੱਚ ਉਹ ਜਰਮਨ ਬੋਲਦੇ ਇੱਕ ਮੱਧਵਰਗੀ ਪਰਿਵਾਰ ਵਿੱਚ ਜਨਮਿਆ। ਪਿਤਾ ਨੇ ਉਸਨੂੰ ਫ਼ੌਜੀ ਅਫ਼ਸਰ ਬਣਾਉਣ ਲਈ ਮਿਲਟਰੀ ਅਕੈਡਮੀ ਭੇਜ ਦਿੱਤਾ। ਕਈ ਵਰ੍ਹੇ ਖ਼ਰਾਬ ਕਰਕੇ ਉਹ ਇੱਕ ਦਿਨ ਵਾਪਸ ਆ ਗਿਆ। ਉਸਨੂੰ ਪ੍ਰਾਗ ਨਿੱਕਾ ਅਤੇ ਤੰਗ ਲੱਗਿਆ ਤਾਂ ਉਹ ਮਿਉਨਖ ਚਲਾ ਗਿਆ। ਆਉਂਦੇ ਵਰ੍ਹਿਆਂ ਵਿੱਚ ਉਸਨੇ ਰੂਸ, ਇਟਲੀ, ਸਕੈਂਡੀਨੇਵਿਆ ਦੇ ਦੇਸ਼ਾਂ, ਮਿਸਰ, ਅਤੇ ਮਰੌਕੋ ਦਾ ਸਫ਼ਰ ਕੀਤਾ। ਐਂਡ੍ਰੀਅਸ-ਸਲੋਮੇ, ਜੋ ਕਦੇ ਨੀਤਸ਼ੇ ਦਾ ਪ੍ਰੇਮ ਰਹੀ ਸੀ, ਅਤੇ ਜਿਸਨੇ ਫ੍ਰਾਇਡ ਤੋਂ ਮਨੋਵਿਗਿਆਨ ਸਿੱਖਿਆ ਸੀ, ਨਾਲ ਇਸ਼ਕ ਕੀਤਾ। ਉਹ ਬਹੁਤ ਸਮਾਂ ਪੈਰਿਸ ਵਿੱਚ ਰਿਹਾ। ਸਵਿਟਜ਼ਰਲੈਂਡ ਵਿੱਚ ਵੀ, ਜਿੱਥੇ ਉਸ ਦੀ ਮੌਤ ਹੋਈ। 1919 ਵਿੱਚ ਉਸਨੇ ਜਰਮਨੀ ਛੱਡਿਆ ਸੀ, ਮੌਤ ਤੱਕ ਵਾਪਸ ਨਹੀਂ ਪਰਤਿਆ।

ਉਹ "ਰੂਹ ਅੰਦਰਲੇ ਤੂਫ਼ਾਨ" ਦਾ ਜ਼ਿਕਰ ਕਰਦਾ ਹੈ। ਉਸਦੇ ਆਪਣੇ ਹਿੱਸੇ ਇਹ ਤੂਫ਼ਾਨ ਜਦੋਂ ਆਇਆ ਤਾਂ ਉਸਨੇ ਸਿਰਫ਼ ਦੋ ਕੁ ਹਫ਼ਤਿਆਂ ਵਿੱਚ ਹੀ ਆਰਫ਼ੀਆਸ ਲਈ ਗੀਤ ਲਿਖ ਦਿੱਤੇ। ਦਸ ਸਾਲਾਂ ਤੋਂ ਵੱਧ ਸਮੇਂ ਤੋਂ ਅਪੂਰਨ ਪਈਆਂ ਡਿਊਇਨੋ ਐਲਿਜੀਜ਼ ਸੰਪੂਰਨ ਕਰ ਦਿੱਤੀਆਂ। ਇਹ ਸਾਲ 1923 ਦੀ ਗੱਲ ਹੈ। ਕਲਾ-ਸਾਧਨਾ ਦੇ ਬਿਰਖ਼ ਨੂੰ ਸਬਰ ਦਾ ਫਲ ਕੁਝ ਇੰਝ ਲੱਗਿਆ। 1926 ਵਿੱਚ ਲਿਊਕੀਮੀਆ ਨੇ ਉਸਦੇ ਪ੍ਰਾਣ ਲੈ ਲਏ। ਬੀਮਾਰੀ ਪਛਾਣੀ ਹੀ ਨਹੀਂ ਸੀ ਗਈ।

'ਜੋ ਕੁਝ ਵਾਪਰਦਾ ਹੈ, ਜੋ ਕੁਝ ਵੀ ਹੈ, ਲਿਖਤ ਸਾਨੂੰ ਉਹ ਸਭ ਸਮਝਣ ਵਿੱਚ ਮਦਦ ਕਰਦੀ ਹੈ ਨਹੀਂ ਤਾਂ ਅਸੀਂ ਹਕੀਕਤ ਪ੍ਰਤੀ ਸਵੰਦੇਨਹੀਣ ਹੋ ਜਾਂਦੇ ਹਾਂ। ਸਮਾਜਕ ਦਰਜੇਬੰਦੀਆਂ ਅਤੇ ਅਨਿਆਂ ਪ੍ਰਤੀ ਅੰਨ੍ਹੇ ਹੋ ਜਾਂਦੇ ਹਾਂ।' ਰਿਲਕੇ ਸ਼ਬਦ ਦੇ ਪੈਮਾਨੇ ਉੱਪਰ ਸਮਾਜ ਅਤੇ ਰਾਜਨੀਤੀ ਹੀ ਨਹੀਂ, ਫ਼ਿਲਾਸਫ਼ੀ ਅਤੇ ਰੂਹਾਨੀਅਤ ਨੂੰ ਵੀ ਪਰਖਦਾ ਹੈ। ਚੀਜ਼ਾਂ ਬਾਰੇ ਇੰਨਾ ਲਿਖਿਆ ਗਿਆ ਹੈ ਕਿ ਉਹਨਾਂ ਦੀ ਜ਼ੁਬਾਨ ਖੋਹ ਲਈ ਗਈ ਹੈ, ਉਹ ਕੁਝ ਥਿਊਰੀਆਂ ਦੇ ਇੱਕ ਦੂਜੇ ਨੂੰ ਮਿਲਣ ਅਤੇ ਕੱਟਣ ਦੀਆਂ ਬਿੰਦੂ ਮਾਤਰ ਬਣ ਕੇ ਰਹਿ ਗਈਆਂ ਹਨ। ਆਪਣੇ ਇਸ ਪ੍ਰਯੋਜਨ ਦੀ ਲਗਾਤਾਰਤਾ ਵਿੱਚ ਰਿਲਕੇ ਕ੍ਰਮਬੱਧ ਕਰਨ ਤੇ ਇਕਸਾਰ ਕਰਨ ਦੇ ਉਪਰਾਲਿਆਂ ਪ੍ਰਤੀ ਕਲਾਕਾਰ ਨੂੰ ਖ਼ਬਰਦਾਰ ਕਰਦਾ ਹੈ। ਉਸਨੂੰ ਲਗਦਾ ਹੈ ਕਿ ਹਕੀਕਤ ਨੂੰ, ਮਨੁੱਖ ਅਤੇ ਅਸਤਿੱਤਵ ਨੂੰ ਉਸ ਤਰ੍ਹਾਂ ਬੰਨਣਾ ਉਹਨਾਂ ਨੂੰ ਉਹਨਾਂ ਅੰਦਰਲੀ ਅਨੰਤ ਅਮੀਰੀ ਤੋਂ, ਅਮੁੱਕ ਅਸਚਰਜ ਤੋਂ ਵਿਹੂਣਾ ਕਰਨਾ ਹੈ, ਛੁਟਿਆਉਣਾ ਹੈ। ਰਿਲਕੇ ਨੇ ਇਸੇ ਲਈ ਹਮੇਸ਼ਾ ਆਪਣੀ ਪ੍ਰਤਿਭਾ ਨੂੰ ਚਮਕਾਉਣ ਦਾ ਜਤਨ ਕੀਤਾ। ਹਕੀਕਤ ਸਾਹਮਣੇ ਉਸਨੇ ਆਪਣੀ ਹਸਤੀ ਦੀਆਂ ਬਾਰੀਆਂ ਕਦੇ ਨਹੀਂ ਭੀੜੀਆਂ। 'ਕੋਈ ਵੀ ਤਜਰਬਾ ਮਾਮੂਲੀ ਨਹੀਂ

ਹੁੰਦਾ। ਨਿੱਕੀ ਤੋਂ ਨਿੱਕੀ ਘਟਨਾ ਤਕਦੀਰ ਦੀਆਂ ਪਰਤਾਂ ਖੋਲ੍ਹਣ ਦੀ ਤਾਕਤ ਰੱਖਦੀ ਹੈ,' ਉਹ ਇੱਕ ਖ਼ਤ ਵਿੱਚ ਲਿਖਦਾ ਹੈ। ਉਸਨੇ ਆਪਣੇ ਸਮੇਂ ਦੀ ਯੂਰਪ ਦੀ ਕਵਿਤਾ ਦੇ ਵਿਰਸੇ ਵਿੱਚ ਪ੍ਰਾਪਤ ਇਸ ਰੋਮਾਂਟਿਕ ਮਿੱਥ ਨੂੰ ਤੋੜਿਆ ਕਿ ਕਲਾ ਦੀ ਸਾਧਨਾ ਦੇਹ ਦੀ ਬਲੀ ਮੰਗਦੀ ਹੈ। ਨਾਲ ਹੀ ਉਸਨੇ ਸੁੰਦਰਤਾ ਨੂੰ ਸਿਰਫ਼ ਖ਼ੁਸ਼ਗਵਾਰ ਤਜਰਬੇ ਨਾਲ ਜੋੜਨ ਤੋਂ ਨਾਂਹ ਕੀਤੀ। ਉਸ ਲਈ ਖ਼ੂਬਸੂਰਤੀ ਹਰ ਚੀਜ਼, ਘਟਨਾ ਤੇ ਵਿਅਕਤੀ ਵਿੱਚ ਹੈ, ਸਿਰਫ਼ ਉਹਨਾਂ ਵਿੱਚ ਹੀ ਨਹੀਂ ਜਿਨ੍ਹਾਂ ਤੋਂ ਸਾਨੂੰ ਰਵਾਇਤੀ ਆਨੰਦ ਮਿਲਣ ਦਾ ਆਭਾਸ ਹੁੰਦਾ ਹੈ। ਕਲਾਕਾਰ ਦੀ ਹਿੰਮਤ ਹੈ ਕਿ ਉਹ ਲੁਕੀ ਹੋਈ ਖ਼ੂਬਸੂਰਤੀ ਨੂੰ ਕਿੰਨੇ ਸਬਰ ਤੇ ਠਹਿਰਾਅ ਨਾਲ ਪ੍ਰਗਟ ਕਰਨ ਵਿੱਚ ਸਫ਼ਲ ਹੁੰਦਾ ਹੈ। ਪਰ ਸਬਰ ਸਮਾਂ ਮੰਗਦਾ ਹੈ। ਤੇ ਸਮਾਂ ਧਰਵਾਸ ਨਹੀਂ ਦਿੰਦਾ। ਵਸਤਾਂ ਅਤੇ ਘਟਨਾਵਾਂ ਨੂੰ ਵਿਵਸਥਿਤ ਜ਼ਰੂਰ ਕਰ ਦਿੰਦਾ ਹੈ।

ਭਾਵੇਂ ਰਿਲਕੇ ਨੂੰ ਧਾਰਮਿਕ ਸੰਵੇਦਨਾ ਵਾਲਾ ਸ਼ਾਇਰ ਕਹਿਣਾ ਚੰਗਾ ਤੇ ਸੌਖਾ ਲੱਗਦਾ ਹੋਵੇ, ਪਰ ਉਹ ਮਨੁੱਖ ਦੀ ਹੋਣੀ ਮੂਲ ਰੂਪ ਵਿੱਚ ਸਮੇਂ ਦੇ ਨਾਲ ਉਸਦੇ ਰਿਸ਼ਤੇ ਵਿੱਚ ਦੇਖਦਾ ਸੀ। ਉਸਦੇ ਅਨੁਸਾਰ ਮਨੁੱਖ ਜੇ ਆਪੇ ਤੋਂ ਪਰ੍ਹੇ ਕੁਝ ਹਾਸਲ ਕਰ ਸਕਦਾ ਹੈ ਤਾਂ ਉਹ ਆਪ ਦੇ ਅੰਦਰ, ਆਪ ਦੇ ਰਾਹ ਥੀਂ ਹੀ ਕਰ ਸਕਦਾ ਹੈ। ਰਿਲਕੇ ਅਸਤਿੱਤਵ ਦੀ ਤਮਾਮ ਡਿਕਟੇਸ਼ਨ ਨੂੰ ਹੰਢਾਉਂਦਾ ਹੋਇਆ ਕਾਗਜ਼ ਉੱਪਰ ਉਤਾਰ ਦੇਣਾ ਚਾਹੁੰਦਾ ਸੀ, ਕਿਉਂਕਿ ਪਤਾ ਨਹੀਂ ਉਸ ਅਖ਼ੀਰੀ ਫ਼ਿਕਰੇ ਵਿੱਚ ਹੀ ਸ਼ਾਇਦ ਕਿਤੇ ਉਹ ਮਾਮੂਲੀ ਲੱਗਦਾ ਸ਼ਬਦ ਹੋਵੇ ਜਿਸ ਰਾਹੀਂ ਉਹ ਸਭ ਜਿਸ ਨੂੰ ਸਮਝਣ ਦਾ ਅਸੀਂ ਮਨੁੱਖਾਂ ਨੇ ਯਤਨ ਕੀਤਾ ਹੈ, ਤੇ ਜਿਸ ਨੂੰ ਸਮਝਣ ਦੇ ਅਸੀਂ ਕਾਬਲ ਨਹੀਂ ਹੋ ਸਕੇ, ਅਚਨਚੇਤ ਹੀ ਕੋਈ ਬੇਹੱਦ ਸ਼ਾਨਦਾਰ ਮਾਇਨੇ ਅਖ਼ਤਿਆਰ ਕਰ ਲਏ। ਕਿਹਾ ਜਾ ਸਕਦਾ ਹੈ ਕਿ ਇਸ ਖ਼ਾਤਿਰ ਹੀ ਰਿਲਕੇ ਨੇ ਲਫ਼ਜ਼ੀ ਅਤੇ ਜਜ਼ਬਾਤੀ ਦਰੁਸਤੀ ਦਾ ਧਾਰਨੀ ਬਣਨ ਲਈ ਸਾਧਨਾ ਕੀਤੀ। ਧਿਆਨ, ਗਹਿਰਾਈ, ਸਪਸ਼ਟਤਾ, ਸਮੁੱਚਤਾ— ਉਸਦੇ ਕਾਵਿ-ਵਿਹਾਰ ਅਤੇ ਸੁਹਜਸ਼ਾਸਤਰ ਦੇ ਮਾਪਦੰਡ ਉਸਦੇ ਨਾਲ-ਨਾਲ ਹੋਰਨਾਂ ਲਈ ਵੀ ਜੀਵਨ ਜਿਉਣ ਦੇ ਅਸੂਲਾਂ ਦਾ ਇੱਕ ਹੋਰ ਸਹਿਜ ਰੂਪ ਹੋ ਨਿੱਬੜੇ।

(ਕਿਤਾਬ- ਕਵਿਤਾ ਦਾ ਸਮਾਂ ਵਿੱਚੋਂ)

-ਪ੍ਰੋ. ਰਾਜੇਸ਼ ਸ਼ਰਮਾ

ਅੰਗਰੇਜ਼ੀ ਵਿਭਾਗ, ਪੰਜਾਬੀ ਯੂਨਿਵਰਸਿਟੀ,

ਪਟਿਆਲਾ

# ਅੱਲੜ੍ਹ ਕਵੀ ਨੂੰ ਦੋ ਖ਼ਤ

ਪੈਰਿਸ ਫਰਵਰੀ 17, 1903

ਪਿਆਰੇ,

ਤੁਹਾਡਾ ਖ਼ਤ ਮਹਿਜ਼ ਕੁਝ ਦਿਨ ਪਹਿਲਾਂ ਹੀ ਅਇਆ। ਮੈਂ ਤੁਹਾਡਾ, ਧੰਨਵਾਦ ਕਰਨਾ ਚਾਹੁੰਦਾ ਹਾਂ ਉਸ ਭਰੋਸੇ ਲਈ ਜੋ ਤੁਸੀਂ ਮੇਰੇ ਚ ਰੱਖਿਆ। ਮੈਂ ਇਹੋ ਹੀ ਕਰ ਸਕਦਾ। ਮੈਂ ਤੁਹਾਡੇ ਕਾਵਿ-ਛੰਦਾਂ 'ਤੇ ਚਰਚਾ ਨਹੀਂ ਕਰ ਸਕਦਾ; ਆਲੋਚਨਾ ਕਰਨ ਦੀ ਕੋਸ਼ਿਸ ਵੀ ਮੇਰੇ ਲਈ ਬੇਗਾਨੀ ਹੈ। ਕਲਾ ਨੂੰ ਹੋਰ ਕੋਈ ਏਨਾ ਘੱਟ ਨਹੀਂ ਛੋਂਹਦਾ ਜਿਨਾ ਆਲੋਚਨਾ ਦੇ ਸ਼ਬਦ: ਉਹ ਹਮੇਸ਼ਾਂ ਵੱਧ ਜਾਂ ਘੱਟ ਕਿਮਸਤ ਵਾਲੀਆਂ ਗਲਤਫਹਿਮੀਆਂ ਦਾ ਨਤੀਜਾ ਦਿੰਦੇ ਹਨ। ਚੀਜ਼ਾਂ ਇੰਨੀਆਂ ਸਪੱਸ਼ਟ ਅਤੇ ਕਹਿਣਯੋਗ ਨਹੀਂ ਹੁੰਦੀਆਂ ਜਿਨਾਂ ਲੋਕ ਆਮ ਤੌਰ 'ਤੇ ਸਾਨੂੰ ਯਕੀਨ ਕਰਾਉਂਦੇ ਹਨ; ਜ਼ਿਆਦਾਤਰ ਅਨੁਭਵ ਅਸੁਰੱਖਿਅਤ ਹੁੰਦੇ ਹਨ, ਉਹ ਅਜਿਹੀ ਥਾਂ 'ਤੇ ਵਾਪਰਦੇ ਹਨ ਜਿਥੇ ਕੋਈ ਸ਼ਬਦ ਦਖਲ ਨਹੀਂ ਹੁੰਦੈ, ਅਤੇ ਕਲਾ-ਕ੍ਰਿਤਾਂ ਹੋਰ ਸਾਰੀਆਂ ਵਸਤਾਂ ਤੋਂ ਵੱਧ ਨਾ ਕਹਿਣਯੋਗ ਹੁੰਦੀਆਂ ਹਨ, ਉਹ ਰਹੱਸਮਈ ਹੋਂਦਾਂ ਹਨ, ਜਿਹਨਾਂ ਦਾ ਜੀਵਨ ਸਾਡੇ ਆਪਣੇ ਛੋਟੇ ਜਿਹੇ, ਅਸਥਾਈ ਜੀਵਨ ਦੇ ਨਾਲ ਸਹਿਣ ਕਰਦਾ ਹੈ।

ਇਸ ਨੋਟ ਨਾਲ ,ਇੱਕ ਪ੍ਰਸਤਾਵਨਾ ਦੇ ਰੂਪ ਵਿੱਚ, ਕੀ ਮੈਂ ਤੁਹਾਨੂੰ ਸਿਰਫ ਇਹ ਦੱਸ ਸਕਦਾ ਹਾਂ ਕਿ ਤੁਹਾਡੀ ਕਾਵਿ-ਛੰਦਾਂ ਦੀ ਆਪਣੀ ਕੋਈ ਸ਼ੈਲੀ ਨਹੀਂ ਹੈ, ਹਾਲਾਂਕਿ ਉਨ੍ਹਾਂ 'ਚ ਚੁੱਪ ਅਤੇ ਨਿੱਜ ਦੀ ਕੋਈ ਛਿਪੀ ਹੋਈ ਸੁਰੂਆਤ ਹੈ। ਤੁਹਾਡੀ ਆਖਰੀ ਕਵਿਤਾ "ਮਾਈ ਸੋਲ (ਮੇਰੀ ਰੂਹ)" ਵਿੱਚ ਮੈਂ ਇਹ ਸਭ ਤੋਂ ਸਪੱਸ਼ਟ ਮਹਿਸੂਸ ਕਰਦਾ ਹਾਂ. ਇੱਥੇ, ਤੁਹਾਡੀ ਆਪਣੀ ਉਹ ਵਸਤ ਸ਼ਬਦ ਅਤੇ ਗੀਤ(ਰਾਗ) ਬਣਨ ਦੀ ਕੋਸ਼ਿਸ਼ ਕਰ ਰਹੀ ਹੈ. ਅਤੇ ਸ਼ਾਨਦਾਰ ਕਵਿਤਾ "ਟੂ ਲੀਪਾਰਡੀ" ਵਿੱਚ, ਉਸ ਮਹਾਨ, ਇਕੱਲੇ ਚਿੱਤਰ ਦੇ ਸਬੰਧਾਂ ਦੀ ਸ਼ਾਇਦ ਇੱਕ ਕਿਸਮ ਦਿਖਾਈ ਦਿੰਦੀ ਹੈ। ਫਿਰ ਵੀ, ਕਵਿਤਾਵਾਂ ਅਜੇ ਵੀ ਆਪਣੇ ਆਪ ਵਿਚ ਕੁਝ ਨਹੀਂ ਹਨ, ਹੁਣ ਤੱਕ ਅਜ਼ਾਦ ਵੀ ਨਹੀਂ ਹਨ, ਆਖਰੀ ਅਤੇ ਲੀਓਪਾਰਡੀ ਵੀ ਨਹੀਂ ਤੁਹਾਡਾ ਨਿਮਰ ਖ਼ਤ, ਜੋ ਉਹਨਾਂ ਦੇ ਨਾਲ ਸੀ, ਉਸਨੇ ਮੈਨੂੰ ਕਾਫ਼ੀ ਨੁਕਸਾਂ ਨੂੰ ਸਪੱਸ਼ਟ ਕਰਨ ਚ ਕਾਮਯਾਬ ਬਣਾਇਆ ਜੋ ਮੈਂ ਤੁਹਾਡੇ ਛੰਦ ਪੜ੍ਹਨ ਦੌਰਾਨ ਮਹਿਸੂਸ ਕੀਤੇ, ਭਾਵੇਂ ਕਿ ਮੈਂ ਖਾਸ ਤੌਰ 'ਤੇ ਉਹਨਾਂ ਦੇ ਨਾਂ ਦੱਸਣ ਯੋਗ ਨਹੀਂ ਹਾਂ।

ਤੁਸੀਂ ਪੁੱਛਦੇ ਹੋ ਕਿ ਤੁਹਾਡੇ ਕੋਈ ਕਾਵਿ-ਛੰਦ ਚੰਗੇ ਹਨ। ਤੁਸੀਂ ਮੈਨੂੰ ਦੱਸੋ। ਤੁਸੀਂ ਇਸ ਤੋਂ ਪਹਿਲਾਂ ਦੂਸਰਿਆਂ ਨੂੰ ਵੀ ਪੁੱਛਿਆ ਹੋਣਾ। ਤੁਸੀਂ ਉਨ੍ਹਾਂ ਨੂੰ ਰਸਾਲਿਆ 'ਚ ਭੇਜਦੇ ਹੋ। ਤੁਸੀਂ ਉਨ੍ਹਾਂ ਦੀ ਹੋਰ ਕਵਿਤਾਵਾਂ ਨਾਲ ਤੁਲਨਾ ਕਰਦੇ ਹੋ, ਅਤੇ ਜਦੋਂ ਕੁਝ ਸੰਪਾਦਕ ਤੁਹਾਡੇ ਕੰਮ ਨੂੰ ਅਸਵੀਕਾਰ ਕਰਦੇ ਹਨ ਤਾਂ ਤੁਸੀਂ ਪਰੇਸ਼ਾਨ ਹੋ ਜਾਂਦੇ ਹੋ। ਹੁਣ (ਕਿਉਂਕਿ ਤੁਸੀਂ ਕਿਹਾ ਹੈ ਕਿ ਤੁਸੀਂ ਮੇਰੀ ਸਲਾਹ ਚਾਹੁੰਦੇ ਹੋ) ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਕਰਨਾ ਬੰਦ ਕਰ ਦਿਓ। ਤੁਸੀਂ ਬਾਹਰ ਵੱਲ ਦੇਖ ਰਹੇ ਹੋ, ਅਤੇ ਇਹੀ ਹੈ ਜਿਸ ਨੂੰ ਤੁਸੀ ਹੁਣ ਸਭ ਤੋਂ ਵੱਧ ਨਜ਼ਰਅੰਦਾਜ਼ ਕਰਨਾ ਹੈ।ਕੋਈ ਵੀ ਤੁਹਾਨੂੰ ਸਲਾਹ ਜਾਂ ਮਦਦ ਨਹੀਂ ਦੇ ਸਕਦਾ - ਕੋਈ ਵੀ ਨਹੀਂ।

ਸਿਰਫ ਇੱਕ ਕੰਮ ਤੁਹਾਨੂੰ ਕਰਨਾ ਚਾਹੀਦਾ ਹੈ। ਆਪਣੇ ਆਪ ਦੇ ਅੰਦਰ ਜਾਓ। ਜੋ ਤੁਹਾਨੂੰ ਲਿਖਣ ਦਾ ਹੁਕਮ ਦਿੰਦੇ ਹਨ ਉਹ ਕਾਰਨ ਲੱਭੋ; ਦੇਖੋ ਕਿ ਕੀ ਇਸ ਨੇ ਆਪਣੀਆਂ ਜੜ੍ਹਾਂ ਨੂੰ ਤੁਹਾਡੇ ਦਿਲ ਦੀ ਗਹਿਰਾਈ ਵਿੱਚ ਫੈਲਾਇਆ ਹੈ ਜਾਂ ਨਹੀਂ; ਆਪਣੇ ਆਪ ਨੂੰ ਇਕਬਾਲ ਕਰੋ ਕਿ ਕੀ ਤੁਹਾਨੂੰ ਮਰਨਾ ਪਵੇਗਾ ਜੇਕਰ ਤੁਹਾਨੂੰ ਲਿਖਣ ਤੋਂ ਮਨ੍ਹਾ ਕਰ ਦਿੱਤਾ ਜਾਵੇ। ਸਭ ਤੋਂ ਵੱਧ: ਰਾਤ ਦੇ ਸਭ ਤੋਂ ਸ਼ਾਂਤ ਸਮੇਂ (ਘੰਟੇ) 'ਚ ਆਪਣੇ ਆਪ ਨੂੰ ਪੁੱਛੋ: ਕੀ ਮੈਨੂੰ ਲਿਖਣਾ ਚਾਹੀਦਾ ਹੈ? ਡੂੰਘੇ ਜਵਾਬ ਲਈ ਆਪਣੇ ਆਪ ਅੰਦਰ ਉੱਤਰੋ, ਅਤੇ ਜੇ ਇਹ ਜਵਾਬ ਰਾਜ਼ੀ ਹੋਣ ਦਾ ਹਵਾਲਾ ਦਿੰਦਾ ਹੈ, ਜੇ ਤੁਸੀਂ ਇਕ ਮਜ਼ਬੂਤ, ਸਧਾਰਨ "ਮੈਨੂੰ ਚਾਹੀਦਾ ਹੈ," ਨਾਲ ਇਸ ਗੰਭੀਰ ਸਵਾਲ ਨੂੰ ਪੂਰਾ ਕਰਦੇ ਹੋ, ਤਾਂ ਇਸਦੀ ਲੋੜ ਅਨੁਸਾਰ ਆਪਣੀ ਜਿੰਦਗੀ ਬਣਾਓ; ਤੁਹਾਡੀ ਜ਼ਿੰਦਗੀ, ਨਿਮਰ ਅਤੇ ਸਭ ਤੋਂ ਉਦਾਸੀਨ ਘੰਟਿਆਂ ਵਿੱਚ ਵੀ, ਇਸ ਆਵੇ ਤੇ ਇੱਕ ਨਿਸ਼ਾਨੀ ਅਤੇ ਗਵਾਹ ਬਣਨਾ ਚਾਹੀਦਾ ਹੈ. ਫਿਰ ਕੁਦਰਤ ਦੇ ਨੇੜੇ ਆਓ। ਫੇਰ, ਜਿਵੇਂ ਕਿ ਪਹਿਲਾਂ ਕਿਸੇ ਨੇ ਕਦੇ ਵੀ ਕੋਸ਼ਿਸ਼ ਨਹੀਂ ਕੀਤੀ, ਇਹ ਕਹਿਣ ਦੀ ਕੋਸ਼ਿਸ਼ ਕਰੋ ਕਿ ਤੁਸੀਂ ਕੀ ਦੇਖਦੇ ਅਤੇ ਮਹਿਸੂਸ ਕਰਦੇ ਹੋ ਅਤੇ ਪਿਆਰ ਕਰਦੇ ਹੋ ਅਤੇ ਗੁਆਉਂਦੇ ਹੋ. ਪਿਆਰ ਕਵਿਤਾਵਾਂ ਨਾ ਲਿਖੋ; ਉਹਨਾਂ ਰੂਪਾਂ ਤੋਂ ਬਚੋ ਜੋ ਬਹੁਤ ਤੇਜ਼ ਅਤੇ ਆਮ ਹੁੰਦੇ ਹਨ: ਉਹਨਾਂ ਦੇ ਨਾਲ ਕੰਮ ਕਰਨਾ ਸਭ ਤੋਂ ਔਖਾ ਹੈ, ਅਤੇ ਇਹ ਬਹੁਤ ਕੁਝ ਲੈ ਲੈਂਦਾ ਹੈ, ਉਹ ਕੁਝ ਵਿਅਕਤੀ ਪੈਦਾ ਕਰਨ ਲਈ, ਜਿੱਥੇ ਚੰਗਾ, ਇੱਥੋਂ ਤੱਕ ਕਿ ਸ਼ਾਨਦਾਰ ਵੀ, ਪਰੰਪਰਾ ਵਿੱਚ ਬਹੁਤਾਤ ਵਿੱਚ ਮੌਜੂਦ ਹੁੰਦੇ ਹਨ।

ਇਸ ਲਈ ਇਹਨਾਂ ਆਮ ਵਿਸ਼ਿਆਂ ਤੋਂ ਆਪਣੇ ਆਪ ਨੂੰ ਬਚਾਓ ਅਤੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਤੁਹਾਨੂੰ ਕੀ ਪ੍ਰਦਾਨ ਕਰਦੀ ਹੈ ਬਾਰੇ ਲਿਖੋ; ਆਪਣੇ ਦੁੱਖਾਂ ਅਤੇ ਇੱਛਾਵਾਂ ਦਾ ਵਰਣਨ ਕਰੋ, ਤੁਹਾਡੇ ਮਨ ਦੁਆਰਾ ਪਾਸ ਕੀਤੇ ਗਏ ਵਿਚਾਰ ਅਤੇ ਕਿਸੇ ਕਿਸਮ ਦੀ ਸੁੰਦਰਤਾ ਵਿਚ ਤੁਹਾਡੇ ਵਿਸ਼ਵਾਸ ਦਾ ਵਰਣਨ - ਇਹ ਸਭ ਦਿਲੋਂ, ਚੁੱਪ, ਨਿਮਰ ਈਮਾਨਦਾਰੀ ਨਾਲ ਬਿਆਨ ਕਰੋ ਅਤੇ, ਜਦੋਂ ਤੁਸੀਂ ਆਪਣੇ ਆਪ ਨੂੰ ਜ਼ਾਹਰ ਕਰਦੇ ਹੋ, ਆਪਣੇ ਦੁਆਲੇ ਦੀਆਂ ਚੀਜ਼ਾਂ ਦਾ ਇਸਤੇਮਾਲ ਕਰੋ, ਤੁਹਾਡੇ ਸੁਪਨੇ ਦੀਆਂ ਤਸਵੀਰਾਂ, ਅਤੇ ਉਹ ਚੀਜ਼ਾਂ ਜਿਨ੍ਹਾਂ ਨੂੰ ਤੁਸੀਂ ਯਾਦ ਰੱਖਦੇ ਹੋ।

ਜੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਮਾੜੀ ਨਜ਼ਰ ਆਉਂਦੀ ਹੈ, ਤਾਂ ਇਸ 'ਤੇ ਦੋਸ਼ ਨਾ ਲਗਾਓ; ਆਪਣੇ ਆਪ ਨੂੰ ਦੋਸ਼ ਦਿਓ; ਆਪਣੇ ਆਪ ਚ ਸਵੀਕਾਰ ਕਰੋ ਕਿ ਤੁਸੀਂ ਅੰਦਰਲੇ ਕਵੀ ਨੂੰ ਆਪਣੀ ਦੌਲਤ ਕੱਢਣ ਲਈ ਕਾਫ਼ੀ ਨਹੀਂ ਹੋ; ਕਿਉਂਕਿ ਸਿਰਜਣਹਾਰ ਲਈ ਕੋਈ ਗਰੀਬੀ ਨਹੀਂ 'ਤੇ ਨਾ ਕੋਈ ਗਰੀਬ, ਉਦਾਸ/ਵੱਖਰੀ ਜਗ੍ਹਾ ਨਹੀਂ ਹੈ. ਅਤੇ ਭਾਵੇਂ ਤੁਸੀਂ ਕਿਸੇ ਜੇਲ੍ਹ ਵਿਚ ਆਪਣੇ ਆਪ ਨੂੰ ਪਾਵੋਂ, ਜਿਸ ਦੀਆਂ ਕੰਧਾਂ ਕਿਸੇ ਦੁਨੀਆਂ ਦੀ ਕਿਸੇ ਆਵਾਜ਼ ਨੂੰ ਅੰਦਰ ਨਹੀਂ ਆਉਣ ਦਿੰਦੀਆਂ - ਕੀ ਤੁਹਾਡੇ ਕੋਲ ਅਜੇ ਵੀ ਬਚਪਨ ਵਿਚ ਨਹੀਂ,ਜਿਸਦੀ ਕਿਮਤ ਸਭ ਕੀਮਤਾਂ ਤੋਂ ਬਾਹਰ , ਯਾਦਾਂ ਦਾ ਖ਼ਜ਼ਾਨਾ ਹੈ? ਇਸਦੇ ਵੱਲ ਆਪਣਾ ਧਿਆਨ ਲਗਾਵੋ।

ਇਸ ਵਿਸ਼ਾਲ ਅਤੀਤ ਚ ਧੜਕਣ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕਰੋ; ਤੁਹਾਡੀ ਸ਼ਖਸੀਅਤ ਮਜ਼ਬੂਤ ਹੋ ਜਾਵੇਗੀ, ਤੁਹਾਡਾ ਇਕਾਂਤ ਇੱਕ ਥਾਂ ਬਣ ਜਾਵੇਗਾ ਅਤੇ ਇੱਕ ਅਜਿਹੀ ਜਗ੍ਹਾ ਬਣ ਜਾਵੇਗਾ ਜਿੱਥੇ ਤੁਸੀਂ ਸੰਝੌਤੀ ਵਿੱਚ ਰਹਿ ਸਕਦੇ ਹੋ, ਜਿੱਥੇ ਦੂਸਰਿਆਂ ਦਾ ਰੌਲਾ ਦੂਰ ਹੋ ਜਾਂਦਾ ਹੈ। - ਅਤੇ ਜੇਕਰ ਇਸ ਦੇ ਅੰਦਰ-ਅੰਦਰ, ਆਪਣਾ ਹੀ ਸੰਸਾਰ ਵਿਚ ਇਸ ਡੁੱਬ ਤੋਂ ਬਾਹਰ ਕਵਿਤਾਵਾਂ ਆਉਂਦੀਆਂ ਹਨ, ਤਾਂ ਤੁਸੀਂ ਕਿਸੇ ਨੂੰ ਇਹ ਪੁੱਛਣ ਬਾਰੇ ਨਹੀਂ ਸੋਚਗੇ ਕਿ ਉਹ ਚੰਗੀਆਂ ਹਨ ਜਾਂ ਨਹੀਂ।

ਨਾ ਹੀ ਤੁਸੀਂ ਇਹਨਾਂ ਕੰਮਾਂ ਵਿਚ ਮੈਗਜ਼ੀਨਾਂ ਨੂੰ ਜੋੜਨ ਦੀ ਕੋਸ਼ਿਸ਼ ਕਰੋਗੇ: ਕਿਉਂਕਿ ਤੁਸੀਂ ਉਨ੍ਹਾਂ ਨੂੰ ਆਪਣੀ ਪਿਆਰੀ ਕੁਦਰਤੀ ਵਸੀਅਤ ਵਾਂਗ ਦੇਖੋਗੇ, ਤੁਹਾਡੇ ਜੀਵਨ ਦਾ ਇਕ ਟੁਕੜਾ, ਇਸ ਦੀ ਇੱਕ ਆਵਾਜ, .ਇਕ ਕਲਾ-ਕ੍ਰਿਤ ਚੰਗੀ ਹੈ ਜੇਕਰ ਇਹ ਲੋੜ ਤੋਂ ਉਤਪੰਨ ਹੋਈ ਹੈ. ਇਹੀ ਉਹ ਤਰੀਕਾ ਹੈ ਜਿਸ ਨਾਲ ਕੋਈ ਇਸਦਾ ਫੈਸਲਾ ਕਰ ਸਕਦਾ ਹੈ। ਸੋ, ਪਿਆਰੇ , ਮੈਂ ਤੁਹਾਨੂੰ ਕੋਈ ਸਲਾਹ ਨਹੀਂ ਦੇ ਸਕਦਾ, ਪਰ ਇਹ ਕਿ ਆਪਣੇ ਆਪ ਵਿਚ ਉੱਤਰੋ ਤੇ ਦੇਖਣੋ ਕਿ ਉਹ ਥਾਂ ਕਿੰਨੀ ਡੂੰਘੀ ਹੈ ਜਿਸ 'ਚੋਂ ਤੁਹਾਡਾ ਜੀਵਨ ਵਹਿੰਦਾ ਹੈ;

ਇਸਦੇ ਸਰੋਤ ਤੇ ਤੁਸੀਂ ਇਸ ਸਵਾਲ ਦਾ ਜਵਾਬ ਲੱਭ ਸਕੋਗੇ ਕਿ, ਕੀ ਤੁਹਾਨੂੰ ਬਣਾਉਣਾ ਚਾਹੀਦਾ ਹੈ. ਇਹ ਜਵਾਬ ਸਵੀਕਾਰ ਕਰੋ, ਜਿਵੇਂ ਕਿ ਇਹ ਤੁਹਾਨੂੰ ਦਿੱਤਾ ਗਿਆ ਹੈ, ਬਿਨਾਂ ਇਸਦੀ ਵਿਆਖਿਆ ਕਰਨ ਦੀ ਕੋਸ਼ਿਸ਼ ਤੋਂ, ਸ਼ਾਇਦ ਤੁਸੀਂ ਦੇਖੋਗੇ ਕਿ ਤੁਹਾਨੂੰ ਇੱਕ ਕਲਾਕਾਰ ਕਿਹਾ ਜਾਂਦਾ ਹੈ। ਫਿਰ ਕਿਸਮਤ ਨੂੰ ਆਪਣੇ ਉੱਤੇ ਲੈ, ਅਤੇ ਇਸ ਨੂੰ ਚੁੱਕੋ, ਇਸਦੇ ਬੋਝ ਅਤੇ ਇਸਦੀ ਮਹਾਨਤਾ, ਬਿਨਾਂ ਪੁੱਛੇ, ਕੀ ਇਨਾਮ ਮਿਲੇਗਾ? ਸਿਰਜਣਹਾਰ ਲਈ ਆਪਣੇ ਲਈ ਸੰਸਾਰ ਹੋਣਾ ਲਾਜ਼ਮੀ ਹੈ ਅਤੇ ਆਪਣੇ ਆਪ ਅਤੇ ਕੁਦਰਤ ਵਿੱਚ ਹਰ ਚੀਜ ਨੂੰ ਲੱਭਣਾ ਚਾਹੀਦਾ ਹੈ, ਜਿਸ ਨਾਲ ਉਸਦਾ ਪੂਰਾ ਜੀਵਨ ਸਮਰਪਿਤ ਹੈ. ਪਰ ਇਸ ਤੋਂ ਬਾਅਦ

ਪਰ ਆਪਣੇ ਆਪ ਵਿੱਚ ਅਤੇ ਆਪਣੇ ਇਕੱਲੇ ਨਿਵਾਸ ਵਿੱਚ ਹੋਣ ਦੇ ਬਾਅਦ, ਸ਼ਾਇਦ ਤੁਹਾਨੂੰ ਇੱਕ ਕਵੀ ਬਣਨਾ ਤਿਆਗਣਾ ਪਵੇ (ਜਿਵੇਂ ਕਿ ਮੈਂ ਕਿਹਾ ਹੈ, ਕੋਈ ਮਹਿਸੂਸ ਕਰਦਾ ਹੈ ਕਿ ਕੋਈ ਲਿਖਣ ਤੋਂ ਬਗੈਰ ਰਹਿ ਸਕਦਾ ਹੈ, ਫਿਰ ਉਸ ਨੂੰ ਕੁਝ ਲਿਖਣਾ ਨਹੀਂ ਚਾਹੀਦਾ). ਫਿਰ ਵੀ, ਇਹ ਸਵੈ-ਖੋਜ ਹੈ ਕਿ ਮੈਂ ਤੁਹਾਡੇ ਲਈ ਕੁਝ ਵੀ ਹੋਵਾਗਾ. ਤੁਹਾਡੀ ਜਿੰਦਗੀ ਅਜੇ ਵੀ ਉੱਥੇ ਦੇ ਆਪਣੇ ਮਾਰਗਾਂ ਨੂੰ ਲੱਭੇਗੀ, ਅਤੇ ਇਹ ਕਿ ਮੈਂ ਤੁਹਾਡੇ ਲਈ ਉਹ ਚੰਗਾ, ਅਮੀਰ ਅਤੇ ਵਿਆਪਕ ਹਵੋ ਕਾਮਨਾ ਕਰਦਾ,ਜਿੰਨਾ ਮੈਂ ਕਹਿ ਸਕਦਾ ਹਾਂ. ਮੈਂ ਤੁਹਾਨੂੰ ਹੋਰ ਕੀ ਦੱਸਾਂ?

ਮੈਨੂੰ ਲਗਦਾ ਹੈ ਕਿ ਹਰ ਚੀਜ਼ ਦਾ ਸਹੀ ਜ਼ੋਰ ਦਿੱਤਾ ਗਿਆ ਹੈ; ਅਤੇ ਅੰਤ ਵਿੱਚ ਮੈਂ ਸਿਰਫ ਇੱਕ ਹੋਰ ਸਲਾਹ ਨੂੰ ਸ਼ਾਮਿਲ ਕਰਨਾ ਚਾਹੁੰਦਾ ਹਾਂ: ਲਗਾਤਾਰ ਵਿਕਾਸ ਲਈ, ਵਧਦੇ ਰਹਿਣ ਲਈ, ਚੁੱਪਚਾਪ ਅਤੇ ਦਿਲਚੋਰਕ ਰਹਿਣ ਲਈ; ਤੁਸੀਂ ਇਸ ਨੂੰ ਕਿਸੇ ਵੀ ਹੋਰ ਹਿੰਸਕ ਤਰੀਕੇ ਨਾਲ ਬਾਹਰੀ ਤੌਰ ਤੇ ਪਰੇਸ਼ਾਨ ਨਹੀਂ ਕਰ ਸਕਦੇ ਅਤੇ ਬਾਹਰੀ ਜਵਾਬਾਂ ਦੀ ਉਡੀਕ ਕਰਦੇ ਹੋਏ ਇਹਨਾਂ ਪ੍ਰਸ਼ਨਾਂ ਦੇ ਜਵਾਬ ਦੇ ਸਕਦੇ ਹੋ, ਕਿ ਤੁਹਾਡੇ ਸ਼ਾਂਤ ਘੰਟਿਆਂ ਵਿੱਚ, ਸ਼ਾਇਦ ਤੁਸੀਂ ਜਵਾਬ ਦੇ ਸਕੋ।

ਮੇਰੇ ਲਈ ਖੁਸ਼ੀ ਦੀ ਗੱਲ ਸੀ ਤੁਹਾਡੇ ਖਤ ਚ ਪ੍ਰੋਫੈਸਰ ਹੋਰਾਸੇਕ ਦਾ ਨਾਂ ਦੇਖਕੇ; ਮੈਨੂੰ ਉਸ ਕਿਸਮ ਦੇ, ਸਿੱਖਿਅਤ ਵਿਅਕਤੀ ਲਈ ਬਹੁਤ ਸਤਿਕਾਰ ਹੈ ਅਤੇ ਇਕ ਸ਼ੁਕਰਾਨਾ ਹੈ ਜੋ ਸਾਲਾਂ ਤੋਂ ਚੱਲ ਰਿਹਾ ਹੈ। ਕੀ ਤੁਸੀਂ ਉਸਨੂੰ ਦੱਸ ਸਕੋਗੇ ਕਿ ਮੈਂ ਕਿਵੇਂ ਮਹਿਸੂਸ ਕਰਦਾ ਹਾਂ;ਿ ਇਹ ਉਹਨਾਂ ਦਾ ਵਡਪਨ ਹੈ ਮੈਨੂੰ ਚੇਤੇ ਰੱਖਣਾ, ਅਤੇ ਮੈਂ ਇਸ ਦੀ ਕਦਰ ਕਰਦਾ ਹਾਂ। ਉਹ ਕਵਿਤਾਵਾਂ ਜੋ ਤੁਸੀਂ ਮੈਨੂੰ ਸੌਂਪੀਆਂ ਸਨ, ਮੈਂ ਤੁਹਾਡੇ ਕੋਲ ਵਾਪਸ ਭੇਜ ਰਿਹਾ ਹਾਂ. ਅਤੇ ਮੈਂ ਤੁਹਾਡੇ ਸਵਾਲਾਂ ਅਤੇ ਈਮਾਨਦਾਰ ਵਿਸ਼ਵਾਸ ਲਈ ਇਕ ਵਾਰ ਫਿਰ ਤੋਂ ਧੰਨਵਾਦ ਕਰਦਾ ਹਾਂ, ਜਿਸ ਦਾ ਮੈਂ ਇਮਾਨਦਾਰੀ ਨਾਲ ਜਵਾਬ ਦੇ ਸਕਦਾ ਹਾਂ, ਮੈਂ ਆਪਣੇ ਆਪ ਨੂੰ ਮੇਰੇ ਨਾਲੋਂ ਥੋੜ੍ਹਾ ਜਿਹਾ ਲਾਭਦਾਇਕ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਇੱਕ ਅਜਨਬੀ ਦੇ ਰੂਪ ਵਿੱਚ,ਜਿਵੇਂ ਅਸਲ ਵਿੱਚ ਮੈਂ ਹਾਂ।

ਤੁਹਾਡਾ ਬਹੁਤ ਹੀ ਸੱਚਾ, ਰੇਨਰ ਮਾਰੀਆ ਰੀਲਕੇ।

*

ਵਅਰੇਗੀਓ, ਪੀਸਾ ਦੇ ਨੇੜੇ (ਇਟਲੀ) 5 ਅਪ੍ਰੈਲ, 1903

ਪਿਆਰੇ, ਤੁਹਾਡੇ 24 ਫਰਵਰੀ ਦੇ ਪੱਤਰ ਨੂੰ ਸ਼ੁਕਰਗੁਜ਼ਾਰੀ ਨਾਲ ਯਾਦ ਕਰਨ ਲਈ ਅੱਜ ਤੱਕ ਉਡੀਕ ਕਰਨ ਲਈ, ਤੁਸੀਂ ਮੈਨੂੰ ਮੁਆਫ ਕਰ ਦੇਣਾ: ਮੈਂ ਇਸ ਸਮੇਂ ਦੌਰਾਨ ਬਿਮਾਰ ਰਿਹਾ ਹਾਂ, ਸੱਚੀ ਬੀਮਾਰ ਨਹੀਂ, ਪਰ ਇੰਨਫਲੂਐਂਜ਼ਾ ਜਿਹੀ ਕਮਜ਼ੋਰੀ ਦਾ ਸਤਾਇਆ, ਜਿਸ ਨੇ ਮੈਨੂੰ ਕੁਝ ਵੀ ਕਰਨ ਤੋਂ ਅਸਮਰਥ ਬਣਾ ਦਿਤਾ . ਅਤੇ ਆਖਿਰ 'ਚ, ਕਿਉਂਕਿ ਇਹ ਸੁਧਾਰ ਕਰਨਾ ਨਹੀਂ ਚਾਹੁੰਦੀ ਸੀ, ਮੈਂ ਇਸ ਸਮੁੰਦਰ ਵਿੱਚ ਆਇਆ, ਜਿਸਦੀ ਦਰਿਆ ਦਿਲੀ ਨੇ ਪਹਿਲਾਂ ਵੀ ਇੱਕ ਵਾਰ ਮੇਰੀ ਮਦਦ ਕੀਤੀ। ਪਰ ਮੈਂ ਹਾਲੇ ਵੀ ਠੀਕ ਨਹੀਂ ਹਾਂ, ਲਿਖਣਾ ਮੁਸ਼ਕਲ ਹੈ, ਅਤੇ ਇਸ ਲਈ ਬਜਾਏ ਉਸਦੇ ਜੋ ਮੈਂ ਭੇਜਣਾ ਪਸੰਦ ਕਰਦਾ ਤੁਹਾਡੇ ਖ਼ਤ ਬਦਲੇ, ਇਹਨਾਂ ਕੁਝ ਸਤਰਾਂ ਨੂੰ ਹੀ ਸਵੀਕਾਰ ਕਰਨਾ ਪਵੇਗਾ।

ਬੇਸ਼ਕ, ਤੁਹਾਨੂੰ ਜ਼ਰੂਰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡੇ ਹਰ ਖ਼ਤ ਹਮੇਸ਼ਾ ਮੈਨੂੰ ਖੁਸ਼ੀ ਦਿੰਦੇ, ਅਤੇ ਤੁਹਾਨੂੰ ਜਵਾਬ ਦੇ ਨਾਲ ਹੋਣਾ ਚਾਹੀਦਾ ਹੈ, ਜੋ ਸ਼ਾਇਦ ਅਕਸਰ ਤੁਹਾਨੂੰ ਖਾਲੀ ਹੱਥ ਪੱਲੇ ਕੱਖ ਨਾ ਪਾਉਣ; ਆਖਿਰਕਾਰ, ਅਤੇ ਬਿਲਕੁਲ ਸਹੀ ਅਤੇ ਡੂੰਘੇ ਅਤੇ ਸਭ ਤੋਂ ਮਹੱਤਵਪੂਰਨ ਮਸਲਿਆਂ ਵਿੱਚ, ਅਸੀਂ (ਅਤਕੱਥਨੀ)ਇੱਕਲੇ ਹਾਂ; ਅਤੇ ਬਹੁਤ ਸਾਰੀਆਂ ਗੱਲਾਂ ਹੋਣਗੀਆਂ, ਬਹੁਤ ਸਾਰੀਆਂ ਗੱਲਾਂ ਸਹੀ ਹੋਣਗੀਆਂ, ਘਟਨਾਵਾਂ ਦਾ ਸਮੁੱਚਾ ਤਾਰਾ ਸੰਪੂਰਨ ਹੋਣਾ ਚਾਹੀਦਾ ਹੈ, ਇੱਕ ਇਨਸਾਨ ਨੂੰ ਸਫਲਤਾਪੂਰਵਕ ਸਲਾਹ ਦੇਣ ਜਾਂ ਦੂਜੇ ਦੀ ਮਦਦ ਕਰਨ ਲਈ।

ਅੱਜ ਮੈਂ ਤੁਹਾਨੂੰ ਹੋਰ ਦੋ ਗੱਲਾਂ ਦੱਸਣਾ ਚਾਹੁੰਦਾ ਹਾਂ: ਵਿਅੰਗ: ਆਪਣੇ ਆਪ ਨੂੰ ਇਸ ਦੁਆਰਾ ਨਿਯੰਤਰਿਤ ਨਾ ਹੋਣ ਦਿਓ, ਖਾਸ ਤੌਰ ਤੇ ਉਹਨਾਂ ਪਲਾਂ ਦੌਰਾਨ ਜਦੋਂ ਤੁਸੀ ਸਿਰਜਣਾ ਨਹੀਂ ਕਰ ਰਹੇ। ਜਦੋਂ ਤੁਸੀਂ ਪੂਰੀ ਤਰ੍ਹਾਂ ਸਿਰਜਣਾ 'ਚ ਹੋ, ਤਾਂ ਇਸਨੂੰ ਵਰਤਣ ਦੀ ਕੋਸ਼ਿਸ਼ ਕਰੋ, ਜਿਉ ਇੱਕ ਹੋਰ ਤਰੀਕਾ ਜੀਵਨ ਨੂੰ ਫੜਣ ਦਾ। ਨਿਰੋਲ ਵਰਤੋ, ਇਹ ਵੀ ਨਿਰੋਲ ਹੈ, ਅਤੇ ਕਿਸੇ ਨੂੰ ਇਸ ਤੋਂ ਸ਼ਰਮਸ਼ਾਰ ਹੋਣ ਦੀ ਜ਼ਰੂਰਤ ਨਹੀਂ ਹੈ; ਪਰ ਜੇ ਤੁਸੀਂ ਆਪਣੇ ਆਪ ਨੂੰ ਇਸ ਤੋਂ ਬਹੁਤ ਨਿਝੱਕ ਮਹਿਸੂਸ ਕਰਦੇ ਹੋ, ਜੇ ਤੁਸੀਂ ਇਸ ਵਧ ਰਹੀ ਵਾਕਫ਼ੀਅਤ ਤੋਂ ਡਰਦੇ ਹੋ, ਫੇਰ ਮਹਾਨ ਅਤੇ ਗੰਭੀਰ ਵਸਤੂਆਂ ਵੱਲ ਮੁੜੋ, ਜਿਸ ਸਾਹਮਣੇ ਇਹ ਛੋਟਾ ਅਤੇ ਨਿਰਬਲ ਹੋ ਜਾਂਦਾ ਹੈ. ਸ਼ੈਆਂ ਦੀ ਡੂੰਘਾਈ ਵਿੱਚ ਖੋਜ ਕਰੋ: ਉੱਥੇ, ਵਿਅੰਗ ਕਦੇ ਨਹੀਂ ਉੱਤਰਦਾ – ਅਤੇ ਜਦੋਂ ਤੁਸੀਂ ਮਹਾਨਤਾ ਦੇ ਕਿਨਾਰੇ ਤੇ ਪਹੁੰਚਦੇ ਹੋ, ਇਹ ਪਤਾ ਲਗਾਓ ਕਿ ਕੀ ਇਹ ਦੁਨੀਆਂ ਤੁਹਾਡੀ ਹੋਂਦ ਦੀ ਜ਼ਰੂਰਤ ਤੋਂ ਉੱਠਦੀ ਹੈ ਜਾਂ ਨਹੀਂ. ਗੰਭੀਰ ਵਸਤਾਂ ਦੇ ਪ੍ਰਭਾਵ ਦੇ ਅਧੀਨ ਇਹ ਜਾਂ ਤਾਂ ਤੁਹਾਡੇ ਤੋਂ ਦੂਰ ਹੋ ਜਾਣਗੀਆਂ (ਜੇਕਰ ਇਹ ਕੁਝ ਅਚਾਨਕ ਹੋਵੇ), ਜਾਂ ਹੋਰ (ਜੇ ਇਹ ਅਸਲ ਵਿੱਚ ਹੈ ਅਤੇ ਤੁਹਾਡੇ ਨਾਲ ਸੰਬੰਧਤ ਹੈ) ਤਾਂ ਇਹ ਮਜ਼ਬੂਤ ਹੋ ਜਾਇਗਾ, ਅਤੇ ਇੱਕ ਗੰਭੀਰ ਸੰਦ ਬਣ ਜਾਏਗਾ ਉਹਨਾਂ ਸੰਦਾਂ ਚੋ ਇਕ ਜਿਸ ਨਾਲ ਤੁਸੀ ਆਪਣੀ ਕਲਾ ਬਣਾ ਸਕਦੇ ਹੋ।

ਅਤੇ ਦੂਜੀ ਗੱਲ ਇਹ ਹੈ ਕਿ ਮੈਂ ਤੁਹਾਨੂੰ ਅੱਜ ਦੱਸਣਾ ਚਾਹੁੰਦਾ ਹਾਂ:

ਮੇਰੀਆਂ ਸਾਰੀਆਂ ਕਿਤਾਬਾਂ ਵਿੱਚੋਂ, ਮੈਂ ਸਿਰਫ਼ ਕੁਝ ਨੂੰ ਹੀ ਲਾਜ਼ਮੀ ਸਮਝਦਾ ਹਾਂ, ਉਨ੍ਹਾਂ ਵਿੱਚੋਂ ਦੋ ਮੇਰੇ

ਨਾਲ ਹਮੇਸ਼ਾਂ ਹੁੰਦੀਆਂ ਹਨ, ਜਿੱਥੇ ਵੀ ਮੈਂ ਹਾਂ। ਉਹ ਇੱਥੇ ਮੇਰੇ ਨਾਲ ਹਨ: ਬਾਈਬਲ, ਅਤੇ ਮਹਾਨ ਡੈਨਿਸ਼ ਕਵੀ ਜੈਨਸ ਪੀਟਰ ਜੈਕੋਬਸਨ ਦੀਆਂ ਕਿਤਾਬਾਂ। ਕੀ ਤੁਹਾਨੂੰ ਉਸਦੀਆਂ ਕ੍ਰਿਤਾਂ ਬਾਰੇ ਪਤਾ ਹੈ? ਉਹਨਾਂ ਨੂੰ ਲੱਭਣਾ ਸੌਖਾ ਹੈ, ਕਿਉਂਕਿ ਕੁਝ ਰੀਕੱਲਮ ਦੀ ਯੂਨੀਵਰਸਲ ਲਾਇਬ੍ਰੇਰੀ ਦੁਆਰਾ ਬਹੁਤ ਵਧੀਆ ਅਨੁਵਾਦ ਚ, ਪ੍ਰਕਾਸ਼ਿਤ ਕੀਤੇ ਗਏ ਹਨ., ਜੇ. ਪੀ. ਜਕੋਬਸਨ ਦੀਆਂ ਛੇ ਕਹਾਣੀਆਂ ਅਤੇ ਨਾਵਲ 'ਨਾਈਲਸ ਲਾਈਨੇ' ਦੀ ਛੋਟੀ ਸੈਂਚੀ ਲਵੋ, ਅਤੇ ਪਹਿਲਾ ਪਹਿਲੀ ਕਹਾਣੀ ਸ਼ੁਰੂ ਕਰੋ, ਜਿਸ ਨੂੰ "ਮੋਗੇਨਜ਼" ਕਹਿੰਦੇ ਹਨ. ਇਕ ਸਾਰਾ ਸੰਸਾਰ ਤੁਹਾਨੂੰ ਲਪੇਟ ਲਵੇਗਾ, ਖੁਸ਼ੀਆਂ, ਬਹੁਤਾਤ, ਇਕ ਸੰਸਾਰ ਦੀ ਅਨੌਖੀ ਵਿਸ਼ਾਲਤਾ। ਇਹਨਾਂ ਕਿਤਾਬਾਂ ਵਿੱਚ ਕੁਝ ਦੇਰ ਲਈ ਜੀਓ, ਉਹਨਾਂ ਤੋਂ ਸਿੱਖੋ ਜੋ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਸਿੱਖਣ ਲਈ ਜਰੂਰੀ ਹੈ, ਲੇਕਿਨ ਸਭ ਤੋਂ ਜ਼ਿਆਦਾ ਇਹਨਾਂ ਨੂੰ ਪਿਆਰ ਕਰੋ। ਇਹ ਪਿਆਰ ਤੁਹਾਡੇ ਕੋਲ ਹਜਾਰਾਂ ਤੇ ਹਜ਼ਾਰਾਂ ਵਾਰ ਮੁੜ ਆਵੇਗਾ, ਭਾਵੇਂ ਤੁਹਾਡਾ ਜੀਵਨ 'ਚ ਜੋ ਵੀ ਹੋ ਜਾਵੇ ਇਹ ਹੋਵੇਗਾ, ਮੈਨੂੰ ਇਹ ਯਕੀਨ ਹੈ ਕਿ ਤੁਸੀਂ ਆਪਣੇ ਹੋਣੀ/ਹੋਂਦ ਦੇ ਸਾਰੇ ਧਾਗਿਆਂ ਥਾਣੀ ਲੰਘੋ, ਜਿਵੇਂ ਸਭ ਤਜ਼ਰਿਬਿਆਂ ਦੇ ਸਭ ਤੋਂ ਮਹੱਤਵਪੂਰਣ ਧਾਗਿਆਂ ਵਿੱਚੋਂ ਇੱਕ ਧਾਗਾ ਹੈ, ਨਿਰਾਸ਼ਾ, ਅਤੇ ਖੁਸ਼ੀ।


ਜੇ ਮੈਂ ਇਹ ਕਹਿਣਾ ਚਾਹਾਂ ਕਿ ਕਿਸਨੇ ਮੈਨੂੰ ਸਭ ਤੋਂ ਵੱਡਾ ਤਜਰਬਾ ਦਿੱਤਾ ਹੈ ਸਿਰਜਣਾਤਮਕਤਾ ਦਾ, ਉਸਦੀ ਡੂੰਘਾਈ ਅਤੇ ਸਦੀਵੀਤਾ, ਇੱਥੇ ਸਿਰਫ ਦੋ ਨਾਮ ਹਨ ਜੋ ਮੈਂ ਜ਼ਰੂਰ ਦੱਸਾਂਗਾ: ਮਹਾਨ, ਮਹਾਨ ਕਵੀ, ਜੈਕੋਬਸਨ ਅਤੇ ਮੂਰਤੀਕਾਰ ਓਗਸਟੇ ਰੋਡਿਨ, ਜੋ ਸਾਰੇ ਜਿਉਂਦੇ ਕਲਾਕਾਰਾਂ ਵਿਚ ਕੁਲੀਨ ਨਹੀਂ ਹੈ –

ਅਤੇ ਤੁਹਾਡੇ ਰਾਹਾਂ ਤੇ ਸਦਾ ਸਫਲਤਾ!

ਤੁਹਾਡਾ, ਰੇਨਰ ਮੈਰੀ ਰੀਲਕੇ

9115872450





# ਸੁਕਰਾਤ ਦਾ ਮੁਕੱਦਮਾ
## (ਯੂਥੀਫ੍ਰੋ)

ਵਾਰਤਾਲਾਪ ਦੇ ਪਾਤਰ: ਸੁਕਰਾਤ, ਯੂਥੀਫ੍ਰੋ
ਸਥਾਨ: ਰਾਜੇ ਆਰਕੌਨ ਦਾ ਦੁਆਰ ਮੰਡਪ (ਪੌਰਚ)

**ਯੂਥੀਫ੍ਰੋ:** ਸੁਕਰਾਤ ਤੁਸੀਂ ਲਾਇਸੀਅਮ ਨੂੰ ਕਿਉਂ ਛੱਡਿਆ? ਅਤੇ ਤੁਸੀਂ ਰਾਜੇ ਆਰਕੌਨ ਦੇ ਦੁਆਰ ਮੰਡਪ ਵਿੱਚ ਕੀ ਕਰ ਰਹੇ ਹੋ? ਮੇਰੇ ਵਾਂਗ ਯਕੀਨਨ ਹੀ ਤੁਸੀਂ ਰਾਜੇ ਅੱਗੇ ਕਿਸੇ ਮੁਕੱਦਮੇ ਵਿੱਚ ਤਾਂ ਨਹੀਂ ਵਿਚਾਰੇ ਜਾ ਸਕਦੇ?

**ਸੁਕਰਾਤ**: ਕਿਸੇ ਮੁਕੱਦਮੇ ਵਿੱਚ ਨਹੀਂ ਯੂਥੀਫ੍ਰੋ; ਏਹਦੇ ਲਈ ਏਥਨਜ਼ ਵਾਸੀ 'ਸੰਗੀਨ ਇਲਜ਼ਾਮ' ਸ਼ਬਦ ਵਰਤਦੇ ਹਨ।

**ਯੂਥੀਫ੍ਰੋ:** ਕੀ! ਮੈਂ ਸੋਚਿਆ ਕੋਈ ਤੁਹਾਡੇ 'ਤੇ ਮੁਕੱਦਮਾ ਚਲਾ ਰਿਹਾ ਹੋਏਗਾ, ਕਿਉਂਜੋ ਮੈਂ ਇਹ ਯਕੀਨ ਨਹੀਂ ਕਰ ਸਕਦਾ ਕਿ ਤੁਸੀਂ ਕਿਸੇ 'ਤੇ ਮੁਕੱਦਮਾ ਚਲਾਓ।

**ਸੁਕਰਾਤ:** ਬਿਲਕੁਲ ਵੀ ਨਹੀਂ।

**ਯੂਥੀਫ੍ਰੋ:** ਫੇਰ ਕੋਈ ਹੋਰ ਤੁਹਾਡੇ 'ਤੇ ਮੁੱਕਦਮਾ ਕਰ ਰਿਹਾ ਹੋਵੇਗਾ?

**ਸੁਕਰਾਤ:** ਹਾਂ।

**ਯੂਥੀਫ੍ਰੋ:** ਅਤੇ ਉਹ ਕੌਣ ਹੈ?

**ਸੁਕਰਾਤ:** ਯੂਥੀਫ੍ਰੋ, ਇੱਕ ਨੌਜਵਾਨ ਜੋ ਬਹੁਤਾ ਜਾਣਿਆ ਪਛਾਣਿਆ ਨਹੀਂ; ਅਤੇ ਮੈਂ ਵੀ ਉਹਨੂੰ ਬਹੁਤਾ ਨਹੀਂ ਜਾਣਦਾ: ਉਹਦਾ ਨਾਮ ਮੈਲੇਟਸ ਹੈ, ਅਤੇ ਉਹ ਪਿਠੀਜ਼ ਦੀ ਡੀਮ (ਪ੍ਰਬੰਧਕੀ ਇਕਾਈ) ਵਿਚੋਂ ਹੈ। ਸ਼ਾਇਦ ਤੁਹਾਨੂੰ ਓਹਦੀ ਦਿੱਖ ਯਾਦ ਹੋਵੇ; ਉਸਦੀ ਇੱਕ ਚੁੰਝ ਹੈ, ਅਤੇ ਸਿੱਧੇ ਲੰਮੇ ਵਾਲ ਅਤੇ ਦਾੜ੍ਹੀ ਜਿਹੜੀ ਬਹੁਤੀ ਵਧੀ ਨਹੀਂ ਹੋਈ।

**ਯੂਥੀਫ੍ਰੋ:** ਨਹੀਂ, ਮੈਨੂੰ ਨਹੀਂ ਉਹ ਯਾਦ, ਸੁਕਰਾਤ। ਪਰ ਉਹ ਤੁਹਾਡੇ ਖ਼ਿਲਾਫ਼ ਇਲਜ਼ਾਮ ਕਿਹੜਾ ਲੈ ਕੇ ਆਇਆ ਹੈ?

**ਸੁਕਰਾਤ:** ਇਲਜ਼ਾਮ ਕਿਹੜਾ ਹੈ? ਖ਼ੈਰ, ਬਹੁਤ ਸੰਗੀਨ ਇਲਜ਼ਾਮ ਹੈ, ਜਿਸ ਨਾਲ ਇੱਕ ਨੌਜਵਾਨ ਵਿੱਚੋਂ ਚੰਗੇ ਚਰਿੱਤਰ ਦੀ ਝਲਕ ਪੈਂਦੀ ਹੈ ਅਤੇ ਜਿਹਦੇ ਲਈ ਉਸ ਨਾਲ ਨਫ਼ਰਤ ਨਹੀਂ ਕੀਤੀ ਜਾ ਸਕਦੀ। ਉਹਦਾ ਕਹਿਣਾ ਹੈ ਕਿ ਉਹ ਜਾਣਦਾ ਹੈ ਕਿ ਨੌਜਵਾਨ ਬਹਿਕ ਕਿਵੇਂ ਗਏ ਅਤੇ ਉਹਨਾਂ ਨੂੰ ਬਹਿਕਾਉਣ ਵਾਲਾ ਕੌਣ ਹੈ। ਮੇਰਾ ਕਿਆਸ ਸੀ ਕਿ ਉਹ ਜ਼ਰੂਰ ਇੱਕ ਸਿਆਣਾ ਵਿਅਕਤੀ ਹੋਵੇਗਾ, ਅਤੇ ਇਹ ਵੇਖਦੇ ਹੋਏ ਵੀ ਕਿ ਮੈਂ ਸਿਆਣੇ ਹੋਣ ਨਾਲੋਂ ਬਿਲਕੁਲ ਉਲਟਾ ਹਾਂ, ਉਸਨੇ ਮੈਨੂੰ ਲੱਭ ਲਿਆ ਅਤੇ ਆਪਣੇ ਨੌਜਵਾਨ ਮਿੱਤਰਾਂ ਨੂੰ ਭ੍ਰਿਸ਼ਟ ਕਰਨ ਦਾ ਇਲਜ਼ਾਮ ਮੇਰੇ 'ਤੇ ਲਾਉਣ ਜਾ ਰਿਹਾ ਹੈ। ਇਹਦੇ ਲਈ ਸਾਡੀ ਮਾਂ ਇਹ ਰਾਜ ਨਿਆਂਕਾਰ ਹੋਵੇਗਾ। ਸਾਡੇ ਸਾਰੇ ਸਿਆਸਤੀ ਲੋਕਾਂ ਵਿਚੋਂ ਨੌਜਵਾਨਾਂ ਵਿੱਚ ਸਦਗੁਣ ਪੈਦਾ ਕਰਨ ਕਰਕੇ ਮੈਨੂੰ ਸਿਰਫ਼ ਇਹੀ ਬੰਦਾ ਸਹੀ ਦਿਸ਼ਾ ਵਿੱਚ ਖੜਾ ਜਾਪਦਾ ਹੈ। ਇੱਕ ਚੰਗੇ ਕਿਰਸਾਨ ਵਾਂਗ ਉਸਨੇ ਨਵੀਆਂ ਟਾਹਣੀਆਂ ਵੱਲ ਧਿਆਨ ਨੂੰ ਪਹਿਲ ਦਿੱਤੀ ਅਤੇ ਸਾਡਾ ਸਫ਼ਾਇਆ ਕਰ ਦਿੱਤਾ, ਜਿਹੜੇ ਉਹਨਾਂ ਨੂੰ ਤਬਾਹ ਕਰਨ ਵਾਲੇ ਹਨ। ਇਹ ਸਿਰਫ਼ ਪਹਿਲਾ ਕਦਮ ਹੀ ਹੈ; ਇਸਤੋਂ ਮਗਰੋਂ ਉਹ ਪੁਰਾਣੀਆਂ ਟਾਹਣੀਆਂ ਦੀ ਸੇਵਾ ਕਰੇਗਾ ਅਤੇ ਜੇ ਉਹ ਅੱਗੇ ਵਧਦਾ ਗਿਆ ਜਿਵੇਂ ਇਸਨੇ ਸ਼ੁਰੂਆਤ ਕੀਤੀ ਹੈ ਤਾਂ ਇਹ ਲੋਕਾਈ ਦਾ ਵੱਡਾ ਮਹਾਨ ਸ਼ੁਭਚਿੰਤਕ ਬਣੇਗਾ।

**ਯੂਥੀਫ੍ਰੋ:** ਮੈਨੂੰ ਆਸ ਹੈ ਕਿ ਉਹ ਬਣੇਗਾ; ਪਰ ਸੁਕਰਾਤ, ਬਲਕਿ ਮੈਨੂੰ ਡਰ ਹੈ ਕਿ ਹਕੀਕਤ ਇਹਤੋਂ ਬਿਲਕੁਲ ਉਲਟ ਹੋਏਗੀ। ਮੇਰਾ ਨਜ਼ਰੀਆ ਹੈ ਕਿ ਤੇਰੀ ਖ਼ਿਲਾਫ਼ਤ ਕਰਨ ਨਾਲ ਉਹ ਸਿਰਫ਼ ਰਾਜ ਦੀਆਂ ਨੀਹਾਂ ਹਿਲਾ ਰਿਹਾ ਹੈ। ਪਰ ਉਹ ਕਹਿ ਕਿਵੇਂ ਰਿਹਾ ਹੈ ਕਿ ਤੁਸੀਂ ਨੌਜਵਾਨਾਂ ਨੂੰ ਬਹਿਕਾਇਆ ?

**ਸੁਕਰਾਤ:** ਉਸਨੇ ਮੇਰੇ 'ਤੇ ਕਮਾਲ ਦਾ ਇਲਜ਼ਾਮ ਲਾਇਆ ਹੈ ਜਿਸਨੂੰ ਪਹਿਲੀ ਵਾਰ ਸੁਣਿਆਂ ਹੈਰਾਨੀ ਹੁੰਦੀ ਹੈ: ਉਹ ਕਹਿੰਦਾ ਹੈ ਕਿ ਮੈਂ ਕਵੀ ਹਾਂ ਜਾਂ ਦੇਵਤੇ ਘੜਦਾ ਹਾਂ ਅਤੇ ਇਹ ਕਿ ਮੈਂ ਨਵੇਂ ਦੇਵਤੇ ਖੋਜਦਾ ਹਾਂ ਅਤੇ ਪੁਰਾਣਿਆਂ ਦੀ ਹੋਂਦ ਤੋਂ ਮੁਨਕਰ ਹੁੰਦਾ ਹਾਂ; ਇਹ ਦੋਸ਼-ਪੱਤਰ ਦਾ ਆਧਾਰ ਇਹੀ ਹੈ।

**ਯੂਥੀਫ੍ਰੋ:** ਮੈਂ ਸਮਝ ਗਿਆ ਸੁਕਰਾਤ; ਉਹ ਉਹਨਾਂ ਜਾਣੇ ਪਛਾਣੇ ਸੰਕੇਤਾਂ ਬਾਰੇ ਤੁਹਾਡੀ ਖ਼ਿਲਾਫ਼ਤ ਕਰਨਾ ਚਾਹੁੰਦਾ ਹੈ ਜਿਹੜੇ ਅਕਸਰ ਤੁਹਾਨੂੰ ਮਿਲਦੇ ਰਹਿੰਦੇ ਹਨ, ਜਿਵੇਂ ਤੁਸੀਂ ਕਹਿੰਦੇ ਹੋ। ਉਹ ਤੁਹਾਨੂੰ ਇੱਕ ਨਵ-ਮਤੀਆ ਸਮਝਦਾ ਹੈ ਅਤੇ ਉਹ ਤੁਹਾਨੂੰ ਏਸੇ ਵਜਾਹ ਕਰਕੇ ਅਦਾਲਤ ਸਾਹਮਣੇ ਲੈ ਕੇ ਜਾਏਗਾ। ਉਹ ਜਾਣਦਾ ਹੈ ਕਿ ਇਸ ਇਲਜ਼ਾਮ ਵਿੱਚ ਸੰਸਾਰ ਦੀ ਰਜ਼ਾਮੰਦੀ ਹੈ, ਜਿਵੇਂ ਮੈਂ ਖ਼ੁਦ ਵੀ ਖ਼ੂਬ ਜਾਣਦਾ ਹਾਂ; ਕਿਉਂਕਿ ਜਦੋਂ ਮੈਂ ਵਿਧਾਨ ਸਭਾ ਵਿੱਚ ਦੈਵੀ ਚੀਜ਼ਾਂ ਬਾਰੇ ਬੋਲਦਾ ਹਾਂ ਅਤੇ ਉਹਨਾਂ ਸਾਹਮਣੇ ਪੇਸ਼ੀਨਗੋਈ ਕਰਦਾ ਹਾਂ, ਉਹ ਮੇਰੇ 'ਤੇ ਹੱਸਦੇ ਹਨ ਅਤੇ ਸੋਚਦੇ ਹਨ ਕਿ ਮੈਂ ਪਾਗਲ ਹਾਂ। ਜਦੋਂ ਕਿ ਮੇਰਾ ਬੋਲਿਆ ਹਰ ਸ਼ਬਦ ਸੱਚਾ ਹੁੰਦਾ ਹੈ। ਪਰ ਉਹ ਸਾਡੇ ਸਰਿਆਂ ਤੋਂ ਖ਼ਾਰ ਖਾਂਦੇ ਹਨ ਅਤੇ ਸਾਨੂੰ ਬਹਾਦਰ ਰਹਿ ਕੇ ਉਹਨਾਂ ਦਾ ਸਾਹਮਣਾ ਕਰਨਾ ਪਵੇਗਾ।

**ਸੁਕਰਾਤ:** ਮਿੱਤਰ ਯੂਥੀਫ੍ਰੋ, ਉਹਨਾਂ ਦਾ ਹਾਸਾ ਬਹੁਤਾ ਮਹੱਤਵਪੂਰਨ ਨਹੀਂ ਹੈ। ਕਿਉਂਜੋ ਸ਼ਾਇਦ ਵਿਚਾਰਾਂ ਕਰਕੇ ਕੋਈ ਵਿਅਕਤੀ ਅਜਿਹਾ ਕਰੇ; ਪਰ ਮੈਂ ਸਮਝਦਾਂ ਕਿ ਏਥਨਜ਼ ਵਾਸੀ ਉਦੋਂ ਤੱਕ ਉਸ ਕਰਕੇ ਖ਼ੁਦ ਨੂੰ ਐਨੇ ਦੁਖ ਨਹੀਂ ਦੇਣਗੇ ਜਦੋਂ ਤੱਕ ਉਹ ਆਪਣੀ ਸਿਆਣਪ ਦੂਜਿਆਂ ਨੂੰ ਨਾ ਵੰਡਣ ਲੱਗੇ, ਅਤੇ ਉਹ ਕਿਸੇ ਨਾ ਕਿਸੇ ਕਾਰਨ ਵੱਸ ਗੁੱਸੇ ਹਨ, ਸ਼ਾਇਦ ਜਿਵੇਂ ਤੁਸੀਂ ਕਿਹਾ ਕਿ ਖ਼ਾਰ ਖਾਣ ਕਰਕੇ।

**ਯੂਥੀਫ੍ਰੋ:** ਸ਼ਾਇਦ ਮੈਂ ਕਦੇ ਵੀ ਉਹਨਾਂ ਦੀ ਇਸ ਕਿਸਮ ਦੀ ਨਾਰਾਜ਼ਗੀ ਨਹੀਂ ਸਹੇੜੀ।

**ਸੁਕਰਾਤ:** ਮੇਰਾ ਖਿਆਲ ਨਹੀਂ, ਕਿਉਂਜੋ ਤੁਹਾਡਾ ਵਿਹਾਰ ਬਹੁਤ ਸੰਜਮੀ ਹੈ ਅਤੇ ਤੁਸੀਂ ਆਪਣਾ ਗਿਆਨ ਕਦੇ ਕਦਾਈਂ ਵੰਡਦੇ ਹੋ। ਪਰ ਆਪਣੇ ਆਪੇ ਨੂੰ ਹਰ ਕੋਲ ਡੋਲਣ ਦੀ ਮੇਰੀ ਪਰਉਪਕਾਰੀ ਭਾਵਨਾ ਹੈ, ਅਤੇ ਮੈਂ ਤਾਂ ਕਿਸੇ ਸਰੋਤੇ ਨੂੰ ਕੀਮਤ ਅਦਾ ਕਰ ਕੇ ਵੀ ਗੱਲਾਂ ਸੁਣਾਵਾਂ, ਮੈਨੂੰ ਡਰ ਹੈ ਕਿ ਏਥਨਜ਼ ਵਾਸੀ ਮੈਨੂੰ ਬਹੁਤਾ ਗਲਾਕੜ ਨਾ ਸਮਝ ਲੈਣ। ਜਿਵੇਂ ਮੈਂ ਕਹਿ ਰਿਹਾ ਸੀ ਕਿ ਜੇਕਰ ਉਹ ਮੇਰੇ 'ਤੇ ਸਿਰਫ਼ ਹੱਸਣਗੇ

ਜਿਵੇਂ ਤੁਸੀਂ ਕਿਹਾ ਕਿ ਉਹ ਤੁਹਾਡੇ 'ਤੇ ਹੱਸਦੇ ਹਨ, ਤਾਂ ਕਚਹਿਰੀ ਵਿੱਚ ਸਮਾਂ ਸ਼ਾਇਦ ਖ਼ੁਸ਼ੀ ਖ਼ੁਸ਼ੀ ਬੀਤ ਜਾਵੇ; ਪਰ ਹੋ ਸਕਦਾ ਹੈ ਕਿ ਉਹ ਇਮਾਨਦਾਰ ਹੋਣ ਅਤੇ ਫੇਰ ਅੰਤ ਕੀ ਹੋਏਗਾ ਇਹ ਸਿਰਫ਼ ਤੁਸੀਂ ਨਜੂਮੀ ਹੀ ਦੱਸ ਸਕਦੇ ਹੋ।

**ਯੂਥੀਫ੍ਰੋ:** ਸੁਕਰਾਤ, ਮੇਰਾ ਖਿਆਲ ਹੈ ਕਿ ਮਾਮਲੇ ਦੇ ਅੰਤ ਵਿੱਚ ਕੁਝ ਨਹੀਂ ਨਿੱਕਲੇਗਾ, ਤੁਸੀਂ ਆਪਣੇ ਉਦੇਸ਼ ਵਿੱਚ ਜਿੱਤੋਗੇ ਅਤੇ ਮੈਨੂੰ ਲਗਦਾ ਮੈਂ ਆਪਣੇ ਉਦੇਸ਼ ਵਿੱਚ ਜਿੱਤਾਂਗਾ।

**ਸੁਕਰਾਤ:** ਯੂਥੀਫ੍ਰੋ, ਤੁਹਾਡਾ ਮੁਕੱਦਮਾ ਕੀ ਹੈ? ਤੁਸੀਂ ਕਿਸੇ 'ਤੇ ਮੁਕੱਦਮਾ ਕੀਤਾ ਹੈ ਜਾਂ ਕਿਸੇ ਨੇ ਤੁਹਾਡੇ 'ਤੇ?

**ਯੂਥੀਫ੍ਰੋ:** ਮੈਂ ਮੁਕੱਦਮਾ ਕੀਤਾ ਹੈ।

**ਸੁਕਰਾਤ:** ਕਿਸ 'ਤੇ?

**ਯੂਥੀਫ੍ਰੋ:** ਤੁਸੀਂ ਮੈਨੂੰ ਮੂਰਖ ਸਮਝੋਗੇ ਜਦੋਂ ਮੈਂ ਤੁਹਾਨੂੰ ਦੱਸਿਆ।

**ਸੁਕਰਾਤ:** ਕਿਉਂ, ਕੀ ਭਗੌੜੇ ਦੇ ਖੰਭ ਹਨ?

**ਯੂਥੀਫ੍ਰੋ:** ਨਹੀਂ-ਨਹੀਂ, ਜ਼ਿੰਦਗੀ ਦੇ ਇਸ ਮੁਕਾਮ 'ਤੇ ਉਹ ਕੋਈ ਬਹੁਤਾ ਉੱਡਣ ਵਾਲਾ ਨਹੀਂ।

**ਸੁਕਰਾਤ:** ਕੌਣ ਹੈ ਉਹ?

**ਯੂਥੀਫ੍ਰੋ:** ਮੇਰੇ ਪਿਤਾ।

**ਸੁਕਰਾਤ:** ਤੇਰੇ ਪਿਤਾ! ਭਲਿਆ ਲੋਕਾ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਅਤੇ ਉਹਨਾਂ 'ਤੇ ਇਲਜ਼ਾਮ ਕੀ ਹੈ?

**ਯੂਥੀਫ੍ਰੋ:** ਇੱਕ ਕਤਲ ਦਾ ਇਲਜ਼ਾਮ ਹੈ, ਸੁਕਰਾਤ।

**ਸੁਕਰਾਤ:** ਬਹੁਤ ਹੈਰਾਨੀ ਹੋਈ ਯੂਥੀਫ੍ਰੋ! ਆਮ ਲੋਕ ਸਹੀ ਅਤੇ ਸੱਚ ਦੇ ਸੁਭਾਅ ਨੂੰ ਕਿੰਨਾ ਘੱਟ ਜਾਣਦੇ ਹਨ। ਉਹ ਵਿਅਕਤੀ ਜ਼ਰੂਰ ਹੀ ਕੋਈ ਗ਼ੈਰਮਾਮੂਲੀ ਵਿਅਕਤੀ ਹੋਣਾ ਚਾਹੀਦਾ ਹੈ ਅਤੇ ਅਜਿਹੇ ਅਮਲ ਦਾ ਰਾਹ ਚੁਣਨ ਤੋਂ ਪਹਿਲਾਂ ਸੱਚਮੁੱਚ ਹੀ ਉਸਨੇ ਸਿਆਣਪ ਵਿੱਚ ਡੂੰਘੀਆਂ ਚੁੱਭੀਆਂ ਲਗਾਈਆਂ ਹੋਣ।

**ਯੂਥੀਫ੍ਰੋ:** ਬਿਲਕੁਲ ਸਹੀ ਸੁਕਰਾਤ, ਉਸਨੂੰ ਇੰਝ ਹੀ ਕਰਨਾ ਚਾਹੀਦਾ ਹੈ।

**ਸੁਕਰਾਤ:** ਮੈਨੂੰ ਲਗਦਾ ਜਿਹੜੇ ਬੰਦੇ ਨੂੰ ਤੁਹਾਡੇ ਪਿਤਾ ਨੇ ਮਾਰਿਆ ਹੈ ਉਹ ਤੁਹਾਡਾ ਕੋਈ ਰਿਸ਼ਤੇਦਾਰ ਸੀ- ਸਪਸ਼ਟ ਹੈ ਕਿ ਉਹ ਹੈ ਸੀ; ਕਿਉਂਜੋ ਜੇ ਉਹ ਕੋਈ ਅਜਨਬੀ ਹੁੰਦਾ ਤਾਂ ਤੁਸੀਂ ਕਦੇ ਵੀ ਉਸਦੀ ਪੈਰਵੀ ਕਰਨ ਬਾਰੇ ਨਾ ਸੋਚਦੇ।

**ਯੂਥੀਫ੍ਰੋ:** ਸੁਕਰਾਤ, ਮੈਂ ਤੁਹਾਡੇ ਕੀਤੇ ਇਸ ਵਖਰੇਵੇਂ 'ਤੇ ਖ਼ੁਸ਼ ਹਾਂ ਕਿ ਕਿਹੜਾ ਰਿਸ਼ਤੇਦਾਰ ਹੈ ਅਤੇ ਕਿਹੜਾ ਨਹੀਂ। ਕਿਉਂਜੋ ਪਲੀਤਣ ਤਾਂ ਯਕੀਨਨ ਦੋਵਾਂ ਮਾਮਲਿਆਂ ਵਿੱਚ ਇਕੋ ਜਿਹੀ ਹੈ, ਜੇਕਰ ਤੁਸੀਂ ਜਾਣਦੇ ਹੋਏ ਕੇ ਕਾਤਲ ਨਾਲ ਜੁੜ ਰਹੇ ਹੋ ਜਦੋਂ ਕਿ ਤੁਹਾਨੂੰ ਉਸ ਖ਼ਿਲਾਫ਼ ਕਾਰਵਾਈ ਕਰਕੇ ਉਸਨੂੰ ਅਤੇ ਖ਼ੁਦ ਨੂੰ ਦੋਸ਼ਮੁਕਤ ਕਰਨਾ ਚਾਹੀਦਾ ਹੈ। ਅਸਲ ਸਵਾਲ ਤਾਂ ਇਹ ਹੈ ਕਿ ਮਾਰਿਆ ਗਿਆ ਵਿਅਕਤੀ ਜਾਇਜ਼ ਰੂਪ ਵਿੱਚ ਮਾਰਿਆ ਗਿਆ ਹੈ। ਜੇਕਰ ਜਾਇਜ਼ ਸੀ ਤਾਂ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਮਾਮਲੇ ਨੂੰ ਛੱਡ ਦਿੱਤਾ ਜਾਵੇ, ਪਰ ਜੇਕਰ ਨਾਜਾਇਜ਼ ਹੈ ਤਾਂ ਭਾਵੇਂ ਕਾਤਲ ਤੁਹਾਡੇ ਨਾਲ ਇਕੋ ਛੱਤ ਹੇਠ ਰਹਿ ਰਿਹਾ ਹੋਵੇ ਅਤੇ ਇਕੋ ਮੇਜ 'ਤੇ ਖਾਣਾ ਖਾਂਦਾ ਹੋਵੇ ਤਾਂ ਵੀ ਉਸ ਖ਼ਿਲਾਫ਼ ਕਾਰਵਾਈ ਕਰੋ। ਜਿਹੜਾ ਬੰਦਾ ਮਰ ਗਿਆ ਉਹ ਮੇਰੇ 'ਤੇ ਨਿਰਭਰ ਗ਼ਰੀਬ ਆਦਮੀ ਸੀ ਉਹ ਨੈਗਜ਼ੋਸ ਵਿਖੇ ਸਾਡੇ ਖੇਤਾਂ ਵਿੱਚ ਕਾਮਾ ਸੀ। ਇੱਕ ਦਿਨ ਪੀਤੀ ਹੋਈ ਵਿੱਚ ਉਹ ਤੈਸ਼ ਵਿੱਚ ਆ ਗਿਆ ਅਤੇ ਸਾਡੇ ਇੱਕ ਘਰੇਲੂ ਨੌਕਰ ਨਾਲ ਝਗੜ ਕੇ ਉਸਦਾ ਕਤਲ ਕਰ ਦਿੱਤਾ। ਮੇਰੇ ਪਿਤਾ ਨੇ ਉਸਦੇ ਹੱਥ ਪੈਰ ਬੰਨ੍ਹ ਦਿੱਤੇ ਅਤੇ ਉਸਨੂੰ ਇੱਕ ਖੱਡ ਵਿੱਚ ਸੁੱਟ ਦਿੱਤਾ ਅਤੇ ਫੇਰ ਕਿਸੇ ਨੂੰ ਏਥਨਜ਼ ਕਿਸੇ ਜੋਤਸ਼ੀ ਦਾ ਪਤਾ ਕਰਨ ਲਈ ਭੇਜਿਆ ਕਿ ਉਹ ਉਸ ਨਾਲ ਕੀ ਕਰੇ। ਇਸ ਦੌਰਾਨ ਉਹ ਉਸਨੂੰ ਕਦੇ ਨਹੀਂ ਮਿਲੇ ਅਤੇ ਨਾ ਉਸਦਾ ਕੋਈ ਖਿਆਲ ਰੱਖਿਆ ਕਿਉਂਕਿ ਉਹ ਉਸਨੂੰ ਕਾਤਲ ਸਮਝਦਾ ਸੀ ਅਤੇ ਸੋਚਦਾ ਸੀ ਕਿ ਜੇ

ਉਹ ਮਰ ਵੀ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ। ਸੋ ਇਹੀ ਵਾਪਰਿਆ। ਕਿਉਂਜੋ ਉਸ 'ਤੇ ਭੁੱਖ, ਠੰਢ ਅਤੇ ਸੰਗਲਾਂ ਵਿੱਚ ਨੂੜੇ ਦਾ ਅਜਿਹਾ ਅਸਰ ਹੋਇਆ ਕਿ ਉਸ ਏਲਚੀ ਦੇ ਜੋਤਸ਼ੀ ਕੋਲੋਂ ਮੁੜਨ ਤੋਂ ਪਹਿਲਾਂ ਹੀ ਮਰ ਗਿਆ। ਮੇਰੇ ਪਿਤਾ ਅਤੇ ਮੇਰਾ ਪਰਿਵਾਰ ਮੇਰੇ ਨਾਲ ਮਰਨ ਵਾਲੇ ਦਾ ਪੱਖ ਲੈਣ ਅਤੇ ਆਪਣੇ ਪਿਤਾ 'ਤੇ ਮੁੱਕਦਮਾ ਕਰਨ ਕਰਕੇ ਨਾਰਾਜ਼ ਹਨ। ਉਹ ਕਹਿੰਦੇ ਹਨ ਕਿ ਉਹਨਾਂ ਨੇ ਉਸਨੂੰ ਨਹੀਂ ਮਾਰਿਆ ਅਤੇ ਕਿ ਜੇਕਰ ਉਹਨਾਂ ਮਾਰਿਆ ਵੀ ਹੈ ਤਾਂ ਮਰਨ ਵਾਲਾ ਤਾਂ ਆਪ ਕਾਤਲ ਸੀ ਅਤੇ ਮੈਨੂੰ ਇਸ ਵੱਲ ਕੋਈ ਤਵੱਜੋ ਨਹੀਂ ਦੇਣੀ ਚਾਹੀਦੀ ਸੀ ਕਿਉਂਜੋ ਆਪਣੇ ਪਿਤਾ 'ਤੇ ਮੁਕੱਦਮਾ ਕਰਨ ਵਾਲਾ ਪੁੱਤਰ ਅਪਵਿੱਤਰ ਹੁੰਦਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਉਹ ਪਵਿੱਤਰਤਾ ਅਤੇ ਅਪਵਿੱਤਰਤਾ ਬਾਰੇ ਦੇਵਤਿਆਂ ਦੀ ਸਮਝ ਨੂੰ ਕਿੰਨਾਂ ਘੱਟ ਜਾਣਦੇ ਹਨ।

**ਸੁਕਰਾਤ:** ਸ਼ਾਬਾਸ਼ ਯੂਥੀਫ੍ਰੋ! ਅਤੇ ਤੁਹਾਡੀ ਧਰਮ ਅਤੇ ਪਵਿੱਤਰਤਾ-ਅਪਵਿੱਤਰਾ ਬਾਰੇ ਜਾਣਕਾਰੀ ਬੜੀ ਦਰੁਸਤ ਹੈ। ਜੇ ਹਾਲਾਤ ਇਸ ਤਰ੍ਹਾਂ ਦੇ ਹੋਣ ਜਿਵੇਂ ਤੁਸੀਂ ਬਿਆਨ ਕੀਤੇ, ਕੀ ਤੁਹਾਨੂੰ ਅਜਿਹਾ ਕੋਈ ਭੈਅ ਨਹੀਂ ਕਿ ਆਪਣੇ ਪਿਤਾ 'ਤੇ ਮੁਕੱਦਮਾ ਕਰਕੇ ਤੁਸੀਂ ਆਪ ਵੀ ਕੋਈ ਅਪਵਿੱਤਰ ਕਾਰਜ ਕਰ ਰਹੇ ਹੋ?

**ਯੂਥੀਫ੍ਰੋ:** ਸੁਕਰਾਤ, ਯੂਥੀਫ੍ਰੋ ਦੀ ਇਹੀ ਖ਼ਾਸੀਅਤ ਹੈ ਅਤੇ ਇਹੀ ਉਸਨੂੰ ਹੋਰਨਾਂ ਵਿਅਕਤੀਆਂ ਨਾਲੋਂ ਵਿਲੱਖਣ ਦਰਸਾਉਂਦੀ ਹੈ ਕਿ ਉਹ ਅਜਿਹੇ ਮਾਮਲਿਆਂ ਬਾਰੇ ਦਰੁਸਤ ਸਮਝ ਰੱਖਦਾ ਹੈ। ਮੈਂ ਇਸ ਦੇ ਬਗ਼ੈਰ ਕੁਝ ਵੀ ਨਾ ਬਣ ਸਕਦਾ।

**ਸੁਕਰਾਤ:** ਨਾਯਾਬ ਦੋਸਤ! ਮੈਨੂੰ ਲਗਦਾ ਮੈਂ ਤੇਰਾ ਚੇਲਾ ਬਣਨ ਤੋਂ ਬਿਹਤਰ ਹੋਰ ਕੁਝ ਵੀ ਨਹੀਂ ਕਰ ਸਕਦਾ। ਫੇਰ ਮੈਲੇਟਸ ਨਾਲ ਅਜ਼ਮਾਇਸ਼ ਹੋਣ ਤੋਂ ਪਹਿਲਾਂ ਮੈਂ ਉਸਨੂੰ ਚੁਣੌਤੀ ਦਿੰਦਾ ਅਤੇ ਕਹਿੰਦਾ ਕਿ ਮੈਨੂੰ ਹਮੇਸ਼ਾ ਤੋਂ ਹੀ ਧਾਰਮਿਕ ਮਾਮਲਿਆਂ ਵਿੱਚ ਬਹੁਤ ਦਿਲਚਸਪੀ ਰਹੀ ਹੈ ਅਤੇ ਹੁਣ ਜਦੋਂ ਉਸਨੇ ਮੇਰੇ 'ਤੇ ਧਰਮ ਵਿੱਚ ਅਵਿਵੇਕਪੂਰਨ ਕਲਪਨਾਵਾਂ ਅਤੇ ਘਾੜਤਾਂ ਦਾ ਇਲਜ਼ਾਮ ਲਗਾਇਆ ਹੈ, ਮੈਂ ਤੁਹਾਡਾ ਚੇਲਾ ਬਣ ਗਿਆ ਹਾਂ। ਮੈਲੇਟਸ ਤੂੰ, ਜਿਵੇਂ ਕਿ ਮੈਂ ਉਸਨੂੰ ਕਹਾਂਗਾ, ਯੂਥੀਫ੍ਰੋ ਨੂੰ ਇੱਕ ਮਹਾਨ ਧਰਮ-ਸ਼ਾਸਤਰੀ ਮੰਨ ਅਤੇ ਉਸਦੇ ਵਿਚਾਰਾਂ ਦੀ ਤਾਕਤ ਨੂੰ, ਅਤੇ ਜੇਕਰ ਤੂੰ ਉਹਨਾਂ ਨੂੰ ਸਹੀ ਮੰਨਦਾ ਹੈਂ ਤਾਂ ਤੈਨੂੰ ਮੈਨੂੰ ਵੀ ਸਹੀ ਮੰਨਣਾ ਚਾਹੀਦਾ ਹੈ ਅਤੇ ਤੂੰ ਮੈਨੂੰ ਅਦਾਲਤ ਵਿੱਚ ਨਾ ਲੈ ਕੇ ਜਾ, ਪਰ ਜੇਕਰ ਤੂੰ ਸਹੀ ਨਹੀਂ ਸਵੀਕਾਰ ਕਰਦਾ ਤਾਂ ਤੈਨੂੰ ਦੋਸ਼-ਪੱਤਰ ਦਾ ਆਰੰਭ ਮੇਰੇ ਅਧਿਆਪਕ ਤੋਂ ਕਰਨਾ ਚਾਹੀਦਾ ਹੈ ਜੋ ਨੌਜਵਾਨਾਂ ਨੂੰ ਨਹੀਂ ਬਲਕਿ ਬੁੱਢਿਆਂ ਨੂੰ ਭ੍ਰਿਸ਼ਟ ਕਰਨ ਵਾਲਾ ਹੈ, ਕਹਿਣ ਦਾ ਭਾਵ ਮੇਰੇ ਤੋਂ ਜਿਸਨੂੰ ਉਹ ਸਿਖਾਉਂਦੇ ਹਨ ਅਤੇ ਉਹਨਾਂ ਦੇ ਬੁੱਢੇ ਪਿਤਾ ਤੋਂ ਹੈ ਜਿਹਨਾਂ ਨੂੰ ਉਹ ਝਿੜਕਦੇ ਅਤੇ ਦੰਡ ਦਿੰਦੇ ਹਨ। ਜੇਕਰ ਮੈਲੇਟਸ ਮੈਨੂੰ ਸੁਣਨ ਤੋਂ ਇਨਕਾਰ ਕਰਦਾ ਹੈ ਪਰ ਅੱਗੇ ਵਧੀ ਜਾਂਦਾ ਹੈ ਅਤੇ ਮੈਨੂੰ ਛੱਡ ਦੋਸ਼ ਤੁਹਾਡੇ 'ਤੇ ਨਹੀਂ ਲਾਉਂਦਾ, ਫੇਰ ਮੈਂ ਇਸ ਚੁਣੌਤੀ ਨੂੰ ਕਚਹਿਰੀ ਵਿੱਚ ਦੁਹਰਾਉਣ ਤੋਂ ਬਿਹਤਰ ਹੋਰ ਕੁਝ ਨਹੀਂ ਕਰ ਸਕਦਾ।

**ਯੂਥੀਫ੍ਰੋ:** ਸਹੀ ਕਿਹਾ ਸੁਕਰਾਤ, ਅਤੇ ਜੇਕਰ ਉਸਨੇ ਮੇਰੇ 'ਤੇ ਦੋਸ਼ ਲਾਉਣ ਦੀ ਕੋਸ਼ਿਸ਼ ਕੀਤੀ ਇਹ ਮੇਰਾ ਭੁਲੇਖਾ ਹੀ ਹੋਏਗਾ ਕਿ ਮੈਂ ਉਸ ਵਿੱਚ ਖ਼ਾਮੀ ਨਾ ਲੱਭਾਂ। ਮੈਨੂੰ ਕੁਝ ਕਹਿਣ ਨਾਲੋਂ ਅਦਾਲਤ ਕੋਲ਼ ਉਸਨੂੰ ਕਹਿਣ ਲਈ ਜ਼ਿਆਦਾ ਕੁਝ ਹੋਏਗਾ।

**ਸੁਕਰਾਤ:** ਅਤੇ ਮੈਂ ਮੇਰੇ ਪਿਆਰੇ ਮਿੱਤਰ, ਇਹ ਜਾਣ ਕੇ ਤੁਹਾਡਾ ਚੇਲਾ ਬਣਨ ਦਾ ਇਛੁੱਕ ਹਾਂ। ਕਿਉਂਕਿ ਮੈਂ ਵੇਖਿਆ ਹੈ ਕਿ ਤੁਹਾਡੇ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਹੈ-ਇਹ ਮੈਲੇਟਸ ਵੀ ਨਹੀਂ; ਪਰ ਉਸਦੀ ਤੇਜ਼ ਅੱਖ ਨੇ ਮੈਨੂੰ ਬਿਨਾਂ ਔਖ ਦੇ ਹੀ ਲੱਭ ਲਿਆ ਅਤੇ ਉਸਨੇ ਮੇਰੇ 'ਤੇ ਅਧਾਰਮਿਕਤਾ ਦਾ ਇਲਜ਼ਾਮ ਲਗਾ ਦਿੱਤਾ। ਏਸੇ ਕਰਕੇ ਮੈਂ ਤੁਹਾਡੇ ਅੱਗੇ ਪਵਿੱਤਰਤਾ ਅਤੇ ਅਪਵਿੱਤਰਤਾ ਦਾ ਸੁਭਾਅ ਦੱਸਣ ਲਈ ਵਾਸਤਾ ਪਾ ਰਿਹਾ ਹਾਂ, ਜਿਸ ਬਾਰੇ ਤੁਸੀਂ ਕਿਹਾ ਸੀ ਕਿ ਤੁਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਅਤੇ ਕਤਲ ਬਾਰੇ ਅਤੇ ਦੇਵਤਿਆਂ ਵਿਰੁੱਧ ਹੋਰ ਗੁਨਾਹਾਂ ਬਾਰੇ ਵੀ। ਉਹ ਕੀ ਹਨ? ਕੀ ਪਵਿੱਤਰਤਾ ਹਰ

ਅਮਲ ਵਿੱਚ ਸਦਾ ਇਕੋ ਜਿਹੀ ਨਹੀਂ ਰਹਿੰਦੀ? ਅਤੇ ਫਿਰ ਅਪਵਿੱਤਰਤਾ - ਕੀ ਇਹ ਸਦਾ ਪਵਿੱਤਰਤਾ ਦੇ ਉਲਟ ਨਹੀਂ ਹੁੰਦੀ, ਅਤੇ ਇੰਝ ਅਪਵਿੱਤਰਤਾ ਹੂ-ਬ-ਹੂ ਅਜਿਹੀ ਹੀ ਹੁੰਦੀ ਹੈ, ਹਰ ਅਪਵਿੱਤਰ ਚੀਜ਼ ਵਿੱਚ ਇੱਕ ਸਾਂਝਾ ਭਾਵ ਸ਼ਾਮਲ ਹੁੰਦਾ ਹੈ?

**ਯੂਥੀਫ੍ਰੋ:** ਯਕੀਨਨ, ਸੁਕਰਾਤ।

**ਸੁਕਰਾਤ:** ਅਤੇ ਪਵਿੱਤਰ ਕੀ ਹੈ ਅਤੇ ਅਪਵਿੱਤਰ ਕੀ?

**ਯੂਥੀਫ੍ਰੋ:** ਪਵਿੱਤਰਤਾ ਉਹ ਹੈ ਜੋ ਮੈਂ ਕਰ ਰਿਹਾ ਹਾਂ, ਕਹਿਣ ਤੋਂ ਭਾਵ ਕਿਸੇ 'ਤੇ ਵੀ ਮੁਕੱਦਮਾ ਚਲਾਉਣਾ ਜਿਹੜਾ ਕਤਲ, ਅਧਰਮ ਜਾਂ ਇਹਦੇ ਨਾਲ ਦੇ ਕਿਸੇ ਵੀ ਜੁਰਮ ਦਾ ਦੋਸ਼ੀ ਹੋਵੇ। ਭਾਵੇਂ ਉਹ ਤੁਹਾਡੀ ਮਾਂ ਜਾਂ ਪਿਓ ਹੀ ਕਿਉਂ ਨਾ ਹੋਵੇ ਜਾਂ ਹੋਰ ਕੋਈ ਵੀ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਅਤੇ ਉਹਨਾਂ 'ਤੇ ਮੁਕੱਦਮਾ ਨਾ ਕਰਨਾ ਹੀ ਅਪਵਿੱਤਰਤਾ ਹੈ। ਕਿਰਪਾ ਕਰਕੇ ਧਿਆਨ ਦੇਣਾ ਸੁਕਰਾਤ, ਮੈਂ ਤੈਨੂੰ ਆਪਣੇ ਸ਼ਬਦਾਂ ਦੀ ਸੱਚਾਈ ਦਾ ਬਹੁਤ ਮਹੱਤਵਪੂਰਨ ਸਬੂਤ ਦੇਵਾਂਗਾ, ਉਹ ਸਬੂਤ ਜੋ ਮੈਂ ਹੋਰਾਂ ਨੂੰ ਪਹਿਲਾਂ ਹੀ ਦੇ ਚੁੱਕਾ ਹਾਂ:- ਮੇਰਾ ਮਤਲਬ ਉਸ ਅਸੂਲ ਤੋਂ ਹੈ ਕਿ ਜਿਹੜਾ ਵੀ ਅਪਵਿੱਤਰ ਹੈ ਉਹ ਭਾਵੇਂ ਕੋਈ ਵੀ ਹੋਵੇ ਉਹ ਸਜ਼ਾ ਤੋਂ ਬਚਣਾ ਨਹੀਂ ਚਾਹੀਦਾ। ਕੀ ਲੋਕ ਜ਼ੂਅਸ ਨੂੰ ਦੇਵਤਿਆਂ ਵਿਚੋਂ ਸ਼੍ਰੇਸ਼ਟ ਅਤੇ ਸਭ ਤੋਂ ਨੇਕ ਨਹੀਂ ਮੰਨਦੇ? ਅਤੇ ਫਿਰ ਵੀ ਉਹ ਮੰਨਦੇ ਹਨ ਕਿ ਉਸਨੇ ਆਪਣੇ ਪਿਤਾ (ਕਰੋਨੋਸ) ਨੂੰ ਬੰਨ੍ਹ ਲਿਆ ਸੀ ਕਿਉਂਕਿ ਉਸਨੇ ਆਪਣੇ ਪੁੱਤਰਾਂ ਨੂੰ ਦੁਰਾਚਾਰ ਕਰ ਉਜਾੜ ਦਿੱਤਾ ਸੀ ਅਤੇ ਅੱਗੇ ਉਸਨੇ ਆਪਣੇ ਪਿਤਾ (ਯੂਰੇਨਸ) ਨੂੰ ਵੀ ਇਹੋ ਜਿਹੇ ਕਾਰਨ ਕਰਕੇ ਅਕਹਿ ਤਰੀਕੇ ਦੀ ਸਜ਼ਾ ਦਿੱਤੀ ਸੀ। ਅਤੇ ਫਿਰ ਵੀ ਜਦੋਂ ਮੈਂ ਆਪਣੇ ਪਿਤਾ ਖ਼ਿਲਾਫ਼ ਕਾਰਵਾਈ ਕਰ ਰਿਹਾ ਹਾਂ ਉਹ ਮੇਰੇ ਨਾਲ ਨਾਰਾਜ਼ ਹੋ ਰਹੇ ਹਨ। ਉਹਨਾਂ ਦੇ ਬੋਲਾਂ ਵਿੱਚ ਬੜੀ ਬੇਤਰਤੀਬੀ ਝਲਕਦੀ ਹੈ ਜਦੋਂ ਵੀ ਉਹ ਦੇਵਤਿਆਂ ਦੇ ਸੰਬੰਧ ਵਿੱਚ ਅਤੇ ਜਦੋਂ ਮੇਰੇ ਬਾਰੇ ਗੱਲ ਕਰਦੇ ਹਨ।

**ਸੁਕਰਾਤ:** ਸ਼ਾਇਦ ਇਹ ਕਾਰਨ ਨਾ ਹੋਵੇ, ਯੂਥੀਫ੍ਰੋ, ਜਿਸ ਕਰਕੇ ਮੇਰੇ 'ਤੇ ਅਪਵਿੱਰਤਾ ਦਾ ਇਲਜ਼ਾਮ ਲੱਗਿਆ ਹੈ-ਕੀ ਮੈਂ ਦੇਵਤਿਆਂ ਦੀਆਂ ਅਜਿਹੀਆਂ ਕਹਾਣੀਆਂ ਨਹੀਂ ਸੁਣਾ ਸਕਦਾ? ਅਤੇ ਮੈਨੂੰ ਲਗਦਾ ਏਸੇ ਕਰਕੇ ਲੋਕ ਮੈਨੂੰ ਗ਼ਲਤ ਸਮਝਦੇ ਹਨ। ਪਰ ਜਿਵੇਂ ਕਿ ਤੁਸੀਂ ਉਹਨਾਂ ਨੂੰ ਬਿਹਤਰ ਜਾਣਦੇ ਹੋ, ਜਿਸਦੀ ਉਹ ਮੰਨਦੇ ਵੀ ਹਨ, ਮੈਂ ਤੁਹਾਡੀ ਗਿਆਨ ਸ਼੍ਰੇਸ਼ਟਤਾ ਅੱਗੇ ਸਹਿਮਤੀ ਤੋਂ ਬਿਹਤਰ ਕੁਝ ਨਹੀਂ ਕਰ ਸਕਦਾ। ਮੈਂ ਇਹ ਇਕਬਾਲ ਕਰਨ ਤੋਂ ਇਲਾਵਾ ਹੋਰ ਕਹਿ ਕੀ ਸਕਦਾ ਹਾਂ, ਕਿ ਮੈਂ ਉਹਨਾਂ ਬਾਰੇ ਕੁਝ ਵੀ ਨਹੀਂ ਜਾਣਦਾ। ਤੁਹਾਨੂੰ ਜ਼ੂਅਸ ਦੇ ਪਿਆਰ ਦਾ ਵਾਸਤਾ, ਮੈਨੂੰ ਸੱਚ ਦੱਸੋ ਕਿ ਤੁਸੀਂ ਉਨ੍ਹਾਂ ਕਹਾਣੀਆਂ ਨੂੰ ਸੱਚਮੁੱਚ ਸੱਚੀਆਂ ਮੰਨਦੇ ਹੋ?

**ਯੂਥੀਫ੍ਰੋ:** ਹਾਂ, ਸੁਕਰਾਤ; ਅਨੇਕਾਂ ਚੀਜ਼ਾਂ ਹਾਲੇ ਵੀ ਬਹੁਤ ਕਮਾਲ ਹਨ ਜਿਹਨਾਂ ਬਾਰੇ ਦੁਨੀਆ ਨਹੀਂ ਜਾਣਦੀ।

**ਸੁਕਰਾਤ:** ਅਤੇ ਕੀ ਤੁਹਾਨੂੰ ਸੱਚਮੁੱਚ ਲਗਦਾ ਹੈ ਕਿ ਦੇਵਤੇ ਆਪਸ ਵਿੱਚ ਲੜਦੇ ਰਹੇ ਹਨ ਅਤੇ ਉਹ ਵੀ ਬਹੁਤ ਭਿਆਨਕ ਜੰਗਾਂ, ਜਿਵੇਂ ਕਵੀ ਕਹਿੰਦੇ ਹਨ ਅਤੇ ਜਿਵੇਂ ਸ਼ਾਇਦ ਤੁਸੀਂ ਮਹਾਨ ਕਲਾਕਾਰਾਂ ਦੇ ਕੰਮ ਵਿੱਚ ਪੇਸ਼ ਕੀਤੇ ਨੂੰ ਵੇਖਿਆ ਹੋਵੇ, ਮੰਦਿਰ ਉਹਨਾਂ ਨਾਲ ਭਰੇ ਪਏ ਹਨ ਅਤੇ ਖ਼ਾਸ ਤੌਰ 'ਤੇ ਏਥਨਜ਼ ਦੇ ਬਸਤਰ ਜਿਹਨਾਂ ਨਾਲ ਉਨ੍ਹਾਂ ਨੂੰ ਢਕਿਆ ਗਿਆ ਹੈ ਅਤੇ ਜਿਹੜੇ ਕਿ ਮਹਾਨ ਪਨਾਥਨੀਆ ਵਿਖੇ ਐਕਰੋਪੋਲਿਸ ਕੋਲ਼ ਲਿਆਂਦੇ ਜਾਂਦੇ ਹਨ। ਕੀ ਦੇਵਤਿਆਂ ਦੀਆਂ ਇਹ ਸਾਰੀਆਂ ਕਥਾਵਾਂ ਸੱਚੀਆਂ ਹਨ ਯੂਥੀਫ੍ਰੋ?

**ਯੂਥੀਫ੍ਰੋ:** ਹਾਂ ਸੁਕਰਾਤ, ਅਤੇ ਜਿਵੇਂ ਮੈਂ ਕਹਿ ਰਿਹਾ ਸੀ, ਜੇ ਤੁਸੀਂ ਸੁਣਨਾ ਚਾਹੋ ਮੈਂ ਤੁਹਾਨੂੰ ਦੇਵਤਿਆਂ ਬਾਰੇ ਅਨੇਕਾਂ ਹੀ ਗੱਲਾਂ ਸੁਣਾ ਸਕਦਾ ਹਾਂ ਜਿਹੜੀਆਂ ਤੁਹਾਨੂੰ ਸੱਚਮੁੱਚ ਹੈਰਾਨ ਕਰ ਦੇਣਗੀਆਂ।

**ਸੁਕਰਾਤ:** ਬਿਲਕੁਲ ਹੋਵਾਂਗਾ, ਤੁਸੀਂ ਮੈਨੂੰ ਇਹ ਕਿਸੇ ਹੋਰ ਵੇਲੇ ਸੁਣਾਉਣਾ ਜਦੋਂ ਮੇਰੇ ਕੋਲ਼ ਖੁੱਲ੍ਹਾ ਸਮਾਂ ਹੋਇਆ। ਪਰ ਇਸ ਵੇਲੇ ਸਿਰਫ਼ ਮੈਂ ਤੁਹਾਡੇ ਕੋਲੋਂ ਜ਼ਿਆਦਾ ਸਪਸ਼ਟ ਜੁਆਬ ਸੁਣਨਾ ਚਾਹੁੰਦਾ ਹਾਂ, ਮੇਰੇ ਦੋਸਤ, ਜਿਹੜਾ ਤੁਸੀਂ ਹਾਲੇ ਤੱਕ ਦਿੱਤਾ ਨਹੀਂ, ਜਦੋਂ ਮੈਂ ਇਹ ਸੁਆਲ ਪੁੱਛਿਆ ਸੀ ਕਿ

ਪਵਿੱਤਰਤਾ ਕੀ ਹੁੰਦੀ ਹੈ? ਤਾਂ ਤੁਸੀਂ ਸਿਰਫ਼ ਇਹੀ ਜੁਆਬ ਦਿੱਤਾ ਕਿ ਉਹ ਕੁਝ ਕਰਨਾ ਜੋ ਤੁਸੀਂ ਕਰ ਰਹੇ ਹੋ, ਆਪਣੇ ਪਿਤਾ 'ਤੇ ਕਤਲ ਦਾ ਮੁਕੱਦਮਾ ਚਲਾਉਣਾ।

**ਯੂਥੀਫ੍ਰੋ:** ਅਤੇ ਮੈਂ ਜੋ ਵੀ ਕਿਹਾ ਉਹ ਸੱਚ ਸੀ, ਸੁਕਰਾਤ।

**ਸੁਕਰਾਤ:** ਬੇਸ਼ੱਕ ਯੂਥੀਫ੍ਰੋ; ਪਰ ਕੀ ਤੁਸੀਂ ਇਹ ਨਹੀਂ ਮੰਨਦੇ ਕਿ ਹੋਰ ਵੀ ਅਨੇਕਾਂ ਪਵਿੱਤਰ ਕਾਰਜ ਹੁੰਦੇ ਹੋਣਗੇ?

**ਯੂਥੀਫ੍ਰੋ:** ਹਾਂ ਹੁੰਦੇ ਹਨ।

**ਸੁਕਰਾਤ:** ਯਾਦ ਰੱਖੋ ਕਿ ਮੈਂ ਤੁਹਾਨੂੰ ਪਵਿੱਤਰਤਾ ਦੀਆਂ ਦੋ ਜਾਂ ਤਿੰਨ ਮਿਸਾਲਾਂ ਦੇਣ ਨੂੰ ਨਹੀਂ ਕਿਹਾ ਸੀ, ਪਰ ਉਸ ਆਮ ਵਿਚਾਰ ਨੂੰ ਪਰਿਭਾਸ਼ਿਤ ਕਰਨ ਲਈ ਕਿਹਾ ਸੀ ਜਿਸ ਨਾਲ ਸਾਰੀਆਂ ਪਵਿੱਤਰ ਚੀਜ਼ਾਂ ਪਵਿੱਤਰ ਬਣਦੀਆਂ ਹਨ। ਕੀ ਤੁਹਾਨੂੰ ਚੇਤੇ ਨਹੀਂ ਕਿ ਤੁਸੀਂ ਕਿਹਾ ਸੀ ਕਿ ਇੱਕ ਅਜਿਹਾ ਭਾਵ ਹੁੰਦਾ ਹੈ ਜਿਹੜਾ ਅਪਵਿੱਤਰ ਨੂੰ ਅਪਵਿੱਤਰ ਅਤੇ ਪਵਿੱਤਰ ਨੂੰ ਪਵਿੱਤਰ ਬਣਾਉਂਦਾ ਹੈ?

**ਯੂਥੀਫ੍ਰੋ:** ਮੈਨੂੰ ਯਾਦ ਹੈ।

**ਸੁਕਰਾਤ:** ਮੈਨੂੰ ਦੱਸੋ ਇਸ ਭਾਵ ਦਾ ਸੁਭਾਅ ਕੀ ਹੈ ਅਤੇ ਫੇਰ ਮੇਰੇ ਕੋਲ ਵੇਖਣ ਲਈ ਇੱਕ ਮਾਪਦੰਡ ਆ ਜਾਏਗਾ ਅਤੇ ਜਿਸ ਨਾਲ ਮੈਂ ਅਮਲਾਂ ਨੂੰ ਮਾਪ ਸਕਾਂਗਾ ਭਾਵੇਂ ਤੁਹਾਡੇ ਹੋਣ ਜਾਂ ਕਿਸੇ ਵੀ ਹੋਰ ਦੇ, ਅਤੇ ਫੇਰ ਮੈਂ ਇਹ ਕਹਿਣ ਯੋਗ ਹੋਵਾਂਗਾ ਕਿ ਇਹ ਅਮਲ ਪਵਿੱਤਰ ਹਨ ਅਤੇ ਇਹ ਵਾਲੇ ਅਪਵਿੱਤਰ।

**ਯੂਥੀਫ੍ਰੋ:** ਮੈਂ ਤੁਹਾਨੂੰ ਦੱਸ ਦਿਆਂਗਾ, ਜੇ ਤੁਸੀਂ ਚਾਹੁੰਦੇ ਹੋ।

**ਸੁਕਰਾਤ:** ਬਿਲਕੁਲ ਮੈਂ ਜਾਣਨਾ ਚਾਹਾਂਗਾ।

**ਯੂਥੀਫ੍ਰੋ:** ਪਵਿੱਤਰ ਉਹ ਹੈ ਜਿਹੜਾ ਦੇਵਤਿਆਂ ਨੂੰ ਪਸੰਦ ਹੋਵੇ ਅਤੇ ਅਪਵਿੱਤਰ ਉਹ ਜਿਹੜਾ ਉਹਨਾਂ ਨੂੰ ਪਸੰਦ ਨਾ ਹੋਵੇ।

**ਸੁਕਰਾਤ:** ਬਹੁਤ ਚੰਗਾ ਯੂਥੀਫ੍ਰੋ, ਹੁਣ ਤੁਸੀਂ ਮੈਨੂੰ ਉਹੋ ਜਿਹਾ ਜੁਆਬ ਦਿੱਤਾ ਹੈ ਜਿਹੋ ਜਿਹਾ ਮੈਂ ਚਾਹ ਰਿਹਾ ਸੀ। ਪਰ ਫਿਰ ਵੀ ਜੋ ਤੁਸੀਂ ਕਹਿ ਰਹੇ ਹੋ ਇਹ ਸੱਚ ਹੈ ਜਾਂ ਨਹੀਂ ਮੈਂ ਹਾਲੇ ਵੀ ਨਹੀਂ ਦੱਸ ਸਕਦਾ, ਭਾਵੇਂ ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੁਸੀਂ ਆਪਣੇ ਸ਼ਬਦਾਂ ਦੇ ਸੱਚ ਨੂੰ ਸਾਬਿਤ ਕਰੋਗੇ।

**ਯੂਥੀਫ੍ਰੋ:** ਬਿਲਕੁਲ।

**ਸੁਕਰਾਤ:** ਚਲੋ ਆਓ ਫਿਰ ਅਸੀਂ ਜੋ ਵੀ ਬੋਲ ਰਹੇ ਹਾਂ ਉਸਦੀ ਪੜਤਾਲ ਕਰੀਏ। ਉਹ ਚੀਜ਼ ਜਾਂ ਵਿਅਕਤੀ ਜੋ ਦੇਵਤਿਆਂ ਨੂੰ ਪਸੰਦ ਹੈ ਓਹੀ ਪਵਿੱਤਰ ਹੈ ਅਤੇ ਉਹ ਚੀਜ਼ ਜਾਂ ਵਿਅਕਤੀ ਜਿਸ ਨਾਲ ਦੇਵਤਿਆਂ ਨੂੰ ਨਫ਼ਰਤ ਹੈ ਉਹ ਅਪਵਿੱਤਰ, ਇਹ ਦੋਵੇਂ ਇੱਕ ਦੂਜੇ ਤੋਂ ਬਿਲਕੁਲ ਉਲਟ ਲਗਦੀਆਂ ਹਨ। ਕੀ ਤੁਸੀਂ ਇਹੀ ਕਿਹਾ ਸੀ?

**ਯੂਥੀਫ੍ਰੋ:** ਹਾਂ, ਇਹੀ ਕਿਹਾ ਸੀ।

**ਸੁਕਰਾਤ:** ਅਤੇ ਠੀਕ ਕਿਹਾ ਸੀ?

**ਯੂਥੀਫ੍ਰੋ:** ਹਾਂ ਸੁਕਰਾਤ, ਮੇਰੇ ਖਿਆਲ ਵਿੱਚ; ਯਕੀਨਨ ਠੀਕ ਹੀ ਕਿਹਾ ਸੀ।

**ਸੁਕਰਾਤ:** ਅਗਾਂਹ ਦੱਸੋ ਯੂਥੀਫ੍ਰੋ, ਕੀ ਅਸੀਂ ਇਹ ਵੀ ਕਿਹਾ ਕਿ ਦੇਵਤਿਆਂ ਵਿੱਚ ਦੁਸ਼ਮਣੀ, ਨਫ਼ਰਤ ਅਤੇ ਵਖਰੇਵੇਂ ਵੀ ਸਨ?

**ਯੂਥੀਫ੍ਰੋ:** ਹਾਂ, ਇਹ ਵੀ ਕਿਹਾ ਸੀ।

**ਸੁਕਰਾਤ:** ਅਤੇ ਕਿਸ ਕਿਸਮ ਦੇ ਵਖਰੇਵੇਂ ਦੁਸ਼ਮਣੀ ਅਤੇ ਨਫ਼ਰਤ ਪੈਦਾ ਕਰਦੇ ਹਨ? ਮੇਰੇ ਪਿਆਰੇ ਮਿੱਤਰ, ਮਿਸਾਲ ਵਜੋਂ ਮੰਨ ਲਓ ਕਿ ਤੁਹਾਡੇ ਅਤੇ ਮੇਰੇ ਕਿਸੇ ਸੰਖਿਆ ਸੰਬੰਧੀ ਵਖਰੇਵੇਂ ਹਨ, ਕੀ ਇਸ ਕਿਸਮ ਦੇ ਵਖਰੇਵੇਂ ਸਾਨੂੰ ਦੁਸ਼ਮਣ ਬਣਾਉਣਗੇ ਅਤੇ ਸਾਡੇ ਵਿੱਚ ਮਤਭੇਦ ਪੈਦਾ ਕਰਨਗੇ? ਕੀ ਅਸੀਂ ਸੌਖਿਆਂ ਹੀ ਅੰਕਗਣਿਤ ਰਾਹੀਂ ਉਹਨਾਂ ਦਾ ਨਿਚੋੜ ਕੱਢ ਝਗੜੇ ਖ਼ਤਮ ਨਹੀਂ ਕਰ ਲਵਾਂਗੇ?

**ਯੂਥੀਫ੍ਰੋ:** ਸੱਚ ਕਿਹਾ ਤੁਸੀਂ।

**ਸੁਕਰਾਤ:** ਜਾਂ ਮੰਨ ਲਓ ਕਿ ਆਪਣੇ ਕਿਸੇ ਆਕਾਰ ਸੰਬੰਧੀ ਵਖਰੇਵੇਂ ਹਨ, ਕੀ ਆਪਾਂ ਆਸਾਨੀ ਨਾਲ ਮਾਪ ਕੇ ਵਖਰੇਵੇਂ ਦੂਰ ਨਹੀਂ ਕਰ ਲਵਾਂਗੇ?

**ਯੂਥੀਫ੍ਰੋ:** ਬਿਲਕੁਲ ਸੱਚ।

**ਸੁਕਰਾਤ:** ਅਤੇ ਆਪਾਂ ਹਲਕੇ ਅਤੇ ਭਾਰੇ ਦਾ ਵਿਵਾਦ ਕਿਸੇ ਭਾਰ ਜੋਕਣ ਵਾਲੀ ਮਸ਼ੀਨ ਨਾਲ ਖ਼ਤਮ ਨਹੀਂ ਕਰ ਸਕਦੇ ਹਾਂ?

**ਯੂਥੀਫ੍ਰੋ:** ਬਿਲਕੁਲ ਕਰ ਸਕਦੇ ਹਾਂ।

**ਸੁਕਰਾਤ:** ਪਰ ਫਿਰ ਉਹ ਕਿਹੜੇ ਵਖਰੇਵੇਂ ਹਨ ਜਿਹੜੇ ਫਿਰ ਹੱਲ ਨਹੀਂ ਹੋ ਸਕਦੇ, ਅਤੇ ਜਿਹੜੇ ਸਾਨੂੰ ਨਾਰਾਜ਼ ਕਰ ਇੱਕ ਦੂਜੇ ਖ਼ਿਲਾਫ਼ ਦੁਸ਼ਮਣੀ ਪੈਦਾ ਕਰਦੇ ਹਨ? ਮੈਨੂੰ ਲਗਦਾ ਤੁਹਾਨੂੰ ਸ਼ਾਇਦ ਮੌਕੇ 'ਤੇ ਕੋਈ ਜੁਆਬ ਨਾ ਔੜੇ ਅਤੇ ਇਸ ਲਈ ਮੈਂ ਸੁਝਾਅ ਦਿੰਦਾ ਹਾਂ ਕਿ ਇਹ ਦੁਸ਼ਮਣੀਆਂ ਉਦੋਂ ਵਧਦੀਆਂ ਹਨ ਜਦੋਂ ਵਖਰੇਵਿਆਂ ਵਿੱਚ ਨਿਆਂ-ਅਨਿਆਂ, ਚੰਗਿਆਈ-ਬੁਰਾਈ, ਸਨਮਾਨ ਅਤੇ ਅਪਮਾਨ ਦਾ ਮਸਲਾ ਹੋਵੇ। ਕੀ ਇਹ ਨੁਕਤੇ ਉਹ ਨਹੀਂ ਜਿਹਨਾਂ ਕਰਕੇ ਲੋਕਾਂ ਵਿੱਚ ਵਖਰੇਵੇਂ ਹਨ ਅਤੇ ਜਿਹਨਾਂ ਕਰਕੇ ਅਸੀਂ ਲੜਦੇ ਹਾਂ, ਜਦੋਂ ਅਸੀਂ ਆਪਣੇ ਵਖਰੇਵਿਆਂ ਦੀ ਤਸੱਲੀ ਤੋਂ ਅਸਮਰੱਥ ਹੋਈਏ? ਤੁਸੀਂ, ਮੈਂ ਅਤੇ ਅਸੀਂ ਸਾਰੇ ਹੀ ਲੜਦੇ ਹਾਂ।

**ਯੂਥੀਫ੍ਰੋ:** ਹਾਂ ਸੁਕਰਾਤ, ਵਖਰੇਵਿਆਂ ਦਾ ਸੁਭਾਅ ਜਿਵੇਂ ਤੁਸੀਂ ਬਿਆਨ ਕੀਤਾ ਉਸੇ ਤਰ੍ਹਾਂ ਦਾ ਹੁੰਦਾ ਹੈ, ਜਿਹਨਾਂ ਕਰਕੇ ਅਸੀਂ ਲੜਦੇ ਹਾਂ।

**ਸੁਕਰਾਤ:** ਅਤੇ ਯੂਥੀਫ੍ਰੋ, ਜਦੋਂ ਵੀ ਦੇਵਤਿਆਂ ਦੀਆਂ ਲੜਾਈਆਂ ਹੁੰਦੀਆਂ ਹਨ, ਕੀ ਉਹ ਵੀ ਇਸੇ ਤਰ੍ਹਾਂ ਦੀਆਂ ਹੁੰਦੀਆਂ ਹਨ?

**ਯੂਥੀਫ੍ਰੋ:** ਬਿਲਕੁਲ ਇਸੇ ਤਰ੍ਹਾਂ ਦੀਆਂ।

**ਸੁਕਰਾਤ:** ਉਹਨਾਂ ਦੇ ਵਖਰੇਵੇਂ ਵਿਚਾਰਾਂ ਕਰਕੇ ਹੁੰਦੇ ਹਨ, ਜਿਵੇਂ ਕਿ ਤੁਸੀਂ ਚੰਗੇ-ਮਾੜੇ, ਨਿਆਂ-ਅਨਿਆਂ, ਸਨਮਾਨ ਅਤੇ ਅਪਮਾਨ ਬਾਰੇ ਕਿਹਾ: ਉਹਨਾਂ ਵਿੱਚ ਕੋਈ ਵੀ ਲੜਾਈ ਨਾ ਹੁੰਦੀ ਜੇਕਰ ਕੋਈ ਅਜਿਹੇ ਵਖਰੇਵੇਂ ਨਾ ਹੁੰਦੇ-ਕੀ ਲੜਾਈ ਹੁੰਦੀ?

**ਯੂਥੀਫ੍ਰੋ:** ਤੁਸੀਂ ਬਿਲਕੁਲ ਸਹੀ ਕਿਹਾ।

**ਸੁਕਰਾਤ:** ਕੀ ਹਰੇਕ ਵਿਅਕਤੀ ਉਸਨੂੰ ਪਿਆਰ ਨਹੀਂ ਕਰਦਾ ਜਿਸਨੂੰ ਉਹ ਦਾਨਾ, ਨਿਆਂਪੂਰਨ ਅਤੇ ਚੰਗਾ ਸਮਝਦਾ ਹੈ, ਅਤੇ ਇਹਨਾਂ ਤੋਂ ਉਲਟ ਸਭ ਨੂੰ ਨਫ਼ਰਤ?

**ਯੂਥੀਫ੍ਰੋ:** ਬਿਲਕੁਲ ਸਹੀ ਕਿਹਾ।

**ਸੁਕਰਾਤ:** ਪਰ ਜਿਵੇਂ ਤੁਸੀਂ ਕਿਹਾ, ਇਕੋ ਜਿਹੀਆਂ ਚੀਜ਼ਾਂ ਨੂੰ ਕੁਝ ਲੋਕ ਨਿਆਂ ਦੱਸਦੇ ਹਨ ਅਤੇ ਕੁਝ ਅਨਿਆਂ, -- ਇਹਨਾਂ ਕਰਕੇ ਹੀ ਉਹ ਝਗੜਦੇ ਹਨ ਅਤੇ ਏਸੇ ਕਰਕੇ ਉਹਨਾਂ ਵਿੱਚ ਜੰਗਾਂ ਅਤੇ ਲੜਾਈਆਂ ਹੁੰਦੀਆਂ ਹਨ।

**ਯੂਥੀਫ੍ਰੋ:** ਬਿਲਕੁਲ ਸੱਚ ਹੈ।

**ਸੁਕਰਾਤ:** ਫੇਰ ਤਾਂ ਇਕੋ ਚੀਜ਼ ਨੂੰ ਦੇਵਤੇ ਪਿਆਰ ਵੀ ਕਰਦੇ ਹਨ ਅਤੇ ਓਸੇ ਨੂੰ ਹੀ ਨਫ਼ਰਤ, ਕੀ ਉਹਨਾਂ ਲਈ ਦੋਵੇਂ ਹੀ ਨਫ਼ਰਤਯੋਗ ਅਤੇ ਪਿਆਰਨਯੋਗ ਹਨ?

**ਯੂਥੀਫ੍ਰੋ:** ਸੱਚ ਕਿਹਾ ਤੁਸੀਂ।

**ਸੁਕਰਾਤ:** ਅਤੇ ਯੂਥੀਫ੍ਰੋ ਇਸ ਮਤ ਅਨੁਸਾਰ ਇਕੋ ਜਿਹੀਆਂ ਚੀਜ਼ਾਂ ਪਵਿੱਤਰ ਵੀ ਹੋਣਗੀਆਂ ਅਤੇ ਅਪਵਿੱਤਰ ਵੀ?

**ਯੂਥੀਫ੍ਰੋ:** ਮੈਨੂੰ ਵੀ ਇਵੇਂ ਹੀ ਲਗਦਾ।

**ਸੁਕਰਾਤ:** ਤਾਂ ਮੇਰੇ ਦੋਸਤ, ਮੈਂ ਹੈਰਾਨ ਹਾਂ ਕਿ ਤੁਸੀਂ ਉਸ ਸੁਆਲ ਦਾ ਜੁਆਬ ਨਹੀਂ ਦਿੱਤਾ ਜੋ ਮੈਂ ਪੁੱਛਿਆ ਸੀ। ਕਿਉਂਕਿ ਮੈਂ ਤੁਹਾਨੂੰ ਇਹ ਦੱਸਣ ਲਈ ਬਿਲਕੁਲ ਨਹੀਂ ਕਿਹਾ ਸੀ ਕਿ ਕਿਹੜਾ ਅਮਲ ਪਵਿੱਤਰ

ਵੀ ਹੈ ਅਤੇ ਅਪਵਿੱਤਰ ਵੀ। ਪਰ ਹੁਣ ਇਹ ਪਤਾ ਲੱਗ ਗਿਆ ਹੈ ਕਿ ਜਿਸਨੂੰ ਦੇਵਤੇ ਪਿਆਰ ਕਰਦੇ ਹਨ ਉਸਨੂੰ ਉਹ ਨਫ਼ਰਤ ਵੀ ਕਰਦੇ ਹਨ। ਅਤੇ ਇਸ ਲਈ ਯੂਥੀਫ੍ਰੋ ਤੁਹਾਡੇ ਪਿਤਾ ਨੂੰ ਇਸ ਤਰ੍ਹਾਂ ਸਜ਼ਾ ਦੇਣ ਨਾਲ ਤੁਸੀਂ ਸ਼ਾਇਦ ਅਜਿਹਾ ਕਰ ਰਹੇ ਹੋਵੋ ਜਿਹੜਾ ਜ਼ੂਅਸ ਨੂੰ ਤਾਂ ਮਨਜ਼ੂਰ ਹੋਵੇ ਪਰ ਕਰੋਨੋਸ ਅਤੇ ਯੂਰੇਨਸ ਨੂੰ ਨਾਮਨਜ਼ੂਰ, ਅਤੇ ਜਿਹੜਾ ਹੈਫਾਇਸਤਸ ਨੂੰ ਮਨਜ਼ੂਰ ਹੋਵੇ ਪਰ ਹਿਅਰ ਨੂੰ ਨਾਮਨਜ਼ੂਰ, ਅਤੇ ਹੋ ਸਕਦਾ ਕਈ ਹੋਰ ਦੇਵਤੇ ਹੋਣ ਜਿਹਨਾਂ ਦਾ ਨਜ਼ਰੀਆ ਵੱਖਰਾ ਹੋਵੇ।

**ਯੂਥੀਫ੍ਰੋ:** ਪਰ ਮੈਨੂੰ ਯਕੀਨ ਹੈ ਸੁਕਰਾਤ ਕਿ ਸਾਰੇ ਦੇਵਤੇ ਇੱਕ ਕਾਤਲ ਨੂੰ ਸਜ਼ਾ ਦੇਣ 'ਤੇ ਸਹਿਮਤ ਹੋਣਗੇ। ਇਸ ਵਿਚਾਰ ਸੰਬੰਧੀ ਕੋਈ ਵਖਰੇਵੇਂ ਨਹੀਂ ਹੋਣਗੇ।

**ਸੁਕਰਾਤ:** ਖ਼ੈਰ, ਯੂਥੀਫ੍ਰੋ, ਕੀ ਤੁਸੀਂ ਕਦੇ ਲੋਕਾਂ ਦੀ ਕੋਈ ਅਜਿਹੀ ਬਹਿਸ ਸੁਣੀ ਹੈ ਕਿ ਕਿਸੇ ਵੀ ਕਾਤਲ ਨੂੰ ਜਾਂ ਕਿਸੇ ਕਿਸਮ ਦੇ ਵੀ ਬਦਕਾਰ ਨੂੰ ਛੱਡ ਦਿੱਤਾ ਜਾਣਾ ਚਾਹੀਦਾ ਹੈ?

**ਯੂਥੀਫ੍ਰੋ:** ਇਸਦੇ ਬਜਾਇ ਮੈਂ ਕਹਿਣਾ ਚਾਹਾਂਗਾ ਕਿ ਇਹ ਉਹ ਸਵਾਲ ਹਨ ਜਿਹਨਾਂ ਬਾਰੇ ਉਹ ਹਮੇਸ਼ਾ ਹੀ ਬਹਿਸਦੇ ਰਹਿੰਦੇ ਹਨ, ਖ਼ਾਸ ਕਚਹਿਰੀਆਂ ਵਿੱਚ: ਉਹ ਹਰ ਕਿਸਮ ਦਾ ਜੁਰਮ ਕਰਦੇ ਹਨ ਅਤੇ ਆਪਣੇ ਬਚਾਅ ਲਈ ਉਹ ਸਭ ਕੁਝ ਕਹਿਣ ਅਤੇ ਕਰਨ ਨੂੰ ਤਿਆਰ ਰਹਿੰਦੇ ਹਨ।

**ਸੁਕਰਾਤ:** ਪਰ ਯੂਥੀਫ੍ਰੋ ਕੀ ਉਹ ਆਪਣਾ ਦੋਸ਼ ਸਵੀਕਾਰ ਕਰਦੇ ਹਨ, ਅਤੇ ਫਿਰ ਵੀ ਕਹਿੰਦੇ ਹਨ ਕੀ ਉਹਨਾਂ ਨੂੰ ਸਜ਼ਾ ਨਹੀਂ ਹੋਣੀ ਚਾਹੀਦੀ?

**ਯੂਥੀਫ੍ਰੋ:** ਨਹੀਂ, ਉਹ ਨਹੀਂ ਕਰਦੇ।

**ਸੁਕਰਾਤ:** ਫਿਰ ਕੁਝ ਅਜਿਹੀਆਂ ਗੱਲਾਂ ਹਨ ਜਿਹਨਾਂ ਨੂੰ ਕਹਿਣ ਅਤੇ ਕਰਨ ਦਾ ਜੋਖਮ ਉਹ ਨਹੀਂ ਲੈਣਾ ਚਾਹੁੰਦੇ: ਕਿਉਂਜੋ ਉਹ ਇਸ ਦਲੀਲ ਦਾ ਜੋਖਮ ਨਹੀਂ ਲੈਂਦੇ ਕਿ ਦੋਸ਼ੀ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ, ਪਰ ਉਹ ਆਪਣੇ ਦੋਸ਼ ਤੋਂ ਮੁਨਕਰ ਹੁੰਦੇ ਹਨ, ਕੀ ਉਹ ਨਹੀਂ ਹੁੰਦੇ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਫੇਰ ਉਹ ਇਹ ਬਹਿਸ ਵੀ ਨਹੀਂ ਕਰਦੇ ਕਿ ਬਦਕਾਰ ਨੂੰ ਸਜ਼ਾ ਨਹੀਂ ਹੋਣੀ ਚਾਹੀਦੀ, ਪਰ ਉਹ ਇਸ ਤੱਥ 'ਤੇ ਬਹਿਸ ਕਰਦੇ ਹਨ ਕਿ ਬਦਕਾਰ ਹੈ ਕੌਣ ਅਤੇ ਉਸਨੇ ਕੀ ਕੀਤਾ ਅਤੇ ਕਦੋਂ ਕੀਤਾ?

**ਯੂਥੀਫ੍ਰੋ:** ਸੱਚ ਕਿਹਾ।

**ਸੁਕਰਾਤ:** ਅਤੇ ਅਜਿਹੇ ਹੀ ਮਾਮਲੇ ਵਿੱਚ ਦੇਵਤੇ, ਜੇਕਰ ਜਿਵੇਂ ਤੁਸੀਂ ਦਾਅਵਾ ਕੀਤਾ ਕਿ ਉਹ ਨਿਆਂ ਅਤੇ ਅਨਿਆਂ ਬਾਰੇ ਲੜਦੇ ਹਨ ਅਤੇ ਉਹਨਾਂ ਵਿਚੋਂ ਕੁਝ ਮੰਨਦੇ ਅਤੇ ਕੁਝ ਮੁਨਕਰ ਹੁੰਦੇ ਹਨ ਕਿ ਉਹਨਾਂ ਦਰਮਿਆਨ ਅਨਿਆਂ ਹੋਇਆ ਹੈ। ਇਹ ਤੇ ਪੱਕਾ ਹੈ ਕਿ ਨਾ ਤਾਂ ਦੇਵਤੇ ਅਤੇ ਨਾ ਹੀ ਮਨੁੱਖ ਕਦੇ ਇਹ ਕਹਿਣ ਦਾ ਜੋਖਮ ਕਰਨਗੇ ਕਿ ਅਨਿਆਂ ਕਰਨਹਾਰੇ ਨੂੰ ਸਜ਼ਾ ਨਾ ਮਿਲੇ?

**ਯੂਥੀਫ੍ਰੋ:** ਇਹ ਸੱਚ ਹੈ ਸੁਕਰਾਤ, ਮੁੱਖ ਰੂਪ ਵਿੱਚ।

**ਸੁਕਰਾਤ:** ਪਰ ਦੇਵਤੇ ਅਤੇ ਮਨੁੱਖ ਇਸ ਸੰਦਰਭ ਵਿੱਚ ਇਕੋ ਤਰ੍ਹਾਂ ਦੇ ਹਨ, ਜੇ ਉਹ ਝਗੜਦੇ ਵੀ ਹਨ ਤਾਂ ਉਹ ਉਸ ਅਮਲ ਲਈ ਝਗੜਨਗੇ ਜਿਸ 'ਤੇ ਸ਼ੱਕ ਹੋਵੇ, ਜਿਸਨੂੰ ਕੁਝ ਤਾਂ ਨਿਆਂ ਆਖਣ ਅਤੇ ਕੁਝ ਅਨਿਆਂ ਹੋਣ ਦਾ ਦਾਅਵਾ ਕਰਨ। ਕੀ ਇਹ ਸੱਚ ਨਹੀਂ ਹੈ?

**ਯੂਥੀਫ੍ਰੋ:** ਇਕਦਮ ਸੱਚ।

**ਸੁਕਰਾਤ:** ਖ਼ੈਰ ਫੇਰ, ਮੇਰੇ ਪਿਆਰੇ ਮਿੱਤਰ ਯੂਥੀਫ੍ਰੋ, ਮੇਰੀ ਬਿਹਤਰ ਸੇਧ ਅਤੇ ਜਾਣਕਾਰੀ ਲਈ ਮੈਨੂੰ ਇਹ ਦੱਸੋ ਕਿ ਤੁਹਾਡੇ ਕੋਲ਼ ਸਾਰੇ ਦੇਵਤਿਆਂ ਦੇ ਨਜ਼ਰੀਏ ਦਾ ਕਿਹੜਾ ਸਬੂਤ ਹੈ ਕਿ ਜਦੋਂ ਇੱਕ ਮੁਲਾਜ਼ਮ ਜਿਹੜਾ ਕਤਲ ਦਾ ਦੋਸ਼ੀ ਹੋਵੇ ਅਤੇ ਮਰੇ ਹੋਏ ਵਿਅਕਤੀ ਦੇ ਮਾਲਕ ਨੇ ਸੰਗਲਾਂ ਵਿੱਚ ਬੰਨ੍ਹਿਆ ਹੋਵੇ ਅਤੇ ਇਸ ਕਰਕੇ ਮਰ ਜਾਵੇ ਕਿ ਹਾਲੇ ਉਸਨੂੰ ਬੰਨ੍ਹਣ ਵਾਲੇ ਨੇ ਦੇਵਤਿਆਂ ਦੇ ਪ੍ਰਚਾਰਕਾਂ ਤੋਂ ਇਹ ਜਾਣਨਾ ਸੀ ਕਿ ਉਹ ਉਸ ਨਾਲ ਕੀ ਕਰੇ, ਉਸਦਾ ਮਰਨਾ ਅਨਿਆਂ ਹੈ, ਅਤੇ ਇਸੇ ਦੇ ਆਧਾਰ 'ਤੇ ਇੱਕ ਪੁੱਤਰ ਆਪਣੇ ਪਿਤਾ ਖ਼ਿਲਾਫ਼ ਕਾਰਵਾਈ ਕਰਨੀ ਚਾਹੁੰਦਾ ਹੈ ਅਤੇ ਉਸ 'ਤੇ ਕਤਲ ਦਾ ਇਲਜ਼ਾਮ ਲਾ ਦਿੰਦਾ

ਹੈ। ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਸਾਰੇ ਦੇਵਤੇ ਤੁਹਾਡੇ ਇਸ ਕੰਮ ਲਈ ਪੂਰੀ ਤਰ੍ਹਾਂ ਸਹਿਮਤ ਹੋਣਗੇ? ਮੈਨੂੰ ਇਹ ਸਾਬਿਤ ਕਰੋ ਕਿ ਉਹ ਸਹਿਮਤ ਹੋਣਗੇ ਅਤੇ ਮੈਂ ਸਾਰੀ ਜ਼ਿੰਦਗੀ ਤੁਹਾਡੀ ਵਿਦਵਤਾ ਦਾ ਗੁਣਗਾਣ ਕਰਾਂਗਾ।

**ਯੂਥੀਫ੍ਰੋ:** ਇਹ ਕਰਨਾ ਮੁਸ਼ਕਿਲ ਤਾਂ ਕਾਫ਼ੀ ਹੋਵੇਗਾ। ਪਰ ਮੈਂ ਤੁਹਾਡੇ ਕੋਲ਼ ਇਹ ਸਾਰਾ ਮਾਮਲਾ ਕਾਫ਼ੀ ਹੱਦ ਤੱਕ ਸਪਸ਼ਟ ਕਰ ਸਕਦਾ ਹਾਂ।

**ਸੁਕਰਾਤ:** ਮੈਂ ਸਮਝ ਗਿਆ, ਤੁਹਾਡੇ ਕਹਿਣ ਦਾ ਮਤਲਬ ਹੈ ਕਿ ਮੇਰੇ ਕੋਲ਼ ਨਿਆਂਕਾਰਾਂ ਵਰਗੀ ਜਲਦੀ ਸਮਝ ਸਕਣ ਵਾਲੀ ਸੂਝ ਨਹੀਂ ਹੈ। ਕਿਉਂਜੋ ਉਹਨਾਂ ਬਾਰੇ ਤਾਂ ਤੁਸੀਂ ਸੋਚ ਹੀ ਲਿਆ ਹੈ ਕਿ ਇਹ ਸਾਬਿਤ ਹੋ ਹੀ ਜਾਵੇਗਾ ਕਿ ਇਹ ਕਰਮ ਅਣ-ਉਚਿਤ ਹੈ ਅਤੇ ਦੇਵਤਿਆਂ ਲਈ ਨਫ਼ਰਤਯੋਗ।

**ਯੂਥੀਫ੍ਰੋ:** ਹਾਂ ਬਿਲਕੁਲ ਸੁਕਰਾਤ, ਘੱਟੋ ਘੱਟ ਜੇ ਉਹ ਮੈਨੂੰ ਸੁਣਨਗੇ।

**ਸੁਕਰਾਤ:** ਪਰ ਉਹ ਤੁਹਾਨੂੰ ਜ਼ਰੂਰ ਸੁਣਨਾ ਚਾਹੁਣਗੇ ਜੇ ਉਹਨਾਂ ਨੂੰ ਲੱਗਾ ਕਿ ਤੁਸੀਂ ਇੱਕ ਚੰਗੇ ਬੁਲਾਰੇ ਹੋ। ਜਦੋਂ ਤੁਸੀਂ ਬੋਲ ਰਹੇ ਸੀ ਤਾਂ ਮੇਰੇ ਮਨ ਵਿੱਚ ਇੱਕ ਖਿਆਲ ਆਇਆ, ਮੈਂ ਆਪਣੇ ਆਪ ਨੂੰ ਕਿਹਾ, 'ਖ਼ੈਰ, ਕੀ ਹੋਏਗਾ ਜੇਕਰ ਯੂਥੀਫ੍ਰੋ ਨੇ ਮੇਰੇ ਕੋਲ਼ ਇਹ ਸਾਬਿਤ ਕਰ ਦਿੱਤਾ ਕਿ ਸਾਰੇ ਦੇਵਤੇ ਉਸ ਮਜ਼ਲੂਮ ਦੀ ਮੌਤ ਨੂੰ ਅਨਿਆਂਪੂਰਨ ਮੰਨਦੇ ਹਨ, ਮੈਂ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਸੁਭਾਅ ਬਾਰੇ ਹੋਰ ਕਿਵੇਂ ਜਾਣ ਸਕਾਂਗਾ? ਇਹ ਮੰਨ ਲੈਣਾ ਕਿ ਇਹ ਅਮਲ ਸ਼ਾਇਦ ਦੇਵਤਿਆਂ ਲਈ ਨਫ਼ਰਤਯੋਗ ਹੋਵੇਗਾ, ਫੇਰ ਵੀ ਪਵਿੱਤਰਤਾ ਅਤੇ ਅਪਵਿੱਤਰਤਾ ਇਹਨਾਂ ਪਛਾਣਾਂ ਨਾਲ ਢੁਕਵੇਂ ਤੌਰ 'ਤੇ ਪਰਿਭਾਸ਼ਿਤ ਨਹੀਂ ਕੀਤੀ ਜਾਂਦੀ ਕਿਉਂਜੋ ਦੇਵਤਿਆਂ ਲਈ ਜੋ ਨਫ਼ਰਤਯੋਗ ਹੈ ਉਹ ਹੀ ਉਹਨਾਂ ਲਈ ਪਿਆਰਾ ਅਤੇ ਆਨੰਦਦਾਇਕ ਵੀ ਵਿਖਾਇਆ ਜਾਂਦਾ ਹੈ'। ਅਤੇ ਏਸੇ ਲਈ ਯੂਥੀਫ੍ਰੋ, ਮੈਂ ਤੁਹਾਨੂੰ ਇਹਨੂੰ ਸਾਬਿਤ ਕਰਨ ਲਈ ਨਹੀਂ ਕਹਾਂਗਾ, ਜੇ ਤੁਸੀਂ ਚਾਹੁੰਨੇ ਓ ਤਾਂ ਮੈਂ ਮੰਨ ਲਵਾਂਗਾ ਕਿ ਸਾਰੇ ਦੇਵਤੇ ਇਹੋ ਜਿਹੇ ਅਮਲ ਨੂੰ ਨਿੰਦਦੇ ਅਤੇ ਘਿਰਣਾ ਕਰਦੇ ਹਨ। ਪਰ ਮੈਂ ਇਹ ਪਰਿਭਾਸ਼ਾ ਬਦਲ ਦਿਆਂਗਾ ਜਿਵੇਂ ਕਿ ਕਿਹਾ ਜਾਂਦਾ ਹੈ ਕਿ ਜਿਸਨੂੰ ਸਾਰੇ ਦੇਵਤੇ ਨਫ਼ਰਤ ਕਰਦੇ ਹਨ ਉਹ ਅਪਵਿੱਤਰ ਹੈ ਅਤੇ ਜਿਸਨੂੰ ਉਹ ਪਿਆਰਦੇ ਹਨ ਉਹ ਪਵਿੱਤਰ ਅਤੇ ਨੇਕ ਹੈ ਅਤੇ ਜਿਸਨੂੰ ਵੀ ਉਹਨਾਂ ਵਿਚੋਂ ਕੁਝ ਪਿਆਰਦੇ ਹਨ ਅਤੇ ਕੁਝ ਮਾੜਾ ਮੰਨਦੇ ਹਨ ਉਹ ਦੋਵੇਂ (ਪਵਿੱਤਰ ਅਤੇ ਅਪਵਿੱਤਰ) ਹੀ ਹੋਣਗੇ ਜਾਂ ਕੁਝ ਵੀ ਨਹੀਂ। ਕੀ ਪਵਿੱਤਰਤਾ ਅਤੇ ਅਪਵਿੱਤਰਤਾ ਬਾਰੇ ਸਾਡੀ ਪਰਿਭਾਸ਼ਾ ਇਹ ਹੋਵੇਗੀ?

**ਯੂਥੀਫ੍ਰੋ:** ਕਿਉਂ ਨਹੀਂ, ਸੁਕਰਾਤ?

**ਸੁਕਰਾਤ:** ਕਿਉਂ ਨਹੀਂ! ਬਿਲਕੁਲ ਯੂਥੀਫ੍ਰੋ, ਜਿੱਥੋਂ ਤੱਕ ਮੇਰਾ ਵਿਚਾਰ ਹੈ, ਕਿਉਂ ਨਾ ਹੋਣ ਦਾ ਕੋਈ ਵੀ ਕਾਰਨ ਨਹੀਂ ਹੈ। ਪਰ ਕੀ ਤੁਹਾਡਾ ਇਹ ਮੰਨਣਾ ਮੈਨੂੰ ਸਿਖਾਉਣ ਵਿੱਚ ਕਾਫ਼ੀ ਸਹਾਈ ਹੋਵੇਗਾ ਜਿਸਦਾ ਤੁਸੀਂ ਵਾਅਦਾ ਕੀਤਾ ਸੀ। ਇਹ ਤੁਹਾਡੇ ਲਈ ਧਿਆਨ ਦੇਣ ਵਾਲਾ ਮਾਮਲਾ ਹੈ।

**ਯੂਥੀਫ੍ਰੋ:** ਹਾਂ, ਮੈਂ ਇਹੀ ਕਹਾਂਗਾ ਕਿ ਜਿਸਨੂੰ ਸਾਰੇ ਦੇਵਤੇ ਪਿਆਰਦੇ ਹਨ ਉਹ ਪਵਿੱਤਰ ਅਤੇ ਪਾਵਨ ਹੈ ਅਤੇ ਇਸਤੋਂ ਉਲਟ, ਜਿਸਨੂੰ ਉਹ ਸਾਰੇ ਨਫ਼ਰਤ ਕਰਦੇ ਹਨ ਉਹ ਅਪਵਿੱਤਰ।

**ਸੁਕਰਾਤ:** ਯੂਥੀਫ੍ਰੋ, ਕੀ ਸਾਨੂੰ ਇਸ ਵਿਚਲੇ ਸੱਚ ਦੀ ਪੜਤਾਲ਼ ਕਰਨੀ ਚਾਹੀਦੀ ਹੈ ਜਾਂ ਵੈਸੇ ਹੀ ਆਪਣੀ ਅਤੇ ਹੋਰਾਂ ਦੀ ਮਰਜ਼ੀ ਨਾਲ ਮਹਿਜ਼ ਏਸੇ ਬਿਆਨ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ? ਤੁਸੀਂ ਕੀ ਕਹਿੰਦੇ ਹੋ?

**ਯੂਥੀਫ੍ਰੋ:** ਸਾਨੂੰ ਪੜਤਾਲ਼ ਕਰਨੀ ਚਾਹੀਦੀ ਹੈ, ਅਤੇ ਮੈਨੂੰ ਵਿਸ਼ਵਾਸ ਹੈ ਕਿ ਇਹ ਬਿਆਨ ਪੜਤਾਲ਼ ਦਾ ਇਮਤਿਹਾਨ ਪਾਰ ਕਰ ਲਵੇਗਾ।

**ਸੁਕਰਾਤ:** ਇਸਦਾ ਪਤਾ ਸਾਨੂੰ ਜਲਦ ਹੀ ਲੱਗ ਜਾਏਗਾ ਮੇਰੇ ਪਿਆਰੇ ਮਿੱਤਰ। ਸਭ ਤੋਂ ਪਹਿਲਾਂ ਮੈਂ ਇਸ ਨੁਕਤੇ ਬਾਰੇ ਜਾਣਨਾ ਚਾਹੁੰਦਾ ਹਾਂ ਕਿ ਕੀ ਪਾਵਨ ਜਾਂ ਪਵਿੱਤਰ ਨੂੰ ਦੇਵਤੇ ਏਸੇ ਕਰਕੇ ਪਿਆਰਦੇ ਹਨ ਕਿਉਂਕਿ ਉਹ ਪਾਵਨ ਹੈ ਜਾਂ ਉਹ ਪਾਵਨ ਹੀ ਦੇਵਤਿਆਂ ਦੇ ਪਿਆਰੇ ਜਾਣ ਕਰਕੇ ਹੈ।

**ਯੂਥੀਫ੍ਰੋ:** ਮੈਨੂੰ ਤੁਹਾਡਾ ਮਤਲਬ ਸਮਝ ਨਹੀਂ ਆਇਆ, ਸੁਕਰਾਤ।

**ਸੁਕਰਾਤ:** ਮੈਂ ਸਮਝਾਉਣ ਦਾ ਜਤਨ ਕਰਾਂਗਾ। ਆਪਾਂ ਲੈ ਜਾਣ ਬਾਰੇ ਬੋਲਦੇ ਹੋਏ ਅਤੇ ਲਿਆਂਦੇ ਜਾਣ ਬਾਰੇ, ਅਗਵਾਈ ਕਰਨ ਅਤੇ ਅਗਵਾਈ ਹੋਣ ਬਾਰੇ, ਵੇਖਣ ਅਤੇ ਵੇਖੇ ਜਾਣ ਬਾਰੇ ਕਹਿੰਦੇ ਹਾਂ। ਕੀ ਤੁਸੀਂ ਇਹਨਾਂ ਸਾਰੇ ਮਸਲਿਆਂ ਵਿਚਲੇ ਫ਼ਰਕ ਨੂੰ ਜਾਣਦੇ ਹੋ, ਅਤੇ ਕੀ ਤੁਸੀਂ ਇਹ ਵੀ ਜਾਣਦੇ ਹੋ ਕਿ ਇਹ ਫ਼ਰਕ ਕਾਹਦੇ ਵਿੱਚ ਹੈ?

**ਯੂਥੀਫ੍ਰੋ:** ਮੈਨੂੰ ਲਗਦੈ ਕਿ ਮੈਂ ਸਮਝ ਰਿਹਾ ਹਾਂ।

**ਸੁਕਰਾਤ:** ਅਤੇ ਕੀ ਅਜਿਹਾ ਨਹੀਂ ਹੈ ਕਿ ਜੋ ਪਿਆਰਾ ਹੈ ਉਹ ਪਿਆਰ ਕਰਨ ਵਾਲੇ ਤੋਂ ਵੱਖਰਾ ਹੈ?

**ਯੂਥੀਫ੍ਰੋ:** ਬੇਸ਼ੱਕ।

**ਸੁਕਰਾਤ:** ਠੀਕ ਹੈ, ਅਤੇ ਹੁਣ ਮੈਨੂੰ ਦੱਸ ਕਿ ਕੀ ਜਿਹੜੀ ਚੀਜ਼ ਲਿਆਂਦੀ ਗਈ ਉਹ ਲਿਆਉਣ ਦੀ ਸਥਿਤੀ ਵਿੱਚ ਇਸ ਲਈ ਹੈ ਕਿਉਂਕਿ ਇਹ ਲਿਆਂਦੀ ਗਈ ਹੈ, ਜਾਂ ਕਿਸੇ ਹੋਰ ਕਾਰਨ ਕਰਕੇ?

**ਯੂਥੀਫ੍ਰੋ:** ਨਹੀਂ, ਇਹੀ ਕਾਰਨ ਹੈ।

**ਸੁਕਰਾਤ:** ਅਤੇ ਅਗਵਾਈ ਹੋਣ ਅਤੇ ਵੇਖੇ ਜਾਣ ਬਾਰੇ ਵੀ ਇਹੀ ਸੱਚ ਹੈ?

**ਯੂਥੀਫ੍ਰੋ:** ਹਾਂ ਇਹੀ ਸੱਚ ਹੈ।

**ਸੁਕਰਾਤ:** ਅਤੇ ਕੋਈ ਵੀ ਚੀਜ਼ ਇਸ ਕਰਕੇ ਨਹੀਂ ਵਿਖਾਈ ਦਿੰਦੀ ਕਿਉਂਕਿ ਉਹ ਦਿਖਦੀ ਹੈ, ਪਰ ਹੈ ਇਸਤੋਂ ਬਿਲਕੁਲ ਉਲਟ, ਉਹ ਇਸ ਕਰਕੇ ਵਿਖਾਈ ਦਿੰਦੀ ਹੈ ਕਿਉਂਕਿ ਵੇਖੀ ਜਾਂਦੀ ਹੈ; ਨਾ ਹੀ ਕੋਈ ਚੀਜ਼ ਅਗਵਾਈ ਹੇਠ ਰਹਿੰਦੀ ਹੈ ਕਿਉਂਕਿ ਉਹ ਅਗਵਾਈ ਹੇਠ ਦੀ ਸਥਿਤੀ ਵਿੱਚ ਹੈ ਜਾਂ ਲਿਆਂਦੀ ਗਈ ਕਿਉਂਕਿ ਇਹ ਲਿਆਂਦੇ ਜਾਣ ਦੀ ਸਥਿਤੀ ਵਿੱਚ ਹੈ, ਸਗੋਂ ਹੈ ਇਸਦੇ ਉਲਟ। ਯੂਥੀਫ੍ਰੋ, ਹੁਣ ਮੈਂ ਸੋਚਦਾ ਹਾਂ ਕਿ ਮੇਰਾ ਮਤਲਬ ਬਿਲਕੁਲ ਸਪਸ਼ਟ ਹੋ ਗਿਆ ਹੋਵੇਗਾ, ਅਤੇ ਮੇਰਾ ਮਤਲਬ ਇਹ ਹੈ ਕਿ ਅਮਲ ਜਾਂ ਜਜ਼ਬੇ ਦੀ ਕੋਈ ਵੀ ਸਥਿਤੀ ਪਿਛਲੇਰੇ ਅਮਲ ਅਤੇ ਜਜ਼ਬੇ ਦਾ ਸੰਕੇਤ ਕਰਦੀ ਹੈ। ਇਹ ਇਸ ਲਈ ਨਹੀਂ ਬਣਦੀ ਕਿਉਂਕਿ ਇਹ ਬਣ ਰਹੀ ਹੁੰਦੀ ਹੈ, ਪਰ ਇਹ ਬਣ ਜਾਣ ਦੀ ਸਥਿਤੀ ਵਿੱਚ ਇਸ ਕਰਕੇ ਹੈ ਕਿਉਂਕਿ ਇਹ ਬਣਦੀ ਹੈ, ਇਹ ਦੁੱਖ ਇਸ ਲਈ ਨਹੀਂ ਸਹਾਰਦੀ ਹੈ ਕਿਉਂਕਿ ਇਹ ਦੁੱਖ ਦੀ ਸਥਿਤੀ ਵਿੱਚ ਹੈ ਪਰ ਇਹ ਦੁੱਖ ਦੀ ਸਥਿਤੀ ਵਿੱਚ ਇਸ ਕਰਕੇ ਹੈ ਕਿਉਂਕਿ ਦੁੱਖ ਸਹਾਰਦੀ ਹੈ। ਕੀ ਤੁਸੀਂ ਸਹਿਮਤ ਨਹੀਂ ਹੋ?

**ਯੂਥੀਫ੍ਰੋ:** ਹਾਂ ਮੈਂ ਸਹਿਮਤ ਹਾਂ।

**ਸੁਕਰਾਤ:** ਕੀ ਅਜਿਹਾ ਨਹੀਂ ਕਿ ਜਿਸਨੂੰ ਪਿਆਰ ਕੀਤਾ ਜਾ ਰਿਹਾ ਹੈ ਉਹ ਬਣਨ ਜਾਂ ਦੁੱਖ ਝੱਲਣ ਦੀ ਹਾਲਤ ਵਿੱਚ ਹੋਵੇ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਅਤੇ ਅਜਿਹਾ ਹੀ ਪਹਿਲਾਂ ਵਾਲੀਆਂ ਮਿਸਾਲਾਂ ਵਿੱਚ ਵੀ ਹੁੰਦਾ ਹੈ, ਪਿਆਰੇ ਜਾਣ ਵਾਲੀ ਸਥਿਤੀ ਅਮਲ ਅਤੇ ਸਥਿਤੀ ਦੀ ਥਾਂਵੇਂ ਪਿਆਰ ਕੀਤੇ ਜਾਣ ਦੇ ਅਮਲ ਤੋਂ ਬਾਅਦ ਆਉਂਦੀ ਹੈ।

**ਯੂਥੀਫ੍ਰੋ:** ਬਿਲਕੁਲ।

**ਸੁਕਰਾਤ:** ਅਤੇ ਪਵਿੱਤਰਤਾ ਬਾਰੇ ਤੁਹਾਡਾ ਕੀ ਖਿਆਲ ਹੈ ਯੂਥੀਫ੍ਰੋ, ਕੀ ਤੁਹਾਡੀ ਪਰਿਭਾਸ਼ਾ ਅਨੁਸਾਰ ਉਹ ਪਵਿੱਤਰ ਨਹੀਂ ਹੈ, ਜਿਸਨੂੰ ਸਾਰੇ ਦੇਵਤੇ ਪਿਆਰ ਕਰਦੇ ਹਨ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਕਿਉਂਕਿ ਇਹ ਪਾਵਨ ਅਤੇ ਪਵਿੱਤਰ ਹੈ, ਜਾਂ ਕਿਸੇ ਹੋਰ ਕਾਰਨ ਕਰਕੇ?

**ਯੂਥੀਫ੍ਰੋ:** ਨਹੀਂ, ਇਹੀ ਕਾਰਨ ਹੈ।

**ਸੁਕਰਾਤ:** ਇਹਨੂੰ ਪਿਆਰ ਕੀਤਾ ਜਾਂਦਾ ਹੈ ਕਿਉਂਕਿ ਇਹ ਪਵਿੱਤਰ ਹੈ ਜਾਂ ਇਸ ਲਈ ਪਵਿੱਤਰ ਨਹੀਂ ਕਿਉਂਕਿ ਇਹਨੂੰ ਪਿਆਰ ਕੀਤਾ ਜਾਂਦਾ ਹੈ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਅਤੇ ਇਹ ਕਿ ਜੋ ਗੱਲ ਦੇਵਤਿਆਂ ਨੂੰ ਪਸੰਦ ਹੈ ਉਸਨੂੰ ਉਹ ਪਿਆਰ ਕਰਦੇ ਹਨ ਅਤੇ ਉਹ ਉਹਨਾਂ ਦੇ ਪਿਆਰ ਕਰਨ ਦੀ ਸਥਿਤੀ ਵਿੱਚ ਹੈ ਕਿਉਂਕਿ ਉਹ ਉਹਨਾਂ ਨੂੰ ਪਿਆਰੀ ਹੈ?

**ਯੂਥੀਫ੍ਰੋ:** ਸਹੀ ਕਿਹਾ।

**ਸੁਕਰਾਤ:** ਯੂਥੀਫ੍ਰੋ, ਫੇਰ ਜੋ ਦੇਵਤਿਆਂ ਨੂੰ ਪਸੰਦ ਹੈ ਉਹ ਪਵਿੱਤਰ ਨਹੀਂ ਹੈ ਅਤੇ ਨਾ ਹੀ ਇਹ ਹੈ ਕਿ ਜੋ ਪਵਿੱਤਰ ਹੈ ਉਸਨੂੰ ਦੇਵਤੇ ਪਿਆਰ ਕਰਦੇ ਹੀ ਹਨ, ਜਿਵੇਂ ਕਿ ਤੁਸੀਂ ਮੰਨਦੇ ਹੋ, ਸਗੋਂ ਉਹ ਦੋ ਅਲੱਗ-ਅਲੱਗ ਚੀਜ਼ਾਂ ਹਨ।

**ਯੂਥੀਫ੍ਰੋ:** ਇਹ ਕਹਿਣ ਤੋਂ ਤੁਹਾਡਾ ਕੀ ਮਤਲਬ ਸੁਕਰਾਤ?

**ਸੁਕਰਾਤ:** ਮੇਰੇ ਕਹਿਣ ਦਾ ਮਤਲਬ ਹੈ ਕਿ ਅਸੀਂ ਪਵਿੱਤਰ ਉਸਨੂੰ ਮੰਨਦੇ ਹਾਂ ਜਿਸਨੂੰ ਦੇਵਤੇ ਪਿਆਰ ਕਰਦੇ ਹਨ ਕਿਉਂਕਿ ਉਹ ਚੀਜ਼ ਪਵਿੱਤਰ ਹੈ, ਪਰ ਇਸ ਲਈ ਪਵਿੱਤਰ ਨਹੀਂ ਕਿ ਉਹ ਉਸਨੂੰ ਪਿਆਰ ਕਰਦੇ ਹਨ।

**ਯੂਥੀਫ੍ਰੋ:** ਹਾਂ।

**ਸੁਕਰਾਤ:** ਤਾਂ ਫਿਰ ਜੋ ਵੀ ਦੇਵਤਿਆਂ ਨੂੰ ਪਸੰਦ ਹੈ ਉਹ ਉਹਨਾਂ ਨੂੰ ਇਸ ਕਰਕੇ ਪਸੰਦ ਹੈ ਕਿਉਂਕਿ ਉਸਨੂੰ ਉਹ ਪਿਆਰ ਕਰਦੇ ਹਨ, ਇਸ ਕਰਕੇ ਪਿਆਰ ਨਹੀਂ ਕਰਦੇ ਕਿ ਉਹ ਉਹਨਾਂ ਨੂੰ ਪਸੰਦ ਹੈ।

**ਯੂਥੀਫ੍ਰੋ:** ਸੱਚ ਕਿਹਾ।

**ਸੁਕਰਾਤ:** ਪਰ ਦੋਸਤ ਯੂਥੀਫ੍ਰੋ, ਜੇਕਰ ਪਵਿੱਤਰ ਓਹੀ ਹੈ ਜੋ ਕਿ ਦੇਵਤਿਆਂ ਨੂੰ ਪਸੰਦ ਹੈ ਅਤੇ ਉਸਦੇ ਪਵਿੱਤਰ ਹੋਣ ਕਰਕੇ ਉਸਨੂੰ ਪਿਆਰ ਕੀਤਾ ਜਾਂਦਾ ਹੈ ਫੇਰ ਤਾਂ ਜੋ ਵੀ ਦੇਵਤਿਆਂ ਨੂੰ ਪਸੰਦ ਹੋਵੇਗਾ ਅਤੇ ਦੇਵਤਿਆਂ ਨੂੰ ਪਸੰਦ ਹੋਣ ਕਰਕੇ ਉਸਨੂੰ ਪਿਆਰ ਕੀਤਾ ਜਾਵੇਗਾ। ਪਰ ਜੇ ਉਹ ਜੋ ਦੇਵਤਿਆਂ ਨੂੰ ਪਸੰਦ ਹੈ ਉਹ ਉਸਨੂੰ ਵੀ ਪਸੰਦ ਹੈ ਕਿਉਂਕਿ ਉਹ ਉਸਨੂੰ ਪਿਆਰ ਕਰਦਾ ਹੈ ਫੇਰ ਉਹ ਜੋ ਪਵਿੱਤਰ ਹੈ ਉਹ ਪਵਿੱਤਰ ਹੀ ਹੋਵੇਗਾ ਕਿਉਂਕਿ ਉਹ ਉਸਨੂੰ ਪਿਆਰ ਕਰਦਾ ਹੈ। ਪਰ ਹੁਣ ਤੁਸੀਂ ਦੇਖ ਸਕਦੇ ਹੋ ਕਿ ਮਾਮਲਾ ਉਲਟਾ ਹੈ ਅਤੇ ਇਹ ਕਿ ਉਹ ਇੱਕ ਦੂਜੇ ਤੋਂ ਬਿਲਕੁਲ ਵੱਖਰੇ ਹਨ। ਕਿਉਂਜੋ ਇੱਕ (ਥੀਓਫਲਾਈਜ਼) ਨੂੰ ਤਾਂ ਇਸ ਲਈ ਪਿਆਰ ਕੀਤਾ ਜਾਂਦਾ ਹੈ ਕਿਉਂਕਿ ਇਸਨੂੰ ਪਿਆਰ ਕਰੀਦਾ ਹੈ, ਅਤੇ ਦੂਜੀ (ਓਜ਼ੀਅਨ) ਨੂੰ ਇਸ ਲਈ ਪਿਆਰ ਕੀਤਾ ਜਾਂਦਾ ਹੈ ਕਿਉਂਕਿ ਇਹ ਪਿਆਰ ਕੀਤੇ ਜਾਣ ਯੋਗ ਹੈ। ਯੂਥੀਫ੍ਰੋ, ਜਦੋਂ ਮੈਂ ਤੁਹਾਨੂੰ ਪਾਵਨਤਾ ਦੇ ਤੱਤ ਬਾਰੇ ਪੁੱਛਦਾ ਹਾਂ ਤੁਸੀਂ ਮੈਨੂੰ ਅਜਿਹੇ ਹੀ ਜਾਪਦੇ ਹੋ ਕਿਉਂਕਿ ਤੁਸੀਂ ਸਿਰਫ਼ ਖ਼ਾਸੀਅਤ ਬਿਆਨ ਕਰਦੇ ਹੋ ਤੱਤ ਨਹੀਂ-ਸਾਰੇ ਦੇਵਤਿਆਂ ਦੁਆਰਾ ਪਿਆਰ ਕੀਤੇ ਜਾਣ ਦੀ ਖ਼ਾਸੀਅਤ। ਪਰ ਤੁਸੀਂ ਹਾਲੇ ਵੀ ਮੈਨੂੰ ਪਵਿੱਤਰਤਾ ਦੇ ਸੁਭਾਅ ਬਾਰੇ ਦੱਸਣ ਤੋਂ ਇਨਕਾਰੀ ਹੋ। ਅਤੇ ਇਸਲਈ ਜੇਕਰ ਤੁਹਾਡੀ ਇਜਾਜ਼ਤ ਹੋਵੇ ਮੈਂ ਬੇਨਤੀ ਕਰਦਾ ਹਾਂ ਕਿ ਆਪਣਾ ਇਹ ਖ਼ਜ਼ਾਨਾ ਲੁਕਾ ਨਾ ਰੱਖੋ, ਸਗੋਂ ਮੈਨੂੰ ਇੱਕ ਵਾਰ ਦੱਸੋ ਤੇ ਸਹੀ ਕਿ ਪਵਿੱਤਰਤਾ ਜਾਂ ਪਾਵਨਤਾ ਅਸਲ ਵਿੱਚ ਹਨ ਕੀ, ਕੀ ਦੇਵਤਿਆਂ ਨੂੰ ਪਸੰਦ ਹਨ ਜਾਂ ਨਹੀਂ (ਕਿਉਂਜੋ ਇਹ ਅਜਿਹਾ ਮਸਲਾ ਹੈ ਜਿਸ ਕਰਕੇ ਆਪਾਂ ਲੜਾਂਗੇ ਨਹੀਂ) ਅਤੇ ਅਪਵਿੱਤਰਤਾ ਕੀ ਹੈ?

**ਯੂਥੀਫ੍ਰੋ:** ਸੁਕਰਾਤ, ਮੈਂ ਸੱਚਮੁੱਚ ਨਹੀਂ ਜਾਣਦਾ ਜੋ ਮੈਂ ਕਹਿਣਾ ਚਾਹੁੰਨਾ ਉਸਨੂੰ ਕਿਵੇਂ ਬਿਆਨ ਕਰਾਂ। ਕਿਉਂਜੋ ਆਪਣੀਆਂ ਦਲੀਲਾਂ ਕਿਸੇ ਨਾ ਕਿਸੇ ਤਰ੍ਹਾਂ, ਭਾਵੇਂ ਆਪਾਂ ਉਹਨਾਂ ਨੂੰ ਕੋਈ ਵੀ ਆਧਾਰ ਦਈਏ, ਘੁੰਮਦੀਆਂ ਅਤੇ ਸਾਡੇ ਤੋਂ ਦੂਰ ਖ਼ਿਸਕਦੀਆਂ ਨਜ਼ਰ ਪੈਂਦੀਆਂ ਹਨ।

**ਸੁਕਰਾਤ:** ਯੂਥੀਫ੍ਰੋ, ਤੁਹਾਡੇ ਸ਼ਬਦ ਮੇਰੇ ਬਜ਼ੁਰਗ ਡਾਇਡੇਲਸ ਦੀ ਕਾਰੀਗਰੀ ਵਰਗੇ ਹਨ ਅਤੇ ਜੇ ਮੈਂ ਉਹਨਾਂ ਨੂੰ ਬੋਲਣ ਵਾਲਾ ਜਾਂ ਪ੍ਰਤੀਪਾਦਨ ਕਰਨ ਵਾਲਾ ਹੁੰਦਾ ਤਾਂ ਤੁਸੀਂ ਕਹਿ ਸਕਦੇ ਸੀ ਕਿ ਮੇਰੀਆਂ ਦਲੀਲਾਂ ਅਗਾਂਹ ਲੰਘ ਜਾਂਦੀਆਂ ਹਨ ਅਤੇ ਓਸੇ ਥਾਂ ਨਹੀਂ ਰਹਿੰਦੀਆਂ ਜਿੱਥੇ ਉਹ ਰੱਖੀਆਂ ਗਈਆਂ ਸਨ ਕਿਉਂਕਿ ਮੈਂ ਉਹਨਾਂ ਦੀ ਔਲਾਦ ਹਾਂ। ਪਰ ਹੁਣ, ਕਿਉਂਕਿ ਇਹ ਧਾਰਨਾਵਾਂ ਤੁਹਾਡੀਆਂ ਆਪਣੀਆਂ

ਹਨ, ਤੁਸੀਂ ਕਰਨ ਨੂੰ ਕੋਈ ਹੋਰ ਟਿੱਚਰ ਲੱਭ ਲਓ, ਜਿਵੇਂ ਤੁਸੀਂ ਖ਼ੁਦ ਹੀ ਉਹਨਾਂ ਨੂੰ ਜਾਣ ਦੇ ਰਹੇ ਹੋ, ਤੁਹਾਡੀਆਂ ਧਾਰਨਾਵਾਂ ਇੱਕ ਥਾਂਵੇਂ ਟਿਕ ਨਹੀਂ ਰਹੀਆਂ।

**ਯੂਥੀਫ੍ਰੋ:** ਨਹੀਂ ਸੁਕਰਾਤ, ਮੈਂ ਹਾਲੇ ਵੀ ਇਹੀ ਕਹਾਂਗਾ ਕਿ ਤੁਸੀਂ ਡਾਇਡੇਲਸ ਹੋ ਜਿਹੜੇ ਹਿਲਦੀਆਂ-ਜੁਲਦੀਆਂ ਦਲੀਲਾਂ ਦਿੰਦੇ ਹੋ, ਨਾ ਕਿ ਮੈਂ, ਪਰ ਤੁਸੀਂ ਉਹਨਾਂ ਨੂੰ ਅੱਗੇ ਤੁਰਦੀਆਂ ਜਾਂ ਗੋਲ-ਗੋਲ ਘੁੰਮਾਉਂਦੀਆਂ ਬਣਾਉਂਦੇ ਹੋ, ਜਿੱਥੋਂ ਤੱਕ ਮੇਰਾ ਸੰਬੰਧ ਹੈ ਮੇਰੀਆਂ ਦਲੀਲਾਂ ਕਦੇ ਵੀ ਨਹੀਂ ਹਿਲਦੀਆਂ।

**ਸੁਕਰਾਤ:** ਫੇਰ ਮੈਂ ਡਾਇਡੇਲਸ ਤੋਂ ਵੀ ਮਹਾਨ ਹੋਵਾਂਗਾ ਕਿਉਂਜੋ ਜਿੱਥੇ ਤੱਕ ਉਹਨਾਂ ਦੀ ਗੱਲ ਹੈ ਉਹ ਸਿਰਫ਼ ਆਪਣੀਆਂ ਹੀ ਕਾਢਾਂ ਅੱਗੇ ਵਧਣ ਵਾਲੀਆਂ ਵਧਾਉਂਦੇ ਹਨ, ਮੈਂ ਇਹ ਕੰਮ ਹੋਰਾਂ ਦੀਆਂ ਕਾਢਾਂ ਲਈ ਵੀ ਕਰਦਾ ਹਾਂ। ਇਸਦੀ ਖ਼ੂਬਸੂਰਤੀ ਇਹ ਹੈ ਕਿ ਮੈਂ ਅਜਿਹਾ ਕਰਾਂਗਾ ਨਹੀਂ। ਕਿਉਂਜੋ ਮੈਂ ਉਹਨਾਂ ਨੂੰ (ਦਲੀਲਾਂ ਨੂੰ) ਰੋਕ ਕੇ ਰੱਖਣ ਅਤੇ ਸਥਿਰ ਰੱਖਣ ਯੋਗ ਬਣਨ ਲਈ, ਡਾਇਡੇਲਸ ਦਾ ਗਿਆਨ ਅਤੇ ਟੈਂਟਾਲਸ ਦੀ ਦੌਲਤ ਦੇਵਾਂਗਾ। ਸਗੋਂ ਇਸ ਤੋਂ ਵੀ ਜ਼ਿਆਦਾ। ਕਿਉਂਕਿ ਤੁਸੀਂ ਮੈਨੂੰ ਆਲਸੀ ਲਗਦੇ ਹੋ, ਸੋ ਮੈਂ ਆਪ ਹੀ ਇਹ ਦੱਸਣ ਦੀ ਕੋਸ਼ਿਸ਼ ਕਰਾਂਗਾ ਕਿ ਤੁਸੀਂ ਮੈਨੂੰ ਪਵਿੱਤਰਤਾ ਦੇ ਸੁਭਾਅ ਵਿੱਚ ਕਿਵੇਂ ਸਿਖਾ ਸਕਦਾ ਹੋ; ਅਤੇ ਮੈਂ ਆਸ ਕਰਦਾ ਹਾਂ ਕਿ ਤੁਸੀਂ ਆਪਣੀ ਮੁਸ਼ੱਕਤ ਦਾ ਦਰੇਗ ਨਹੀਂ ਕਰੋਗੇ। ਮੈਨੂੰ ਦੱਸੋ ਫਿਰ ਕੀ ਤੁਹਾਨੂੰ ਅਜਿਹਾ ਨਹੀਂ ਲਗਦਾ ਕਿ ਜੋ ਪਵਿੱਤਰ ਹੋਵੇ ਉਹ ਲਾਜ਼ਮੀ ਹੀ ਸਹੀ ਹੁੰਦਾ ਹੈ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਅਤੇ ਕੀ ਫਿਰ ਸਾਰੇ ਨਿਆਂ ਪਵਿੱਤਰ ਹਨ? ਜਾਂ ਫਿਰ ਜੋ ਪਵਿੱਤਰ ਹੈ ਉਹ ਸਭ ਨਿਆਂਪੂਰਨ ਹੈ, ਪਰ ਉਹ ਜੋ ਸਾਰਾ ਨਹੀਂ ਪਰ ਕੁਝ ਕੁ ਨਿਆਂਪੂਰਨ ਹੈ, ਕੀ ਉਹ ਪਵਿੱਤਰ ਹੋਇਆ?

**ਯੂਥੀਫ੍ਰੋ:** ਸੁਕਰਾਤ, ਮੈਨੂੰ ਤੁਹਾਡੀ ਸਮਝ ਨਹੀਂ ਲੱਗੀ।

**ਸੁਕਰਾਤ:** ਅਤੇ ਫਿਰ ਵੀ ਮੈਂ ਜਾਣਦਾ ਹਾਂ ਕਿ ਤੁਸੀਂ ਮੇਰੇ ਨਾਲੋਂ ਜ਼ਿਆਦਾ ਸਿਆਣੇ ਹੋ ਕਿਉਂਕਿ ਤੁਸੀਂ ਜੁਆਨ ਹੋ। ਪਰ ਜਿਵੇਂ ਕਿ ਮੈਂ ਕਹਿ ਰਿਹਾ ਸੀ ਮੇਰੇ ਸਤਿਕਾਰਿਤ ਮਿੱਤਰ, ਤੁਹਾਡਾ ਭਰਪੂਰ ਗਿਆਨ ਹੀ ਤੁਹਾਨੂੰ ਸੁਸਤ ਬਣਾਉਂਦਾ ਹੈ। ਕਿਰਪਾ ਕਰਕੇ ਆਪਣਾ ਥਕੇਵਾਂ ਲਾਹੋ, ਕਿਉਂਜੋ ਮੈਨੂੰ ਸਮਝਣਾ ਅਸਲ ਵਿੱਚ ਕੋਈ ਬਹੁਤਾ ਮੁਸ਼ਕਿਲ ਨਹੀਂ ਹੈ। ਮੇਰੇ ਕਹਿਣ ਦਾ ਮਤਲਬ ਮੈਂ ਇੱਕ ਅਜਿਹੇ ਦ੍ਰਿਸ਼ਟਾਂਤ ਨਾਲ ਸਮਝਾਵਾਂਗਾ ਜਿਸਦਾ ਮਤਲਬ ਉਹ ਨਹੀਂ ਜੋ ਮੇਰਾ ਮਤਲਬ ਹੈ। ਕਵੀ (ਸਟੇਸੀਨਸ) ਗਾਉਂਦਾ ਹੈ-

'ਜ਼ੂਅਸ ਬਾਰੇ, ਜੋ ਕਿ ਸਾਰੀਆਂ ਚੀਜ਼ਾਂ ਨੂੰ ਲਿਖਣ ਅਤੇ ਬਣਾਵਣ ਵਾਲਾ ਹੈ
ਤੂੰ ਨਹੀਂ ਦੱਸੇਂਗਾ: ਕਿਉਂਜੋ ਜਿੱਥੇ ਡਰ ਹੈ ਉੱਥੇ ਅਦਬ ਵੀ ਹੈ'

ਮੈਂ ਇਸ ਕਵੀ ਨਾਲ ਸਹਿਮਤ ਨਹੀਂ ਹਾਂ, ਕੀ ਮੈਂ ਤੁਹਾਨੂੰ ਦੱਸਾਂ ਕਿ ਕਿਉਂ?

**ਯੂਥੀਫ੍ਰੋ:** ਬਿਲਕੁਲ ਦੱਸੋ।

**ਸੁਕਰਾਤ:** ਮੈਂ ਅਜਿਹਾ ਨਾ ਕਹਿੰਦਾ ਕਿ ਜਿੱਥੇ ਡਰ ਹੈ ਉੱਥੇ ਹੀ ਸਤਿਕਾਰ ਹੈ, ਕਿਉਂਕਿ ਮੈਨੂੰ ਯਕੀਨ ਹੈ ਕਿ ਬਹੁਤ ਲੋਕ ਮੁਫ਼ਲਿਸੀ ਅਤੇ ਬਿਮਾਰੀਆਂ ਅਤੇ ਅਜਿਹੀਆਂ ਹੀ ਹੋਰਨਾਂ ਅਲਾਮਤਾਂ ਤੋਂ ਡਰਦੇ ਹਨ, ਪਰ ਮੈਨੂੰ ਨੀ ਲਗਦਾ ਕਿ ਉਹ ਆਪਣੀਆਂ ਇਹਨਾਂ ਡਰ ਵਾਲੀਆਂ ਚੀਜ਼ਾਂ ਦਾ ਸਤਿਕਾਰ ਵੀ ਕਰਦੇ ਹਨ।

**ਯੂਥੀਫ੍ਰੋ:** ਬਿਲਕੁਲ ਸੱਚ।

**ਸੁਕਰਾਤ:** ਪਰ ਜਿੱਥੇ ਸਤਿਕਾਰ ਹੈ ਉੱਥੇ ਡਰ ਰਹਿੰਦਾ ਹੈ, ਕਿਉਂਜੋ ਜਿਸ ਕਿਸੇ ਵਿਅਕਤੀ ਵਿੱਚ ਕਿਸੇ ਕਰਮ ਬਾਰੇ ਸਤਿਕਾਰ ਅਤੇ ਸ਼ਰਮਿੰਦਗੀ ਦੀ ਭਾਵਨਾ ਹੈ ਉਹ ਬਦਨਾਮੀ ਤੋਂ ਡਰਦਾ ਅਤੇ ਘਬਰਾਉਂਦਾ ਹੈ।

**ਯੂਥੀਫ੍ਰੋ:** ਬੇਸ਼ੱਕ।

**ਸੁਕਰਾਤ:** ਫੇਰ ਤਾਂ ਅਸੀਂ ਗ਼ਲਤ ਹਾਂ ਜਦੋਂ ਇਹ ਕਹਿੰਦੇ ਹਾਂ ਕਿ ਜਿੱਥੇ ਡਰ ਹੈ ਉੱਥੇ ਸਤਿਕਾਰ ਵੀ ਹੈ; ਅਤੇ ਸਾਨੂੰ ਕਹਿਣਾ ਚਾਹੀਦਾ ਹੈ ਕਿ ਜਿੱਥੇ ਸਤਿਕਾਰ ਹੈ ਉੱਥੇ ਡਰ ਵੀ ਹੈ। ਪਰ ਓਥੇ ਹਮੇਸ਼ਾ ਸਤਿਕਾਰ ਨਹੀਂ ਹੁੰਦਾ ਜਿੱਥੇ ਡਰ ਹੋਵੇ, ਕਿਉਂਜੋ ਡਰ ਦਾ ਭਾਵ ਜ਼ਿਆਦਾ ਵਿਸ਼ਾਲ ਹੈ ਅਤੇ ਸਤਿਕਾਰ ਡਰ ਦਾ ਹੀ ਇੱਕ

ਹਿੱਸਾ ਹੈ, ਜਿਵੇਂ ਕਿ ਟਾਂਕ ਸੰਖਿਆ ਦਾ ਹਿੱਸਾ ਹੈ ਅਤੇ ਸੰਖਿਆ ਦਾ ਭਾਵ ਟਾਂਕ ਸੰਖਿਆ ਤੋਂ ਜ਼ਿਆਦਾ ਫੈਲਵਾਂ ਹੈ। ਮੈਨੂੰ ਲਗਦਾ ਹੁਣ ਤੁਹਾਨੂੰ ਮੇਰੀ ਸਮਝ ਆ ਰਹੀ ਹੈ?

**ਯੂਥੀਫ੍ਰੋ:** ਕਾਫ਼ੀ ਹੱਦ ਤੱਕ।

**ਸੁਕਰਾਤ:** ਇਹ ਉਸ ਕਿਸਮ ਦਾ ਸੁਆਲ ਸੀ ਜਿਹੜਾ ਮੈਂ ਪੁੱਛਣਾ ਚਾਹੁੰਦਾ ਸੀ, ਜਦੋਂ ਮੈਨੂੰ ਪੁੱਛਿਆ ਗਿਆ ਕਿ ਕੀ ਨਿਆਂ ਹਮੇਸ਼ਾ ਪਵਿੱਤਰ ਹੁੰਦਾ ਹੈ ਜਾਂ ਪਵਿੱਤਰ ਹਮੇਸ਼ਾ ਨਿਆਂਪੂਰਨ ਹੁੰਦਾ ਹੈ ਅਤੇ ਜਾਂ ਫਿਰ ਜਿੱਥੇ ਪਵਿੱਤਰਤਾ ਨਹੀਂ ਹੈ ਉੱਥੇ ਨਿਆਂ ਨਹੀਂ ਹੋ ਸਕਦਾ; ਕਿਉਂਜੋ ਨਿਆਂ ਦਾ ਭਾਵ ਜ਼ਿਆਦਾ ਵਿਸ਼ਾਲ ਹੈ ਜਿਸਦਾ ਪਵਿੱਤਰਤਾ ਸਿਰਫ਼ ਇੱਕ ਹਿੱਸਾ ਹੈ। ਕੀ ਇਸ ਬਾਰੇ ਤੁਹਾਡਾ ਕੋਈ ਮਤਭੇਦ ਹੈ?

**ਯੂਥੀਫ੍ਰੋ:** ਨਹੀਂ, ਮੈਨੂੰ ਲਗਦਾ ਹੈ ਕਿ ਤੁਸੀਂ ਬਿਲਕੁਲ ਠੀਕ ਕਿਹਾ।

**ਸੁਕਰਾਤ:** ਫੇਰ ਜੇਕਰ ਪਵਿੱਤਰਤਾ ਨਿਆਂ ਦਾ ਹਿੱਸਾ ਹੈ ਤਾਂ ਮੈਂ ਸਮਝਦਾਂ ਕਿ ਸਾਨੂੰ ਉਸ ਹਿੱਸੇ ਦੀ ਪੜਤਾਲ਼ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਕਿਸੇ ਪੁਰਾਣੇ ਮਾਮਲੇ ਵਿੱਚ ਕੋਈ ਪੜਤਾਲ਼ ਕੀਤੀ ਹੈ; ਮਿਸਾਲ ਵਜੋਂ, ਜੇਕਰ ਤੂੰ ਮੈਨੂੰ ਪੁੱਛਿਆ ਹੁੰਦਾ ਕਿ ਜਿਸਤ ਸੰਖਿਆ ਕੀ ਹੁੰਦੀ ਹੈ ਅਤੇ ਸੰਖਿਆ ਦਾ ਕਿਹੜਾ ਹਿੱਸਾ ਜਿਸਤ ਹੁੰਦਾ ਹੈ, ਮੈਨੂੰ ਜੁਆਬ ਦੇਣ ਵਿੱਚ ਕੋਈ ਔਖ ਨਾ ਆਉਂਦੀ ਕਿ ਉਹ ਸੰਖਿਆ ਜਿਸਦੇ ਦੋਵੇਂ ਪਾਸੇ ਬਰਾਬਰ ਹੋਣ ਉਹ ਜਿਸਤ ਸੰਖਿਆ ਹੁੰਦੀ ਹੈ। ਕੀ ਤੁਸੀਂ ਸਹਿਮਤ ਨਹੀਂ ਹੋ?

**ਯੂਥੀਫ੍ਰੋ:** ਹਾਂ, ਮੈਂ ਬਿਲਕੁਲ ਸਹਿਮਤ ਹਾਂ।

**ਸੁਕਰਾਤ:** ਇਸੇ ਤਰ੍ਹਾਂ ਮੈਂ ਚਾਹੁੰਨਾ ਤੁਸੀਂ ਮੈਨੂੰ ਦੱਸੋ ਕਿ ਨਿਆਂ ਦਾ ਕਿਹੜਾ ਹਿੱਸਾ ਪਾਵਨ ਜਾਂ ਪਵਿੱਤਰ ਹੈ, ਤਾਂ ਜੋ ਮੈਂ ਮੈਲੇਟਸ ਨੂੰ ਕਹਿ ਸਕਾਂ ਕਿ ਉਹ ਮੇਰੇ ਨਾਲ ਅਨਿਆਂ ਨਾ ਕਰੇ ਜਾਂ ਅਪਵਿੱਤਰਤਾ ਦਾ ਇਲਜ਼ਾਮ ਨਾ ਲਗਾਵੇ, ਕਿਉਂਜੋ ਮੈਂ ਹੁਣ ਤੁਹਾਡੇ ਰਾਹੀਂ ਪਵਿੱਤਰਤਾ ਜਾਂ ਪਾਵਨਤਾ ਅਤੇ ਇਹਨਾਂ ਤੋਂ ਉਲਟ ਦੇ ਸੁਭਾਅ ਬਾਰੇ ਸਮਝ ਗਿਆ ਹਾਂ।

**ਯੂਥੀਫ੍ਰੋ:** ਸੁਕਰਾਤ, ਪਵਿੱਤਰਤਾ ਜਾਂ ਪਾਵਨਤਾ ਮੇਰੇ ਲਈ ਨਿਆਂ ਦਾ ਉਹ ਹਿੱਸਾ ਹੈ ਜਿਸ ਵਿੱਚ ਦੇਵਤਿਆਂ ਦਾ ਖਿਆਲ ਰੱਖਿਆ ਜਾਂਦਾ ਹੈ, ਜਿਵੇਂ ਕਿ ਨਿਆਂ ਦਾ ਇੱਕ ਹਿੱਸਾ ਹੋਰ ਹੈ ਜਿਸ ਵਿੱਚ ਲੋਕਾਂ ਦਾ ਖਿਆਲ ਰੱਖਿਆ ਜਾਂਦਾ ਹੈ।

**ਸੁਕਰਾਤ:** ਯੂਥੀਫ੍ਰੋ, ਤੁਹਾਡਾ ਜੁਆਬ ਚੰਗਾ ਹੈ; ਪਰ ਹਾਲੇ ਵੀ ਇੱਕ ਨਿੱਕਾ ਜਿਹਾ ਨੁਕਤਾ ਹੈ ਜਿਸ ਬਾਰੇ ਮੈਂ ਹੋਰ ਜਾਣਕਾਰੀ ਲੈਣੀ ਚਾਹੁੰਦਾ ਹਾਂ। 'ਖਿਆਲ ਰੱਖਣ' ਦਾ ਕੀ ਅਰਥ ਹੈ? ਕਿਉਂਜੋ ਖਿਆਲ ਰੱਖਣਾ ਮੁਸ਼ਕਿਲ ਨਾਲ ਹੀ ਇਕੋ ਜਿਹੇ ਅਰਥਾਂ ਵਿੱਚ ਵਰਤਿਆ ਜਾ ਸਕਦਾ ਹੈ ਜਦੋਂ ਦੇਵਤਿਆਂ 'ਤੇ ਲਾਗੂ ਹੋਵੇ ਅਤੇ ਜਦੋਂ ਹੋਰਨਾਂ ਚੀਜ਼ਾਂ 'ਤੇ ਲਾਗੂ ਹੋਵੇ। ਮਸਲਨ, ਮੰਨਿਆ ਜਾਂਦਾ ਹੈ ਕਿ ਘੋੜੇ ਧਿਆਨ ਮੰਗਦੇ ਹਨ ਅਤੇ ਹਰ ਵਿਅਕਤੀ ਉਹਨਾਂ ਦਾ ਧਿਆਨ ਰੱਖਣ ਦੇ ਸਮਰੱਥ ਨਹੀਂ ਹੁੰਦਾ, ਪਰ ਉਹ ਹੀ ਉਹਨਾਂ ਦਾ ਧਿਆਨ ਰੱਖ ਸਕਦਾ ਹੈ ਜਿਹੜਾ ਮਾਹਿਰ ਘੋੜਸਵਾਰ ਹੋਵੇ। ਕਿ ਇੰਝ ਹੀ ਨਹੀਂ ਹੁੰਦਾ?

**ਯੂਥੀਫ੍ਰੋ:** ਬਿਲਕੁਲ।

**ਸੁਕਰਾਤ:** ਕੀ ਮੈਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਘੋੜਸਵਾਰੀ ਦੀ ਕਲਾ ਘੋੜਿਆਂ ਦਾ ਧਿਆਨ ਰੱਖਣ ਦੀ ਕਲਾ ਹੈ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਹਰ ਕਿਸੇ ਕੋਲ਼ ਕੁੱਤਿਆਂ ਦਾ ਖਿਆਲ ਰੱਖਣਾ ਨਹੀਂ ਆਉਂਦਾ ਪਰ ਸਿਰਫ਼ ਸ਼ਿਕਾਰੀਆਂ ਨੂੰ ਆਉਂਦਾ ਹੈ?

**ਯੂਥੀਫ੍ਰੋ:** ਸੱਚ ਕਿਹਾ।

**ਸੁਕਰਾਤ:** ਅਤੇ ਕੀ ਮੈਂ ਇਹ ਵੀ ਮੰਨ ਲਵਾਂ ਕਿ ਸ਼ਿਕਾਰੀਆਂ ਦੀ ਕਲਾ ਕੁੱਤਿਆਂ ਦਾ ਖਿਆਲ ਰੱਖਣ ਦੀ ਕਲਾ ਹੈ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਇੰਝ ਹੀ ਚਰਵਾਹੇ ਦੀ ਕਲਾ ਬਲਦਾਂ ਦਾ ਧਿਆਨ ਰੱਖਣ ਦੀ ਕਲਾ ਹੈ?

**ਯੂਥੀਫ੍ਰੋ:** ਬਿਲਕੁਲ ਸੱਚ।

**ਸੁਕਰਾਤ:** ਏਸੇ ਤਰ੍ਹਾਂ ਹੀ ਕੀ ਪਾਵਨਤਾ ਅਤੇ ਪਵਿੱਤਰਤਾ ਦੇਵਤਿਆਂ ਦਾ ਖਿਆਲ ਰੱਖਣ ਦੀ ਕਲਾ ਹੈ? ਯੂਥੀਫ੍ਰੋ, ਕੀ ਤੁਹਾਡਾ ਇਹੀ ਮਤਲਬ ਹੈ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਅਤੇ ਕੀ ਇਹ ਖਿਆਲ ਰੱਖਣਾ ਉਹਨਾਂ ਦੇ ਫ਼ਾਇਦੇ ਅਤੇ ਭਲੇ ਲਈ ਨਹੀਂ ਬਣਾਇਆ ਜਾਂਦਾ, ਜਿਹਨਾਂ ਦਾ ਖਿਆਲ ਰੱਖਿਆ ਜਾਂਦਾ ਹੈ? ਜਿਵੇਂ ਕਿ ਘੋੜਿਆਂ ਦੇ ਮਾਮਲੇ ਵਿੱਚ, ਤੁਸੀਂ ਵੇਖਿਆ ਹੋਵੇਗਾ ਕਿ ਜਦੋਂ ਉਹਨਾਂ ਦਾ ਖਿਆਲ ਘੋੜੇ ਸੰਭਾਲਣ ਦੀ ਕਲਾ ਨਾਲ ਰੱਖਿਆ ਜਾਵੇ ਤਾਂ ਉਹ ਵਧਦੇ ਫੁੱਲਦੇ ਹਨ। ਕਿ ਨਹੀਂ?

**ਯੂਥੀਫ੍ਰੋ:** ਸਹੀ ਕਿਹਾ।

**ਸੁਕਰਾਤ:** ਜਿਵੇਂ ਕਿ ਕੁੱਤਿਆਂ ਨੂੰ ਸ਼ਿਕਾਰੀਆਂ ਦੀ ਕਲਾ ਨਾਲ ਫ਼ਾਇਦਾ ਹੁੰਦਾ ਹੈ, ਅਤੇ ਬਲਦਾਂ ਨੂੰ ਚਰਵਾਹੇ ਦੀ ਕਲਾ ਨਾਲ, ਅਤੇ ਹੋਰ ਸਭ ਚੀਜ਼ਾਂ ਦਾ ਖਿਆਲ ਜਾਂ ਤਿਮਾਰਦਾਰੀ ਉਹਨਾਂ ਦੇ ਭਲੇ ਲਈ ਹੁੰਦੀ ਹੈ ਨਾ ਕਿ ਉਹਨਾਂ ਨੂੰ ਨੁਕਸਾਨ ਪਹੁੰਚਾਉਣ ਲਈ?

**ਯੂਥੀਫ੍ਰੋ:** ਲਾਜ਼ਮੀ ਹੀ ਉਹਨਾਂ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ।

**ਸੁਕਰਾਤ:** ਪਰ ਉਹਨਾਂ ਦੇ ਭਲੇ ਲਈ?

**ਯੂਥੀਫ੍ਰੋ:** ਬਕਾਇਦਾ।

**ਸੁਕਰਾਤ:** ਅਤੇ ਕੀ ਪਵਿੱਤਰਤਾ ਅਤੇ ਪਾਵਨਤਾ ਜਿਸਨੂੰ ਦੇਵਤਿਆਂ ਦਾ ਧਿਆਨ ਰੱਖਣ ਵਾਲੀ ਕਲਾ ਵਜੋਂ ਦੱਸਿਆ ਗਿਆ ਹੈ, ਉਹਨਾਂ ਦਾ ਵਾਧਾ ਕਰਦੀ ਜਾਂ ਲਾਹਾ ਦਿੰਦੀ ਹੈ? ਕੀ ਤੁਸੀਂ ਇਹ ਕਹੋਗੇ ਕਿ ਜਦੋਂ ਤੁਸੀਂ ਕੋਈ ਪਵਿੱਤਰ ਕਾਰਜ ਕਰਦੇ ਹੋ ਤਾਂ ਕਿਸੇ ਨਾ ਕਿਸੇ ਦੇਵਤੇ ਨੂੰ ਬਿਹਤਰ ਬਣਾਉਂਦੇ ਹੋ?

**ਯੂਥੀਫ੍ਰੋ:** ਨਹੀਂ, ਨਹੀਂ; ਮੇਰੇ ਕਹਿਣ ਦਾ ਇਹ ਮਤਲਬ ਬਿਲਕੁਲ ਨਹੀਂ ਸੀ।

**ਸੁਕਰਾਤ:** ਯੂਥੀਫ੍ਰੋ ਮੈਂ ਜਾਣਦਾ ਹਾਂ ਕਿ ਤੁਸੀਂ ਕਦੇ ਵੀ ਅਜਿਹਾ ਕਹਿਣਾ ਨਹੀਂ ਚਾਹਿਆ। ਮੈਂ ਤੁਹਾਨੂੰ ਖਿਆਲ ਰੱਖਣ ਦੇ ਸੁਭਾਅ ਬਾਰੇ ਸੁਆਲ ਕੀਤਾ ਸੀ ਕਿਉਂਕਿ ਮੈਂ ਜਾਣਦਾ ਸਾਂ ਕਿ ਤੁਹਾਡਾ ਮਤਲਬ ਕੁਝ ਹੋਰ ਸੀ।

**ਯੂਥੀਫ੍ਰੋ:** ਮੇਰੇ ਨਾਲ ਨਿਆਂ ਕਰੋ ਸੁਕਰਾਤ, ਇਹ ਉਸ ਤਰ੍ਹਾਂ ਦਾ ਖਿਆਲ ਰੱਖਣਾ ਨਹੀਂ ਜਿਸ ਤੋਂ ਮੇਰੀ ਮੁਰਾਦ ਸੀ।

**ਸੁਕਰਾਤ:** ਠੀਕ ਹੈ। ਪਰ ਮੈਂ ਫਿਰ ਵੀ ਪੁੱਛਣਾ ਚਾਹਾਂਗਾ ਕਿ ਦੇਵਤਿਆਂ ਲਈ ਇਹ ਖਿਆਲ ਰੱਖਣਾ ਕੀ ਹੈ ਜਿਸਨੂੰ ਪਵਿੱਤਰ ਕਿਹਾ ਜਾਂਦਾ ਹੈ?

**ਯੂਥੀਫ੍ਰੋ:** ਇਹ ਖਿਆਲ ਰੱਖਣਾ ਇੰਝ ਹੈ ਸੁਕਰਾਤ ਜਿਵੇਂ ਗ਼ੁਲਾਮ ਆਪਣੇ ਮਾਲਕਾਂ ਦਾ ਰੱਖਦੇ ਹਨ।

**ਸੁਕਰਾਤ:** ਮੈਂ ਸਮਝ ਗਿਆ, ਇਹ ਇੱਕ ਤਰ੍ਹਾਂ ਨਾਲ ਦੇਵਤਿਆਂ ਦੀ ਸੇਵਾ ਹੈ।

**ਯੂਥੀਫ੍ਰੋ:** ਬਿਲਕੁਲ।

**ਸੁਕਰਾਤ:** ਦਵਾਈ ਵੀ ਕਿਸੇ ਨਾ ਕਿਸੇ ਦੀ ਸੰਭਾਲ ਰੱਖਦੀ ਹੋਣ ਕਰਕੇ ਇੱਕ ਕਿਸਮ ਦੀ ਸੇਵਾ ਜਾਂ ਦੇਖਭਾਲ ਵਾਂਗ ਹੀ ਹੈ। ਕੀ ਤੁਸੀਂ ਸਿਹਤ ਬਾਰੇ ਇਹ ਨਹੀਂ ਕਹੋਗੇ?

**ਯੂਥੀਫ੍ਰੋ:** ਬਿਲਕੁਲ ਕਹਾਂਗਾ।

**ਸੁਕਰਾਤ:** ਇਸੇ ਤਰ੍ਹਾਂ ਕੀ ਕੋਈ ਅਜਿਹੀ ਕਲਾ ਹੈ ਜਿਹੜੀ ਕਿਸ਼ਤੀਆਂ ਬਣਾਉਣ ਵਾਲਿਆਂ ਦੇ ਇਰਾਦੇ ਵਿੱਚ ਸਹਾਇਕ ਹੁੰਦੀ ਹੈ।

**ਯੂਥੀਫ੍ਰੋ:** ਹਾਂ ਸੁਕਰਾਤ, ਕਿਸ਼ਤੀ ਬਣਾਉਣ ਦਾ ਇਰਾਦਾ।

**ਸੁਕਰਾਤ:** ਕੀ ਅਜਿਹੀ ਵੀ ਕੋਈ ਕਲਾ ਹੈ ਜਿਹੜੀ ਘਰ ਬਣਾਉਣ ਵਾਲਿਆਂ ਦੇ ਇਰਾਦੇ ਵਿੱਚ ਸਹਾਇਕ ਹੁੰਦੀ

ਹੈ?

**ਯੂਥੀਫ੍ਰੋ:** ਹਾਂ।

**ਸੁਕਰਾਤ:** ਹੁਣ ਮੈਨੂੰ ਮੇਰੇ ਪਿਆਰੇ ਮਿੱਤਰ ਉਸ ਕਲਾ ਬਾਰੇ ਦੱਸੋ ਜਿਹੜੀ ਦੇਵਤਿਆਂ ਲਈ ਸਹਾਇਕ ਹੁੰਦੀ ਹੈ, ਇਹ ਕਿਹੜਾ ਕੰਮ ਪੂਰਾ ਕਰਨ ਵਿੱਚ ਸਹਾਇਕ ਹੁੰਦੀ ਹੈ? ਤੁਸੀਂ ਇਸ ਬਾਰੇ ਜ਼ਰੂਰ ਜਾਣਦੇ ਹੋਵੋਗੇ ਜੇਕਰ ਜਿਵੇਂ ਤੁਸੀਂ ਕਿਹਾ ਕਿ ਤੁਸੀਂ ਉਹਨਾਂ ਸਾਰੇ ਜੀਵਤ ਵਿਅਕਤੀਆਂ ਵਿਚੋਂ ਇਕਲੌਤੇ ਹੀ ਹੋ ਜਿਹੜੇ ਧਰਮ ਬਾਰੇ ਸਭ ਤੋਂ ਜ਼ਿਆਦਾ ਸਿੱਖਿਅਤ ਹਨ।

**ਯੂਥੀਫ੍ਰੋ:** ਅਤੇ ਮੈਂ ਸੱਚ ਕਿਹਾ ਹੈ, ਸੁਕਰਾਤ।

**ਸੁਕਰਾਤ:** ਫੇਰ ਦੱਸੋ ਮੈਨੂੰ, ਦੱਸੋ-ਉਹ ਕਿਹੜਾ ਭਲਾ ਕੰਮ ਹੈ ਜਿਹੜਾ ਦੇਵਤੇ ਸਾਡੀ ਸੇਵਾ ਦੀ ਸਹਾਇਤਾ ਨਾਲ ਕਰਦੇ ਹਨ?

**ਯੂਥੀਫ੍ਰੋ:** ਅਨੇਕਾਂ ਭਲੇ ਕੰਮ ਹਨ ਜਿਹੜੇ ਉਹ ਕਰਦੇ ਹਨ, ਸੁਕਰਾਤ।

**ਸੁਕਰਾਤ:** ਮੇਰੇ ਦੋਸਤ, ਕਿਉਂ, ਇੱਕ ਜਰਨੈਲ ਤੋਂ ਵੀ ਅਜਿਹੇ ਹੀ ਕਈ ਲਾਹੇ ਮਿਲਦੇ ਹਨ। ਪਰ ਉਹਨਾਂ ਵਿਚੋਂ ਮੁਖ ਨੂੰ ਸੌਖਿਆਂ ਹੀ ਦੱਸਿਆ ਜਾ ਸਕਦਾ ਹੈ। ਕੀ ਤੁਸੀਂ ਅਜਿਹਾ ਨਹੀਂ ਕਹੋਗੇ ਕਿ ਜੰਗ ਵਿੱਚ ਜਿੱਤ ਉਹਨਾਂ ਵਿਚੋਂ ਮੁੱਖ ਹੈ?

**ਯੂਥੀਫ੍ਰੋ:** ਯਕੀਨਨ।

**ਸੁਕਰਾਤ:** ਅਨੇਕਾਂ ਹੀ ਭਲੇ ਕੰਮ ਤਾਂ ਇੱਕ ਕਿਰਸਾਨ ਵੀ ਕਰਦਾ ਹੈ, ਜੇ ਮੈਂ ਗਲਤੀ ਨਹੀਂ ਕਰ ਰਿਹਾ ਤਾਂ, ਪਰ ਉਸਦਾ ਮੁੱਖ ਕਾਰਜ ਧਰਤੀ ਵਿਚੋਂ ਅੰਨ ਪੈਦਾ ਕਰਨਾ ਹੁੰਦਾ ਹੈ?

**ਯੂਥੀਫ੍ਰੋ:** ਬਿਲਕੁਲ ਸਹੀ।

**ਸੁਕਰਾਤ:** ਅਤੇ ਦੇਵਤਿਆਂ ਦੁਆਰਾ ਕੀਤੇ ਜਾਂਦੇ ਅਨੇਕਾਂ ਅਤੇ ਭਲੇ ਕੰਮਾਂ ਵਿਚੋਂ ਕਿਹੜਾ ਮੁੱਖ ਜਾਂ ਮੋਢੀ ਕੰਮ ਹੈ?

**ਯੂਥੀਫ੍ਰੋ:** ਸੁਕਰਾਤ, ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਇਹਨਾਂ ਸਭ ਚੀਜ਼ਾਂ ਨੂੰ ਸਿੱਖਣਾ ਬਹੁਤ ਥਕਾਨਦਾਇਕ ਹੋਵੇਗਾ। ਸੌਖਿਆਂ ਇਹ ਕਿਹਾ ਜਾ ਸਕਦਾ ਹੈ ਕਿ ਪਾਵਨਤਾ ਅਤੇ ਪਵਿੱਤਰਤਾ ਇਹ ਸਿੱਖਣਾ ਹੈ ਕਿ ਕਿੰਝ ਸਬਦਾਂ ਅਤੇ ਅਮਲਾਂ ਨਾਲ, ਬਲੀਦਾਨ ਨਾਲ ਅਤੇ ਅਰਦਾਸਾਂ ਨਾਲ ਦੇਵਤਿਆਂ ਨੂੰ ਖ਼ੁਸ਼ ਕਰੀਦਾ ਹੈ। ਅਜਿਹੀ ਪਵਿੱਤਰਤਾ ਨਾਲ ਪਰਿਵਾਰ ਅਤੇ ਰਾਜ ਦੀ ਮੁਕਤੀ ਹੁੰਦੀ ਹੈ, ਬਿਲਕੁਲ ਉਹ ਤਰ੍ਹਾਂ ਜਿਵੇਂ ਅਪਵਿੱਤਰਤਾ ਜਿਹੜੀ ਕਿ ਦੇਵਤਿਆਂ ਨੂੰ ਨਾਖੁਸ਼ਗਵਾਰ ਹੁੰਦੀ ਹੈ, ਉਸ ਨਾਲ ਬਰਬਾਦੀ ਅਤੇ ਤਬਾਹੀ ਹੁੰਦੀ ਹੈ।

**ਸੁਕਰਾਤ:** ਯੂਥੀਫ੍ਰੋ, ਮੈਨੂੰ ਲਗਦੈ ਕਿ ਜੇ ਤੁਸੀਂ ਚਾਹੁੰਦੇ ਤਾਂ ਬਹੁਤ ਘੱਟ ਸ਼ਬਦਾਂ ਵਿੱਚ ਮੇਰੇ ਪੁੱਛੇ ਮੁੱਖ ਸੁਆਲ ਦਾ ਜੁਆਬ ਦੇ ਸਕਦੇ ਸੀ। ਪਰ ਮੈਂ ਸਪਸ਼ਟ ਤੌਰ 'ਤੇ ਵੇਖ ਸਕਦਾ ਹਾਂ ਕਿ ਤੁਸੀਂ ਮੈਨੂੰ ਕੁਝ ਸਿਖਾਉਣ ਦੇ ਚਾਹਵਾਨ ਨਹੀਂ ਹੋ, ਬਿਲਕੁਲ ਵੀ ਨਹੀਂ ਹੋ। ਫੇਰ ਕਿਉਂ ਜਦੋਂ ਆਪਾਂ ਸਿਖ਼ਰ 'ਤੇ ਪਹੁੰਚ ਗਏ ਸਾਂ, ਤੁਸੀਂ ਗੱਲ ਕਿਉਂ ਪਲਟ ਦਿੱਤੀ? ਜੇ ਤੁਸੀਂ ਮੈਨੂੰ ਸਹੀ ਸਹੀ ਜੁਆਬ ਦਿੱਤਾ ਹੁੰਦਾ ਮੈਂ ਹੁਣ ਤੱਕ ਤੁਹਾਡੇ ਤੋਂ ਪਵਿੱਤਰਤਾ ਦੇ ਸੁਭਾਅ ਬਾਰੇ ਸੱਚਮੁੱਚ ਜਾਣ ਗਿਆ ਹੁੰਦਾ। ਜਿਵੇਂ ਕਿ ਸੁਆਲ ਪੁੱਛਣ ਵਾਲੇ ਦਾ ਜੁਆਬ ਦੇਣ ਵਾਲੇ ਉੱਪਰ ਨਿਰਭਰ ਹੋਣਾ ਲਾਜ਼ਮੀ ਹੁੰਦਾ ਹੈ, ਜਿੱਧਰ ਵੀ ਉਹ ਜਾਂਦਾ ਹੈ ਮੈਨੂੰ ਉਸ ਪਿੱਛੇ ਜਾਣਾ ਪਵੇਗਾ ਅਤੇ ਸਿਰਫ਼ ਦੁਬਾਰਾ ਹੀ ਸੁਆਲ ਪੁੱਛ ਸਕਦਾ ਹਾਂ ਕਿ ਪਵਿੱਤਰ ਕੀ ਹੈ ਅਤੇ ਪਵਿੱਤਰਤਾ ਕੀ ਹੈ? ਕੀ ਤੁਹਾਡਾ ਇਹ ਮਤਲਬ ਹੈ ਕਿ ਇਹ ਅਰਦਾਸ ਅਤੇ ਬਲੀਦਾਨ ਦੀ ਵਿੱਦਿਆ ਦੀਆਂ ਕੋਈ ਕਿਸਮਾਂ ਹਨ?

**ਯੂਥੀਫ੍ਰੋ:** ਹਾਂ, ਮੇਰਾ ਇਹੀ ਮਤਲਬ ਹੈ।

**ਸੁਕਰਾਤ:** ਅਤੇ ਬਲੀਦਾਨ ਦੇਵਤਿਆਂ ਨੂੰ ਚੜ੍ਹਾਵਾ ਹੈ ਅਤੇ ਅਰਦਾਸ ਦੇਵਤਿਆਂ ਤੋਂ ਮੰਗਣਾ?

**ਯੂਥੀਫ੍ਰੋ:** ਹਾਂ ਸੁਕਰਾਤ।

**ਸੁਕਰਾਤ:** ਇਸ ਵਿਚਾਰ ਅਨੁਸਾਰ ਫੇਰ ਤਾਂ ਪਵਿੱਤਰਤਾ ਮੰਗਣ ਅਤੇ ਦੇਣ ਦੀ ਵਿੱਦਿਆ ਹੈ?

**ਯੂਥੀਫ੍ਰੋ:** ਸੁਕਰਾਤ ਤੁਸੀਂ ਮੂਲ ਰੂਪ ਵਿੱਚ ਮੈਨੂੰ ਸਮਝ ਗਏ ਹੋ।

**ਸੁਕਰਾਤ:** ਹਾਂ ਮੇਰੇ ਮਿੱਤਰ, ਇਹਦਾ ਕਾਰਨ ਇਹ ਹੈ ਕਿ ਮੈਂ ਤੁਹਾਡੀ ਵਿੱਦਿਆ ਦਾ ਉਪਾਸ਼ਕ ਹਾਂ ਅਤੇ ਮੇਰਾ ਪੂਰਾ ਧਿਆਨ ਇਸ ਵੱਲ ਹੈ ਅਤੇ ਏਸੇ ਲਈ ਤੁਹਾਡਾ ਕਿਹਾ ਕੁਝ ਵੀ ਮੇਰੇ ਤੋਂ ਵਿਅਰਥ ਨਹੀਂ ਜਾਵੇਗਾ। ਫਿਰ ਕਿਰਪਾ ਕਰਕੇ ਮੈਨੂੰ ਦੱਸੋ ਕਿ ਦੇਵਤਿਆਂ ਦੀ ਹੁੰਦੀ ਸੇਵਾ ਦਾ ਸੁਭਾਅ ਕੀ ਹੈ? ਕੀ ਤੁਹਾਡਾ ਮਤਲਬ ਇਹ ਹੈ ਕਿ ਅਸੀਂ ਉਹਨਾਂ ਨੂੰ ਬੇਨਤੀਆਂ ਕਰਨ ਅਤੇ ਤੋਹਫ਼ੇ ਦੇਣ ਨੂੰ ਤਰਜੀਹ ਦਿੰਦੇ ਹਾਂ?

**ਯੂਥੀਫ੍ਰੋ:** ਹਾਂ ਇਹੀ ਮੇਰਾ ਮਤਲਬ ਹੈ।

**ਸੁਕਰਾਤ:** ਕੀ ਮੰਗਣ ਦਾ ਇਹ ਤਰੀਕਾ ਸਹੀ ਨਹੀਂ ਹੋਏਗਾ ਕਿ ਅਸੀਂ ਉਹਨਾਂ ਤੋਂ ਜ਼ਰੂਰਤ ਦੀਆਂ ਚੀਜ਼ਾਂ ਮੰਗੀਏ?

**ਯੂਥੀਫ੍ਰੋ:** ਬਿਲਕੁਲ।

**ਸੁਕਰਾਤ:** ਅਤੇ ਭੇਟ ਕਰਨ ਦਾ ਸਹੀ ਢੰਗ ਇਹ ਹੈ ਕਿ ਅਸੀਂ ਉਹਨਾਂ ਨੂੰ ਉਹ ਕੁਝ ਦੇਈਏ ਜੋ ਉਹ ਸਾਡੇ ਤੋਂ ਚਾਹੁੰਦੇ ਹਨ। ਉਸ ਕਲਾ ਦਾ ਕੋਈ ਅਰਥ ਨਹੀਂ ਹੋਵੇਗਾ ਜੇ ਉਹ ਉਸਨੂੰ ਦਿੱਤੀ ਜਾਵੇ ਜਿਸਨੂੰ ਉਹ ਚਾਹੀਦੀ ਹੀ ਨਹੀਂ।

**ਯੂਥੀਫ੍ਰੋ:** ਬਿਲਕੁਲ ਸਹੀ, ਸੁਕਰਾਤ।

**ਸੁਕਰਾਤ:** ਫੇਰ ਯੂਥੀਫ੍ਰੋ, ਪਵਿੱਤਰਤਾ ਉਹ ਕਲਾ ਹੋਈ ਜਿਹੜੀ ਦੇਵਤਿਆਂ ਅਤੇ ਮਨੁੱਖਾਂ ਕੋਲ ਇੱਕ ਦੂਜੇ ਨਾਲ ਲੈ-ਦੇਣ ਕਰਨ ਲਈ ਸਾਂਝੀ ਹੈ?

**ਯੂਥੀਫ੍ਰੋ:** ਜੇ ਤੁਸੀਂ ਚਾਹੁੰਦੇ ਹੋ ਤਾਂ ਇਸਦਾ ਇਹ ਭਾਵ ਲੈ ਸਕਦੇ ਹੋ।

**ਸੁਕਰਾਤ:** ਪਰ ਮੇਰੀ ਸੱਚਾਈ ਤੋਂ ਇਲਾਵਾ ਕਿਸੇ ਹੋਰ ਚੀਜ਼ ਵਿੱਚ ਖ਼ਾਸ ਚਾਹਨਾ ਨਹੀਂ ਹੈ। ਮੈਂ ਆਸ ਕਰਦਾ ਹਾਂ ਕਿ ਕਿੰਝ ਵੀ ਤੁਸੀਂ ਮੈਨੂੰ ਇਹ ਦੱਸੋਗੇ ਕਿ ਸਾਡੇ ਤੋਹਫ਼ਿਆਂ ਤੋਂ ਦੇਵਤਿਆਂ ਨੂੰ ਕੀ ਲਾਹੇ ਹੁੰਦਾ ਹੈ। ਉਹ ਜੋ ਸਾਨੂੰ ਦਿੰਦੇ ਹਨ ਉਸ ਬਾਰੇ ਕੋਈ ਸ਼ੱਕ ਨਹੀਂ ਹੈ ਕਿਉਂਜੋ ਅਜਿਹੀ ਕੋਈ ਚੰਗੀ ਚੀਜ਼ ਨਹੀਂ ਜੋ ਉਹ ਸਾਨੂੰ ਨਹੀਂ ਦਿੰਦੇ, ਪਰ ਅਸੀਂ ਉਹਨਾਂ ਨੂੰ ਬਦਲੇ ਵਿੱਚ ਕਿਵੇਂ ਕੋਈ ਢੰਗ ਦੀ ਚੀਜ਼ ਦੇ ਸਕਦੇ ਹਾਂ, ਇਹ ਸਪਸ਼ਟ ਹੋਣ ਤੋਂ ਕੋਹਾਂ ਦੂਰ ਹੈ। ਜੇ ਉਹ ਸਭ ਕੁਝ ਦਿੰਦੇ ਹਨ ਅਤੇ ਅਸੀਂ ਕੁਝ ਨਹੀਂ ਦਿੰਦੇ ਤਾਂ ਇਹ ਲੈਣ-ਦੇਣ ਦਾ ਇੱਕ ਅਜਿਹਾ ਚੱਕਰ ਹੋਵੇਗਾ ਜਿਸ ਵਿੱਚ ਸਾਨੂੰ ਉਹਨਾਂ ਦਾ ਹੱਦੋਂ ਵੱਧ ਫ਼ਾਇਦਾ ਹੈ।

**ਯੂਥੀਫ੍ਰੋ:** ਸੁਕਰਾਤ, ਕੀ ਤੁਸੀਂ ਇਹ ਸਮਝਦੇ ਹੋ ਕਿ ਸਾਡੇ ਤੋਹਫ਼ਿਆਂ ਨਾਲ ਦੇਵਤਿਆਂ ਨੂੰ ਕੋਈ ਲਾਹਾ ਹੁੰਦਾ ਹੈ?

**ਸੁਕਰਾਤ:** ਪਰ ਯੂਥੀਫ੍ਰੋ ਜੇਕਰ ਅਜਿਹਾ ਨਹੀਂ ਹੈ ਫਿਰ ਦੇਵਤਿਆਂ ਨੂੰ ਸਾਡੇ ਦਿੱਤੇ ਤੋਹਫ਼ਿਆਂ ਦਾ ਅਰਥ ਕੀ ਰਹਿ ਜਾਂਦਾ ਹੈ?

**ਯੂਥੀਫ੍ਰੋ:** ਸਨਮਾਨ ਦੀ ਭੇਟ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਅਤੇ ਜਿਵੇਂ ਮੈਂ ਹੁਣੇ ਕਹਿ ਹੀ ਰਿਹਾ ਸੀ ਇਹ ਉਹਨਾਂ ਨੂੰ ਖ਼ੁਸ਼ ਕਰਦਾ ਹੈ?

**ਸੁਕਰਾਤ:** ਪਵਿੱਤਰਤਾ ਫੇਰ ਤਾਂ ਉਹਨਾਂ ਨੂੰ ਖ਼ੁਸ਼ ਕਰਦੀ ਹੈ ਪਰ ਉਹਨਾਂ ਲਈ ਲਾਹੇਵੰਦ ਜਾਂ ਪਸੰਦੀਦਾ ਨਹੀਂ ਹੈ?

**ਯੂਥੀਫ੍ਰੋ:** ਮੈਂ ਕਹਿਣਾ ਚਾਹਾਂਗਾ ਕਿ ਹੋਰ ਕੁਝ ਵੀ ਇਸਤੋਂ ਜ਼ਿਆਦਾ ਪਸੰਦ ਨਹੀਂ ਹੋ ਸਕਦਾ।

**ਸੁਕਰਾਤ:** ਇਹਦਾ ਮਤਲਬ ਇੱਕ ਵਾਰ ਫਿਰ ਇਹ ਦਾਅਵਾ ਦੁਹਰਾਇਆ ਗਿਆ ਕਿ ਪਵਿੱਤਰਤਾ ਦੇਵਤਿਆਂ ਨੂੰ ਪਸੰਦ ਹੈ?

**ਯੂਥੀਫ੍ਰੋ:** ਬਿਲਕੁਲ।

**ਸੁਕਰਾਤ:** ਅਤੇ ਜਦੋਂ ਤੁਸੀਂ ਇਹ ਕਹਿੰਦੇ ਹੋ, ਕੀ ਤੁਹਾਨੂੰ ਆਪਣੇ ਸ਼ਬਦਾਂ 'ਤੇ ਹੈਰਾਨੀ ਨਹੀਂ ਹੁੰਦੀ ਕਿ ਇਹ ਇੱਕ ਥਾਂ ਖੜਦੇ ਹੀ ਨਹੀਂ ਸਗੋਂ ਹੋਰ ਹੀ ਪਾਸੇ ਨੂੰ ਜਾ ਰਹੇ ਹਨ? ਕੀ ਤੁਸੀਂ ਮੇਰੇ 'ਤੇ ਡਾਇਡੇਲਸ ਬਣਨ ਦਾ ਦੋਸ਼ ਲਗਾਓਗੇ ਜਿਸਨੇ ਉਹਨਾਂ ਨੂੰ ਪਾਸੇ ਹੋਣ ਲਾ ਦਿੱਤਾ, ਇਹ ਨਾ ਜਾਣਦੇ ਹੋਏ ਕਿ ਡਾਇਡੇਲਸ ਤੋਂ



ਇਲਾਵਾ ਅਤੇ ਚੰਗਾ ਹੋਰ ਕਲਾਕਾਰ ਵੀ ਹੈ ਜਿਹੜਾ ਉਨ੍ਹਾਂ ਨੂੰ ਚੱਕਰ ਵਿੱਚ ਘੁੰਮਣ ਲਾ ਦਿੰਦਾ ਹੈ, ਅਤੇ ਉਹ ਤੁਸੀਂ ਖ਼ੁਦ ਹੋ, ਇਹਨਾਂ ਦਲੀਲਾਂ ਕਰਕੇ, ਜਿਵੇਂ ਤੁਹਾਨੂੰ ਮਹਿਸੂਸ ਹੋਵੇਗਾ ਕਿ ਇਹ ਮੁੜ ਓਸੇ ਨੁਕਤੇ 'ਤੇ ਵਾਪਿਸ ਆ ਜਾਂਦੀਆਂ ਹਨ। ਕੀ ਅਸੀਂ ਨਹੀਂ ਕਹਿ ਰਹੇ ਸਾਂ ਕਿ ਪਾਵਨਤਾ ਜਾਂ ਪਵਿੱਤਰਤਾ ਉਸ ਨਾਲ ਮੇਲ ਨਹੀਂ ਖਾਂਦੀ ਜਿਸਨੂੰ ਦੇਵਤੇ ਪਿਆਰ ਕਰਦੇ ਸਨ? ਕੀ ਤੁਸੀਂ ਭੁੱਲ ਗਏ ਹੋ?

**ਯੂਥੀਫ੍ਰੋ:** ਮੈਨੂੰ ਚੰਗੀ ਤਰ੍ਹਾਂ ਯਾਦ ਹੈ।

**ਸੁਕਰਾਤ:** ਅਤੇ ਕੀ ਤੁਸੀਂ ਇਹ ਨਹੀਂ ਕਹਿ ਰਹੇ ਕਿ ਜਿਸਨੂੰ ਦੇਵਤੇ ਪਿਆਰ ਕਰਦੇ ਹਨ ਉਹ ਪਾਵਨ ਹੁੰਦਾ ਹੈ ਅਤੇ ਕੀ ਇਹ ਉਸੇ ਤਰ੍ਹਾਂ ਦਾ ਨਹੀਂ ਜਿਸ ਤਰ੍ਹਾਂ ਦਾ ਉਹਨਾਂ ਨੂੰ ਪਸੰਦ ਹੈ – ਕੀ ਤੁਹਾਨੂੰ ਨਹੀਂ ਵਿਖਾਈ ਦਿੰਦਾ?

**ਯੂਥੀਫ੍ਰੋ:** ਸਹੀ ਕਿਹਾ।

**ਸੁਕਰਾਤ:** ਜਾਂ ਤਾਂ ਫੇਰ ਆਪਾਂ ਆਪਣੇ ਪੁਰਾਣੇ ਦਾਅਵੇ ਵਿੱਚ ਗ਼ਲਤ ਸਾਂ ਜਾਂ ਜੇਕਰ ਆਪਾਂ ਉਦੋਂ ਸਹੀ ਸਾਂ ਫੇਰ ਹੁਣ ਗ਼ਲਤ ਹਾਂ।

**ਯੂਥੀਫ੍ਰੋ:** ਦੋਵਾਂ ਵਿਚੋਂ ਇੱਕ ਤਾਂ ਸਹੀ ਹੋਏਗਾ ਹੀ।

**ਸੁਕਰਾਤ:** ਫੇਰ ਤਾਂ ਸਾਨੂੰ ਦੋਬਾਰਾ ਸ਼ੁਰੂ ਕਰ ਕੇ ਪੁੱਛਣਾ ਚਾਹੀਦਾ ਹੈ ਕਿ ਪਵਿੱਤਰਤਾ ਕੀ ਹੈ? ਇਹ ਇੱਕ ਅਜਿਹੀ ਪੜਤਾਲ਼ ਹੋਵੇਗੀ ਜਿਸ ਤੋਂ ਮੈਂ ਕਦੇ ਵੀ ਉਕਤਾਵਾਂਗਾ ਨਹੀਂ ਜਦੋਂ ਤੱਕ ਇਹ ਮੇਰੇ ਅੰਦਰ ਨਹੀਂ ਬਹਿ ਜਾਂਦੀ, ਅਤੇ ਮੈਂ ਤੁਹਾਨੂੰ ਵਾਸਤਾ ਪਾਉਨਾ ਕਿ ਮੈਨੂੰ ਘਿਰਣਾ ਨਾ ਕਰਨਾ, ਸਗੋਂ ਆਪਣੇ ਦਿਮਾਗ ਨੂੰ ਵੱਧ ਤੋਂ ਵੱਧ ਵਰਤੋ ਅਤੇ ਮੈਨੂੰ ਸੱਚ ਦੱਸੋ। ਕਿਉਂਕਿ ਜੇਕਰ ਕੋਈ ਵਿਅਕਤੀ ਜਾਣਦਾ ਹੈ ਤਾਂ ਉਹ ਤੁਸੀਂ ਹੀ ਹੋ; ਅਤੇ ਏਸੇ ਲਈ ਮੈਂ ਤੁਹਾਨੂੰ ਪਰੋਟੀਅਸ (ਸਮੁੰਦਰ ਦਾ ਦੇਵਤਾ) ਵਾਂਗ ਰੋਕ ਕੇ ਰੱਖਾਂਗਾ, ਜਦੋਂ ਤੱਕ ਤੁਸੀਂ ਦੱਸਦੇ ਨਹੀਂ। ਜੇਕਰ ਤੁਸੀਂ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਸੁਭਾਅ ਬਾਰੇ ਬਿਲਕੁਲ ਨਾ ਜਾਣਦੇ ਹੁੰਦੇ ਤਾਂ ਮੈਨੂੰ ਯਕੀਨ ਹੈ ਕਿ ਤੁਸੀਂ ਕਦੇ ਵੀ ਇੱਕ ਮਜ਼ਲੂਮ ਤਰਫ਼ੋਂ ਆਪਣੇ ਬਜ਼ੁਰਗ ਪਿਤਾ 'ਤੇ ਕਤਲ ਦਾ ਇਲਜ਼ਾਮ ਨਾ ਲਗਾਉਂਦੇ। ਤੁਸੀਂ ਕਦੇ ਵੀ ਦੇਵਤਿਆਂ ਦੀ ਨਜ਼ਰ ਵਿੱਚ ਕੁਝ ਗ਼ਲਤ ਕਰਨ ਦਾ ਜੋਖ਼ਮ ਨਾ ਲੈਂਦੇ ਅਤੇ ਤੁਹਾਨੂੰ ਲੋਕਾਂ ਦੀਆਂ ਗੱਲਾਂ ਦੀ ਵੀ ਬਹੁਤ ਜ਼ਿਆਦਾ ਫ਼ਿਕਰ ਹੁੰਦੀ। ਏਸੇ ਲਈ ਮੈਨੂੰ ਯਕੀਨ ਹੈ ਕਿ ਤੁਹਾਨੂੰ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਸੁਭਾਅ ਬਾਰੇ ਪਤਾ ਹੈ। ਕੁਝ ਤਾਂ ਬੋਲੋ, ਮੇਰੇ ਪਿਆਰੇ ਯੂਥੀਫ੍ਰੋ, ਆਪਣੇ ਗਿਆਨ ਨੂੰ ਇੰਝ ਲੁਕਾ ਕੇ ਨਾ ਰੱਖੋ।

**ਯੂਥੀਫ੍ਰੋ:** ਫਿਰ ਕਦੇ ਸੁਕਰਾਤ, ਕਿਉਂਜੋ ਹੁਣ ਮੈਨੂੰ ਕੁਝ ਕਾਹਲੀ ਏ ਅਤੇ ਮੈਨੂੰ ਹੁਣ ਜਾਣਾ ਪਵੇਗਾ।

**ਸੁਕਰਾਤ:** ਅਫ਼ਸੋਸ ਮੇਰੇ ਜੋਟੀਦਾਰਾ! ਕੀ ਤੁਸੀਂ ਮੈਨੂੰ ਨਿਰਾਸ਼ ਹੀ ਛੱਡ ਜਾਓਗੇ? ਮੈਨੂੰ ਆਸ ਸੀ ਕਿ ਤੁਸੀਂ ਮੈਨੂੰ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਸੁਭਾਅ ਬਾਰੇ ਸਿਖਾਓਗੇ ਅਤੇ ਫਿਰ ਮੈਂ ਸ਼ਾਇਦ ਮੈਲੇਟਸ ਅਤੇ ਉਸਦੇ ਇਲਜ਼ਾਮ ਅੱਗੇ ਆਪਣੇ ਆਪ ਨੂੰ ਸਪਸ਼ਟ ਕਰ ਸਕਾਂਗਾ। ਮੈਂ ਉਸਨੂੰ ਕਹਿੰਦਾ ਕਿ ਮੈਨੂੰ ਯੂਥੀਫ੍ਰੋ ਨੇ ਗਿਆਨਵਾਨ ਬਣਾਇਆ ਹੈ ਅਤੇ ਮੈਂ ਬੇਤਹਾਸ਼ਾ ਕਾਢਾਂ ਅਤੇ ਕਿਆਸਾਂ ਨੂੰ ਛੱਡ ਦਿੱਤਾ ਹੈ ਜਿਹਨਾਂ ਵਿੱਚ ਮੈਂ ਭੁੱਲ ਨਾਲ ਆਨੰਦ ਲੈਣ ਲੱਗ ਗਿਆ ਸਾਂ ਅਤੇ ਮੈਂ ਮੈਲੇਟਸ ਨੂੰ ਕਹਿੰਦਾ ਕਿ ਮੈਂ ਹੁਣ ਇੱਕ ਬਿਹਤਰ ਜ਼ਿੰਦਗੀ ਜਿਉਣ ਜਾ ਰਿਹਾ ਹਾਂ।

(ਛਪ ਰਹੀ ਕਿਤਾਬ 'ਸੁਕਰਾਤ ਦਾ ਮੁਕੱਦਮਾ' ਵਿਚੋਂ)


-ਪਰਮਿੰਦਰ ਸਿੰਘ
79866-53348



# ਮੈਂ ਦੂਜਿਆਂ ਦੀਆਂ ਕਿਤਾਬਾਂ ਨਹੀਂ ਪੜ੍ਹਦਾ- ਟੈਰੀ ਈਗਲਟਨ

ਟੈਰੀ ਈਗਲਟਨ ਸੰਸਾਰ ਪ੍ਰਸਿੱਧ ਮਾਰਕਸੀ ਚਿੰਤਕ ਦੇ ਰੂਪ ਵਿਚ ਸਮਕਾਲੀ ਚਿੰਤਨ ਜਗਤ ਅੰਦਰ ਆਪਣੀ ਇਕ ਵੱਖਰੀ ਅਤੇ ਅਲਹਿਦਾ ਪਛਾਣ ਰੱਖਦੇ ਹਨ। ਉਨ੍ਹਾਂ ਦੀਆਂ ਬੇਬਾਕ ਟਿੱਪਣੀਆਂ ਨੇ ਅਕਸਰ ਦੁਨੀਆ ਭਰ ਦੇ ਲੇਖਕਾਂ/ਵਿਦਵਾਨਾਂ ਅਤੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸਮੇਂ-ਸਮੇਂ 'ਤੇ ਉਹ ਕਾਫ਼ੀ ਵਿਵਾਦਮਈ ਵੀ ਰਹੇ ਹਨ, ਪਰ ਫਿਰ ਵੀ ਉਨ੍ਹਾਂ ਦੇ ਵਿਚਾਰਾਂ ਦੀ ਆਪਣੀ ਇਕ ਅਹਿਮ ਦੇਣ ਅਤੇ ਪਛਾਣ ਹੈ। ਜਿਨ੍ਹਾਂ ਦਾ ਇਕ ਝਲਕਾਰਾ ਇਸ ਮੁਲਾਕਾਤ ਵਿਚੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ।

ਸੋਲੋਮਨ: ਇੰਗਲੈਂਡ ਦੀ ਮਾਨਚੈਸਟਰ ਯੂਨੀਵਰਸਿਟੀ ਅੰਦਰ ਸੰਸਕ੍ਰਿਤਿਕ ਸਿਧਾਂਤਿਕੀ ਦੇ ਪ੍ਰੋਫ਼ੈਸਰ ਹੋਣ ਦੇ ਬਾਵਜੂਦ ਤੁਸੀਂ ਅਪਣੀ ਇਕ ਕਿਤਾਬ ਅੰਦਰ ਹੈਰਾਨੀਜਨਕ ਰੂਪ ਨਾਲ ਭਾਵੁਕ ਨਤੀਜਿਆਂ ਉੱਪਰ ਪਹੁੰਚਦੇ ਹੋ। ਸਾਨੂੰ ਦੱਸੋ ਕਿ ਤੁਹਾਡੇ ਲਈ ਜੀਵਨ ਦਾ ਕੀ ਅਰਥ ਹੈ?

ਟੈਰੀ: ਤੁਹਾਡੇ ਉੱਤਰ ਲਈ ਦੋ ਤਕੜੇ ਦਾਅਵੇਦਾਰ ਹਨ, 'ਖ਼ੁਸ਼ੀ' ਅਤੇ 'ਪਿਆਰ', ਪਰ 'ਖ਼ੁਸ਼ੀ' ਸ਼ਬਦ ਦੇ ਨਾਲ ਸਭ ਤੋਂ ਵੱਡੀ ਦਿੱਕਤ ਇਹ ਹੈ ਕਿ ਇਹ ਇੱਕ ਬੇਹੱਦ ਕਮਜ਼ੋਰ ਸ਼ਬਦ ਹੈ। ਇਸ ਤੋਂ ਕੁੱਝ ਇਸ ਤਰ੍ਹਾਂ ਦਾ ਵਿਚਾਰ ਉਪਜਦਾ ਹੈ ਕਿ ਲੋਕ ਚਿਹਰੇ ਉੱਪਰ ਪਾਗਲਾਂ ਜਿਹੀ ਚੌੜੀ ਮੁਸਕਾਨ ਲੈ ਕਿ ਇੱਧਰ-ਉੱਧਰ ਦੌੜ-ਭੱਜ ਰਹੇ ਹਨ।

ਸੋਲੋਮਨ: ਕੀ ਫਿਰ ਤੁਸੀਂ ਖ਼ੁਸ਼ੀ ਤੋਂ ਜ਼ਿਆਦਾ ਬਿਹਤਰ ਸ਼ਬਦ ਦੇਣਾ ਚਾਹੋਗੇ?

ਟੈਰੀ: ਅਰਸਤੂ ਨੇ ਇਸ ਦੇ ਲਈ 'ਵੇਲ ਬੀਂਗ' ਸ਼ਬਦ ਦਾ ਉਪਯੋਗ ਕੀਤਾ ਹੈ, ਜਿਹੜਾ ਚੰਗੀ ਸਰੀਰਕ ਅਤੇ

ਮਾਨਸਿਕ ਸਿਹਤ ਵੱਲ ਇਸ਼ਾਰਾ ਕਰਦਾ ਹੈ, ਪਰ ਮੈਨੂੰ 'ਫੁੱਲਫਿਲਮੈਂਟ' ਅਰਥਾਤ ਭਰਾਪੂਰਾਪਣ, ਜਿਹੜਾ ਮਾਨਸਿਕ ...ਦੇ ਵੱਲ ਇਸ਼ਾਰਾ ਕਰਦਾ ਹੈ, ਜ਼ਿਆਦਾ ਪਸੰਦ ਹੈ।

ਸੋਲੋਮਨ: ਫਿਰ ਤੁਹਾਡੀ ਕੀ ਸਲਾਹ ਹੈ? ਇਸ ਭਰੇਪੂਰੇਪਣ ਨੂੰ ਸਾਨੂੰ ਕਿੱਥੇ ਲੱਭਣਾ ਚਾਹੀਦਾ ਹੈ?

ਟੈਰੀ: ਕਾਰਲ ਮਾਰਕਸ ਦਾ ਇੱਕ ਪ੍ਰਸਿੱਧ ਕਥਨ ਹੈ, ਜਿਸ ਵਿਚ ਉਹ ਆਖਦੇ ਹਨ ਕਿ ਉਹ ਇੱਕ ਅਜਿਹਾ ਸਮਾਜ ਚਾਹੁੰਦੇ ਹਨ, ਜਿਸ ਅੰਦਰ ਹਰੇਕ ਵਿਅਕਤੀ ਦਾ ਪੂਰਨ ਵਿਕਾਸ, ਪੂਰਨ ਸਮਾਜਿਕ ਵਿਕਾਸ ਦੀ ਸ਼ਰਤ ਹੋਵੇ। ਕਿੰਨਾ ਚੰਗਾ ਹੋਵੇ ਕਿ ਅਸੀਂ ਇੱਕ-ਦੂਜੇ ਦੇ ਮਾਨਸਿਕ ... ਨਾਲ ਭਰਾਪੂਰਾਪਣ ਮਹਿਸੂਸ ਕਰੀਏ। ਇਸ ਦੇ ਬਦਲੇ ਕਿ ਇੱਕ-ਦੂਜੇ ਦੇ ਵਿਰੁੱਧ ਹੋ ਕਿ ਅਜਿਹਾ ਕਰੀਏ।

ਸੋਲੋਮਨ: ਅਪਣੀ ਕਿਤਾਬ ਅੰਦਰ ਤੁਸੀਂ ਪਿਆਰ ਨੂੰ ਵੀ ਸਮਤਾਵਾਦੀ ਸੰਦਰਭਾਂ ਵਿਚ ਪਰਿਭਾਸ਼ਿਤ ਕੀਤਾ ਹੈ, ਪਰ ਉਹ ਬਹੁਤਾ ਸੱਚਾ ਪ੍ਰਤੀਤ ਨਹੀਂ ਹੁੰਦਾ। ਅਜਿਹਾ ਵੀ ਤਾਂ ਹੋ ਸਕਦਾ ਹੈ ਕਿ ਕੋਈ ਵਿਅਕਤੀ ਸਿਰਫ਼ ਟੈਲੀਫ਼ੋਨ ਉੱਪਰ ਸੁਣੀ ਹੋਈ ਕਿਸੇ ਆਵਾਜ਼ ਦੇ ਪਿਆਰ 'ਚ ਪੈ ਜਾਵੇ।

ਟੈਰੀ: ਤੁਸੀਂ ਚਾਹੋ ਤਾਂ ਹਰ ਤਰ੍ਹਾਂ ਦੀ ਵਸਤੂ ਨਾਲ ਪਿਆਰ ਦੇ ਬਾਰੇ ਗੱਲ ਕਰ ਸਕਦੇ ਹੋ। ਤੁਸੀਂ ਅਪਣੇ ਹੈਂਡ ਬੈਗ ਨਾਲ ਜਾਂ ਸੌਣ-ਕਮਰੇ ਅੰਦਰ ਵਰਤੀਆਂ ਜਾਣ ਵਾਲੀਆਂ ਚੱਪਲਾਂ ਨਾਲ ਵੀ ਪਿਆਰ ਕਰ ਸਕਦੇ ਹੋ, ਪਰ ਇਹ 'ਪਿਆਰ' ਦਾ ਸੰਪੂਰਨ ਮਾਡਲ ਨਹੀਂ ਹੈ। ਮੇਰੇ ਅਨੁਸਾਰ ਪਿਆਰ ਉਹ ਹੈ, ਜਿਸ ਅੰਦਰ ਦੋ ਵਿਅਕਤੀ ਇੱਕ-ਦੂਜੇ ਦੇ ਸੰਪੂਰਨ ਵਿਕਾਸ ਵਿਚ ਅਪਣੀ ਸੰਪੂਰਨਾ ਪਾਉਂਦੇ ਹਨ।

ਸੋਲੋਮਨ: ਫਿਰ ਤੁਹਾਡੇ ਮੁਤਾਬਿਕ ਘਰੇਲੂ ਕੁੱਤੇ ਨਾਲ ਕੀਤਾ ਜਾਣ ਵਾਲਾ ਪਿਆਰ ਸੱਚਾ ਪਿਆਰ ਹੋਵੇਗਾ ਜਾਂ ਨਹੀਂ?

ਟੈਰੀ: ਨਹੀਂ। ਕਿਉਂਕਿ ਉਹ ਸਾਡੇ ਤੋਂ ਜੈਵਿਕ ਰੂਪ ਵਿਚ ਇੱਕ ਵੱਖਰਾ ਪ੍ਰਾਣੀ ਹੈ। ਉਹ ਮਨੁੱਖ ਦੇ ਅਰਥਾਂ ਵਿਚ ਸੰਪੂਰਨਤਾ ਪ੍ਰਾਪਤ ਨਹੀਂ ਕਰਦਾ। ਅਪਣੇ ਅਸਤਿਤਵ ਦੀ ਪੂਰਨਤਾ ਵਿਚ ...ਨਹੀਂ ਹੁੰਦਾ

ਸੋਲੋਮਨ: ਤੁਹਾਨੂੰ ਲੱਗਦਾ ਹੈ ਕਿ ਜੀਵਨ ਵਿਚ ਬੱਚੇ ਦੇ ਆਉਣ ਨਾਲ ਜੀਵਨ ਦੀ ...ਅੰਦਰ ਵਿਸਥਾਰ ਹੁੰਦਾ ਹੈ?


ਟੈਰੀ: ਮੇਰੇ ਵਰਗੇ ਖੱਬੇ-ਪੱਖੀਆਂ ਦੇ ਲਈ ਸਮੱਸਿਆ ਇਹ ਹੈ ਕਿ ਬੱਚੇ ਜਾਂ ਤਾਂ ਤੁਹਾਨੂੰ ਛੱਡ ਜਾਂਦੇ ਹਨ ਜਾਂ ਉਹ ਤਾਨਾਸ਼ਾਹਾਂ ਦੀ ਤਰ੍ਹਾਂ ਵਿਵਹਾਰ ਕਰਨ ਲੱਗ ਪੈਂਦੇ ਹਨ।


ਸੋਲੋਮਨ: ਕਈ ਹੋਰਨਾਂ ਖੱਬੇ-ਪੱਖੀਆਂ ਦੇ ਉਲਟ ਤੁਸੀਂ ਧਰਮ ਦੇ ਪੱਖ ਵਿਚ ਰਹੇ ਹੋ।


ਟੈਰੀ: ਮੈਂ ਰਿਚਰਡ ਡਾਕਿੰਸ ਦੀ ਈਸ਼ਵਰ ਉੱਪਰ ਲਿਖੀ ਕਿਤਾਬ ਦਾ ਵਿਰੋਧ ਕੀਤਾ ਸੀ, ਕਿਉਂਕਿ ਮੈਨੂੰ ਲੱਗਦਾ ਹੈ ਕਿ ਡਾਕਿੰਸ ਧਰਮ-ਵਿਗਿਆਨ ਦੀ ਦ੍ਰਿਸ਼ਟੀ ਤੋਂ ਅਨਪੜ੍ਹ ਵਿਅਕਤੀ ਹੈ। ਮੈਂ ਅਪਣੀ ਕੈਥੋਲਿਕ ਪਿੱਠ-ਭੂਮੀ ਦਾ ਬਹੁਤ ਸਨਮਾਨ ਕਰਦਾ ਹਾਂ। ਉਸ ਨੇ ਮੈਨੂੰ ਸਿਖਾਇਆ ਹੈ ਕਿ ਸਿਰਫ਼ ਗਹਿਨ ਵਿਚਾਰਾਂ ਨਾਲ ਹੀ ਦੋਸਤੀ ਨਹੀਂ ਕਰਨੀ ਚਾਹੀਦੀ।

ਸੋਲੋਮਨ: ਤੁਹਾਨੂੰ ਕੀ ਲੱਗਦਾ ਹੈ ਕਿ ਡਾਕਿੰਸ ਜਿਹੇ ਨਵ-ਨਿਰ-ਈਸ਼ਵਰਵਾਦੀ ਕਿੱਥੋਂ ਆਏ?

ਟੈਰੀ: ਮੇਰਾ ਖਿਆਲ ਹੈ ਕਿ ਇਹ ਵਿਭਿੰਨ ਕਿਸਮ ਦੀ ਧਾਰਮਿਕ ਕੱਟੜਤਾ ਦੇ ਖ਼ਿਲਾਫ਼ ਪ੍ਰਤੀਕਿਰਿਆ ਹੈ। ਮੈਂ




ਡਾਕਿੰਸ ਦੀ ਇਸ ਗੱਲ ਦਾ ਸਮਰਥਨ ਕਰਦਾ ਹਾਂ ਕਿ ਟੈਕਸਾਸ ਤੋਂ ਲੈ ਕਿ ਤਾਲਿਬਾਨ ਤੱਕ ਧਾਰਮਿਕ ਕੱਟੜਵਾਦੀ ਤਾਨਾਸ਼ਾਹਾਂ ਦਾ ਵਿਰੋਧ ਕੀਤਾ ਜਾਵੇ, ਪਰ ਡਾਕਿੰਸ ਦੇ ਨਾਲ ਸਮੱਸਿਆ ਇਹ ਹੈ ਕਿ ਉਹ ਸਮਝਦੇ ਹਨ ਕਿ ਧਾਰਮਿਕ ਕੱਟੜਤਾ ਹੀ ਧਰਮ ਹੈ।

ਸੋਲੋਮਨ: ਤੁਹਾਨੂੰ ਸਾਮਾਨ ਤੌਰ 'ਤੇ ਇੰਗਲੈਂਡ ਦਾ ਸਭ ਤੋਂ ਜ਼ਿਆਦਾ ਮਨਪਸੰਦ ਸਾਹਿੱਤਿਕ ਆਲੋਚਕ ਮੰਨਿਆਂ ਜਾਂਦਾ ਹੈ। ਇਸ ਮਾਹੌਲ ਵਿਚ ਕਲਾਈਵ ਜੇਮਸ ਜਿਹੇ ਆਲੋਚਕਾਂ ਦਾ ਕੀ ਸਥਾਨ ਹੈ, ਜਿਨ੍ਹਾਂ ਦੇ ਨਿਬੰਧ 'ਕਲਚਰਲ ਐਮਨੇਸ਼ੀਆ' ਨੂੰ ਪਿਛਲੇ ਦਿਨੀਂ ਭਾਰੀ ਸਮਾਰੋਹ ਵਿਚਕਾਰ ਨਿਊਯਾਰਕ ਵਿਚ ਪ੍ਰਕਾਸ਼ਿਤ ਕੀਤਾ ਗਿਆ?

ਟੈਰੀ: ਮੈਨੂੰ ਨਹੀਂ ਲੱਗਦਾ ਕਿ ਉਹ ਕੋਈ ਸਾਹਿੱਤਿਕ ਆਲੋਚਕ ਹੈ, ਹਾਂ ਉਹ ਇੱਕ ਚਲਾਕ ਆਦਮੀ ਜ਼ਰੂਰ ਹੈ।

ਸੋਲੋਮਨ: ਕੀ ਤੁਸੀਂ ਉਨ੍ਹਾਂ ਦੀ ਇਸ ਪੱਧਤੀ ਨੂੰ ਅਸਵੀਕਾਰ ਕਰਦੇ ਹੋ, ਜਿਸ ਵਿਚ ਉਹ ਹਾਈਕਲਚਰ ਅਤੇ ਪਾੱਪ ਕਲਚਰ ਨੂੰ ਪੂਰੀ ਗੰਭੀਰਤਾ ਨਾਲ ਲੈਂਦੇ ਹੋ?

ਟੈਰੀ: ਬਿਲਕੁਲ ਨਹੀਂ, ਮੈਂ ਇਸ ਸਮੇਂ ਸੰਸਕ੍ਰਿਤਿਕ ਸਿਧਾਂਤਿਕੀ ਦਾ ਹੀ ਪ੍ਰੋਫ਼ੈਸਰ ਹਾਂ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਮੈਂ 'ਚੈਟ ਸ਼ੋ' ਦੇ ਮਗਰ-ਮਗਰ ਭੱਜਦਾ ਫਿਰਾਂ।

ਸੋਲੋਮਨ: ਮਜ਼ੇ ਦੀ ਗੱਲ ਇਹ ਹੈ ਕਿ ਨਾ ਤਾਂ ਤੁਸੀਂ ਅਤੇ ਨਾ ਹੀ ਕਲਾਈਵ ਜੇਮਸ ਵਾਸਤਵਿਕ ਕਿਤਾਬਾਂ ਦੇ ਬਾਰੇ ਜ਼ਿਆਦਾ ਕੁੱਝ ਲਿਖ ਰਹੇ ਹੋ?

ਟੈਰੀ: ਅਸਲ ਵਿਚ ਹੋਇਆ ਇਹ ਕਿ ਸਾਹਿੱਤਿਕ ਆਲੋਚਕ ਹੁਣ ਮੁੱਖ ਤੌਰ 'ਤੇ ਸੰਸਕ੍ਰਿਤਿਕ ਆਲੋਚਕ ਬਣ ਰਹੇ ਹਨ, ਕਿਉਂਕਿ ਸਾਡੀ ਸੰਸਕ੍ਰਿਤੀ ਅੰਦਰ ਵੱਡੇ ਸੰਕਟ ਪੈਦਾ ਹੋ ਚੁੱਕੇ ਹਨ।

ਸੋਲੋਮਨ: ਇਸ ਵਿਚਕਾਰ ਤੁਸੀਂ ਕੋਈ ਚੰਗੀ ਚੀਜ਼ ਪੜ੍ਹੀ?

ਟੈਰੀ: ਮੈਂ ਦੂਜਿਆਂ ਦੀਆਂ ਕਿਤਾਬਾਂ ਨਹੀਂ ਪੜ੍ਹਦਾ। ਜੇਕਰ ਮੈਂ ਕੋਈ ਕਿਤਾਬ ਪੜ੍ਹਨੀ ਚਾਹੁੰਦਾ ਹਾਂ ਤਾਂ ਪਹਿਲਾਂ ਉਸ ਨੂੰ ਖ਼ੁਦ ਲਿਖਦਾ ਹਾਂ। ਮੈਂ ਹੁਣ ਤੱਕ 40 ਕਿਤਾਬਾਂ ਲਿਖ ਚੁੱਕਾ ਹਾਂ।

ਸੋਲੋਮਨ: ਇਹ ਤਾਂ ਬਹੁਤ ਹੀ ਅਪਮਾਨਜਨਕ ਟਿੱਪਣੀ ਹੈ। ਕਿਸੇ ਨਾ ਕਿਸੇ ਨੂੰ ਤੁਹਾਨੂੰ ਰੋਕਣਾ ਚਾਹੀਦਾ।

ਟੈਰੀ: ਮੈਂ ਕਈ ਵਾਰ ਸੋਚਿਆ ਕਿ ਲਿਖਣਾ ਛੱਡ ਦਵਾਂ। ਅਸਲ ਵਿਚ ਮੈਂ ਇੱਕ ਅਜਿਹੀ ਗੋਲ਼ੀ ਦੀ ਤਲਾਸ਼ ਕਰ ਰਿਹਾ ਹਾਂ, ਜਿਸ ਨੂੰ ਖਾਣ ਤੋਂ ਬਾਅਦ ਮੇਰਾ ਲਿਖਣਾ ਰੁਕ ਜਾਵੇ। 'ਰਾਈਟਰਜ਼ ਐਨਾੱਨਿਮਸ' ਨਾਮ ਦੀ ਇੱਕ ਸੰਸਥਾ ਵੀ ਹੈ, ਜਿਹੜੀ ਤੁਹਾਨੂੰ ਇੱਕ ਪੂਰੀ ਕਿਤਾਬ ਲਿਖਣ ਤੋਂ ਰੋਕ ਕਿ ਇੱਕ ਕਵਿਤਾ ਲਿਖਣ ਵੱਲ ਲਿਆਉਣਾ ਚਾਹੁੰਦੀ ਹੈ।

ਸੋਲੋਮਨ: ਇਹ ਬਹੁਤ ਦਿਲਚਸਪ ਹੈ। ਕੀ ਤੁਸੀਂ ਆਪਣੀਆਂ ਕਿਤਾਬਾਂ ਦੇ ਪ੍ਰਚਾਰ ਲਈ ਅਮਰੀਕਾ ਵਿਚ ਭ੍ਰਮਣ ਕਰਨ ਵਾਲੇ ਹੋ?


ਟੈਰੀ: ਨਹੀਂ। ਜਿਵੇਂ-ਜਿਵੇਂ ਮੇਰੀ ਉਮਰ ਵਧਦੀ ਜਾ ਰਹੀ ਹੈ ਅਮਰੀਕਾ ਵਿਚ ਮੇਰੇ ਦੌਰੇ ਸੰਖੇਪ ਹੁੰਦੇ ਜਾ ਰਹੇ ਹਨ। ਮੈਂ ਉੱਥੋਂ ਦੀ ਸਾਮਾਨ ਸੰਸਕ੍ਰਿਤੀ ਨੂੰ ਸਹਿਣ ਨਹੀਂ ਕਰ ਪਾਉਂਦਾ। ਫਿਰ ਵੀ ਮੈਂ ਜਾਣਦਾ ਹਾਂ ਕਿ ਮੈਂ ਅਮਰੀਕਾ ਇਸ ਲਈ ਹਾਂ, ਕਿਉਂਕਿ ਇੱਥੇ ਸਾਰੇ ਸਵੇਰ ਦੇ ਨਾਸ਼ਤੇ 'ਤੇ ਪੈਸੇ ਦੇ ਬਾਰੇ ਗੱਲਾਂ ਕਰਦੇ ਹਨ।


ਸੋਲੋਮਨ: ਪ੍ਰਿੰਸ ਚਾਰਲਸ ਨੇ ਕਦੀ ਤੁਹਾਨੂੰ 'ਉਹ ਭਿਆਨਕ ਟੈਰੀ ਈਗਲਟਨ' ਕਿਹਾ ਸੀ। ਤੁਹਾਡੀ ਅਜਿਹੀ ਕਿਹੜੀ ਚੀਜ਼ ਹੈ, ਜਿਹੜੀ ਉਨ੍ਹਾਂ ਨੂੰ ਰੜਕਦੀ ਹੈ?


ਟੈਰੀ: ਮੇਰੀ ਹੋਂਦ ਹੀ ਉਨ੍ਹਾਂ ਲਈ ਇੱਕ ਸਮੱਸਿਆ ਹੈ।

ਪੰਜਾਬੀ ਅਨੁਵਾਦ
ਰਾਜਿੰਦਰ ਸਿੰਘ
ਸੰਪਰਕ: 98556-82205






# ਪੰਜਾਬੀ ਸੰਰਚਨਾਵਾਦੀ ਆਲੋਚਨਾ

ਸੰਰਚਨਾਵਾਦ ਪੱਛਮੀ ਗਿਆਨ ਸ਼ਾਸਤਰ ਨਾਲ. ਸੰਬੰਧਤ ਅਜਿਹੀ ਚਿੰਤਨ ਦ੍ਰਿਸ਼ਟੀ ਹੈ ,ਜਿਸ ਨੇ ਵਿਸ਼ਵ ਪੱਧਰ ਤੇ ਗਿਆਨ ਦੇ ਲਗਭਗ ਹਰ ਖੇਤਰ ਨੂੰ ਪਰਭਾਵਿਤ ਕੀਤਾ ਹੈ। ਵਿਕਾਸਸ਼ੀਲ ਦੇਸ਼ਾਂ ਦੇ ਚਿੰਤਕਾਂ ਨੇ ਆਪਣੀਆਂ-ਆਪਣੀਆਂ ਸਭਿਆਚਾਰਕ ਸੀਮਾਵਾਂ ਵਿੱਚ ਰਹਿੰਦਿਆਂ ਇਸ ਚਿੰਤਨ ਦ੍ਰਿਸ਼ਟੀ ਨੂੰ ਸੁਚੇਤ ਰੂਪ ਵਿੱਚ ਆਪਣੀ ਵਿਹਾਰਕ ਸਮਰੱਥਾ ਦਾ ਹਿੱਸਾ ਬਣਾਇਆ ਹੈ। ਇਸ ਚਿੰਤਨ ਦ੍ਰਿਸ਼ਟੀ ਦਾ ਸਿਧਾਂਤਿਕ ਵਿਕਾਸ ਪੱਛਮ ਵਿੱਚ ਮਾਰਕਸਵਾਦੀ ਸੰਵਾਦਕ ਪ੍ਰਸਿਥੀਆਂ ਵਿੱਚੋਂ ਹੋਇਆ ਹੈ। ਸੰਰਚਨਾਵਾਦ ਆਧੁਨਿਕ ਭਾਸ਼ਾ ਵਿਗਿਆਨ ਤੇ ਅਧਾਰਿਤ ਸਿਰਜੀ ਗਈ ਵਿਸ਼ੇਸ ਅਧਿਐਨ ਪ੍ਰਣਾਲੀ ਹੈ ਜੋ ਕਿ ਫਰਡੀਨੰਦ ਡੀ. ਸੋਸਿਊਰ ਦੁਆਰਾ ਦਿੱਤੇ ਆਧੁਨਿਕ ਭਾਸ਼ਾ ਦੇ ਸੰਕਲਪਾਂ ਨੂੰ ਮੂਲ ਸਰੋਤਾਂ ਵਜੋਂ ਵਰਤਦੀ ਹੈ। ਸੋਸਿਊਰ ਦੁਆਰਾ ਦਿੱਤੇ ਸੰਕਲਪ ਸਿਰਫ਼ ਭਾਸ਼ਾ ਤੇ ਹੀ ਲਾਗੂ ਨਹੀਂ ਹੁੰਦੇ ਬਲਕਿ ਦੂਸਰੇ ਗਿਆਨ -ਅਨੁਸ਼ਾਸਨਾਂ ਦੇ ਅਧਿਐਨ ਲਈ ਵੀ ਪ੍ਰਯੋਗ ਕੀਤੇ ਜਾਂਦੇ ਹਨ। ਸੰਰਚਨਾਵਾਦ ਦੀ ਸ਼ੁਰੂਆਤ ਪੱਛਮੀ ਚਿੰਤਕਾਂ ਵੱਲੋਂ ਕੀਤੀ ਗਈ ਜਿਨ੍ਹਾਂ ਵਿੱਚ ਵਲਾਦੀਮੀਰ ਪਰਾਪ, ਕਲਾਡ ਲੇਵੀ ਸਤ੍ਰਾਸ, ਨਾਰਥਰੋਪ ਫਰਾਈ, ਏ.ਜੇ. ਗ੍ਰੇਮਾਸ, ਤੋਦੋਰੋਵ ਅਤੇ ਯੈਨੇਟ ਸ਼ਾਮਿਲ ਹਨ। ਇਨ੍ਹਾਂ ਚਿੰਤਕਾਂ ਨੇ ਵੱਖ-ਵੱਖ ਖੇਤਰਾਂ ਵਿੱਚ ਸੰਰਚਨਾਵਾਦੀ ਪ੍ਰਣਾਲੀ ਰਾਹੀਂ ਅਧਿਐਨ ਕੀਤੇ ਜਿਨ੍ਹਾਂ ਵਿੱਚ ਮਾਨਵ ਵਿਗਿਆਨ, ਮਨੋਵਿਗਿਆਨ, ਸਮਾਜ ਵਿਗਿਆਨ ,ਸਾਹਿਤ ਅਤੇ ਹੋਰ ਕਲਾਵਾਂ, ਦਰਸ਼ਨ ਆਦਿ ਸ਼ਾਮਿਲ ਹਨ।


ਸੰਰਚਨਾਵਾਦੀ ਭਾਸ਼ਾ ਵਿਗਿਆਨ ਨਾਲ਼ ਵਸਤੂਗਤ ਅਧਿਐਨ ਦੀ ਬਜਾਏ ਸੰਰਚਨਾ ਦੇ ਅਧਿਐਨ ਨੂੰ ਧਿਆਨ ਵਿਚ ਰੱਖਦੇ ਹਨ। ਜੋਨਾਥਨ ਕੂਲਰ ਦੇ ਸ਼ਬਦਾਂ ਵਿਚ ਵਸਤੂ ਤੋਂ ਸੰਰਚਨਾਵਾਂ ਵਿਚ ਵਿਸ਼ਵ ਦੀ ਪ੍ਰਤੱਖਣ ਵਿਧੀ ਹੈ (Mode of perception) ਵਿਚ ਇੱਕ ਪ੍ਰਮੁੱਖ ਮੋੜ ਸੀ। ਫ਼ਰਾਂਸੀਸੀ ਵਿਦਵਾਨ ਫ਼ਰਡੀਨੰਦ

ਡੀ. ਸੋਸਿਊਰ ਨੇ ਪਹਿਲੀ ਵਾਰ ਭਾਸ਼ਾ-ਵਿਗਿਆਨਿਕ ਅਧਿਐਨ ਨੂੰ ਇਤਿਹਾਸਿਕਤਾ ਤੋਂ ਵੱਖਰੇ ਨਜ਼ਰੀਏ ਨਾਲ਼ ਦੇਖਿਆ ਅਤੇ ਭਾਸ਼ਾ ਵਿਗਿਆਨ ਦੇ ਅੰਦਰੂਨੀ ਨੇਮਾਂ ਨੂੰ ਸਮਝਣ ਲਈ ਹੇਠ ਲਿਖੇ ਸੰਕਲਪ ਪੇਸ਼ ਕੀਤੇ ਗਏ ਹਨ:

1. ਲੈਂਗ ਤੇ ਪੈਰੋਲ
2. ਚਿਹਨ: ਚਿਹਨਕ ਅਤੇ ਚਿਹਨਤ
3. ਕੜੀਦਾਰ ਅਤੇ ਲੜੀਦਾਰ ਸੰਬੰਧ
4. ਇਕਾਲਕ ਅਤੇ ਦੁਕਾਲਕ

ਭਾਸ਼ਾ ਵਿਗਿਆਨ ਦੇ ਇਹੋ ਉਪਰੋਕਤ ਚਾਰ ਸੰਕਲਪ ਹੀ ਸੰਰਚਨਾਵਾਦ ਦੇ ਮੂਲ ਜਾਂ ਬੁਨਿਆਦੀ ਸੰਕਲਪ ਮੰਨੇ ਗਏ। ਇਨ੍ਹਾਂ ਤੇ ਅਧਾਰਿਤ ਕੀਤੇ ਸਾਹਿਤਕ ਅਧਿਐਨ ਨੂੰ ਹੀ ਸੰਰਚਨਾਵਾਦੀ ਅਧਿਐਨ ਕਿਹਾ ਜਾਂਦਾ ਹੈ।

ਸੰਰਚਨਾਵਾਦ ਦੇ ਪੰਜਾਬੀ ਸਾਹਿਤ ਵਿੱਚ ਆਉਣ ਤੋਂ ਪਹਿਲਾਂ ਪ੍ਰਗਤੀਵਾਦ, ਪ੍ਰਯੋਗਵਾਦ ਅਤੇ ਮਾਰਕਸਵਾਦ ਅਜਿਹੀਆਂ ਅਧਿਐਨ ਦ੍ਰਿਸ਼ਟੀਆ ਚੱਲ ਰਹੀਆਂ ਸਨ, ਜੋ ਕਿ ਆਪਣੇ -ਆਪਣੇ ਸਿਧਾਤਾਂ ਤੇ ਅਧਾਰਿਤ ਪੰਜਾਬੀ ਸਾਹਿਤ ਚਿੰਤਨ ਨੂੰ ਪ੍ਰਭਾਵਿਤ ਕਰ ਰਹੀਆਂ ਸਨ, ਪਰ ਸੰਰਚਨਾਵਾਦ ਇੱਕ ਵੱਖਰੀ ਕਿਸਮ ਦੀ ਅਧਿਐਨ ਦ੍ਰਿਸ਼ਟੀ ਹੈ ਜਿਸ ਨੇ ਲੰਮਾ ਸਮਾਂ ਪੰਜਾਬੀ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ ਤੇ ਅੱਜ ਵੀ ਕਰ ਰਹੀ ਹੀ। ਪੰਜਾਬੀ ਸਾਹਿਤ ਵਿੱਚ ਸੰਰਚਨਾਵਾਦ ਦਾ ਮੁੱਢ ਡਾ. ਹਰਿਭਜਨ ਸਿੰਘ ਬੰਨ੍ਹਦਾ ਹੈ। ਉਸ ਨੇ ਚਿੰਤਨ ਨਾਲ਼ ਸਬੰਧਿਤ ਸਾਹਿਤ ਨੂੰ ਪੇਸ਼ ਕੀਤਾ ਗਿਆ ਹੈ। ਡਾ. ਹਰਿਭਜਨ ਦਾ ਸਿਧਾਂਤ ਚਿੰਤਨ ਅਤੇ ਸਾਹਿਤ ਚਿੰਤਨ ਅਤੇ ਸਾਹਿਤ ਅਧਿਐਨ ਸੰਰਚਨਾਵਾਦ ਦੇ ਨਾਲ਼-ਨਾਲ਼ ਹੋਰ ਕਈ ਚਿੰਤਨ ਖੇਤਰਾਂ ਦੇ ਤੱਤਾਂ ਅਤੇ ਸੰਕਲਪਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ ਜਿਨ੍ਹਾਂ ਵਿੱਚ ਰੂਸੀ ਰੂਪਵਾਦ, ਅਮਰੀਕੀ ਨਵਾਲੋਚਨਾਂ, ਸ਼ੈਲੀ ਸ਼ਾਸਤਰ, ਉੱਤਰ ਸੰਰਚਨਾਵਾਦ, ਵਿਰਚਨਾ ਸਿਧਾਂਤ ਅਤੇ ਚਿਹਨਲੋਚਨਾ ਆਦਿ ਸ਼ਾਮਿਲ ਹਨ। ਪਹਿਲੇ ਪੱਧਰ 'ਤੇ ਡਾ. ਤਰਲੋਕ ਸਿੰਘ ਕੰਵਰ ਅਤੇ ਡਾ. ਆਤਮਜੀਤ ਸਿੰਘ ਹਰਿਭਜਨ ਸਿੰਘ ਦੇ ਸਹਿਯੋਗੀ ਬਣੇ। ਡਾ. ਹਰਿਭਜਨ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਚਿੰਤਕਾਂ ਨੇ ਚਿੰਤਨ ਨਾਲ਼ ਸਬੰਧਿਤ ਪੁਸਤਕਾਂ ਦੀ ਰਚਨਾ ਕਰਕੇ ਸੰਰਚਨਾਵਾਦੀ ਚਿੰਤਨ ਦੇ ਤੱਤਾਂ ਤੇ ਸੰਕਲਪਾ ਨੂੰ ਉਘਾੜਿਆ ਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਲਾਗੂ ਕੀਤਾ।



ਡਾ. ਹਰਿਭਜਨ ਸਿੰਘ ਪੰਜਾਬੀ ਸਾਹਿਤ ਦਾ ਪਹਿਲਾ ਸੰਰਚਨਾਵਾਦੀ ਚਿੰਤਕ ਸੀ ਜੋ ਉਸ ਸਮੇਂ ਚੱਲ ਰਹੀ ਸੰਤ ਸਿੰਘ ਸੇਖੋਂ ਪਰੰਪਰਾ ਜੋ ਕਿ ਮਾਰਕਸਵਾਦ ਦੇ ਸਿਧਾਤਾਂ ਤੇ ਅਧਾਰਿਤ

ਮਾਰਕਸਵਾਦੀ ਦ੍ਰਿਸ਼ਟੀ ਸੀ, ਨਾਲੋਂ ਅਲੱਗ ਹੋ ਕਿ ਆਲੋਚਨਾਤਮਕ ਪੱਧਰ 'ਤੇ ਆਪਣੀ ਵੱਖਰਤਾ ਸਥਾਪਿਤ ਕਰਨ ਦੇ ਆਹਰ ਵਿੱਚ ਦਿਖਾਈ ਦਿੰਦਾ ਹੈ। ਡਾ. ਹਰਿਭਜਨ ਸਿੰਘ ਨੇ ਸਾਹਿਤ ਚਿੰਤਨ ਅਤੇ ਆਲੋਚਨਾ ਦੇ ਅੰਤਰ ਮੁਖੀ ਰੁਮਾਂਟਿਕ, ਪ੍ਰਭਾਵਵਾਦੀ, ਭਾਰਤੀ ਕਾਵਿ-ਸ਼ਾਸਤਰ, ਮਾਰਕਸਵਾਦੀ ਆਲੋਚਨਾ ਦੇ ਪ੍ਰਤੀ ਕਰਮ ਵਜੋਂ ਆਪਣਾ ਵਜੂਦ ਗ੍ਰਹਿਣ ਕੀਤਾ। ਸੀਮਾਵਾਂ ਦੀ ਪਛਾਣ ਰਾਹੀਂ ਸਥਾਪਤੀ ਅਤੇ ਪ੍ਰਚਲਿਤ ਸਿਧਾਤਾਂ ਤੋਂ ਆਪਣੀ ਵੱਖਰਤਾ ਨੂੰ ਇਸ ਚਿੰਤਨ ਰਾਹੀਂ ਸਥਾਪਿਤ ਕੀਤਾ। ਉਸ ਨੇ ਚਿੰਤਨ ਦੇ ਪੱਧਰ ਤੇ ਆਰੋਪਣ ਵਿਧੀ ਦਾ ਹਮੇਸ਼ਾ ਵਿਰੋਧ ਕੀਤਾ ਅਤੇ ਸਾਹਿਤਕ ਕਿਰਤਾਂ ਦੀ ਵਿਓਖਿਆ ਅਤੇ ਵਿਸ਼ਲੇਸ਼ਣ ਸਮੇਂ ਉਨ੍ਹਾਂ ਹਮੇਸ਼ਾ ਅੰਦਰਲੇ ਸੁਹਜ ਅਤੇ ਸਾਹਿਤ ਕਿਰਤ ਨੂੰ ਧਿਆਨ ਵਿੱਚ ਰੱਖਿਆ ।

ਡਾ. ਹਰਿਭਜਨ ਸਿੰਘ ਨੇ ਕਵੀ ਹੋਣ ਦੇ ਨਾਲ਼- ਨਾਲ਼ ਆਲੋਚਨਾ ਦੇ ਪੱਧਰ 'ਤੇ ਵੀ ਕਾਫ਼ੀ ਕੰਮ ਕੀਤਾ ਉਸ ਦੀਆਂ ਆਲੋਚਨਾ ਨਾਲ਼ ਸਬੰਧਿਤ ਪੁਸਤਕਾਂ ਅਧਿਐਨ ਅਤੇ ਅਧਿਆਪਨ (1970), ਮੁੱਲ ਤੇ ਮੁਲਾਂਕਣ (1972) , ਸਾਹਿਤ ਸ਼ਾਸਤਰ (1973), ਸਾਹਿਤ ਤੇ ਸਿਧਾਂਤ (1973), ਪਾਰਗਾਮੀ (1976), ਰਚਨਾ-ਸੰਰਚਨਾ (1977), ਰੂਪਕੀ (1977), ਸਾਹਿਤ-ਵਿਗਿਆਨ (1978), ਸਿਸਟਮੀ (1979), ਸਾਹਿਤ ਅਧਿਐਨ (1981), ਪਤਰਾਂਜਲੀ (1981), ਪੂਰਨ ਸਿੰਘ: ਰਚਨਾ ਵਿਰਚਨਾ (1983), ਪਿਆਰ ਅਤੇ ਪਰਿਵਾਰ (1988) ਅਤੇ ਖ਼ਾਮੋਸ਼ੀ ਜਜ਼ੀਰਾ (1988) ਹਨ। ਪੰਜਾਬੀ ਸਾਹਿਤ ਅਧਿਐਨ ਨਾਲ਼ ਸਬੰਧਿਤ ਇਹ ਉਨ੍ਹਾਂ ਦੀਆਂ ਗੌਲਣ-ਯੋਗ ਪੁਸਤਕਾਂ ਹਨ। ਇਨ੍ਹਾਂ ਵਿੱਚ ਸਾਹਿਤ- ਵਿਗਿਆਨ, ਸਾਹਿਤ-ਅਧਿਐਨ ਅਤੇ ਰਚਨਾ-ਸੰਰਚਨਾ ਪੁਸਤਕਾਂ ਵਿੱਚ ਡਾ. ਹਰਿਭਜਨ ਸਿੰਘ ਨੇ ਸੋਸਿਊਰ ਦੁਆਰਾ ਪੇਸ਼ ਕੀਤੇ ਸੰਰਚਨਾਵਾਦੀ ਸੰਕਲਪਾਂ ਨੂੰ ਉਘਾੜਿਆ ਅਤੇ ਇਨ੍ਹਾਂ ਸਬੰਧੀ ਆਪਣੀ ਵਿਚਾਰਧਾਰਾ ਨੂੰ ਵੀ ਸਪਸ਼ਟ ਕੀਤਾ।

ਸੰਰਚਨਾਵਾਦੀ ਸਾਹਿਤ ਚਿੰਤਨ ਤੇ ਮਨੁੱਖੀ ਯਥਾਰਥ ਬੋਧ ਅਤੇ ਮਾਨਸਿਕ ਕਾਲਪਨਿਕ ਵਰਤਾਰਿਆਂ ਨੂੰ ਸੰਰਚਨਾਤਮਕ ਸਰੂਪ ਦਿੰਦੀਆ ਕ੍ਰਿਆਵਾਂ ਦਾ ਅਧਿਐਨ ਕੀਤਾ ਹੈ। ਇਸ ਚਿੰਤਨ ਪੱਧਤੀ ਨੇ ਭਾਸ਼ਾ ਵਿਗਿਆਨਿਕ ਮਾਡਲ, ਮਾਨਵ ਵਿਗਿਆਨ, ਮਨੋ-ਵਿਗਿਆਨ, ਸਾਹਿਤਕ ਅਧਿਐਨ, ਸਭਿਆਚਾਰ ਅਤੇ ਲੋਕਧਾਰਾ ਜਿਹੇ ਵਿਭਿੰਨ ਗਿਆਨ -ਅਨੁਸ਼ਾਸਨਾਂ ਵਿੱਚ ਸੰਰਚਨਾਵਾਂ ਦੀ ਸਿਰਜਣ ਪ੍ਰਕ੍ਰਿਆ ਅਤੇ ਉਨ੍ਹਾਂ ਦੀ ਕਾਰਜਸ਼ੀਲਤਾ ਦੇ ਸੂਖਮ ਅਧਿਐਨ ਨੂੰ ਸਾਹਮਣੇ ਲਿਆਂਦਾ। ਪੰਜਾਬੀ ਸਾਹਿਤ ਚਿੰਤਨ ਵਿੱਚ ਡਾ. ਹਰਿਭਜਨ ਸਿੰਘ ਸੰਰਚਨਾਵਾਦੀ ਚਿੰਤਨ ਨੂੰ ਆਲੋਚਨਾ ਦਾ ਹਿੱਸਾ ਬਣਾਉਂਦੇ ਹਨ। ਉਨ੍ਹਾਂ ਤੋਂ ਬਾਅਦ ਡਾ. ਤਰਲੋਕ ਸਿੰਘ ਕੰਵਰ, ਡਾ. ਸਤਿੰਦਰ ਸਿੰਘ ਨੂਰ ਅਤੇ ਡਾ. ਜਗਬੀਰ ਸਿੰਘ ਨੇ ਇਸ ਚਿੰਤਨ ਪੱਧਤੀ ਨੂੰ ਅੱਗੇ ਵਧਾਇਆ। ਮਾਰਕਸਵਾਦੀ ਚਿੰਤਨ ਪ੍ਰਣਾਲੀ ਨਾਲ਼ ਲਗਾਤਾਰ ਸੰਵਾਦ ਵਿੱਚੋਂ ਇਸ ਦੇ ਸਰੂਪ ਅਤੇ ਵਿਚਾਰਧਾਰਕ ਰੂਪ ਵਿੱਚ ਪਰਿਵਰਤਨ ਵੀ ਆਏ ਹਨ, ਪਰ ਸੰਰਚਨਾ ਨੂੰ ਕੇਂਦਰ ਵਿੱਚ ਰੱਖਦੇ ਹੋਏ ਤੱਤਾ ਦੇ ਆਪਸੀ ਸਹਿਯੋਗ ਨਾਲ਼ ਹੋਂਦ ਵਿੱਚ ਆਉਂਦੀ ਸਮੁੱਚੀ ਸੰਰਚਨਾ ਦਾ ਅਧਿਐਨ ਸੰਰਚਨਾਵਾਦੀ ਚਿੰਤਨ ਨਾਲ਼ ਉੱਭਰ ਕੇ ਸਾਹਮਣੇ ਆਉਂਦਾ ਹੈ। ਸਾਹਿਤਅਧਿਐਨਵਿੱਚ ਇਹ ਪੱਧਤੀ ਸਾਹਿਤਕ ਕਿਰਤ ਦੀ ਸਮੁੱਚੀ ਸੰਰਚਨਾਤਮਕ ਪ੍ਰਕ੍ਰਿਆ ਦੀ ਗਤੀਸ਼ੀਲਤਾਅਤੇ ਨਿਰਮਾਣਕਾਰੀ ਕ੍ਰਿਆਵਾਂ ਨਾਲ਼ ਸਿਰਜਿਤ ਪਾਠ ਦਾ ਅਧਿਐਨ ਕਰਦੀ ਹੈ।

**ਡਾ. ਤਰਲੋਕ ਸਿੰਘ ਕੰਵਰ:** ਡਾ. ਤਰਲੋਕ ਸਿੰਘ ਕੰਵਰ ਨੇ ਆਪਣੇ ਚਿੰਤਨ ਦੇ ਘੇਰੇ ਨੂੰ ਰੂਪਵਾਦ ਤੇ ਸੰਰਚਨਾਵਾਦ ਤੋਂ ਅਗਾਂਹ ਪ੍ਰਤੀਕਵਾਦ ,ਉੱਤਰ ਸੰਰਚਨਾਵਾਦ ਅਤੇ ਚਿਹਨ ਵਿਗਿਆਨ ਤੱਕ ਫੈਲਾਇਆ ਹੈ। ਉਸ ਦਾ ਸਬੰਧ ਸਾਹਿਤ ਨਿਸ਼ਠ/ਵਿਧੀ-ਮੂਲਕ/ਅੰਤਰ ਅਨੁਸ਼ਾਸਨੀ ਸਮੀਖਿਆ ਨਾਲ਼ ਰਿਹਾ। ਉਸ ਨੇ ਇਸ ਚਿੰਤਨ ਪਰੰਪਰਾ ਦੀ ਨਵੇਕਲੀ ਹੋਂਦ ਸਥਾਪਿਤ ਕਰਨ ਲਈ ਵਿਸ਼ੇਸ ਭੂਮਿਕਾ ਨਿਭਾਈ। ਉਸ ਮੁਤਾਬਿਕ ਪੰਜਾਬੀ ਆਲੋਚਨਾ ਦੀਆਂ ਪਰਵਿਰਤੀਆਂ ਕੁਝ ਇਸ ਪ੍ਰਕਾਰ ਹਨ:

1. ਪਰੰਪਰਾਈ
2. ਯਥਾਰਥ ਨਿਸ਼ਚਾ/ਮਾਰਕਸਵਾਦੀ
3. ਡੱਬ-ਖੜੱਬੇ ਸੁਭਾਵਲੀ ਸਰਬਗ੍ਰਾਹੀ ਆਲੋਚਨਾ
4. ਸਾਹਿਤ ਨਿਸ਼ਠ ਜਾਂ ਵਿਧੀ ਮੂਲਕ ਜਾਂ ਅੰਤਰ ਅਨੁਸ਼ਾਸਨੀ ਆਲੋਚਨਾ

ਉਸ ਦੀਆਂ ਆਲੋਚਨਾ ਨਾਲ਼ ਸਬੰਦਿਤ ਪੁਸਤਕਾਂ ਬਦਲਦੇ ਪਰਿਪੇਖ (1975) ਮਾਨ ਪ੍ਰਤੀਮਾਨ

(1976), ਪਾਠ ਤੇ ਪ੍ਰਸੰਗ (1985), ਸੰਚਾਰ /ਸਭਿਆਚਾਰ (1988), ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ (1988), ਥਾਪਨਾ ਉਥਾਪਨਾ (1989) ਆਦਿ ਹਨ। ਡਾ. ਕੰਵਰ ਦੀ 1975 ਈ. ਵਿੱਚ ਆਲੋਚਨਾਤਮਕ ਪੁਸਤਕ 'ਸਾਹਿਤ ਅਧਿਐਨ ਦੀ ਸੰਰਚਨਾਵਾਦੀ ਪ੍ਰਣਾਲੀ' ਪ੍ਰਕਾਸ਼ਿਤ ਹੋਈ। ਜਿਸ ਵਿੱਚ ਉਸ ਦੁਆਰਾ ਸੰਰਚਨਾਵਾਦੀ ਚਿੰਤਨ ਦੇ ਸਿਧਾਂਤਿਕ ਪੱਖ ਨੂੰ ਪੇਸ਼ ਕਰਨ ਦਾ ਯਤਨ ਕੀਤਾ। ਉਸਦੇ ਅਨੁਸਾਰ ਸੰਰਚਨਾਵਾਦ ਨੇ ਗਿਆਨ ਦੇ ਪੱਧਰ ਤੇ ਚੱਲ ਰਹੀਆਂ ਅਲੱਗ-ਅਲੱਗ ਅਨੁਸ਼ਾਸਨ ਪ੍ਰਣਾਲੀਆਂ ਜਿਵੇਂ ਭਾਸ਼ਾ ਵਿਗਿਆਨ, ਮਾਨਵ ਵਿਗਿਆਨ, ਗਣਿਤ ਸ਼ਾਸਤਰ, ਸੂਚਨਾ ਸੰਸਾਰ ਤੇ ਨਿਯੰਤਰਣ ਦੇ ਪੱਧਰ ਉੱਤੇ ਆਦਿ ਦੇ ਸਿਧਾਤਾਂ ਤੋਂ ਸੇਧ ਪ੍ਰਾਪਤ ਕਰਦਿਆਂ ਪਰੰਪਰਾਮਈ ਮਰਿਯਾਦਾ ਦੀ ਪੱਧਰ ਉੱਤੇ ਵਿਚਰਦੇ ਸੰਜਮ ਨੂੰ ਵਿਗਿਆਨਿਕ ਅਧਿਐਨ ਪਰਿਪਾਟੀਆਂ ਵਿੱਚ ਬੰਨ੍ਹਣ ਦਾ ਪੈਗਾਮ ਦਿੱਤਾ ਹੈ। ਡਾ. ਤਰਲੋਕ ਸਿੰਘ ਕੰਵਰ ਨੇ ਸੰਰਚਨਾਵਾਦ ਅੁਧਿਐਨ ਪ੍ਰਣਾਲੀ ਦੀ ਵਰਤਮਾਨ ਸਥਿਤੀ ਤੇ ਪਹੁੰਚ ਨੂੰ ਪ੍ਰਗਟਾਉਣ ਦੇ ਨਾਲ਼ ਹੀ ਸੰਰਚਨਾਵਾਦ ਵਿੱਚ ਪੈਦਾ ਸਮੱਸਿਆਵਾਂ ਨੂੰ ਸਿਧਾਂਤਕ ਪੱਧਰ ਤੇ ਵਿਚਾਰਿਆ ਹੈ।

'ਸੰਚਾਰ ਸਭਿਆਚਾਰ' ਅਤੇ 'ਥਾਪਨਾ ਉਥਾਪਨਾ' ਉਸ ਦੀਆਂ ਅਜਿਹੀਆਂ ਦੋ ਰਚਨਾਵਾਂ ਹਨ, ਜਿਨ੍ਹਾਂ ਰਾਹੀਂ ਉਹ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਨਵੀਂ ਅਧਿਐਨ ਦ੍ਰਿਸ਼ਟੀ ਨਾਲ਼ ਰੂਬਰੂ ਕਰਵਾਉਣਾ ਚਾਹੁੰਦਾ ਸੀ ਤਾਂ ਜੋ ਉਹ ਵੀ ਇਨ੍ਹਾਂ ਅਧਿਐਨ ਪ੍ਰਣਾਲੀਆਂ ਨੂੰ ਸਾਹਿਤ ਵਿੱਚ ਸਮਝਣ ਤੇ ਲਾਗੂ ਕਰਨ ਦੇ ਸਮਰੱਥ ਹੋ ਜਾਣ। 'ਗੁਰੂ ਨਾਨਕ ਦਾ ਕਾਵਿ ਸ਼ਾਸਤਰ' ਉਸ ਦੀ ਇੱਕ ਅਜਿਹੀ ਰਚਨਾ ਹੈ, ਜਿਸ ਵਿੱਚ ਡਾ. ਕੰਵਰ ਵੱਲੋਂ ਗ੍ਰਹਿਣ ਕੀਤੇ ਚਿਹਨ ਵਿਗਿਆਨ, ਸੰਰਚਨਾਵਾਦ ਅਤੇ ਉਤਰ-ਸੰਰਚਨਾਵਾਦ ਦੇ ਸੰਕਲਪਾਂ ਨੂੰ ਦੇਖਿਆ ਜਾ ਸਕਦਾ ਹੈ। ਉਸ ਦੁਆਰਾ ਇਸ ਰਚਨਾ ਵਿੱਚੋਂ ਲੇਖਨ ਤੇ ਸਿਧਾਂਤ, ਬਾਣੀ ਦੇ ਵਿਆਕਰਣ ਸਿਧਾਂਤ, ਸਭਿਆਰਰਿਕ ਮਾਡਲਾ, ਰਾਜਨੀਤਿਕ ਅਵਚੇਤਨ ਅਤੇ ਚਿਹਨ ਸਿਧਾਂਤ ਨੂੰ ਉਭਾਰਨ ਦਾ ਉਦਮ ਕੀਤਾ ਹੈ। ਡਾ. ਕੰਵਰ ਨੇ ਪੱਛਮ ਵਿੱਚ ਚੱਲ ਰਹੀਆਂ ਚਿੰਤਨ ਧਾਰਾਵਾਂ ਨੂੰ ਪੰਜਾਬੀ ਸਾਹਿਤ ਚਿੰਤਨ ਵਿੱਚ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਇਸ ਅਧਿਐਨ ਦ੍ਰਿਸ਼ਟੀ ਨੂੰ ਧਿਆਨ ਵਿੱਚ ਰੱਖਦਿਆਂ ਬਹੁਤ ਸਾਰੀਆਂ ਆਲੋਚਨਾਤਮਕ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਤੋਂ ਅੱਜ ਵੀ ਇਸ ਅਧਿਐਨ ਦ੍ਰਿਸ਼ਟੀ ਨੂੰ ਸਮਝਣ ਤੇ ਇਸ ਦੇ ਸਿਧਾਂਤਿਕ ਪੱਖ ਨੂੰ ਤਿਆਰ ਕਰਦਿਆਂ ਵਰਤੋਂ ਵਿੱਚ ਲਿਆਂਦੀਆਂ ਜਾ ਰਹੀਆਂ ਹਨ।

**ਡਾ. ਸਤਿੰਦਰ ਸਿੰਘ ਨੂਰ:** ਡਾ ਸਤਿੰਦਰ ਨੂਰ ਅਜਿਹਾ ਸੰਰਚਨਾਵਾਦੀ ਚਿੰਤਕ ਹੈ ਜਿਸ ਉੱਤੇ ਭਾਵੇਂ ਡਾ. ਹਰਿਭਜਨ ਦਾ ਕਾਫ਼ੀ ਪ੍ਰਭਾਵ ਸੀ ਪਰ ਉਸ ਨੇ ਆਪਣੇ ਆਪ ਨੂੰ ਸੀਮਿਤ ਨਾ ਕਰਦਿਆ ਸੰਰਚਨਾਵਾਦ ਦੇ ਨਾਲ਼-ਨਾਲ਼ ਮਾਰਕਸਵਾਦ ਅਤੇ ਉਤਰਆਧੁਨਿਕਤਾਵਾਦ ਦਾ ਵੀ ਅਧਿਐਨ ਕੀਤਾ ਤਾਂ ਜੋ ਸਾਹਿਤ ਜਗਤ ਵਿੱਚ ਚੱਲ ਰਹੇ ਨਵੇਂ ਗਿਆਨ-ਅਨੁਸ਼ਾਸਨਾਂ ਦਾ ਅਧਿਐਨ ,ਪੰਜਾਬੀ ਵਿਦਿਅਕ ਅਦਾਰਿਆਂ ਲਈ ਖਿੱਚ ਦਾ ਕੇਂਦਰ ਬਣੇ ਤੇ ਇਨ੍ਹਾਂ ਅਦਾਰਿਆਂ ਵਿੱਚ ਗਿਆਨ-ਅਨੁਸ਼ਾਸਨਾਂ ਦਾ ਅਧਿਐਨ ਕੀਤਾ ਤੇ ਕਰਵਾਇਆ ਜਾਵੇ।

ਨਵੀਂ ਕਵਿਤਾ ਸੀਮਾ ਤੇ ਸੰਭਾਵਨਾ, ਮੋਹਨ ਸਿੰਘ ਦਾ ਕਾਵਿ ਜਗਤ, ਸਾਹਿਤ ਸਿਧਾਂਤ ਤੇ ਵਿਹਾਰ, ਆਧੁਨਿਕ ਪੰਜਾਬੀ ਕਾਵਿ: ਸਿਧਾਂਤਿਕ ਪਰਿਪੇਖ ਅਤੇ ਸਾਹਿਤ ਸਭਿਆਚਾਰ ਉਸ ਦੀਆਂ ਚਿੰਤਨ ਨਾਲ਼ ਸਬੰਧਿਤ ਧਿਆਨ ਦੇਣ ਯੋਗ ਪੁਸਤਕਾਂ ਹਨ।

ਡਾ. ਨੂਰ ਨੇ ਕਵਿਤਾ ਦੇ ਅਧਿਐਨ ਲਈ ਪੂਰਵ ਪ੍ਰਚਲਿਤ ਅਧਿਐਨ ਵਿਧੀਆਂ ਨੂੰ ਰੱਦ ਕਰਕੇ, ਕਵਿਤਾ ਦੀ ਪਰਖ ਨੂੰ ਜ਼ਰੂਰੀ ਸਮਝਿਆ। ਉਸ ਨੇ ਕਾਵਿ ਦੇ ਸ਼ਬਦਾਂ ਅਤੇ ਭਾਵਾਂ ਵਿੱਚ ਪ੍ਰਵੇਸ਼ ਲਈ ਨਵੀਨ ਪਹੁੰਚ ਦੀ ਘਾਟ ਲਈ ਯਤਨ ਕੀਤੇ। ਉਸ ਨੇ ਕਾਵਿ ਸੰਰਚਨਾ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀ ਲੋੜ ਮਹਿਸੂਸ ਕਰਦਿਆਂ, ਨਵੀਨ ਕਵਿਤਾ ਦੇ ਉਨ੍ਹਾਂ ਤੱਤਾਂ ਨੂੰ ਉਭਾਰਿਆਂ ਜੋ ਕਿ ਨਵੀਂ ਸਿਧਾਂਤਿਕ ਦ੍ਰਿਸ਼ਟੀ ਵਿੱਚ ਕਾਰਜਸ਼ੀਲ ਹੋ ਸਕਦੇ ਹਨ। ਡਾ.ਨੂਰ ਨੇ ਆਪਣੇ ਸਿਧਾਂਤ ਨੂੰ ਸਿਰਫ਼ ਸਿਧਾਂਤਿਕ ਹੀ ਨਹੀਂ ਬਲਕਿ ਵਿਹਾਰਕ ਪੱਧਰ ਉੱਪਰ ਵੀ ਪੇਸ਼ ਕੀਤਾ ਹੈ। ਜਿੱਥੇ ਡਾ. ਹਰਿਭਜਨ ਦਾ ਸਾਹਿਤ ਚਿੰਤਨ ਸੰਗਠਨਾਂ ਦੇ ਅੰਦਰ ਬਾਹਰ ਵਿਚਰਦਾ ਅਤੇ ਵਿਲੱਖਣ ਸੁਹਜ ਦੀ ਪਛਾਣ ਵੱਲ ਵਧੇਰੇ ਝੁਕਦਾ ਸੀ ਉੱਥੇ ਡਾ. ਨੂਰ ਦੀ ਆਲੋਚਨਾ ਦਾ ਪੱਖ ਥੋੜ੍ਹਾ ਅਲੱਗ ਹੈ, ਉਹ ਕਵਿਤਾ ਨੂੰ ਸਮੇਂ ਅਤੇ ਵਿਕਾਸ ਤੇ ਸਥਿਤੀਆ ਨਾਲ਼ ਜੋੜ ਕੇ ਉਸ ਦੇ ਵਿਕਾਸ ਨੂੰ

ਪਛਾਨਣ ਦਾ ਉੱਦਮ ਕਰਦਾ ਹੈ। ਡਾ. ਨੂਰ ਆਪਣੀ ਸ਼ਖਸ਼ੀਅਤ ਨੂੰ ਵਧੇਰੇ ਸੰਰਚਨਾਵਾਦੀ ਚਿੰਤਕ ਵਜੋਂ ਉਭਾਰਦਾ ਹੈ। ਉਸ ਨੇ ਪੰਜਾਬੀ ਗਿਆਨ ਨੂੰ ਇੱਕ ਸੁਤੰਤਰ ਵਿਧਾ ਸਥਾਪਿਤ ਕਰਨ ਦਾ ਉੱਦਮ ਕੀਤਾ ਉਸ ਦੁਆਰਾ ਸੂਫ਼ੀ ਕਾਵਿ, ਬੀਰ ਕਾਵਿ ਅਤੇ ਚੰਡੀ ਦੀ ਵਾਰ ਦੇ ਕੀਤੇ ਅਧਿਐਨਾਂ ਵਿੱਚ ਉਸ ਦੀ ਚਿਹਨਾਰਥੀ ਅਰਥਾਂ ਤੱਕ ਪਹੁੰਚ ਅਤੇ ਅੱਗੋਂ ਤੁਲਨਾਤਮਕ ਅਤੇ ਇਤਿਹਾਸਿਕ ਪਰਿਪੇਖ ਵਿੱਚ ਪ੍ਰਸਤੁਤ ਕੀਤੇ ਸਿੱਟੇ ਦੇਖੇ ਜਾ ਸਕਦੇ ਹਨ। ਉਸ ਨੇ ਆਪਣੇ ਅਧਿਐਨ ਕਾਰਜ ਵਿੱਚ ਮੱਧਕਾਲੀਨ ਸਾਹਿਤ ਨਾਲੋਂ ਆਧੁਨਿਕ ਸਾਹਿਤ ਵਿਸੇਸ਼ ਤੌਰ ਆਦੁਨਿਕ ਪੰਜਾਬੀ ਕਵਿਤਾ ਨੂੰ ਹੀ ਕੇਂਦਰ ਬਣਾਇਆ ਅਤੇ ਕਵਿਤਾ ਦੇ ਵਿਸ਼ਾਲ ਮਸਲਿਆਂ ਤੇ ਚਰਚਾ ਕਰਦੇ ਸਮੇਂ ਉਹ ਕਵਿਤਾ ਦੇ ਵਿਅਕਤੀਤਵ ਨੂੰ ਵਧੇਰੇ ਧਿਆਨ ਵਿੱਚ ਰੱਖਦਾ ਹੈ।

ਡਾ. ਨੂਰ ਨੇ ਨਵ-ਪ੍ਰਗਤੀਵਾਦੀ ਕਵਿਤਾ ਬਾਰੇ ਵਵੀ ਵਿਰੋਧਾਤਮਕ ਅਤੇ ਵਿਵਾਦੀ ਕਿਸਮ ਦੀਆਂ ਟਿੱਪਣੀਆਂ ਕੀਤੀਆਂ। ਉਸ ਦੇ ਚਿੰਤਨ ਵਿੱਚ ਲਗਾਤਾਰ ਬਦਲਾਓ, ਇਕਾਗਰਤਾ ਤੇ ਗਹਿਰਾਈ ਦੀ ਘਾਟ ਦਾ ਦੋਸ਼ ਲੱਗਣਾ ਸੁਭਾਵਿਕ ਹੈ। ਇਹ ਸਭ ਦੋਸ਼ ਉਸ ਦੀ ਸਾਹਿਤਕ ਪੱਤਰਕਾਰੀ ਨਾਲ਼ ਗੂੜ੍ਹੇ ਰਿਸ਼ਤੇ ਕਾਰਨ ਹੈ। ਬਾਹਰਲੀ ਅਤੇ ਖ਼ਾਸ ਤੌਰ 'ਤੇ ਪੱਛਮੀ ਜਗਤ ਵਿੱਚ ਪੈਦਾ ਹੋ ਰਹੇ ਗਿਆਨ ਸ਼ਾਸਤਰ ਤੇ ਉਸ ਦੇ ਮਸਲਿਆਂ ਅਤੇ ਸਮੱਸਿਆਂਵਾਂ ਨੂੰ ਵਿਦਿਅਕ ਜਗਤ ਦੇ ਸਾਹਮਣੇ ਰੱਖ ਕੇ ਵਾਦ-ਵਿਵਾਦ ਪੈਦਾ ਕਰਨ ਅਤੇ ਵਰਤਮਾਨ ਮਾਹੌਲ ਨੂੰ ਹਰਕਤ ਵਿੱਚ ਰੱਖਣਾ ਡਾ. ਨੂਰ ਦੀ ਵੱਡੀ ਪ੍ਰਾਪਤੀ ਕਹੀ ਜਾਂਦੀ ਹੈ।

**ਡਾ. ਜਗਬੀਰ ਸਿੰਘ:** ਡਾ. ਜਗਬੀਰ ਦੀ ਪੰਜਾਬੀ ਸਾਹਿਤ ਚਿੰਤਨ ਨੂੰ ਬਹੁਤ ਵੱਡੀ ਦੇਣ ਹੈ। ਉਸ ਦੀਆਂ ਚਿੰਤਨ ਨਾਲ਼ ਸਬੰਧਿਤ ਪੁਸਤਕਾਂ ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਪਲ (1973), ਬਾਣੀ ਸੰਸਾਰ (1974), ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਕਾਲ ਭਗਤੀ (1983), ਮੱਧਕਾਲੀਨ ਸ਼ਬਦ /ਸਭਿਆਚਾਰ (1989), ਵਿਰਤਾਂਤਕ ਗਲਪ: ਸਿਧਾਂਤ ਤੇ ਸਮੀਖਿਆਂ (1992), ਸਮੀਖਿਆ ਵਿਹਾਰ (1997), ਗੁਰਬਾਣੀ: ਵਿਚਾਰਧਾਰਾ ਤੇ ਵਿਸ਼ਵ ਦ੍ਰਿਸ਼ਟੀ (1997), ਗਲਪ ਸੰਸਾਰ (1999) ਅਤੇ ਸ਼ਬਦ ਅਤੇ ਸੰਬਾਦ (2001) ਆਦਿ ਹਨ। ਡਾ. ਜਗਬੀਰ ਦੀਆ ਪੁਸਤਕਾਂ ਤੋਂ ਪਤਾ ਚੱਲਦਾ ਹੈ ਉਸ ਨੇ ਗੁਰਬਾਣੀ ਅਤੇ ਆਧੁਨਿਕ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਤੌਰ 'ਤੇ ਗਲਪ ਅਧਿਐਨ ਵਿੱਚ ਵੀ ਕਾਰਜ ਕੀਤਾ ਹੈ, ਉਸ ਦੇ ਅਧਿਐਨ ਕਾਰਜ ਦੀ ਖ਼ਾਸੀਅਤ ਹੀ ਸੰਰਚਨਾਵਾਦ, ਉੱਤਰ- ਸੰਰਚਨਾਵਾਦ, ਨਵ-ਮਾਰਕਸਵਾਦ ਅਤੇ ਚਿਹਨ ਵਿਗਿਆਨ ਆਦਿ ਗਿਆਨ ਅਨੁਸ਼ਾਸਨਾਂ ਦੀ ਸਹਾਇਤਾ ਨਾਲ਼ ਪੰਜਾਬੀ ਸਾਹਿਤ ਦੀ ਵਿਚਰਨਾ ਕਰਨਾ ਅਤੇ ਉਸ ਦੀ ਵਰਤਮਾਨ ਪ੍ਰਸੰਗਿਤਾ ਨੂੰ ਉਭਾਰਨਾ ਹੈ।

ਮੱਧਕਾਲੀ ਸ਼ਬਦ ਸਭਿਆਚਾਰ ਉਸ ਦੀ ਅਜਿਹੀ ਰਚਨਾ ਹੈ, ਜਿਸ ਤੋਂ ਉਸ ਦਾ ਝੁਕਾਅ ਸੰਰਚਨਾਵਾਦੀ ਚਿੰਤਨ ਵੱਲ ਜਾਂਦਾ ਨਜ਼ਰ ਆਉਂਦਾ ਹੈ। ਉਹ ਚੱਲ ਰਹੀਆਂ ਨਵੀਆਂ ਆਲੋਚਨਾ ਵਿਧੀਆਂ ਨੂੰ ਵਧੇਰੇ ਮਹੱਤਵ ਪ੍ਰਦਾਨ ਕਰਨਾ ਆਰੰਭ ਕਰਦਾ ਹੈ। ਇੱਥੇ ਉਹ ਇਨ੍ਹਾਂ ਵੱਖ-ਵੱਖ ਅਧਿਐਨ ਵਿਧੀਆਂ ਦੇ ਤੁਲਨਾਤਮਕ ਅਧਿਐਨ ਰਾਹੀਂ ਕਿਸੇ ਨਮਸੁਚਿਤ ਵਿਧੀ ਦੀ ਭਾਲ ਵਿੱਚ ਨਜ਼ਰ ਆਉਂਦਾ ਹੈ। ਸਾਹਿਤ ਅਧਿਐਨ ਵਿੱਚ ਕਿਹੜੀ ਸਮੀਖਿਆ ਵਿਧੀ ਆਦਰਸ਼ ਬਣ ਸਕਦੀ ਹੈ? ਇਸ ਪ੍ਰਸ਼ਨ ਦਾ ਉੱਤਰ ਉਸ ਟਿੱਪਣੀ ਦੀ ਪੱਧਰ ਉੱਪਰ ਇਹ ਦਿੱਤਾ:

> ਸਾਹਿਤ ਅਧਿਐਨ ਲਈ ਉਹੀ ਸਮੀਖਿਆ ਵਿਧੀ ਆਦਰਸ਼ ਬਣ ਸਕਦੀ ਹੈ, ਜੋ ਸਾਹਿਤ ਦੀ ਸਾਹਿਤਕਤਾ ਨਾਲ਼ ਵੀ ਪੂਰਾ ਇਨਸਾਫ਼ ਕਰ ਸਕੇ ਪਰ ਸਾਹਿਤ ਨੂੰ ਸਭਿਆਚਾਰਕ ਪ੍ਰਸੰਗ ਨਾਲ਼ ਤੋੜ ਕੇ ਕੋਈ ਅਖੌਤੀ 'ਖ਼ੁਦਮੁਖ਼ਤਾਰ ਹੋਂਦ' ਮੰਨਣ ਦਾ ਭਰਮ ਵੀ ਨਾ ਪਾਲੇ।[2]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਸਾਹਿਤਕਤਾ ਅਤੇ ਸਭਿਆਚਾਰਕ ਪ੍ਰਸੰਗ ਨੂੰ ਸਾਂਝੇ ਤੌਰ ਉੱਪਰ ਅਧਿਐਨ ਕੇਂਦਰਿਤ ਵਿਧੀ ਨੂੰ ਪ੍ਰਮਾਣਿਕ ਸਮਝਦਾ ਹੈ ਨਾ ਕਿ ਸਿਰਫ਼ ਸਾਹਿਤਕਤਾ ਨੂੰ ਧਿਆਨ ਵਿੱਚ ਰੱਖਣ ਨੂੰ। ਸੰਰਚਨਾਵਾਦ ਦੇ ਨਾਲ਼-ਨਾਲ਼ ਉਸ ਨੇ ਮਾਰਕਸਵਾਦੀ ਸਿਧਾਤਾਂ ਨੂੰ ਵੀ ਮਿਲਾਉਣਾ ਸ਼ੁਰੂ ਕਰ ਦਿੱਤਾ ਇਸ ਕਰਕੇ ਉਸ ਦੀ ਅਧਿਐਨ ਵਿਧੀ ਡਾ. ਹਰਿਭਜਨ ਦੀ ਅਧਿਐਨ ਵਿਧੀ ਨਾਲੋਂ ਨਿੱਖੜਵਾਂ ਰੂਪ ਧਾਰਨ ਕਰਦੀ ਹੈ। 'ਸਮੀਖਆ ਵਿਹਾਰ' ਤੱਕ ਅੱਪੜ ਕੇ ੳਸ ਨੇ ਸਾਹਿਤ ਕਿਰਤਾਂ ਦੇ ਸੰਰਚਨਾਤਮਕ ਅਧਿਐਨ ਦੀ ਬਜਾਏ ਵਿਰਚਨਾ ਵਿਧੀ ਨੂੰ ਮੱਹਤਵ ਕਰਕੇ ਸਾਹਿਤਕ ਪਾਠ ਵਿੱਚ ਕਾਰਜਸ਼ੀਲ ਭਿੰਨ-ਭਿੰਨ ਚਿਹਨਾਤਮਕ ਕੋਡਾਂ ਦੀ ਪਛਾਣ ਰਾਹੀਂ ਪਾਠ ਦੀ ਅਰਥ ਉਤਪਾਦਨ ਦੀ ਪ੍ਰਕ੍ਰਿਆ ਦੇ ਰਹੱਸ ਨੂੰ ਖੋਲਣ੍ਹਾ ਆਰੰਭ ਕੀਤਾ। ਉਸ ਲਈ

ਸੰਰਚਨਾਵਾਦ ਤੇ ਮਾਰਕਸਵਾਦ ਇੱਕ ਦੂਜੇ ਦੇ ਵਿਰੋਧੀ ਸਿਧਾਂਤ ਨਾ ਰਹੇ। ਬਿਰਤਾਂਤ ਗਲਪ (1992) ਅਤੇ ਪੰਜਾਬੀ ਗਲਪ ਸੰਸਾਰ (1999) ਡਾ. ਜਗਬੀਰ ਸਿੰਘ ਗਲਪ ਅਧਿਐਨ ਨਾਲ਼ ਸਬੰਧਿਤ ਪੁਸਤਕਾਂ ਹਨ।ਉਹ ਅਧਿਐਨ ਕਾਰਜ ਕਰਦੇ ਸਮੇਂ ਵਧੇਰੇ ਮਹੀਂਨ ਅਧਿਐਨ ਨੂੰ ਆਪਣਾ ਟੀਚਾ ਬਣਾਉਂਦਾ ਹੈ। ਡਾ.ਜਗਬੀਰ ਨੇ ਭਾਵੇਂ ਚਿੰਤਨ ਦੇ ਪੱਖੋਂ ਅਧਿਐਨ ਵਿਧੀਆਂ ਦਾ ਪ੍ਰਯੋਗ ਕੀਤਾ ਹੈ ਪਰ ਸੰਰਚਨਾਵਾਦੀ ਵਿਧੀ ਦੇ ਅਧਿਐਨ ਕਾਰਜ ਵਿੱਚ ਉਸ ਦਾ ਵਿਸ਼ੇਸ਼ ਯੋਗਦਾਨ ਹੈ। ਉਹ ਭਾਸ਼ਾ ਵਿਗਿਆਨ ਮਾਡਲ ਦੇ ਮੋਢੀ ਸੋਸਿਊਰ ਦੁਆਰਾ ਦਿੱਤੇ ਸੰਕਲਪਾਂ ਨੂੰ ਆਪਣੇ ਅਧਿਐਨ ਵਿੱਚ ਵਰਤਦਾ ਹੈ ਤੇ ਉਨ੍ਹਾਂ ਨੂੰ ਡੂੰਘਾਈ ਨਾਲ਼ ਸਮਝਦਾ ਹੋਇਆ ਆਉਣ ਵਾਲੇ ਖੋਜਾਰਥੀਆਂ ਲਈ ਉਸ ਦੀ ਵਿਆਖਿਆ ਨੂੰ ਪੇਸ਼ ਕਰਦਾ ਹੈ ਤੇ ਅੱਜ ਵੀ ਉਹ ਇਸ ਅਧਿਐਨ ਵਿਧੀ ਨਾਲ਼ ਜੁੜਿਆ ਹੋਇਆ ਹੈ।

ਸੰਰਚਨਾਵਾਦੀ ਸਾਹਿਤ ਚਿੰਤਨ ਨੇ ਮਨੁੱਖੀ ਯਥਾਰਥ ਬੋਧ ਅਤੇ ਮਾਨਸਿਕ ਕਾਲਪਨਿਕ ਵਰਤਾਰਿਆਂ ਨੂੰ ਸੰਰਚਨਾਤਮਕ ਸਰੂਪ ਦਿੰਦੀਆਂ ਕ੍ਰਿਆਂਵਾਂ ਦਾ ਅਧਿਐਨ ਕੀਤਾ ਹੈ। ਇਸ ਚਿੰਤਨ ਪੱਧਤੀ ਨੇ ਭਾਸ਼ਾ ਵਿਗਿਆਨਕ ਮਾਡਲ, ਮਾਨਵ ਵਿਗਿਆਨ, ਮਨੋਵਿਗਿਆਨ, ਸਾਹਿਤਕ ਅਧਿਐਨ, ਸਭਿਆਚਾਰ ਅਤੇ ਲੋਕਧਾਰਾ ਜਿਹੇ ਵਿਭਿੰਨ ਗਿਆਨ ਅਨੁਸ਼ਾਸਨਾਂ ਵਿੱਚ ਸੰਰਚਨਾਵਾਦ ਦੀ ਸਿਰਜਣ ਪ੍ਰਕ੍ਰਿਆ ਅਤੇ ਉਨ੍ਹਾਂ ਦੀ ਕਾਰਜਸ਼ੀਲਤਾ ਦੇ ਸੂਖ਼ਮ ਅਧਿਐਨ ਨੂੰ ਸਾਹਮਣੇ ਲਿਆਂਦਾ। ਪੰਜਾਬੀ ਸਾਹਿਤ ਚਿੰਤਨ ਵਿੱਚ ਡਾ. ਹਰਿਭਜਨ ਸਿੰਘ ਸੰਰਚਨਾਵਾਦੀ ਚਿੰਤਨ ਨੂੰ ਆਲੋਚਨਾ ਦਾ ਹਿੱਸਾ ਬਣਾਉਂਦੇ ਹਨ। ਉਨ੍ਹਾਂ ਤੋਂ ਬਾਅਦ ਡਾ. ਤਰਲੋਕ ਸਿੰਘ ਕੰਵਰ, ਡਾ.ਸਤਿੰਦਰ ਸਿੰਘ ਨੂਰ ਅਤੇ ਡਾ. ਜਗਬੀਰ ਸਿੰਘ ਨੇ ਇਸ ਚਿੰਤਨ ਪੱਧਤੀ ਨੂੰ ਅੱਗੇ ਵਧਾਇਆ। ਮਾਰਕਸਵਾਦੀ ਚਿੰਤਨ ਪ੍ਰਣਾਲੀ ਨਾਲ਼ ਲਗਾਤਾਰ ਸੰਬਾਦ ਵਿੱਚੋਂ ਇਸ ਦੇ ਸਰੂਪ ਅਤੇ ਵਿਚਾਰਧਾਰਕ ਰੂਪ ਵਿੱਚ ਪਰਿਵਰਤਨ ਵੀ ਆਏ ਹਨ, ਪਰ ਸੰਰਚਨਾ ਨੂੰ ਕੇਂਦਰ ਵਿੱਚ ਰੱਖਦੇ ਹੋਏ ,ਤੱਤਾਂ ਦੇ ਆਪਸੀ ਸਹਿਯੋਗ ਨਾਲ਼ ਹੋਂਦ ਵਿੱਚ ਆਉਂਦੀ ਸਮੁੱਚੀ ਸੰਰਚਨਾਵਾਦ ਅਧਿਐਨ ਸੰਰਚਨਾਵਾਦੀ ਚਿੰਤਨ ਨਾਲ਼ ਉੱਭਰ ਕੇ ਸਾਹਮਣੇ ਆਉਂਦਾ ਹੈ। ਸਾਹਿਤ ਅਧਿਐਨ ਵਿੱਚ ਇਹ ਪੱਧਤੀ ਸਾਹਿਤਕ ਕਿਰਤ ਦੀ ਸਮੁੱਚੀ ਸੰਰਚਨਾਤਮਕ ਪ੍ਰਕ੍ਰਿਆ ਦੀ ਗਤੀਸ਼ੀਲਤਾ ਅਤੇ ਨਿਰਮਾਣਕਾਰੀ ਕ੍ਰਿਆਂਵਾਂ ਨਾਲ਼ ਸਿਰਜਿਤ ਪਾਠ ਦਾ ਅਧਿਐਨ ਕਰਦੀ ਹੈ।

**ਹਵਾਲੇ ਟਿੱਪਣੀਆਂ**



1.Micheal,Lane,Introduction to structuralism L Basic Books, page 15.

2. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ-179




ਸੰਦੀਪ ਕੌਰ


99151-66652.









# ਅਰਸਤੂ ਦਾ ਸਾਹਿਤ ਪ੍ਰਤੀ ਇਕ ਦ੍ਰਿਸ਼ਟੀਕੋਣ

ਅਰਸਤੂ ਪੱਛਮੀ ਸਾਹਿਤ ਚਿੰਤਨ ਦਾ ਅਜਿਹਾ ਧਰੂਵ ਤਾਰਾ ਹੈ ਜਿਸ ਦੀ ਹੋਂਦ ਤੇ ਸਾਹਿਤ ਪ੍ਰਤੀ ਉਸ ਦੀ ਸਕਰਾਤਮਕ ਸੋਚ ਤੇ ਵਿਚਾਰਧਾਰਾ ਨੇ ਪੂਰੇ ਵਿਸ਼ਵ ਨੂੰ ਆਪਣੇ ਵੱਲ ਧਿਆਨ ਕੇਂਦਰਿਤ ਕਰਨ ਲਈ ਮਜ਼ਬੂਰ ਕੀਤਾ ਹੈ ਭਾਵੇਂ ਉਸ ਤੋਂ ਪਹਿਲਾ ਸੁਕਰਾਤ ਤੇ ਪਲੈਟੋ ਨੇ ਸਾਹਿਤ ਦੇ ਪ੍ਰਤੀ ਕੋਈ ਦਿਲਚਸਪੀ ਨਹੀਂ ਦਿਖਾਈ। ਇਸ ਕਰਕੇ ਪਲੈਟੋ ਤੋਂ ਬਾਅਦ ਉਸਦੇ ਚੇਲੇ ਅਰਸਤੂ ਨੇ ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਇਕ ਨਵਾਂ ਮੁਕਾਂਮ ਕਾਇਮ ਹਾਸਿਲ ਕੀਤਾ। ਅਰਸਤੂ, ਜਿਸ ਦਾ ਅਸਲੀ ਨਾਮ ਅਰਿਸਤੋਤੋਲੇਸ ਸੀ, ਦੇ ਜੀਵਨ 'ਤੇ ਝਾਤੀ ਮਾਰੀਏ ਤਾਂ ਅਰਸਤੂ ਦਾ ਜਨਮ 384 ਈ.ਪੂ. ਵਿਚ ਸਤਗਿਰਾ ਨਗਰ ਵਿਚ ਹੋਇਆ। ਇਸ ਦੇ ਪਿਤਾ ਨਿਕੋਮੈਕਸ ਅਭਿਯੁੰਤਸ ਨਾਮਕ ਰਾਜੇ ਕੋਲ ਵੈਦ ਸਨ। ਅਰਸਤੂ ਦੇ ਪਿਤਾ ਦੀ ਦਿਲੀ ਖਾਇਸ਼ ਸੀ ਕਿ ਅਰਸਤੂ ਡਾਕਟਰ ਬਣੇ ਪਰ ਅਰਸਤੂ ਦੇ ਪਿਤਾ ਦੀ ਛੇਤੀ ਮੌਤ ਹੋ ਗਈ। ਬਾਅਦ 'ਚ ਅਰਸਤੂ ਪਲੈਟੋ ਦੇ ਸੰਪਰਕ 'ਚ ਆਇਆ ਤੇ ਪਲੈਟੋ ਦੇ ਸਥਾਪਤ ਕੀਤੇ ਵਿਦਿਆਪੀਠ ਵਿਚ ਪਹਿਲਾ ਵਿਧੀਪੂਰਵਕ ਅਧਿਐਨ ਦਾ ਕੰਮ ਕਰਨਾ ਸ਼ੁਰੂ ਕੀਤਾ ਤੇ ਨਾਲੋਂ-ਨਾਲ ਅਧਿਆਪਨ ਕਾਰਜ ਵੀ ਕੀਤਾ। ਅਰਸਤੂ ਲਗਪਗ ਵੀਹ ਵਰ੍ਹਿਆਂ ਤੱਕ ਕਿਸੇ ਨਾ ਕਿਸੇ ਰੂਪ ਪਲੈਟੋ ਦੇ ਵਿਦਿਆਪੀਠ ਨਾਲ ਜੁੜਿਆ ਰਿਹਾ। ਪਲੈਟੋ ਤੇ ਉਸ ਦੇ ਚੇਲੇ ਅਰਸਤੂ ਵਿਚਕਾਰ ਸੱਚੇ ਗੁਰੂ ਤੇ ਸਿਦਕੀ ਚੇਲੇ ਵਾਲਾ ਰਿਸ਼ਤਾ ਸੀ ਇਸ ਕਰਕੇ ਉਸ ਨੇ ਪਲੈਟੋ ਦੀ ਮੌਤ ਤੋਂ ਬਾਅਦ ਉਸ ਦੀ ਸਮਾਧ ਬਣਾਈ। ਪਲੈਟੋ ਦੀ ਮੌਤ ਤੋਂ ਬਾਅਦ ਅਰਸਤੂ ਏਥਨਜ਼ ਛੱਡ ਕੇ ਅੱਸੌਸ ਨਗਰ ਵਿਚ ਆ ਗਿਆ ਅਤੇ ਉਥੇ ਆ ਕਿ ਅਰਸਤੂ ਦਾ ਵਿਆਹ ਹਰਮੇਇਸ ਦੀ ਭਤੀਜੀ ਪਾਇਥੀਅਸ ਨਾਲ ਵਿਆਹ ਕਰਵਾਇਆ ਪਰ ਵਿਆਹ ਦੇ

ਕੁਝ ਸਮੇਂ ਬਾਅਦ ਉਸਦੀ ਪਤਨੀ ਦੀ ਮੌਤ ਹੋ ਗਈ। ਪਤਨੀ ਦੀ ਮੌਤ ਤੋਂ ਬਾਅਦ ਉਹ ਹੇਰੀਪੀਲਿਸ ਨਾਮਕ ਔਰਤ ਨਾਲ ਰਹਿਣ ਲੱਗ ਪਿਆ ਪਰ ਹੇਰੀਪੀਲਿਸ ਨਾਲ ਅਰਸਤੂ ਦਾ ਰਸਮੀ ਤੌਰ ਤੇ ਵਿਆਹ ਨਹੀਂ ਹੋਇਆ ਅਤੇ ਇਸੇ ਔਰਤ ਤੋਂ ਵੀ ਅਰਸਤੂ ਦੀ ਇਕ ਸੰਤਾਨ ਹੋਈ। ਅਰਸਤੂ ਆਪਣੇ ਜੀਵਨ ਕਾਲ ਵਿਚ ਜਗਤ-ਪ੍ਰਸਿੱਧ ਸਿਕੰਦਰ ਦਾ ਗੁਰੂ ਨਿਯੁਕਤ ਹੋਇਆ ਤੇ ਅੱਠ ਸਾਲਾਂ ਤੱਕ ਸਿਕੰਦਰ ਨੂੰ ਵੱਖ-ਵੱਖ ਸ਼ਾਸਤ੍ਰ ਪੜ੍ਹਾਏ। ਇਹ ਗੁਰੂ ਚੇਲੇ ਦਾ ਰਿਸ਼ਤਾ ਸਿਕੰਦਰ ਦੇ ਤਖ਼ਤ ਉੱਤੇ ਬੈਠਣ ਮਗਰੋਂ ਵੀ ਕਾਇਮ ਰਿਹਾ ਅਤੇ ਸਮੇਂ-ਸਮੇਂ ਤੇ ਅਰਸਤੂ ਦੇ ਅਧਿਐਨ ਦੇ ਖੇਤਰ ਵਿਚ ਵੀ ਸਹਾਇਤਾ ਕਰਦਾ ਰਿਹਾ। ਇਹ ਹੀ ਕਾਰਨ ਹੈ ਕਿ ਸਿਕੰਦਰ ਦੀ ਮੌਤ ਤੋਂ ਬਾਅਦ ਅਰਸਤੂ ਨੂੰ ਆਰਥਿਕ ਤੰਗੀ ਦਾ ਸ਼ਿਕਾਰ ਹੋਣਾ ਪਇਆ। ਸਿਕੰਦਰ ਦੇ ਰਾਜ ਕਾਲ 'ਚ ਵਿਚ ਅਰਸਤੂ ਦੀ ਖੁਦਮੁਖ਼ਤਾਰ ਸ਼ਖ਼ਸੀਅਤ ਕਈ ਇਰਖਾਲੂ ਪੈਦਾ ਕਰ ਚੁੱਕੀ ਸੀ ਇਸ ਕਰਕੇ ਅਰਸਤੂ ਨੇ ਏਥਨਜ਼ ਛੱਡਣ ਦਾ ਫੈਸਲਾ ਕਰ ਲਿਆ ਸੀ ਕਿਉਂਕਿ ਉਸ ਨੂੰ ਸੁਕਰਾਤ ਨਾਲ ਹੋਇਆ ਜ਼ਾਲਿਮਾਨਾ ਅਨਿਆਂ ਯਾਦ ਆ ਗਿਆ ਸੀ। ਇਸ ਬਾਰੇ ਅਰਸਤੂ ਦੇ ਵਿਚਾਰ ਸਨ ਕਿ ਮੈਂ ਏਥਨਜ਼ ਇਸ ਲਈ ਛੱਡ ਰਿਹਾ ਤਾਂ ਕਿ ਅਥੇਨੀ ਜਨਤਾ ਦਰਸ਼ਨ ਦੇ ਖਿਲਾਫ਼ ਫਿਰ ਦੂਜੀ ਵਾਰ ਗੁਨਾਹ ਨਾ ਕਰ ਬੈਠੇ।ਜਿਥੇ ਅਰਸਤੂ ਨੇ ਇਕ ਚੰਗਾ ਚੇਲੇ, ਗੁਰੂ ਦੇ ਰੂਪ ਵਿਚ ਇਕ ਸਦੀਵੀਂ ਛਾਪ ਛੱਡੀ ਉਥੇ ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਆਉਣ ਵਾਲੇ ਫ਼ਲਸਫ਼ੇ ਲਈ ਇਕ ਨੀਂਹ ਦੀ ਸਥਾਪਨਾ ਕੀਤੀ।

ਉਸ ਨੇ ਆਪਣੇ 62 ਸਾਲ ਦੇ ਜੀਵਨ ਕਾਲ ਵਿਚ ਤੱਰਕ ਸ਼ਾਸਤ੍ਰ, ਰਾਜਨੀਤੀ-ਸਾਸਤ੍ਰ, ਪ੍ਰਕ੍ਰਿਤਿਕ-ਵਿਗਿਆਨ ਆਦਿ ਵਿਸ਼ਿਆਂ ਬਾਰੇ ਲਗਪਗ 400 ਗ੍ਰੰਥਾਂ ਦੀ ਰਚਨਾ ਕੀਤੀ। ਜਿਸ ਵਿਚੋਂ 'Rhetoric'ਅਤੇ 'poetics' ਨਾਮ ਦੋ ਮੁੱਖ ਗ੍ਰੰਥ ਖਾਸ ਤੌਰ 'ਤੇ ਵਰਣਨਯੋਗ ਹਨ।ਇਸ ਵਿਚੋਂ ਅਰਸਤੂ ਦੀ ਰਚਨਾ 'ਪੋਇਟਿਕਸ ' ਨੇ ਦੁਨੀਆਂ ਭਰ ਦੇ ਸਾਹਿਤਕਾਰਾਂ ਨੂੰ ਪ੍ਰਭਾਵਿਤ ਕੀਤਾ ਅਤੇ ਦੁਖਾਂਤ ਨਾਟਕ (Tragedy) , ਸੁਖਾਂਤ ਨਾਟਕ (Comedy), ਕਥਨਕ (ਫਲੋਟ) ਆਦਿ ਬਾਰੇ ਵਰਤਮਾਨ ਕਾਲ ਤੱਕ ਨਿਰਧਾਰਿਤ ਕੀਤੇ ਜਾਣ ਵਾਲੇ ਲਗਪਗ ਸਾਰੇ ਮਾਪਦੰਡ ਕਿਸੇ ਨਾ ਕਿਸੇ ਰੂਪ ਵਿਚ ਅਰਸਤੂ ਦੀ 'ਪੋਇਟਿਕਸ' ਤੋਂ ਪ੍ਰਭਾਵਿਤ ਰਹੇ ਹਨ। ਲਲਿਤ ਕਲਾ ਬਾਰੇ ਅਰਸਤੂ ਦੀ ਕੋਈ ਵੱਖਰੀ ਰਚਨਾ ਨਹੀਂ ਮਿਲਦੀ ਅਤੇ ਅਜਿਹਾ ਵੀ ਨਹੀਂ ਮਿਲਦਾ ਜਿਸ ਰਾਹੀਂ ਇਹ ਪਤਾ ਲੱਗਦਾ ਹੋਵੇ ਕਿ ਇਕ ਕਲਾ ਦਾ ਦੂਜੀ ਨਾਲ ਕੀ ਸੰਬੰਧ ਹੈ ਪਰ ਲਲਿਤ ਕਲਾ ਅਤੇ ਉਪਯੋਗੀ ਕਲਾ ਵਿਚ ਕੀ ਭੇਦ ਹੈ? ਅਜਿਹਾ ਪਹਿਲੀ ਵਾਰ ਅਰਸਤੂ ਨੇ ਦੱਸਿਆ ਹੈ। ਮੂਲ ਲੈਟਿਨ ਭਾਸ਼ਾ ਵਿਚ ਆਮ ਪੁਸਤਕ ਦੇ ਆਕਾਰ ਦੇ 52 ਕੁ ਪੰਨਿਆਂ ਉੱਤੇ 'ਪੋਇਟਿਕਸ' ਰਚਨਾ ਅੰਕਿਤ ਕੀਤੀ ਜਾ ਸਕਦੀ ਹੈ। ਇਹ ਰਚਨਾ ਕੋਈ ਬਿਉਰੇਵਾਰ ਵਿਆਖਿਆ ਅਤੇ ਪਰਖ ਪੂਰਨ ਕੰਮ ਨਾ ਹੋ ਕੇ ਦਰਅਸਲ ਅਰਸਤੂ ਦੇ ਅਧੂਰੇ ਨੋਟਸ ਹਨ ਜਿਨ੍ਹਾਂ ਨੂੰ 26 ਆਧਿਆਵਾਂ ਵਿਚ ਵੰਡਿਆ ਹੋਇਆ ਹੈ। ਗ੍ਰੀਕ ਭਾਸ਼ਾ ਤੋਂ ਅੰਗਰਜ਼ੀ ਵਿਚ ਅਨੁਵਾਦ ਐਸ. ਐਚ ਬੁਚਰ ਨੇ ਕੀਤਾ ਹੈ। ਜਿਹੜਾ ਪਹਿਲੀ ਵਾਰ 1895 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਬੁਚਰ ਅਨੁਸਾਰ 'ਪੋਇਟਿਕਸ' ਦੇ 26 ਅਧਿਆਵਾਂ ਵਿਚਲੀ ਵਿਸ਼ਾ ਵਸਤੂ ਦਾ ਵੇਰਵਾ ਇਸ ਪ੍ਰਕਾਰ ਹੈ:

ਕਾਵਿ, ਸੰਗੀਤ, ਨ੍ਰਿਤ, ਚਿੱਤਰਕਲਾ ਅਤੇ ਮੂਰਤੀ ਕਲਾ ਆਦਿ ਕਲਾਵਾਂ ਦਾ ਸਰਬਵਿਆਪਕ ਸਿਧਾਂਤ 'ਅਨੁਕਰਣ (Imitation Mimesis)', ਅਨੁਕਰਣ ਕਿਸ ਦਾ ਹੋਵੇ, ਅਨੁਕਰਣ ਦਾ ਢੰਗ ਤਰੀਕਾ, ਕਵਿਤਾ ਦਾ ਉਦਭਵ ਅਤੇ ਵਿਕਾਸ, ਬੇਤੁਕੇ (Ludicreus) ਦੀ ਪਰਿਭਾਸ਼ਾ ਅਤੇ ਸੁਖਾਂਤ ਨਾਟਕ (comedy) ਦੀ ਸੰਖੇਪ ਰੇਖਾ,

ਦੁਖਾਂਤ ਨਾਟਕ ਦੀ ਪਰਿਭਾਸ਼ਾ, ਉਸਦੇ ਛੇ ਤੱਤ (ਤਿੰਨ ਅੰਦਰੂਨੀ ਅਤੇ ਤਿੰਨ ਬਾਹਰੀ), ਕਥਾਨਕ ਦੀ ਸੰਪੂਰਨਤਾ ਅਤੇ ਵਿਸ਼ਾਲਤਾ, ਕਥਾਨਕ ਦੀ ਇਕਮੁਠਤਾ (Unity), ਕਥਾਨਕ ਵਿਚਲੀ ਨਾਟਕੀ ਇਕਮੁੱਠਤਾ ਵਾਸਤੇ ਕਾਵਿਕ ਸੱਚ ਅਤੇ ਇਤਿਹਾਸਕ ਸੱਚ ਵਿਚਲੇ ਭੇਦ ਦੀ ਪਛਾਣ, ਸਾਧਾਰਨ ਅਤੇ ਗੁੰਝਲਦਾਰ ਕਥਾਨਕ ਦੀ ਪਰਿਭਾਸ਼ਾ, (ਕਥਾਨਕ) ਦੁਖਾਂਤਕ ਘਟਨਾਵਾਂ, ਘਟਨਾ ਕ੍ਰਮ ਵਿਚਲੇ ਮੋੜ ਅਤੇ ਉਨ੍ਹਾਂ ਦੀ ਪਛਾਣ ਦੀ ਪਰਿਭਾਸ਼ਾ ਅਤੇ ਵਿਆਖਿਆ, ਦੁਖਾਂਤ ਨਾਟਕ ਦੇ ਸੰਖਿਆਤਮਕ ਭਾਗਾਂ ਦੀ ਪਰਿਭਾਸ਼ਾ-ਮੰਗਲਾਚਰਨ ਅਤੇ ਉਪਸੰਹਾਰ ਆਦਿ, (ਕਥਾਨਕ) ਦੁਖਾਂਤਕ ਕਿਰਿਆ ਕੀ ਹੁੰਦੀ ਹੈ?, (ਕਥਾਨਕ) ਦਇਆ (ਕਰੁਣਾ) ਅਤੇ ਭੈ ਕਥਾਨਕ ਵਿਚੋਂ ਹੀ ਉਪਜਣੇ ਚਾਹੀਦੇ ਹਨ, ਦੁਖਾਂਤ ਨਾਟਕ ਵਿਚ ਚਰਿੱਤਰ ਤੱਤ, (ਕਥਾਨਕ) ਪਛਾਣ: ਉਦਾਰਣਾਂ ਸਮੇਤ ਇਸਦੇ ਪ੍ਰਕਾਰ, ਦੁਖਾਂਤ ਨਾਟਕ ਦੇ ਕਵੀ ਲਈ ਵਿਹਾਰਕ ਨਿਯਮ, ਦੁਖਾਂਤ ਕਵੀ ਲਈ ਹੋਰ ਨਿਯਮ, ਦੁਖਾਂਤ ਨਾਟਕ ਵਿਚ ਵਿਚਾਰ ਜਾਂ ਬੌਧਿਕ ਤੱਤ ਅਤੇ ਭਾਸ਼ਾ, ਸ਼ਬਦ ਚੋਣ ਜਾਂ ਆਮ ਤੌਰ 'ਤੇ ਭਾਸ਼ਾ ਤੱਤ, ਕਾਵਿ-ਭਾਸ਼ਾ, ਕਾਵਿ-ਭਾਸ਼ਾ- ਉਚਾਰਨ ਦੇ ਤਰੀਕੇ ਅਤੇ ਸ਼ਬਦ, ਮਹਾਂਕਾਵਿ ਦੀ ਦੁਖਾਂਤ ਨਾਟਕ ਅਤੇ ਇਤਿਹਾਸ ਨਾਲ ਤੁਲਨਾ, (ਮਹਾਂਕਾਵਿ) ਦੁਖਾਂਤ ਨਾਟਕ ਨਾਲ ਮੇਲ ਖਾਂਦੇ ਹੋਰ ਤੱਥ, ਕਾਵਿ ਦੇ ਖਿਲਾਫ਼ ਲਾਏ ਗਏ ਆਲੋਚਨਾਤਮਕ ਆਰੋਪ ਅਤੇ ਉਨ੍ਹਾਂ ਦੇ ਖੰਡਨ ਦੇ ਸਿਧਾਂਤ, ਮਹਾਂਕਾਵਿ ਅਤੇ ਦੁਖਾਂਤ ਨਾਟਕ ਦਾ ਤੁਲਨਾਤਮਕ ਆਮ ਲੇਖਾ-ਜੋਖਾ।

ਅਰਸਤੂ ਤੋਂ ਪਹਿਲਾ ਪਲੈਟੋ ਕਾਵਿ ਦੇ ਸਤਿ-ਅਸਤਿ ਬਾਰੇ ਵਿਚਾਰ ਕਰਦਾ ਹੋਇਆ ਹੋਮਰ ਵਰਗੇ ਕਵੀਆਂ ਨੂੰ ਦੂਜੇ ਤੀਜੇ ਦਰਜੇ ਦੀ ਕਵੀ ਕਹਿ ਚੁੱਕਾ ਹੈ। ਪਲੈਟੋ ਦਾ ਕਾਵਿ ਪ੍ਰਤੀ ਸਭ ਤੋਂ ਵੱਡਾ ਆਰੋਪ ਸੀ ਕਿ ਕਾਵਿ ਸੱਚਾਈ ਤੋਂ ਕਾਫੀ ਦੂਰ ਹੈ। ਪਲੈਟੋ ਕੇਵਲ ਵਿਗਿਆਨ (Idea) ਨੂੰ ਹੀ ਸੱਚ ਮੰਨਦਾ ਸੀ ਅਤੇ ਸ੍ਰਿਸ਼ਟੀ ਨੂੰ ਉਨ੍ਹਾਂ ਵਿਗਿਆਨਾਂ ਦੀ ਨਕਲ ਮੰਨਦਾ ਸੀ। ਹੁਣ ਜਦੋਂ ਕਵੀ ਆਪਣੇ ਕਾਵਿ ਵਿਚ ਸ੍ਰਿਸ਼ਟੀ ਦੇ ਵਿਭਿੰਨ ਤੱਤਾਂ ਜਾਂ ਕਾਰ-ਵਿਹਾਰਾਂ ਬਾਰੇ ਲਿਖ ਰਿਹਾ ਹੈ ਤਾਂ ਪਲੈਟੋ ਅਨੁਸਾਰ ਉਹ ਨਕਲ ਦੀ ਵੀ ਨਕਲ ਕਰ ਰਿਹਾ ਹੋਣ ਕਰਕੇ ਸੱਚ ਤੋਂ ਤਿੰਨ ਅਵਸਥਾਵਾਂ ਹੇਠਲੀ ਪੱਧਰ ਤੇ ਹੈ। ਇਸ ਲਈ ਕਾਵਿ ਦਾ ਸੱਚ ਪਲੈਟੋ ਅਨੁਸਾਰ ਕੋਈ ਸੱਚ ਹੀ ਨਹੀਂ ਹੈ ਅਤੇ ਕਵੀਆਂ ਘਟੀਆ ਪੱਧਰ ਦਾ ਵਿਅਕਤੀ ਹੈ। ਅਰਸਤੂ ਨੇ ਬੜੀ ਗਹਿਰਾਈ ਨਾਲ ਆਪਣੀ ਰਚਨਾ 'ਪੋਇਟਿਕਸ' ਵਿਚ ਇਸ ਮੁੱਦੇ ਉੱਤੇ ਵਿਚਾਰ ਕੀਤਾ ਹੈ ਅਤੇ ਵਸਤੂ ਜਗਤ ਅਰਥਾਤ ਭੌਤਿਕ ਜਗਤ ਦੇ ਸੱਚ ਅਤੇ ਕਾਵਿ ਜਗਤ ਦੇ ਸੱਚ ਦੇ ਅੰਤਰ ਨੂੰ ਦਸੱਦਿਆਂ ਹੋਇਆਂ ਆਪਣੇ ਗੁਰੂ ਪਲੈਟੋ ਦੁਆਰਾ ਫੈਲਾਏ ਹੋਏ ਭਰਮ ਨੂੰ ਦੂਰ ਕੀਤਾ। 'ਪੋਇਟਿਕਸ' ਵਿਚ ਅਰਸਤੂ ਲਿਖਦਾ ਹੈ ਕਿ ਕਵੀ ਦਾ ਕੰਮ ਕੇਵਲ ਜੋ ਕੁਝ ਹੋ ਚੁਕਿਆ ਹੈ ਉਸ ਬਾਰੇ ਨਹੀਂ ਕੇਵਲ ਲਿਖਣਾ ਸਗੋਂ ਜੋ ਕੁਝ ਹੋ ਸਕਦਾ ਉਸਦਾ ਵੀ ਵਰਣਨ ਕਰਨਾ ਹੁੰਦਾ ਹੈ। ਇਹੀ ਮੂਲ ਫ਼ਰਕ ਹੈ ਇਕ ਇਤਿਹਾਸਕਾਰ ਅਤੇ ਇਕ ਕਵੀ ਵਿਚ। ਇਤਿਹਾਸਕਾਰ ਸਿਰਫ਼ ਭੂਤਕਾਲ 'ਚ ਜੋ ਕੁਝ ਹੋ ਚੁੱਕਿਆ ਹੈ ਉਸ ਦਾ ਵਰਣਨ ਕਰਦਾ ਹੈ ਜਦ ਕਿ ਕਵੀ ਕੀ ਹੋ ਸਕਦਾ ਹੈ ਉਸ ਬਾਰੇ ਵੀ ਵਰਣਨ ਕਰਦਾ ਹੈ। ਨਤੀਜੇ ਵਜੋਂ ਕਾਵਿ ਵਿਚ ਫ਼ਲਸਫਾ ਵੱਧ ਹੁੰਦਾ ਹੈ ਅਤੇ ਉਸਦਾ ਸਰੂਪ ਇਤਿਹਾਸ ਨਾਲੋਂ ਬਿਹਤਰ ਹੁੰਦਾ ਹੈ। ਇਸ ਲਈ ਕਵੀ ਨਾ ਤਾਂ ਘਟੀਆ ਹੁੰਦਾ ਹੈ ਅਤੇ ਨਾ ਹੀ ਉਸਦੀ ਰਚਨਾ ਨਕਲ ਦੀ ਨਕਲ ਹੁੰਦੀ ਹੈ। ਕਾਵਿ ਵਿਚ ਨੀਰਸ ਤੱਥਾਂ ਦੀ ਬਜਾਏ ਕਿਤੇ ਵੱਧ ਉੱਚਾ-ਸੁੱਚਾ ਹੁੰਦਾ ਹੈ ਜਿਹੜੇ ਪਰੰਪਰਾਗਤ ਮਨੁੱਖੀ ਵਿਸ਼ਵਾਸਾਂ ਅਤੇ ਮਨੁੱਖੀ ਸਕੰਲਪਾ ਦਾ ਪ੍ਰਗਟਾਵਾ ਕਰਦਾ ਹੈ।

ਅਨੁਕਰਣ (Mimesis, Imitation)

ਕਾਵਿ ਦੇ ਮੂਲ ਤੱਤ ਦਾ ਜ਼ਿਕਰ ਕਰਦਾ ਹੋਇਆ ਅਰਸਤੂ ਅਨੁਕਰਣ ਸਿਧਾਂਤ ਦੀ ਸਥਾਪਨਾ ਕਰਦਾ ਹੈ। ਅਨੁਕਰਣ (ਨਕਲ) ਗ੍ਰੀਕ ਸ਼ਬਦ ਮਾਈਮੇਸਿਸ (Mimesis); ਦੇ ਅਗਰੇਜ਼ੀ ਪਰਿਆਇ 'ਇਮੀਟੇਸ਼ਨ' ਦੀ ਤਰ੍ਹਾਂ ਹੀ ਇਕ ਹੀ ਹਿੰਦੀ ਪਰਿਆਇ ਹੈ। ਅਨੁਕਰਣ ਲਫ਼ਜ਼ ਦਾ ਅਰਥ ਦ੍ਰਿਸ਼ਟਮਾਨ ਜਗਤ ਜਾਂ ਸ੍ਰਿਸ਼ਟੀ ਦੇ ਮੂਲ ਦਾ ਪੁਨਰ-ਉਤਪਾਦਨ- ਸੰਕੇਤਕ ਜ਼ਿਕਰ ਹੀ ਨਹੀਂ ਹੁੰਦਾ। ਕਲਾ-ਕਿਰਤ ਮੂਲ ਵਸਤ ਨੂੰ ਜਿਵੇਂ ਉਹ ਹੁੰਦੀ, ਉਵੇਂ ਨਹੀਂ, ਸਗੋਂ ਜਿਵੇਂ ਉਹ ਇੰਦਰੀਆਂ ਨੂੰ ਪ੍ਰਤੀਤ ਹੁੰਦੀ ਹੈ, ਉਵੇਂ ਦੁਬਾਰਾ ਸਿਰਜਦੀ ਹੈ। ਕਲਾ ਦੀ ਵਫ਼ਾ ਤੱਤਾਂ ਨੰ ਗ੍ਰਹਿਣ ਕਰਨ ਵਾਲੀ ਅਕਲ ਨਾਲ ਨਹੀਂ ਸਗੋਂ ਭਾਵੁਕਤਾ ਤੇ ਮਨ ਵਿਚ ਮੂਰਤ ਬਣਾਉਣ ਵਾਲੀ ਤਾਕਤ ਨਾਲ ਹੁੰਦੀ ਹੈ। ਅਰਸਤੂ ਦੁਆਰਾ ਵਰਤੇ ਸ਼ਬਦ; (ਅਨੁਕਰਣ) ਦੀ ਵਿਆਖਿਆ ਕਰਦਾ ਹੋਇਆ ਪ੍ਰੋਫ਼ੈਸਰ ਬੂਚਰ ਕਹਿੰਦਾ ਹੈ ਕਿ ਕਲਾ ਕਿਰਤ ਮੂਲ ਵਸਤੂ ਦਾ ਪੁਨਰ ਉਤਪਾਦਨ ਕਰਦੀ ਹੈ ਅਤੇ ਇਹੋ ਜਿਹੀ ਉਹ ਹੁੰਦੀ ਹੈ ਉਹੋ ਜਿਹੀ ਨਹੀਂ ਬਲਕਿ ਜਿਹੀ ਉਹ ਇੰਦ੍ਰੀਆਂ ਨੂੰ ਪ੍ਰਤੀਤ ਹੋ ਸਕਦੀ ਹੈ ਉਹੋ ਜਿਹਾ ਰੂਪ ਪ੍ਰਸਤੁਤ ਕਰਦੀ ਹੈ। ਕਲਾ ਦੀ ਸੰਵੇਦਨਾ ਤੱਤ ਗ੍ਰਾਹੀ ਬੁੱਧੀ ਦੇ ਪ੍ਰਤੀ ਨਹੀਂ ਬਲਕਿ ਵਿਅਕਤੀ ਦੀ ਭਾਵੁਕਤਾ ਅਤੇ ਮਨ ਦੀ ਮੂਰਤੀ ਸਿਰਜਕ ਸ਼ਕਤੀ ਦੇ ਪ੍ਰਤੀ ਹੁੰਦੀ ਹੈ। ਜੇਮਸ ਸਕਾਟ ਅਨੁਕਰਣ ਨੂੰ ਜੀਵਨ ਦੇ ਕਲਪਨਾ ਪੂਰਨ ਪੁਨਰ ਨਿਰਮਾਣ ਦਾ ਪਰਿਆਇ ਮੰਨਦਾ ਹੈ ਅਤੇ ਐਟਕਿਸ; ਅਨੁਕਰਣ ਨੂੰ 'ਸਿਰਜਨਾਤਮਕ' ਦਰਸ਼ਨ ਦੀ ਕਿਰਿਆ' ਅਥਵਾ 'ਪੁਨਰ ਸਿਰਜਣ' ਦਾ ਹੀ ਦੂਜਾ ਨਾਂ ਮੰਨਦਾ ਹੈ। ਅਰਸਤੂ ਕਾਵਿ ਕਲਾ ਨੂੰ ਸੁਹਜਵਾਦੀ ਦ੍ਰਿਸ਼ਟੀ ਨਾਲ ਵੇਖਦਾ ਹੈ ਅਤੇ ਕਲਾ ਨੂੰ ਪ੍ਰਕਿਤੀ ਦੀ ਅਨੁਕ੍ਰਿਤੀ ਮੰਨਦਾ ਹੈ। ਉਸਦੇ ਲਫ਼ਜ਼ਾਂ ਵਿਚ 'ਪਰੰਤੂ ਨਾਲ ਹੀ ਨਾਲ ਅਰਸਤੂ ਅਨੁਕਰਣ ਦਾ ਅਰਥ ਕੇਵਲ ਕੋਰੀ ਨਕਲ ਹੀ ਨਹੀਂ ਮੰਨਦਾ। ਉਸਦੇ ਅਨੁਸਾਰ ਅਨੁਕਰਣ ਕਿਰਿਆ ਵਿਚ ਕੁਦਰਤ ਦੇ ਅਨੇਕ ਦੋਸ਼ ਜਾਂ ਕਮੀਆਂ ਵੀ ਕਲਾ ਦੁਆਰਾ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। “Generally, art partly completes what nature cannot bring to a finish and partly imitates her.” ਐਬਰਕਰੋਂਬੇ ਅਰਸਤੂ ਦੇ ਤਰਕ ਦੀ ਵਿਆਖਿਆ ਕਰਦੇ ਹੋਏ ਕਹਿੰਦਾ ਹੈ, “ਅਰਸਤੂ ਦਾ ਕਹਿਣਾ ਸੀ ਕਿ ਜੇਕਰ ਕਵਿਤਾ ਪ੍ਰਕ੍ਰਿਤੀ ਦਾ ਕੇਵਲ ਦਰਪਣ ਹੁੰਦੀ ਤਾਂ ਉਹ ਸਾਨੂੰ ਪ੍ਰਕ੍ਰਿਤੀ ਤੋਂ ਵੱਧ ਕੁਝ ਵੀ ਹੋਰ ਨਹੀਂ ਦੇ ਸਕਦੀ ਸੀ ਪਰੰਤੂ ਹਕੀਕਤ ਇਹ ਹੈ ਕਿ ਅਸੀਂ ਕਵਿਤਾ ਨੂੰ ਇਸ ਲਈ ਮਾਣਦੇ ਹਾਂ ਕਿ ਉਹ ਸਾਨੂੰ ਉਹ ਕੁਝ ਦਿੰਦੀ ਹੈ ਜੋ ਪ੍ਰਕ੍ਰਿਤੀ ਨਹੀਂ ਦੇ ਸਕਦੀ। ਅਰਸਤੂ ਇਹ ਮੰਨਦਾ ਹੈ ਕਿ ਕਵੀ ਵੀ ਚਿੱਤ੍ਰਕਾਰ ਜਾਂ ਸੰਗੀਤਕਾਰ ਵਾਂਗ ਹੀ ਅਨੁਕਰਣਕਾਰ ਹੈ। ਕਵੀ ਜਿਸ ਵਸਤ ਦਾ ਅਨੁਕਰਣ ਕਰਦਾ ਹੈ, ਉਹ ਤਿੰਨ ਕਿਸਮ ਦੀਆਂ ਹੋ ਸਕਦੀਆਂ ਹਨ:- ਜਿਹੋ ਜਿਹੀਆਂ ਵਸਤਾਂ ਉਹ ਸਨ ਜਾਂ ਜਿਹੋ ਜਿਹੀਆਂ ਉਹ ਹਨ, ਜਿਹੋ ਜਿਹੀਆਂ ਉਹ ਵਸਤਾਂ ਆਖੀਆਂ ਜਾਂ ਮੰਨੀਆਂ ਜਾਂਦੀਆਂ ਹਨ ਅਤੇ ਜਿਹੋ ਜਿਹੀਆਂ ਉਹ ਵਸਤਾਂ ਹੋਣੀਆਂ ਚਾਹੀਦੀਆਂ ਹਨ, ਯਾਨੀ ਕਿ ਵਸਤਾਂ ਦਾ ਆਦਰਸ਼ ਰੂਪ। ਅਰਸਤੂ ਅਨੁਸਾਰ ਪਹਿਲਾ ਰੂਪ ਠੋਸ, ਦੂਜਾ ਸੰਭਾਵੀ ਅਤੇ ਤੀਜਾ ਆਦਰਸ਼ਕ ਰੂਪ ਅਖਵਾਏਗਾ। ਕਾਵਿ ਪ੍ਰਕ੍ਰਿਤੀ ਜਾਂ ਮਨੁੱਖੀ ਜੀਵਨ ਦੇ ਸਿਰਫ਼ ਬਾਹਰੀ ਰੂਪ ਦਾ ਨਹੀਂ, ਸਗੋਂ ਉਸ ਦੇ ਅੰਤਰਗਤ ਦੀ ਜ਼ਿਆਦਾ ਅਹਿਮੀਅਤ ਹੁੰਦੀ ਹੈ ਅਤੇ ਕਾਵਿ ਵਿਚ ਇਸੇ ਅੰਤਰਗੰਤ ਨੂੰ ਚਿੱਤਰਿਆ ਜਾਂਦਾ ਹੈ। ਅਨੁਕਰਣ ਦਾ ਮਕਸਦ ਮਹਿਜ਼ ਹੂਬਹੂ ਨਕਲ ਨਹੀਂ, ਇਹ ਤਾਂ ਇਕ ਤਰ੍ਹਾਂ ਦੀ ਪੁਨਰ-ਸਿਰਜਣਾ ਹੈ। ਇਸੇ ਲਈ ਕਵਿਤਾ ਅਨੁਕਰਣ ਹੈ, ਪਰ ਅਨੁਕਰਣ ਕਲਾ ਹੈ। ਕਵੀ ਦਾ ਲਕਸ਼ ਚਿੱਤ੍ਰਕਾਰ ਵਾਂਗ ਕਿਸੇ ਚੀਜ਼ ਦੀ ਬਿਲਕੁਲ ਸਹੀ ਤਸਵੀਰ ਖਿੱਚਣਾ ਨਹੀਂ ਸਗੋਂ ਉਹ ਤਾਂ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਉਨ੍ਹਾਂ ਦੇ ਵਾਪਰਨ ਦੀ ਸੰਭਾਵਨਾ ਤੇ ਲੋੜ ਦੇ ਚੌਖਟੇ ਵਿਚ ਫਿੱਟ ਕਰਕੇ ਹੀ ਚਿੱਤਰਦਾ ਹੈ। ਇਹ ਸੱਚ ਹੈ ਕਿ ਅਰਸਤੂ ਨੇ ਅਨੁਕਰਣ ਨੂੰ ਅਸਲੋਂ ਨਵੇਂ ਤੇ ਮੌਲਿਕ ਅਰਥ ਦੇ ਕੇ ਕਵੀ ਤੇ ਉਸ ਦੇ ਕਾਵਿ ਨੂੰ ਗੌਰਵਮਈ ਅਹਿਮੀਅਤ ਦਿਵਾਈ, ਤਾਂ

ਅਰਸਤੂ ਦਾ ਅਨੁਕਰਣ ਸਿਧਾਂਤ ਬਿਲਕੁਲ ਦੋਸ਼ ਰਹਿਤ ਨਹੀਂ। ਭਾਵੇਂ ਅਰਸਤੂ ਭਾਵ ਤੇ ਕਲਪਨਾ ਤੱਤ ਦੀ ਹੋਂਦ ਨੂੰ ਮੰਨਦਾ ਹੈ, ਤਾਂ ਵੀ ਉਸ ਵਸਤੂ ਤੱਤ ਨੂੰ ਬਹੁਤ ਜ਼ਿਆਦਾ ਅਹਿਮੀਅਤ ਦਿੰਦਾ ਹੈ। ਉਹ ਇਹ ਮੰਨਣ ਨੂੰ ਤਿਆਰ ਨਹੀਂ ਕਿ ਕਾਵਿ ਵਿਚ ਕਵੀ ਆਪਣੀ ਜ਼ਿੰਦਗੀ ਦੇ ਕੌੜੇ-ਮਿੱਠੇ ਅਨੁਭਵਾਂ ਨੂੰ ਪੇਸ਼ ਕਰਦਾ ਹੈ। ਉਸ ਦੇ ਅਨੁਕਰਣ ਸਿਧਾਂਤ ਦਾ ਦੂਜਾ ਨੁਕਸ ਇਹ ਹੈ ਕਿ ਉਹ ਕਵੀ ਦੀ ਅੰਤਰ-ਚੇਤਨਾ ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਉਹ ਕਵਿਤਾ ਦੇ ਸਮੁੱਚੇ ਰੂਪ ਦਾ ਵਿਸ਼ਲੇਸ਼ਣ ਤਾਂ ਕਰਦਾ ਹੈ ਪਰ ਕਵਿਤਾ ਦੇ ਲਫ਼ਜ਼ਾਂ ਵਿਚ ਲੁੱਕੀ ਕਵੀ ਦੀ ਆਪਣੇ ਜੀਵਨ-ਅਨੁਭਵਾਂ ਤੋਂ ਬਣੀ ਅੰਤਰ-ਚੇਤਨਾ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਹੋ ਕਾਰਣ ਹੈ ਕਿ ਅਰਸਤੂ ਦੇ ਕਾਵਿ-ਸ਼ਾਸਤਰੀ ਸਿਧਾਂਤਾਂ ਵਿਚ ਗੀਤ-ਕਾਵਿ ਲਈ ਕੋਈ ਥਾਂ ਨਹੀਂ। ਉਹ ਸ਼ਾਇਦ ਇਹ ਜਾਣਦਾ ਹੀ ਨਹੀਂ ਸੀ ਕਿ ਭਾਵਾਂ ਦੇ ਸਹਿਜ ਸੁਭਾਵਿਕ ਹੜ੍ਹ ਤੇ ਵਿਆਪਕਤਾ ਦੀ ਸੱਚੀ ਅਭਿਵਿਅਕਤਿਕਤਾ ਦੀ ਸੱਚੀ ਅਭਿਵਿਅਕਤੀ ਨਾਲ ਘਿਰੇ ਹੋਏ ਗੀਤ ਤਾਂ ਮਨੁੱਖੀ ਮਨ ਦੀਆਂ ਸਹਿਜ ਧੜਕਨਾਂ ਹਨ, ਜਿਨ੍ਹਾਂ ਦੀ ਹੋਂਦ ਕਿਸੇ ਬਹਿਸ ਦੀ ਮੁਹਤਾਜ ਨਹੀਂ। ਅਰਸਤੂ ਨੇ ਕਾਵਿ ਦੇ ਦੋ ਮੁੱਖ ਪ੍ਰਯੋਜਨ ਮੰਨੇ ਹਨ- ਸਿੱਖਿਆ ਤੇ ਆਨੰਦ। ਸਿੱਖਿਆ ਦਾ ਮਤਲਬ ਗਿਆਨ ਹਾਸਿਲ ਕਰਨਾ ਹੈ। ਮਨੁੱਖ ਕਾਵਿ ਤੋਂ ਸਿਰਫ਼ ਗਿਆਨ ਹੀ ਹਾਸਲ ਨਹੀਂ ਕਰਦਾ, ਸਗੋਂ ਆਨੰਦ ਵੀ ਲੈਂਦਾ ਹੈ। ਇਉਂ ਇਹ ਦੋਵੇਂ ਮਕਸਦ ਵੱਖੋ-ਵੱਖਰੇ ਦਿੱਸਣ ਦੇ ਬਾਵਜੂਦ ਵੀ ਬੁਨਿਆਦੀ ਤੌਰ'ਤੇ ਇਕ ਹੀ ਹਨ। ਗਿਆਨ ਪ੍ਰਾਪਤੀ ਜਾ ਸਿੱਖਿਆ ਵੀ ਆਖ਼ਰਕਾਰ ਆਨੰਦ-ਪ੍ਰਾਪਤੀ ਦਾ ਜ਼ਰੀਆ ਬਣ ਜਾਂਦੀ ਹੈ। ਇਉਂ ਕਾਵਿ ਦਾ ਮੁੱਖ ਤੇ ਇਕੋ ਇਕ ਪ੍ਰਯੋਜਨ ਆਨੰਦ ਦੇਣਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਨੰਦ ਦਾ ਸੁਭਾਅ ਕਿਹੋ ਜਿਹਾ ਹੈ? ਅਰਸਤੂ ਅਨੁਸਾਰ ਇਹ ਆਨੰਦ ਕਿਸੇ ਪਹਿਲਾਂ ਤੋਂ ਜਾਣੀ ਪਛਾਣੀ ਵਸਤ ਨੂੰ ਅਚਾਨਕ ਪਛਾਣ ਲੈਣ ਵਾਲਾ ਆਨੰਦ ਹੈ। ਇਸ ਆਨੰਦ ਦੀਆਂ ਕਈ ਕਿਸਮਾਂ ਹਨ। ਇਹ ਨਾ ਕਿਸੇ ਵਸਤ ਨੂੰ ਦੇਖਣ ਵਾਲਾ ਆਨੰਦ ਹੈ ਅਤੇ ਨਾ ਸ਼ਿਲਪੀ ਕੰਮ ਤੋਂ ਪ੍ਰਾਪਤ ਹੋਣ ਵਾਲਾ ਆਨੰਦ ਹੈ। ਇਹ ਮਜ਼ਾ ਪੂਰੇ ਗਿਆਨ ਦੇ ਸਮਰੂਪ ਵੀ ਨਹੀਂ ਕਿਉਂਕਿ ਗਿਆਨ ਤਾਂ ਕਿਸੇ ਨਵੀਂ ਵਸਤ, ਨਵੇਂ ਵਿਚਾਰ ਜਾਂ ਨਵੇਂ ਭਾਵ ਦਾ ਹੁੰਦਾ ਹੈ ਜਦਕਿ ਇਹ ਆਨੰਦ ਜੇ ਮਜ਼ਾ ਕਿਸੇ ਜਾਣੀ-ਪਛਾਣੀ ਵਸਤ ਨੂੰ ਪਛਾਣ ਵਸਤ ਨੂੰ ਪਛਾਣ ਲੈਣ ਦਾ ਸੁਆਦ ਹੈ। ਅਰਸਤੂ ਅਨੁਸਾਰ ਇਹ ਅਨੁਕਰਣ ਦੀ ਵਜਹ ਨਾਲ ਮਿਲਣ ਵਾਲਾ ਆਨੰਦ ਹੈ ਕਿਉਂਕਿ ਅਨੁਕਰਣ ਤਾਂ ਕਲਪਨਾ ਤੇ ਭਾਵਾਂ ਦੇ ਆਸਰੇ ਕੀਤਾ ਗਿਆ ਪੁਨਰ-ਨਿਰਮਾਣ ਹੈ। ਇਸ ਦਾ ਮਤੱਲਬ ਹੈ ਕਿ ਇਸ ਵਿਚ ਯਥਾਰਥ ਤੇ ਪ੍ਰਤੱਖ ਅਨੁਭਵ ਨਾਲੋਂ ਕਲਪਨਾ ਤੇ ਭਾਵਨਾ ਜ਼ਿਆਦਾ ਬਲਵਾਨ ਹੁੰਦੀ ਹੈ। ਭਾਵਨਾ ਤੇ ਕਲਪਨਾ ਤਰੰਗਿਤ ਹੋ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਪਹਿਲਾਂ ਤੋਂ ਜਾਣੀ-ਪਛਾਣੀ ਵਸਤ ਦੀ ਤਸਵੀਰ ਮਨ ਵਿਚ ਉਘੜ ਆਉਂਦੀ ਹੈ ਅਤੇ ਉਹ ਦੋਹਾਂ ਵਿਚਲੀ ਸਮਾਨਤਾ ਮਹਿਸੂਸ ਕਰਕੇ ਇਕ ਖਾਸ ਕਿਸਮ ਦਾ ਲੁਤਫ ਲੈਂਦਾ ਹੈ। ਦੂਸਰੀ ਗੱਲ ਜਿਸ 'ਤੇ ਅਰਸਤੂ ਜ਼ਿਆਦਾ ਜ਼ੋਰ ਪਾਉਂਦਾ ਹੈ ਅਤੇ ਪਲੈਟੋ ਦੀ ਇਸ ਗੱਲ ਦਾ ਖੰਡਨ ਕਰਦਾ ਹੈ ਕਿ ਕਾਵਿ ਸੱਚ ਤੋਂ ਤਿੰਨ ਗੁਣਾਂ ਦੂਰ ਹੈ ਅਤੇ ਇਸ ਮਸਲੇ 'ਤੇ ਅਰਸਤੂ ਨੇ ਮੌਲਿਕ ਚਿੰਤਨ ਦਾ ਸਬੂਤ ਵੀ ਪੇਸ਼ ਕੀਤੇ। ਕਾਵਿ ਸੱਚ ਬਾਰੇ ਆਪਣੇ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਅਰਸਤੂ ਕਾਵਿ-ਸੱਚ ਤੇ ਵਸਤੂ-ਸੱਚ ਦਾ ਨਿਖੇੜਾ ਕਰਦਾ ਹੋਇਆ ਦੱਸਦਾ ਹੈ ਕਿ ਕਵੀ ਸਿਰਫ਼ ਆਪਣੀ ਰਚਨਾ ਵਿਚ ਜੋ ਕੁਝ ਵਾਪਰ ਚੁੱਕਾ ਹੈ, ਉਸ ਨੂੰ ਹੀ ਨਹੀਂ ਪੇਸ਼ ਕਰਦਾ ਸਗੋਂ ਜੋ ਹੋ ਸਕਦਾ ਜਾਂ ਜੋ ਕੁਝ ਮੁਮਕਿਨ ਹੈ ਉਸ ਦਾ ਵੀ ਵਰਣਨ ਕਰਦਾ ਹੈ ਪਰ ਇਤਿਹਾਸਕਾਰ ਵਾਪਰੀਆਂ ਹੋਈਆਂ ਘਟਨਾਵਾਂ ਸਿਲਸਿਲੇਵਾਰ ਇੱਕਠੀਆਂ ਕਰਦਾ ਹੈ। ਅਨੁਕਰਣ ਤੋਂ ਬਾਅਦ ਤ੍ਰਾਸਦੀ ਦੀ ਪਰਿਭਾਸ਼ਾ ਦਿੰਦਿਆ ਅਰਸਤੂ ਕਹਿੰਦਾ ਹੈ ਕਿ ਤ੍ਰਾਸਦੀ ਕਿਸੇ ਗੰਭੀਰ, ਆਪਣੇ ਆਪ ਵਿਚ ਪੂਰੇ ਅਤੇ ਨਿਸਚਿਤ ਆਯਾਮ ਵਾਲੇ ਕਾਰਜ ਦੇ ਅਨੁਕਰਣ ਦਾ ਨਾਮ ਹੈ ਜਿਸ ਦਾ ਮਾਧਿਅਮ ਨਾਟਕ ਦੇ ਵੱਖੋ-ਵੱਖਰੇ ਹਿੱਸਿਆ ਵਿਚ ਕਈ ਢੰਗਾਂ ਨਾਲ ਵਰਤੀ ਗਈ ਹਰ ਤਰ੍ਹਾਂ ਦੇ ਅਲੰਕਾਰਾਂ

ਨਾਲ ਸਜੀ ਭਾਸ਼ਾ ਹੁੰਦੀ ਹੈ ਜਿਸ ਕਰੁਣਾ ਤੇ ਤ੍ਰਾਸ ਭਰ ਕੇ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾ ਬਹੁਤ ਸਾਰੇ ਵਿਦਵਾਨਾਂ ਨੇ ਤ੍ਰਾਸਦੀ ਉਪਰ ਵਿਚਾਰ-ਚਰਚਾ ਕੀਤੀ ਪਰ ਵਿਧੀਪੂਰਵਕ ਗੱਲ ਦੀ ਸ਼ੁਰੂਆਤ ਅਰਸਤੂ ਤੋਂ ਸ਼ੁਰੂ ਹੁੰਦੀ ਹੈ। ਉਸ ਦੇ ਅਨੁਸਾਰ ਤ੍ਰਾਸਦੀ ਦਾ ਆਦਰਸ਼ਕ ਰੂਪ ਜ਼ਿੰਦਗੀ; ਦੇ ਬਿਹਤਰੀਨ ਤੇ ਉੱਦਾਤ ਰੂਪ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਇਸ ਤਰ੍ਹਾਂ ਤ੍ਰਾਸਦੀਕਾਰ ਆਪਣੀ ਤ੍ਰਾਸਦੀ ਰਾਂਹੀ ਸਮਾਜ ਦਾ ਕਲਿਆਣ ਕਰਦਾ ਹੈ ਅਤੇ ਇਹ ਜਰੂਰੀ ਨਹੀਂ ਕਿ ਤ੍ਰਾਸਦੀ ਦਾ ਅੰਤ ਦੁਖਾਂਤ ਰੂਪ ਵਿਚ ਹੋਵੇ। ਤ੍ਰਾਸਦੀਕਾਰ ਦੇ ਲਈ ਜ਼ਿੰਦਗੀ ਦੇ ਭੌਤਿਕ ਜਾਂ ਵਸਤੂ-ਸੱਚ ਨੂੰ ਜਿਉਂ ਦਾ ਤਿਉਂ ਪੇਸ਼ ਕਰਨਾ ਨਹੀਂ ਸਗੋਂ ਉਸ ਦਾ ਇਕੋਂ ਇਕ ਉਦੇਸ਼ ਤਾਂ ਇਹੋ ਹੈ ਕਿ ਦਰਸ਼ਕਾਂ ਦੇ ਮਨ ਵਿਚ ਉਸ ਨਾਲ ਮਿਲਦੇ-ਜੁਲਦੇ ਭਾਵ ਤੇ ਵਿਚਾਰ ਜਗਾ ਦਿੱਤੇ ਜਾਣ। ਤ੍ਰਾਸਦੀ ਦੀ ਪਰਿਭਾਸ਼ਾ ਦੇਣ ਵਾਲੇ ਅਰਸਤੂ ਨੇ ਤ੍ਰਾਸਦੀ ਦੇ ਉਦੇਸ਼ ਦਾ ਜ਼ਿਕਰ ਵੀ ਕੀਤਾ ਹੈ- ਤ੍ਰਾਸ ਤੇ ਕਰੁਣਾ ਦੇ ਭਾਵ ਜਗਾ ਕੇ ਇਨ੍ਹਾਂ ਮਨੋਵਿਕਾਰਾਂ ਦਾ ਵਿਰੇਚਨ ਕਰਨਾ ਤ੍ਰਾਸਦੀ ਦਾ ਉਦੇਸ਼ ਹੁੰਦਾ ਹੈ। ਇਥੇ ਅਰਸਤੂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਾਵਿ ਸਮਾਜ ਲਈ ਕਲਿਆਣਕਾਰੀ ਹੈ ਕਿਉਂਕਿ ਉਹ ਆਤਮਾ ਲਈ ਨੁਕਸਾਨਦੇਹ ਭਾਵ ਕਰੁਣਾ ਤੇ ਭੈ ਵਰਗੇ ਮਨੋਭਾਵਾਂ ਨੂੰ ਜਗਾ ਕੇ ਉਨ੍ਹਾਂ ਦਾ ਵਿਰੇਚਨ ਕਰਦਾ ਹੈ ਜਿਸ ਨਾਲ ਸਾਡੇ ਮਨੋਭਾਵਾਂ ਵਿਚ ਸੰਤੁਲਨ ਪੈਦਾ ਹੋ ਜਾਂਦਾ ਹੈ। ਅਰਸਤੂ ਅਨੁਸਾਰ ਹਰ ਤ੍ਰਾਸਦੀ ਦੇ ਛੇ ਲਾਜ਼ਮੀ ਅੰਗ ਹੁੰਦੇ ਹਨ ਜੋ ਉਸ ਦੇ ਗੌਰਵ ਨੂੰ ਉਘਾੜਦੇ ਹਨ- ਕਥਾਨਕ, ਚਰਿੱਤ੍ਰ-ਚਿੱਤ੍ਰਣ, ਪਦ-ਰਚਨਾ, ਵਿਚਾਰ-ਤੱਤ, ਦ੍ਰਿਸ਼-ਵਿਧਾਨ ਤੇ ਗੀਤ। ਇਨ੍ਹਾਂ ਛੇ ਤੱਤਾਂ ਦਾ ਵਿਸ਼ਲੇਸ਼ਣ ਕਰਦੇ ਅਰਸਤੂ ਕਹਿੰਦਾ ਹੈ ਕਿ ਇਨ੍ਹਾਂ ਵਿੱਚੋਂ ਕੁਝ ਤੱਤ (ਕਥਾਨਕ, ਚਰਿੱਤ੍ਰ-ਚਿੱਤ੍ਰਣ ਅਤੇ ਵਿਚਾਰ-ਤੱਤ) ਦਾ ਅਨੁਕਰਣ ਦਾ ਵਿਸ਼ਾ ਹੁੰਦੇ ਹਨ, ਕੁਝ (ਦ੍ਰਿਸ਼-ਵਿਧਾਨ) ਅਨੁਕਰਣ ਦਾ ਜ਼ਰੀਆਂ ਅਤੇ ਕੁਝ (ਪਦ-ਰਚਨਾ ਤੇ ਗੀਤ) ਅਨੁਕਰਣ ਦੇ ਢੰਗ। ਤ੍ਰਾਸਦੀ ਦੀ ਵਿਚਾਰ ਚਰਚਾ ਤੋਂ ਬਾਅਦ ਅਰਸਤੂ ਨੇ "ਵਿਰੇਚਨ ਸਿਧਾਂਤ" ਉਪਰ ਆਪਣੇ ਵਿਚਾਰ ਪੇਸ਼ ਕੀਤੇ। ਅਰਸਤੂ ਨੇ 'ਵਿਰੇਚਨ' ਸ਼ਬਦ ਦੀ ਵਰਤੋਂ ਰਾਜਨੀਤੀ ਤੇ ਕਾਵਿ-ਸ਼ਾਸਤ੍ਰ ਦੋ ਪੁਸਤਕਾਂ ਵਿਚ ਕੀਤੀ ਹੈ। ਪਲੈਟੋ ਦੀ ਕਵਿਤਾ ਬਾਰੇ ਇਹ ਰਾਇ ਸੀ ਕਿ ਕਵਿਤਾ ਸਾਡੀਆਂ ਵਾਸਨਾਵਾਂ ਦਾ ਦਮਨ ਕਰਨ ਦੀ ਥਾਂ ਉਨ੍ਹਾਂ ਦਾ ਪਾਲਣ-ਪੋਸ਼ਣ ਕਰਦੀ ਹੈ ਪਰ ਪਲੈਟੋ ਨੇ ਆਪਣੇ ਗੁਰੂ ਦੀ ਇਸ ਵਿਚਾਰ ਦਾ ਖੰਡਨ ਕਰਦੇ ਕਿਹਾ ਕਿ ਕਾਵਿ ਤਾਂ ਆਨੰਦ ਪ੍ਰਾਪਤੀ ਦਾ ਸਾਧਨ ਹੈ। ਇਸ ਪ੍ਰਸੰਗ ਵਿਚ ਹੀ ਉਸ ਨੇ ਇਸ ਵਿਰੇਚਨ ਸ਼ਬਦ ਵਰਤਿਆ। ਬੁਨਿਆਦੀ ਤੌਰ 'ਤੇ ਇਹ ਚਿਕਿਤਸਾ-ਸ਼ਾਸਤ੍ਰ ਦਾ ਸ਼ਬਦ ਹੈ ਅਤੇ ਅਰਸਤੂ ਨੂੰ ਇਹ ਸ਼ਬਦ ਪੰਰਪਰਾ ਦੇ ਰੂਪ ਵਿਚ ਮਿਲਿਆ ਹੈ। ਚਿਕਿਤਸਾ-ਸ਼ਾਸਤ੍ਰ ਵਿਚ ਵਿਰੇਚਨ ਦਾ ਭਾਵ ਹੈ ਰੋਗਨਾਸ਼ਕ ਦਵਾਈਆਂ ਨਾਲ ਸਰੀਰ ਦੇ ਵਿਕਾਰਾਂ ਦੀ ਸ਼ੁੱਧੀ। ਅਰਸਤੂ ਅਨੁਸਾਰ ਤ੍ਰਾਸਦੀ ਕਿਸੇ ਗੰਭੀਰ, ਆਪਣੇ ਆਪ ਵਿਚ ਪੂਰੀ ਤੇ ਨਿਸ਼ਚਿਤ ਫੈਲਾਉ ਵਾਲੇ ਕਾਰਜ ਦੇ ਅਨੁਕਰਣ ਦਾ ਨਾਮ ਹੈ ਜਿਸ ਵਿਚ ਕਰੁਣਾ ਤੇ ਤ੍ਰਾਸ ਦੇ ਭਾਵ ਜਗਾ ਕੇ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਸੰਗੀਤ ਦੇ ਅਸਰ ਦ ਜ਼ਿਕਰ ਕਰਦਿਆਂ ਹੋਇਆ ਅਰਸਤੂ ਕਹਿੰਦਾ ਹੈ ਕਿ ਇਸ ਤੋਂ ਅੱਗੇ ਸਾਡਾ ਇਹ ਮਤ ਹੈ ਕਿ ਸੰਗੀਤ ਦਾ ਅਧਿਐਨ ਕਈ ਮੰਤਵਾਂ ਦੀ ਸਿੱਧੀ ਲਈ ਕੀਤਾ ਜਾਣਾ ਚਾਹੀਦਾ ਹੈ, ਯਾਨੀ ਕਿ ਸਿੱਖਿਆ ਦੇ ਲਈ ਵਿਰੇਚਨ (ਸ਼ੁੱਧੀ) ਦੇ ਲਈ ਤੇ ਬੌਧਿਕ ਆਨੰਦ ਦੇ ਲਈ। ਇਉਂ ਵਿਰੇਚਨ ਮਨੁੱਖੀ ਸਮਾਜ ਨੂੰ ਸ਼ੁੱਧ ਆਨੰਦ ਦਿੰਦਾ ਹੈ। 'ਵਿਰੇਚਨ' ਦੀਆਂ ਮੁੱਖ ਤੌਰ ਤੇ ਤਿੰਨ ਕਿਸਮਾਂ ਦੀਆਂ ਵਿਆਖਿਆਵਾਂ ਕੀਤੀਆਂ ਗਈਆਂ ਹਨ- ਨੀਤੀਪਰਕ, ਧਰਮਪਰਕ ਅਤੇ ਕਲਾਪਰਕ। ਅਰਸਤੂ ਨੇ ਮਹਾਕਾਵਿ ਦੀ ਕੋਈ ਸਪਸ਼ੱਟ ਪਰਿਭਾਸ਼ਾ ਨਹੀਂ ਦਿੱਤੀ, ਤਾਂ ਵੀ ਉਸ ਦੇ ਇਸ ਵਿਸ਼ੇ ਬਾਰੇ ਪ੍ਰਗਟਾਏ ਗਏ ਖਿੰਡੇ-ਪੁੰਡੇ ਵਿਚਾਰਾਂ ਦੇ ਆਧਾਰ ਉੱਤੇ ਇੰਨਾ ਜ਼ਰੂਰ ਸਪੱਸ਼ਟ ਹੋ ਜਾਂਦਾ ਹੈ ਕਿ ਤ੍ਰਾਸਦੀ ਦੀ ਕਥਾ-ਵਸਤੂ ਦਾ ਫੈਲਾਉ ਮਹਾਂ-ਕਾਵਿ ਦੀ ਕਥਾ-ਵਸਤੂ ਨਾਲੋਂ ਘੱਟ ਹੁੰਦਾ ਹੈ ਅਤੇ ਅਜਿਹਾ ਹੋਣਾ



ਸੁਭਾਵਿਕ ਵੀ ਹੈ। ਮਹਾਂਕਾਵਿ ਦਾ ਪ੍ਰਯੋਜਨ ਵੀ ਤ੍ਰਾਸਦੀ ਦੇ ਪ੍ਰਯੋਜਨ ਵਾਂਗ ਕਰੁਣਾ, ਤ੍ਰਾਸ ਆਦਿ ਮਨੋਭਾਵਾਂ ਨੂੰ ਉਤੇਜਿਤ ਕਰਨਾ ਹੈ ਅਤੇ ਫਿਰ ਇਨ੍ਹਾਂ ਦਾ ਵਿਰੇਚਨ ਕਰਕੇ ਪਾਠਕ ਨੂੰ ਆਨੰਦ ਦੇਣਾ ਹੈ। ਮਹਾਕਾਵਿ ਦਾ ਅਸਰ ਮੋਕਲਾ ਤੇ ਵਿਆਪਕ ਹੈ ਜਦੋਂ ਕਿ ਤ੍ਰਾਸਦੀ ਦਾ ਅਸਰ ਤਿੱਖਾ ਤੇ ਡੂੰਘਾ ਹੈ। ਮਹਾਕਾਵਿ ਵਿਚ ਹੈਰਤ ਤੇ ਅਚੰਭੇ ਦੀ ਮਿਕਦਾਰ ਤ੍ਰਾਸਦੀ ਦੀ ਤੁਲਨਾ ਵਿਚ ਜ਼ਿਆਦਾ ਹੁੰਦੀ ਹੈ। ਇਸ ਤੋਂ ਇਲਾਵਾ ਕਾਮਦੀ ਜਾਂ ਸੁਖਾਂਤਕ ਨਾਟਕਾਂ ਦਾ ਜਨਮ ਯੂਨਾਨ ਦੇ ਸਭਿਆਚਾਰਕ ਪੁਰਬਾਂ ਵਿਚ ਲੱਭਿਆ ਜਾ ਸਕਦਾ ਹੈ। ਯੂਨਾਨ ਵਿਚ ਲੋਕ ਇਕ ਜਲੂਸ ਕੱਢਦੇ ਸਨ ਜਿਸ ਵਿਚ ਡਿਯੋਨਿਸਿਅਸ ਦੀ ਸਿਫ਼ਤ ਵਿਚ ਗੀਤ-ਕਾਵਿ ਪੜ੍ਹੇ ਜਾਂਦੇ ਸਨ ਜਿਸ ਨੂੰ ਯੂਨਾਨੀ ਭਾਸ਼ਾ ਵਿਚ ਕੋਮੋਸ ਕਿਹਾ ਗਿਆ ਹੈ, ਯਾਨੀ ਕਿ ਰਾਗ ਰੰਗ ਵਿਚ ਸਮਾਂ ਗੁਜ਼ਾਰਨਾਂ। ਯੌਨ ਸੰਬੰਧਾਂ ਦਾ ਦਿਖਾਵਾ ਇਸ ਵਿਧੀ ਦਾ ਇਕ ਜਰੂਰੀ ਅੰਗ ਸੀ। ਇਕ ਸਮਾਂ ਤਾਂ ਅਜਿਹਾ ਸੀ ਜਦੋਂ ਸੁਖਾਂਤ ਨਾਟਕਾਂ ਦਾ ਰੂਪ ਬੁਨਿਆਦੀ ਤੌਰ ਤੇ ਲੈਂਗਿਕ ਹੀ ਸੀ। ਕਦੇ-ਕਦੇ ਤਾਂ ਜਲੂਸ ਵਿਚ ਸ਼ਾਮਲ ਹੋਣ ਵਾਲੇ ਇਹ ਪਾਤਰ ਆਪਣਾ ਅੱਧਾ ਹਿੱਸਾ ਮਨੁੱਖ ਦਾ ਅਤੇ ਬਾਕੀ ਅੱਧਾ ਹਿੱਸਾ ਬੱਕਰੇ ਦਾ ਬਣਾ ਲੈਂਦੇ ਸਨ। ਅਰਸਤੂ ਨੇ ਕਾਮਦੀ ਬਾਰੇ ਚਰਚਾ ਤਾਂ ਕੀਤੀ ਹੈ ਪਰ ਕਾਵਿ-ਸ਼ਾਸਤ੍ਰ ਦਾ ਦੂਜਾ ਭਾਗ, ਜਿਸ ਵਿਚ ਕਾਮਦੀ ਨੂੰ ਵਿਚਾਰਿਆ ਗਿਆ ਹੈ, ਸੁਪ੍ਰਾਪਤ ਨਹੀਂ। ਇਸੇ ਲਈ ਕਾਮਦੀ ਬਾਰੇ ਅਰਸਤੂ ਦੇ ਕੁਝ ਫੁਟਕਲ ਵਿਚਾਰ ਮਿਲ ਜਾਦੇ ਹਨ। ਉਸ ਦੇ ਮਤ ਅਨੁਸਾਰ ਕਾਮਦੀ ਕਾਵਿ ਦਾ ਤੀਜਾ ਮੁੱਖ ਰੂਪ ਹੈ ਜਿਸ ਵਿਚ ਯਥਾਰਥਕ ਜੀਵਨ ਨਾਲੋਂ ਹੀਣਤਰ ਤੇ ਘਟੀਆ ਪੱਧਰ ਦੀ ਜ਼ਿੰਦਗੀ ਪੇਸ਼ ਕੀਤੀ ਹੁੰਦੀ ਹੈ। ਉਸ ਦੇ ਪਾਤਰ ਵੀ ਨੀਚ ਸ਼੍ਰੇਣੀ ਦੇ ਹੁੰਦੇ ਹਨ (ਇਥੇ ਨੀਚ ਦਾ ਅਰਥ ਦੁਸ਼ਟ ਲੋਕਾਂ ਤੋਂ ਨਹੀਂ) ਅਤੇ ਉਸ ਵਿਚ ਵਰਤਿਆ ਮੁਖੌਟਾ ਭੱਦਾ ਹੋਣ ਦੇ ਬਾਵਜੂਦ ਕਸ਼ਟਦਾਇਕ ਨਹੀਂ ਹੁੰਦਾ। ਕਾਮਦੀ ਬੁਨਿਆਦੀ ਤੌਰ 'ਤੇ ਹਾਸਾ ਪੈਦਾ ਕਰਦੀ ਹੈ, ਖੁਸ਼ੀ ਨਹੀਂ। ਕਾਮਦੀ ਵਿਚ ਨਾਟਕਕਾਰ ਕਿਸੇ ਸਰੀਰਿਕ ਜਾਂ ਚਰਿੱਤ੍ਰਕ ਨੁਕਸ ਦੇ ਸਹਾਰੇ ਜ਼ਿੰਦਗੀ ਦੇ ਹੀਣਤਰ ਅੰਸ਼ ਨੂੰ ਚਿੱਤਰਦਾ ਹੈ, ਤਾਂ ਵੀ ਇਹ ਸਰੀਰਿਕ ਜਾਂ ਚਰਿੱਤ੍ਰਕ ਨੁਕਸ ਦੁਖਦਾਇਕ ਨਹੀਂ ਹੁੰਦਾ ਕਿ ਦੇਖਣ ਵਾਲੇ ਦਾ ਮਨ ਘਿਰਣਾ ਨਾਲ ਭਰੇ ਜਾਏ। ਕਾਮਦੀ ਦੇ ਵਿਸ਼ੇ ਵੀ ਕਿਸੇ ਖਾਸ ਸ਼ਖ਼ਸ ਜਾਂ ਵਰਗ ਨਾਲ ਸੰਬੰਧਿਤ ਨਹੀਂ ਹੁੰਦੇ। ਸੁਭਾਵਿਕ ਤੌਰ ਤੇ ਕਾਮਦੀ ਦਾ ਕਥਾਨਕ ਕਾਲਪਨਿਕ ਹੁੰਦਾ ਹੈ। ਇਤਿਹਾਸ ਪ੍ਰਸਿੱਧ ਜਾਂ ਦੰਦਕਥਾਵਾਂ ਨੂੰ ਲੈ ਕੇ ਕਾਮਦੀ ਨਹੀਂ ਰਚੀ ਜਾ ਸਕਦੀ। ਕਾਮਦੀ ਦੇ ਵਿਸ਼ੇ ਵਾਂਗ ਉਸ ਦੇ ਪਾਤਰ ਵੀ ਹੇਠਲੀ ਸ਼੍ਰੇਣੀ ਦੇ ਹੁੰਦੇ ਹਨ। ਇਥੇ ਹੇਠਲੀ ਤੋਂ ਭਾਵ

ਸਿਰਫ਼ ਇੰਨਾ ਹੈ ਕਿ ਉਨ੍ਹਾਂ ਵਿਚ ਕੋਈ ਨਾ ਕੋਈ ਸਰੀਰਿਕ ਜਾਂ ਚਰਿੱਤ੍ਰਕ ਵਿਗਾੜ ਹੁੰਦਾ ਹੈ ਜਿਸ ਨੂੰ ਦੇਖ ਕੇ ਹਾਸਾ ਪੈਦਾ ਹੁੰਦਾ ਹੈ। ਅਰਸਤੂ ਅਨੁਸਾਰ ਕਾਮਦੀ ਦੇ ਕਥਾਨਕ ਵਿਚ ਉਹੋ ਗੁਣ ਹੋਣੇ ਚਾਹੀਦੇ ਹਨ ਜਿਹੜੇ ਤ੍ਰਾਸਦੀ ਦੇ ਕਥਾਨਕ ਵਿਚ ਹੁੰਦੇ ਹਨ।ਇਹ ਸੰਯੋਗ ਦੀ ਗੱਲ ਹੈ ਕਿ ਅਰਸਤੂ ਦੀ ਤਰ੍ਹਾਂ ਭਾਰਤ ਦੇ ਚਿੰਤਕ ਭਰਤਮੁਨੀ ਨੇ ਨਾਟਕ ਦੇ ਸੰਦਰਭ ਵਿਚ ਆਪਣੇ ਵਿਚਾਰ ਪੇਸ਼ ਕੀਤੇ ਅਤੇ ਅਰਸਤੂ ਦਾ ਉਹ ਹੀ ਆਦਰਯੋਗ ਸਥਾਨ ਹੈ ਜਿੰਨਾਂ ਭਾਰਤ ਦੇ ਸਾਹਿਤ ਚਿੰਤਨ ਵਿਚ ਭਰਤਮੁਨੀ ਦਾ ਸਥਾਨ ਹੈ। ਅਰਸਤੂ ਹੀ ਅਜਿਹਾ ਚਿੰਤਕ ਹੈ ਜਿਸ ਨੇ ਸਾਹਿਤ ਨੂੰ ਸਨਮਾਨ ਦੀ ਦ੍ਰਿਸ਼ਟੀ ਤੋਂ ਦੇਖਿਆ ਹੈ ਕਿਉਂਕਿ ਪਲੈਟੋ ਦੀ ਸਾਹਿਤ ਦੀ ਵਿਚਾਰਧਾਰਾ ਬਿਲਕੁਲ ਅਰਸਤੂ ਦੇ ਉਲਟ ਸੀ ਜੋ ਸਾਹਿਤ ਨੂੰ ਨਕਰਾਤਮਕ ਦ੍ਰਿਸ਼ਟੀ ਤੋਂ ਦੇਖਿਆ ਕਰਦਾ ਸੀ। ਅਰਸਤੂ ਨੇ ਕਾਵਿ-ਸੱਚ ਨੂੰ ਇਕ ਨਵਾਂ ਦ੍ਰਿੜ ਆਧਾਰ ਦਿੱਤਾ। ਅਨੁਕਰਣ ਦੀ ਅਸਲੋਂ ਨਵੀਂ ਵਿਆਖਿਆ ਦਿੱਤੀ। ਅਰਸਤੂ ਦੀ ਦੂਜੀ ਸਾਹਿਤ ਨੂੰ ਦੇਣ ਵਿਰੇਚਨ ਸਿਧਾਂਤ ਰੱਚ ਕੇ ਕੀਤੀ। ਇਹ ਗੱਲ ਧਿਆਨ ਦੇਣ ਵਾਲੀ ਹੈ ਭਾਵੇ ਪਲੈਟੋ ਕਾਵਿ ਦਾ ਵੈਰੀ ਸੀ ਪਰ ਉਸ ਦੀ ਸ਼ੈਲੀ ਕਾਵਿਮਈ ਸੀ ਅਤੇ ਅਰਸਤੂ ਕਾਵਿ ਦਾ ਪੱਕਾ ਹਮਾਇਤੀ ਸੀ ਪਰ ਅਕਾਵਿਕ ਹੀ ਰਹਿੰਦਾ ਹੈ।

ਮੋਨਿਕਾ
ਐੱਮ. ਫਿੱਲ. ਪੰਜਾਬੀ
ਸੰਤ ਬਾਬਾ ਭਾਗ ਸਿੰਘ, ਯੂਨੀਵਰਸਿਟੀ, ਖਿਆਲਾ, ਜਲੰਧਰ
ਮੋਬਾਇਲ ਨੰ. 7087183070

## ਪੁਸਤਕ ਸੂਚੀ

1.ਅਰਸ਼ੀ, ਗੁਰਚਰਨ ਸਿੰਘ, ਪੱਛਮੀ ਕਾਵਿ-ਸ਼ਾਸਤ੍ਰ, ਆਰਸੀ ਪਬਲਿਸ਼ਰਜ਼, ਚਾਦਨੀ ਚੌਕ, ਦਿੱਲੀ, 2013

2.ਜੋਧ ਸਿੰਘ (ਡਾ.), ਅਰਸਤੂ (ਸ਼ਖ਼ਸੀਅਤ ਅਤੇ ਰਚਨਾਵਾਂ), ਪ੍ਰਕਾਸ਼ਕ ਸਿੰਘ ਬ੍ਰਦਰਜ਼, ਅੰਮ੍ਰਿਤਸਰ, 1996


3.ਨਗੇਂਦਰ (ਡਾ.), ਸ਼੍ਰੀ ਮਹੇਂਦ੍ਰ ਚਤੁਰਵੇਦੀ (ਅਨੁ.), ਹਰਿਭਜਨ ਸਿੰਘ (ਡਾ.) (ਅਨੁ.), ਅਰਸਤੂ ਦਾ ਕਾਵਿ-ਸ਼ਾਸਤ੍ਰ (ਅਰਸਤੂ ਦੇ ਕਾਵਿ-ਸਿਧਾਂਤ ਦਾ ਵਿਵੇਚਨ ਅਤੇ ਪੇਰਿ ਪੋਇਤਿਕੇਸ ਦਾ ਅਨੁਵਾਦ), ਐਸ ਚੰਦ ਐਡ ਕੰਪਨੀ, ਦਿੱਲੀ-ਨਵੀਂ ਦਿੱਲੀ-ਜਲੰਧਰ-ਲਖਨਊ-ਮੁੰਬਈ, 1964


4.Barker, E., Political Thought of Plato and Aristotle, London, 1906


5.Butcher, S. H., Aristotle's Theory of Poetry and Fine Art with a certical Text and Translation of Poetics , Macmillan and Co. ltd., London, Third Ed., 1902

6.Cherniss, H. F., Aristotle's Criticisms of Plato and the Academy, Vol. I, Baltimore, 1944







# ਅੱਧੀ ਸੱਚਾਈ-ਅੱਧੀ ਫ਼ਸਾਨਾ ਦੀ ਸੰਧੀ-ਰੇਖਾ ਉੱਤੇ ਵਿਗਿਆਨ ਨਾਲ ਇਕ ਜ਼ਰੂਰੀ ਜਿਰਹ

ਕਾਰਲ ਪਾਪਰ ਇਕ ਅਜਿਹਾ ਬੁੱਧੀਜੀਵੀ ਦਾਰਸ਼ਨਿਕ ਹੈ ਜਿਸਦੀ ਪੂਰੀ ਰਚਨਾ ਆਪਣੇ ਪ੍ਰਸ਼ਨਵਾਚੀ ਸੁਭਾਅ ਲਈ ਜਾਣੀ ਜਾਂਦੀ ਹੈ। ਉਸਦੀ ਨਜ਼ਰ ਤੋਂ ਦੇਖ ਲੈਣ 'ਤੇ ਇਹ ਸੰਸਾਰ ਸਾਡੇ ਲਈ ਪਹਿਲਾਂ ਜਿਹਾ ਨਹੀਂ ਰਹਿ ਜਾਂਦਾ। ਉਨ੍ਹਾਂ ਨੇ ਗਿਆਨਾਤਮਕ ਵਿਮਰਸ ਦਾ ਆਪਣੇ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਵਿਗਿਆਨਿਕਤਾ ਦੀ ਪਹਿਚਾਣ ਅਤੇ ਪਰਖ ਨੂੰ ਨਵੇਂ ਕੋਣ ਤੋਂ ਦੇਖਿਆ। ਦੇਖਣ ਦਾ ਉਹਦਾ ਅੰਦਾਜ਼ ਇੰਨਾ ਨਿਰਾਲਾ ਸੀ ਕਿ ਉਹਨੇ ਆਪਣੇ ਜ਼ਮਾਨੇ ਦੇ ਕਈ ਅਜਿਹੇ ਬੇਹੱਦ ਸ਼੍ਰੇਸ਼ਠ ਸਿਧਾਤਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ ਜੋ ਵਿਗਿਆਨਿਕ ਹੋਣ ਦੇ ਦਮ ਭਰਦੇ ਸਨ। ਪਾਪਰ ਦੀ ਨਜ਼ਰ ਨੇ ਪਹਿਲੀ ਵਾਰ ਫੜਿਆ ਕਿ ਕੁਝ ਚੀਜ਼ਾਂ ਇਸ ਕਾਇਨਾਤ ਵਿੱਚ ਕੁਦਰਤੀ ਢੰਗਾਂ ਦੇ ਜ਼ਰੀਏ ਵਾਪਰਦੀਆਂ ਹਨ ਪਰ ਉਹ ਮਾਨਵ ਵਿਚ ਵਸੀਆਂ ਬੋਧਿਕ ਰੂੜ੍ਹੀਆਂ ਜਾਂ ਸੰਭਵਸਵੀਕ੍ਰਿਤੀਆਂ/ਸਵੈ ਸਵੀਕਾਰ ਦੀ ਬਦੌਲਤ ਇਕ ਔਸਤ ਬੁੱਧੀ ਦੀ ਕਿਸੇ ਚਰਚਿਤ ਦਰਸ਼ਨ ਜਾਂ ਸਿਧਾਂਤ ਦੇ ਅਨੁਰੂਪ ਵਾਪਰਦੀਆਂ ਵਿਖਾਈ ਦਿੰਦੀਆਂ ਹਨ। ਦਾਰਸ਼ਨਿਕ ਚਿੰਤਨ ਦੇ ਖੇਤਰ ਵਿਚ ਕਾਰਲ ਪਾਪਰ ਦਾ ਇਹ ਇਕ ਜ਼ਬਰਦਸਤ ਹਸਤਾਖ਼ਰ/ਦਖ਼ਲਅੰਦਾਜ਼ੀ ਸੀ ਜਿਸ ਨੇ ਉਨ੍ਹਾਂ ਨੂੰ ਇਕਦਮ 20ਵੀਂ ਸਦੀਂ ਦੇ ਇਕ 'ਸੇਲੇਬ੍ਰਿਟੀ' ਦਾਰਸ਼ਨਿਕ ਦੇ ਦਰਜੇ ਵਿੱਚ ਪਹੁੰਚਾ ਦਿੰਦਾ ਹੈ।

ਉਹ ਦਰਸ਼ਨ ਵਿੱਚ ਆਪਣੇ 'ਆਲੋਚਨਾਤਮਕ ਤਰਕਵਾਦ' ਅਤੇ ਵਿਗਿਆਨ ਵਿੱਚ 'ਸੰਕਲਪਾਤਮਿਕ-ਨਿਗਨਾਤਮਕ' ਵਿਧੀ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦਾ ਸਭ ਤੋਂ ਯਾਦ ਰੱਖਣਯੋਗ ਕੰਮ ਇਹ ਹੈ ਕਿ ਉਨ੍ਹਾਂ ਨੇ ਵਿਗਿਆਨਿਕ ਅਤੇ ਸੂਡੋ-ਵਿਗਿਆਨਿਕ ਸਥਾਪਨਾਵਾਂ ਦੇ ਵਿਚਕਾਰ ਇਕ ਲਛਮਣ ਰੇਖਾ ਖਿੱਚੀ। ਇਸਨੂੰ 'line of democration' ਕਿਹਾ ਜਾਂਦਾ ਹੈ। ਉਨ੍ਹਾ ਦਾ ਇਹ ਕੰਮ ਚੁਣੌਤੀਪੂਰਨ ਨਹੀਂ ਸੀ, ਪਰ ਸੁਭਾਅ ਪੱਖੋਂ ਬਿਲਕੁਲ ਤਾਰਕਿਕ ਹੋਣ ਨਾਲ ਉਨ੍ਹਾਂ ਨੇ ਦਾਰਸ਼ਨਿਕ ਚਿੰਤਨ ਦੇ ਇਤਿਹਾਸ ਦੀਆਂ ਕਈ ਮੂਰਤੀਆਂ ਨੂੰ ਵਿਨਾਸ਼ ਕਰਨ ਦਾ ਅਦੁੱਤੀ ਸਾਹਸ ਵਿਖਾਇਆ। ਇਕ ਦਾਰਸ਼ਨਿਕ ਹੈਨਰੀ ਬੀਚ ਨੇ ਪਾਪਰ ਦੀ ਇਸ ਮੂਰਤੀਜਨਕ ਮੇਧਾ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਨੂੰ ਸੈਕੂਲਰ ਪੋਪ ਕਿਹਾ ਹੈ।

ਆਓ, ਸਮਝੀਏ ਕਿ ਜਨਾਬ ਪਾਪਰ ਨੇ ਵਿਗਿਆਨਿਕਤਾ ਅਤੇ ਅਵਿਗਿਆਨਿਕਤਾ ਨੂੰ ਦੋ ਧਿਰਾਂ ਵਿਚ ਕਿਵੇਂ ਵੰਡਿਆ। ਬਹੁਤ ਜ਼ਿਆਦਾ ਗਹਿਰਾਈ ਵਿੱਚ ਜਾਣ ਦੀ ਵਜ੍ਹਾ ਸਾਡੀ ਕੋਸ਼ਿਸ਼ ਹੈ ਕਿ ਪਾਪਰ ਦੇ ਅਧਿਐਨ ਨਾਲ ਕਿਸੇ ਸਿਧਾਂਤ ਜਾਂ ਸੰਕਲਪ ਦੇ ਵਿਗਿਆਨਿਕ ਹੋਣ ਜਾਂ ਨਾ ਹੋਣ ਦੀਆਂ ਜੋ ਨਵੇਂ ਮਾਪਦੰਡਾਂ ਦਾ ਨਿਰਮਾਣ ਹੋਇਆਂ ਅਤੇ ਕੁਝ ਖ਼ਾਸ ਦ੍ਰਿਸ਼ਟੀਕੋਣਾਂ ਦਾ ਉਨਮੇਸ਼ ਹੋਇਆ, ਉਸ ਉੱਤੇ ਇਕ ਸਰਸਰੀ ਨਜ਼ਰ

ਮਾਰੀ ਜਾ ਸਕਦੀ ਹੈ। ਵੈਸੇ ਇਹ ਵਿਚਾਰਕ ਬੜਾ ਅਜੀਬੋ-ਗਰੀਬ ਹੈ, ਜਿਸਨੂੰ ਅੰਗਰੇਜ਼ੀ ਵਿੱਚ 'ਮੈਬੇਰਿਕ' ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਪੜ੍ਹਨ ਸਮੇਂ ਲਗਦਾ ਹੈ ਕਿ ਅਸੀਂ ਸਿੱਧੀ ਦਿਸ਼ਾ ਵੱਲ ਜਾ ਰਹੇ ਹਾਂ, ਪਰ ਵਾਰ ਵਾਰ ਪਿੱਛੇ ਮੁੜ ਕੇ ਉਨ੍ਹਾਂ ਦੇ ਭਵਿੱਖ ਦਾ ਇਕ ਹਵਾਲਾ ਦੇਣਾ ਪੈਂਦਾ ਹੈ। ਇਸ ਕ੍ਰਮ ਵਿੱਚ ਪਾਪਰ ਦਾ ਇਕ ਅਜੀਬ ਅੰਦਾਜ਼ ਉੱਭਰਦਾ ਹੈ ਜੋ ਕਿਸੇ ਵਿਪਰੀਤ ਕਥਨ ਜਾਂ ਪ੍ਰਤਿਭਾ ਦਾ ਨਿਰਾਲਾਪਨ ਸਥਾਪਿਤ ਕਰਦਾ ਜਾਂਦਾ ਹੈ।

ਲਾਗਾ ਚੁਨਰੀ ਮੇਂ ਦਾਗ ਵਿਗਿਆਨ ਨਾਲ ਅਹੰ ਬਰਮਾਸ਼ੀ ਦਾ ਵਿਸਥਾਪਨ

ਅਸੀਂ ਪਾਪਰ ਦੇ ਕੁਝ ਮੁਹਾਵਰਿਆਂ ਤੋਂ ਚਰਚਾ ਨੂੰ ਅੱਗੇ ਵਧਾਉਂਦੇ ਹਾਂ, ਜਿਸਨੇ ਉਸਨੂੰ ਸਮਝਣ ਦਾ ਆਧਾਰਭੂਤ ਪ੍ਰਸਥਾਨ ਵੀ ਕਿਹਾ ਜਾ ਸਕਦਾ ਹੈ। ਮਸਲਨ, ਝੂਠ ਜਾਂ ਗਲਤ ਸਾਬਿਤ ਹੋਣਾ ਜਾਂ ਜੋੜ-ਤੋੜ ਨਾਲ ਕਿਸੇ ਸਥਾਪਨਾ ਦੇ ਪੱਖ ਵਿਚ ਦਲੀਲਾਂ ਇਕੱਠੀਆਂ ਕਰਨੀਆਂ। ਪਾਪਰ ਦੇ ਅਧਿਐਨ ਵਿੱਚ ਇਨ੍ਹਾਂ ਲਈ ਕ੍ਰਮਵਾਰ falsifiability ਅਤੇ corroboration ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਜੋ ਗਲਤ ਸਾਬਿਤ ਹੋ ਜਾਣ ਦਾ ਸੰਖੇਪ ਹੈ ਉਹੀ ਵਿਗਿਆਨ ਅਤੇ ਅਵਿਗਿਆਨ ਦੇ ਵਿਚਕਾਰ ਦਾ ਸੂਖਮ ਧਾਗਾ ਹੈ। ਇਸ ਨੂੰ ਸਹੀ ਤਰੀਕੇ ਨਾਲ ਸਮਝਣਾ ਚਾਹੀਦਾ ਹੈ। ਇਹ ਦਾਰਸ਼ਨਿਕ ਕਿਉਂਕਿ ਉਹ ਸ਼ੁਰੂ ਤੋਂ ਹੀ ਇਹ ਦੇਖ ਕੇ ਹੈਰਾਨ ਹੋਇਆ ਕਿ ਕੁਝ ਸਿਧਾਂਤ ਜਾਂ ਮੱਤ ਮੁਫ਼ਤ ਵਿਚ ਵਿਗਿਆਨਿਕ ਸਿਧਾਂਤ ਦੇ ਰੂਪ ਵਿੱਚ ਹੀਰੇ ਬਣੇ ਹੋਏ ਹਨ, ਉਹੀ ਕੁਝ ਵਿਚਾਰ ਹਮੇਸ਼ਾ ਖਤਰਿਆਂ ਦੇ ਪਰਛਾਵਿਆਂ ਹੇਠ ਜੀਅ ਰਹੇ ਹਨ ਕਿਉਂਕਿ ਵਾਸਤਵ ਵਿੱਚ ਉਹ ਵਿਗਿਆਨਿਕ ਹੋਣ ਕਾਰਨ ਇਕ ਦਿਨ ਝੂਠ ਜਾਂ ਗਲਤ ਸਾਬਿਤ ਹੋਣ ਲਈ ਸਰਾਪੇ ਗਏ ਹਨ। ਯਾਨਿ ਕਿ ਸਿਧਾਂਤ 'ਫਾਲਿਸਫਾਵਲ' ਹੈ ਉਹੀ ਸਾਇੰਟੀਫਿਕ ਹੈ ਅਤੇ ਜਿਸ ਸਿਧਾਂਤ ਨੂੰ ਚਾਲਾਕੀ ਨਾਲ ਪ੍ਰਵਾਨ ਕਰ ਲਿਆ ਗਿਆ ਹੈ ਜਾਂ ਉਸ ਨੂੰ ਉਚਿਤਪੂਰਨ ਠਹਿਰਾਇਆ ਗਿਆ ਹੈ ਉਹ ਸਯੂਡੋ-ਸਾਇੰਟੀਫਿਕ ਹਨ।

ਪਾਪਰ ਨੇ ਕਦੇ ਨਹੀ ਮੰਨਿਆ ਕਿ ਜੋ ਕੁਝ ਸਿੱਧੀ ਨਜ਼ਰ ਨਾਲ ਸਾਡੇ ਦਾਇਰੇ ਵਿੱਚ ਆਉਂਦਾ ਹੈ, ਜਿਵੇਂ ਗਿਆਨ ਇੰਦਰੀਆਂ ਦੇ ਸਹਾਰੇ ਅਨੁਭੂਤ ਸਾਡਾ 'ਨਿਰੀਖਣ' ਇਕ ਸਦੀਵੀ ਸੱਚ ਦੀ ਇੰਟਰਵਿਊ ਕਰਾਉਂਦਾ ਹੈ। ਇਸ ਲਈ ਇਹ ਕੋਈ ਸਚਾਈ ਨਹੀਂ ਹੈ ਕਿ ਉਸ ਵਿੱਚ ਕੋਈ ਗਲਤੀ ਨਹੀਂ ਹੋਵੇਗੀ ਜਾਂ ਉਸਦਾ ਦਾਮਨ ਦਾਗ਼ਦਾਰ ਨਹੀ ਹੋਵੇਗਾ। ਇਹ ਖ਼ੁਦਾ ਦੀ ਕੋਈ ਜਲਵਾ ਨੁਮਾਇਸ਼ ਨਹੀਂ ਹੈ ਕਿ ਉਸਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਜਾਵੇ। ਉਨ੍ਹਾਂ ਦੀ ਦਲੀਲ ਹੈ ਕਿ ਸਾਡਾ ਅਨੁਭਵ ਸਾਡੀਆਂ ਗਿਆਨ ਇੰਦਰੀਆਂ ਦੁਆਰਾ ਸਾਡੀਆਂ ਗਿਆਨ ਸੰਵੇਦਨਾਵਾਂ ਉੱਤੇ ਉਕਰਿਆ ਮ੍ਰਿਤਕ ਲਿਪੀਆਂ ਮਾਤਰ ਨਹੀਂ ਹੈ। ਇਥੇ ਉਹ ਕਾਂਟਵਾਦੀ ਦਰਸ਼ਨ ਦੀ ਸਹੀ ਉਲਟੀ ਧਾਰਾ ਨੂੰ ਫੜਦੇ ਹਨ। ਜੇਕਰ ਪਾਪਰ ਦੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ 'Our basic statements are not mere 'reports' of passively registered sansations' ਫਿਰ ਇਨ੍ਹਾਂ ਨੂੰ ਕੀ ਕਿਹਾ ਜਾਵੇ? ਉਨ੍ਹਾਂ ਦਾ ਜਵਾਬ ਹੈ ਕਿ ਸਾਡਾ ਅਵਲੋਕਨ ਜਾਂ ਗਿਆਨ ਸੰਵੇਦਨਾ ਅਨਾਹਤ ਜਾ ਆਦਿਮ ਨਹੀਂ ਹੁੰਦੀ, ਬਲਕਿ ਉਸ ਵਿਚ ਕੁਦਰਤ ਦੀ ਪੂਰਵ-ਨਿਰਧਾਰਿਤ ਦ੍ਰਿਸ਼ਟੀ ਸਮਾਈ ਰਹਿੰਦੀ ਹੈ। ਇਸ ਲਈ ਇਸ ਨੂੰ ਅਨਿਸ਼ਚਿਤ ਮੰਨਣਾ ਵੀ ਗਲਤ ਹੈ। ਇਹ ਅਮੋਘ ਨਹੀਂ ਹੁੰਦੀ, ਗਿਆਨ ਦੀ ਉਤਪੱਤੀ ਖ਼ੁਦ ਇਕ ਸਕ੍ਰਿਆ ਅਤੇ ਸਜ਼ਗ ਪ੍ਰਕਿਰਿਆ ਦੇ ਤਹਿਤ ਹੁੰਦਾ ਹੈ। ਉਸ ਉੱਤੇ ਕਿਸੇ ਨਾ ਕਿਸੇ 'ਮੱਤ ਦਾ ਭਾਰ' ਜ਼ਰੂਰ ਹੁੰਦਾ ਹੈ। ਉਹ ਮੱਤ-ਲਾਦੂ (theory-laden) ਹੁੰਦਾ ਹੈ। ਇਹੀ ਕਾਰਨ ਹੈ ਕਿ ਕੁਝ ਸਿਧਾਂਤਾਂ ਦੀ ਵਿਗਿਆਨਿਕਤਾ ਪ੍ਰਮਾਣਿਤ ਕਰਨ ਦੇ ਅਰਥਾਂ ਨਾਲ ਤੱਥਾਂ ਨੂੰ ਗੋਲ-ਮੋਲ ਢੰਗ ਨਾਲ ਵਿਸ਼ਲੇਸ਼ਣ ਕਰ ਦਿੱਤਾ ਜਾਂਦਾ ਹੈ। ਪਾਪਰ ਦੀ ਲੀਕ ਤੋਂ ਹੱਟ ਕੇ ਸੋਚਣ ਵਾਲੇ ਵਿਚਾਰਕ ਦੀ ਪਛਾਣ ਇਸ ਆਧਾਰ ਉੱਤੇ ਬਣੀ ਕਿ ਦਰਸ਼ਨ ਦੇ ਸਮੁੱਚੇ ਇਤਿਹਾਸ ਵਿੱਚ ਗਿਆਨ ਦੀ ਗ਼ੈਰ-ਉਚਿਚਤਾ ਆਲੋਚਨਾ ਧਾਰਾ ਦੇ ਪਹਿਲੇ ਦਾਰਸ਼ਨਿਕ ਹਨ।

ਪਾਪਰ 20ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਦੁਨੀਆਂ ਦੇ ਤਿੰਨ ਮਹਾਨ ਵਿਚਾਰਕਾਂ ਅਤੇ ਉਨ੍ਹਾਂ ਸਿਧਾਂਤਾਂ ਦੇ ਇਰਦ-ਗਿਰਦ ਬਣੀਆਂ ਯੋਜਨਾਵਾਂ ਤੋਂ ਕਾਫੀ ਪ੍ਰਭਾਵਿਤ ਰਹੇ। ਇਕ ਤਾਂ ਫ਼ਰਾਈਡ ਅਤੇ ਐਡਲਰ ਦੀ ਜੋੜੀ ਅਤੇ ਦੂਜੀ ਆਈਨਸਟਾਈਨ। ਇਨ੍ਹਾਂ ਨੂੰ ਨੇੜੇ ਤੋਂ ਦੇਖਣ ਨਾਲ ਉਨ੍ਹਾਂ ਨੂੰ ਲੱਗਿਆ ਕਿ ਫ਼ਰਾਈਡ ਅਤੇ ਐਡਲਰ ਦੇ ਮਨੋਵਿਸ਼ਲੇਸ਼ਣ ਸਿਧਾਂਤ ਬਹੁਤ ਰੋਚਿਕ ਹੈ ਕਿਉਂਕਿ ਉਹ ਹਰ ਘਟਨਾ ਜਾ ਤੱਥ ਨੂੰ

ਆਪਣੇ ਢਾਂਚੇ ਵਿੱਚ ਫਿੱਟ ਕਰ ਲੈਂਦਾ ਹੈ। ਇਸ ਉਸਤਾਦੀ ਤੋਂ ਉਹ ਹਰ ਵਾਰ ਮਨੋਵਿਗਿਆਨ ਜਾਂ ਮਾਨਵ-ਵਿਵਹਾਰ ਨਾਲ ਜੁੜੀ ਹਰ ਘਟਨਾ ਦਾ ਮਨੋਵਿਸ਼ਲੇਸ਼ਣ ਆਪਣੇ ਅਰਥਾਂ ਵਿੱਚ ਕਰ ਦਿੰਦਾ ਹੈ। ਭਾਸ਼ਾ ਦੀ ਇਹ ਕਲਾ ਉਸਦੀ ਵਿਗਿਆਨਿਕਤਾ ਦੀ ਪੁਸ਼ਟੀ ਵਿੱਚ ਹਰ ਵਾਰ ਇਕ ਨਵੀਂ ਇਬਾਰਤ ਲਿਖ ਦਿੰਦੀ ਹੈ। ਪਰ ਪਾਪਰ ਨੇ ਇਸਦੀ ਚਾਲਬਾਜ਼ੀ ਨੂੰ ਫੜ ਲਿਆ ਹੈ। ਉਹ ਕਹਿੰਦੇ ਹਨ ਕਿ ਨਹੀਂ ਇਹ ਇਸ ਸਿਧਾਂਤ ਨੂੰ ਝੂਠਾ ਸਾਬਿਤ ਹੋਣ ਤੋਂ ਬਚਾਉਣ ਦੀ ਇਕ ਚਾਲ ਹੈ। ਇਸ ਸਿਧਾਂਤ ਦੀ ਸਵੀਕਾਰਤਾ ਖ਼ੁਦ ਨੂੰ ਫ਼ਿਲਾਸਫ਼ੀਕੇਸ਼ਨ ਤੋਂ ਬਚਾਉਣ ਲਈ ਸਫ਼ਲ ਉਦਕ੍ਰਮ ਵਿੱਚ ਕਿਤੇ ਛੁਪੀ ਹੈ। ਇਸਦੀ ਕਲਾਬਾਜ਼ੀ ਦੀ ਦਾਦ ਦੇਣੀ ਹੀ ਪਵੇਗੀ ਕਿ ਇਹ ਨਾ ਕੇਵਲ ਆਪਣੇ ਆਪ ਨੂੰ ਝੂਠਾ ਸਾਬਿਤ ਹੋਣ ਤੋਂ ਬਚਾ ਲੈਂਦਾ ਹੈ ਬਲਕਿ ਹਰ ਤੱਥ ਜਾਂ ਬਿਓਰੇ ਦੀ ਆਪਣੀ ਢਾਲ ਬਣਾ ਲੈਣ ਵਿੱਚ ਵੀ ਕਾਮਯਾਬ ਹੋ ਜਾਂਦਾ ਹੈ। ਇਸ ਪ੍ਰਕਾਰ ਉਸਨੇ ਨਿਰੰਤਰਤਾ ਉੱਤੇ ਹਰ ਵਾਰ ਪੁਸ਼ਟੀ ਜਾਂ ਸਹਿਮਤੀ (ਕੋਰੋਬੋਰੇਸ਼ਨ) ਦੀ ਇਕ ਨਵੀਂ ਮੋਹਰ ਲੱਗ ਜਾਂਦੀ ਹੈ ਜੋ ਇਸ ਪ੍ਰਕਾਰ ਦੇ ਤਮਾਮ ਤਥਾਕਥਿਤ ਵਿਗਿਆਨਿਕ ਸਿਧਾਂਤਾਂ ਨੂੰ ਕੁਝ ਇਸ ਕਦਰ ਅਸ਼ਹਿਣਸ਼ੀਲ ਜਾਂ ਅਣਚਾਹੇ ਬਣਾ ਦਿੰਦਾ ਹੈ ਕਿ ਉਹ ਆਦਿ ਕਾਲ ਦੇ ਮਿਥ ਸਾਮਾਨ ਸਜਯ ਮਾਨਤਾ ਜਾ ਪੂਜਾ ਦੀ ਤਰ੍ਹਾਂ ਲੱਗਦੇ ਹਨ। ਇਹ ਥਿਊਰੀ ਸਾਇੰਟਿਫਿਕ ਕਿਵੇਂ ਹੋ ਸਕਦੀ ਹੈ ?

ਇਸ ਤਰ੍ਹਾਂ ਦਾ ਇਕ ਮਾਮਲਾ ਡਾਰਵਿਨਵਾਦ ਨੂੰ ਲੈ ਕੇ ਵੀ ਹੈ। ਪਾਪਰ ਕਹਿੰਦੇ ਹਨ ਕਿ ਇਸਦਾ ਵੀ 'ਟੈਸਟ' ਨਹੀਂ ਕੀਤਾ ਜਾ ਸਕਦਾ। ਉਹ ਇਸ ਨੂੰ ਇਕ ਮੈਟਾਫਿਜ਼ੀਕਲ ਰਿਸਰਚ ਪ੍ਰੋਗਰਾਮ ਮੰਨਦੇ ਹਨ। ਪਰ ਇਹ ਤੈਅ ਹੈ ਕਿ ਇਹ ਜੀਵਨ ਦੇ ਵਿਕਾਸਵਾਦੀ ਸਿਧਾਂਤ ਨੂੰ ਹੀ ਤਾਰਕਿਕ ਮੰਨਦੇ ਹਨ। ਈਸ਼ਵਰਵਾਦੀ ਉਤਪ੍ਰੇਰਕ ਉਨ੍ਹਾਂ ਨੂੰ ਨਹੀਂ ਸੁਹਾਤਾ, ਇਸ ਲਈ ਉਹ ਡਾਰਵਿਨ ਦੇ ਵਿਕਾਸਵਾਦ ਜਾਂ ਪ੍ਰਕਿਰਤੀ ਚੋਣ ਦੇ ਸਿਧਾਂਤ ਉੱਤੇ ਉਸਦੇ ਪੜਤਾਲ ਨਾ ਹੋਣ ਦੇ ਬਾਵਜੂਦ ਆਪਣੀ ਮੋਹਰ ਲਗਾਉਂਦੇ ਹਨ। ਇਸ ਲਈ ਉਹ ਤਰਕ ਦਿੰਦੇ ਹਨ ਕਿ ਡਾਰਵਿਨ ਦੇ ਵਿਕਾਸਵਾਦ ਨੂੰ ਕਿਤੇ ਨ ਕਿਤੇ ਤੋਂ ਮੇਂਡਲ ਦੇ 'ਉਤਪੱਤੀਵਾਦ' ਦਾ ਵੀ ਸਮਰਥਨ ਹਾਸਿਲ ਹੈ। ਜੇਕਰ ਦੋਨਾਂ ਨੂੰ ਮਿਲਾ ਕੇ ਵਿਕਾਸਵਾਦ ਦਾ ਪਾਠ ਕੀਤਾ ਜਾਵੇ ਤਾਂ ਜੀਵਾਂ ਦੇ ਵਿਕਾਸ ਦਾ ਕ੍ਰਮ ਸਮਝਣਾ ਆਸਾਨ ਹੋ ਜਾਂਦਾ ਹੈ। ਅਨੁਕੂਲਨ ਹੀ ਉਹ ਸੂਤਰ ਹੈ ਜੋ ਜੀਵਾਂ ਨੂੰ ਵਿਕਾਸ ਦੀ ਪੌੜੀ ਉੱਤੇ ਚੜ੍ਹਨਾ ਸਿਖਾਉਂਦਾ ਹੈ। ਪ੍ਰਯੋਗਾਂ ਤੋਂ ਸਿੱਧ ਹੁੰਦਾ ਹੈ ਕਿ ਬਹੁਤ ਸਾਰੇ ਬੈਕਟਰੀਆ ਪੈਨਸਿਲੀਨਯੁਕਤ ਪਰਿਵੇਸ਼ ਨੂੰ ਵੀ ਆਤਮਸਾਤ ਕਰ ਲੈਂਦੇ ਹਨ। ਅਰਥਾਤ ਅਨੁਕੂਲਨ ਸਥਾਪਿਤ ਕਰ ਲੈਂਦੇ ਹਨ। ਫਿਰ ਵੀ ਪਾਪਰ ਨੂੰ ਸੰਕੋਚ ਨਾਲ ਮੰਨਣਾ ਹੀ ਪੈਂਦਾ ਹੈ ਕਿ ਡਾਰਵਿਨਵਾਦ ਵੀ ਸਦੀਵੀ ਨਹੀਂ ਹਨ। ਅਗਰ ਉਹ ਦਾਅਵਾ ਕਰਦੇ ਹਨ ਕਿ ਉਸਨੇ ਜੀਵਨ ਦੀ ਉਤਪਤੀ ਅਤੇ ਉਸਦੇ ਵਿਕਾਸ ਨੂੰ ਪੂਰੀ ਤਰ੍ਹਾਂ ਸਮਝਾ ਦਿੱਤਾ ਜਾਵੇ ਤਾਂ ਇਹ ਉਸਦਾ ਬੜਬੋਲਾਪਣ ਹੀ ਹੋਵੇਗਾ।

ਇਸ ਵਹਾਅ ਵਿੱਚ ਪਾਪਰ ਸਾਹਿਬ ਨੇ ਮਾਰਕਸਵਾਦ ਦੀਆਂ ਵੀ ਕਾਫੀ ਧੱਜੀਆਂ ਉਡਾਈਆਂ ਹਨ। ਉਹ ਕਹਿੰਦੇ ਹਨ ਕਿ ਕਾਰਲ ਮਾਰਕਸ ਦਾ ਦਵੰਦਵਾਦੀ ਭੌਤਿਕਵਾਦ ਜਾਂ ਇਤਿਹਾਸ ਦੀ ਭੌਤਿਕਵਾਦੀ ਵਿਆਖਿਆ ਵਿੱਚ ਵਿਗਿਆਨਿਕ ਨਹੀਂ ਹੈ। ਹਾਲਾਂਕਿ ਉਹ ਇਹ ਵੀ ਮੰਨਦੇ ਹਨ ਕਿ ਮਾਰਕਸਵਾਦ ਦਾ ਮਾਮਲਾ ਵੈਸਾ ਨਹੀਂ ਹੈ ਜਿਵੇਂ ਕਿ ਫਰਾਇਡ ਦੇ ਮਨੋਵਿਵਲੇਸ੍ਹਣ ਦੇ ਸਿਧਾਂਤ ਦਾ ਸੀ।

ਪਾਪਰ ਦੇ ਅਨੁਸਾਰ ਮਾਰਕਸ ਨੇ ਕਾਫੀ ਕਾਇਦੇ ਨਾਲ ਆਪਣਾ ਇਕ ਸਿਧਾਂਤ ਪੇਸ਼ ਕੀਤਾ ਸੀ ਜੋ ਸ਼ੁਰੂ-ਸ਼ੁਰੂ ਵਿੱਚ ਕਾਫੀ ਹੱਦ ਤੱਕ ਵਿਗਿਆਨਿਕ ਵੀ ਸੀ। ਉਹ ਵਰਤਮਾਨ ਤੱਕ ਦੇ ਇਤਿਹਾਸ ਉੱਤੇ ਇਕ ਵਿਵੇਚਨਾਤਮਕ ਪੁਨਰ ਪੁਸ਼ਟੀ ਤਾਂ ਕਰਦਾ ਹੀ ਹੈ, ਉਸਦੇ ਅੰਦਰੋਂ ਭਵਿੱਖ ਦੇ ਇਤਿਹਾਸ ਦੀ ਇਕ ਬਲੂਪ੍ਰਿੰਟ ਵੀ ਝਲਕਦੀ ਹੈ। ਪਰ ਉਹੀ ਬਿਮਾਰੀ ਉਸਨੂੰ ਵੀ ਲੱਗੀ ਕਿ ਉਸ ਦੀਆਂ ਭਵਿੱਖਬਾਣੀਆਂ ਗਲਤ ਸਿੱਧ ਹੋਈਆਂ। ਉਹ 'ਪ੍ਰੀਡਿਟਿਵ' ਨਹੀਂ ਰਿਹਾ, ਪਰ ਉਸਨੂੰ ਜ਼ਬਰਦਸਤੀ ਭਵਿੱਖਦਰਸ਼ੀ ਬਣਾਉਣ 'ਤੇ ਤੁਲੇ ਲੋਕਾਂ ਨੇ ਉਸਨੂੰ ਨਵੇਂ ਤੱਥਾਂ ਦੇ ਨਾਲ 'ਅਡਜਸਟ' ਅਤੇ 'ਅਲਾਇਨ' ਕਰਨ ਦੀ ਕੋਸ਼ਿਸ਼ ਕੀਤੀ। ਇਸਨੂੰ ਦੁਹਰਾਇਆ ਗਿਆ। ਫਿਰ ਸਮੇਂ ਦੇ ਨਵੇਂ ਲੇਕਿਨ ਅਸੰਤੁਸ਼ਟ ਅਧਿਆਇ ਨੂੰ ਸਮੇਟਣ ਦੇ ਲਈ ਅਯੋਗ ਸੰਕਲਪ ਜਾਂ ਰਾਜਨੀਤੀ ਨਾਲ ਜੋੜ ਕੇ ਮਾਰਕਸਵਾਦ ਨੂੰ ਹਰ ਵਾਰ ਟੇਲਰ ਮੇਡ ਬਣਾਇਆ ਜਾਂਦਾ ਰਿਹਾ। ਤਾਲਮੇਲ ਪੈਦਾ ਕਰਨ ਲਈ ਇਸ ਗੇਮ ਦਾ ਮਕਸਦ ਸਿਰਫ਼ ਮਾਰਕਸਵਾਦ ਨੂੰ ਝੂਠਾ ਹੋਣ ਤੋਂ ਬਚਾਉਣਾ ਸੀ

(saving Marxist theory from falsification)। ਇਸ ਤਰ੍ਹਾਂ ਇਕ ਚੰਗੇ-ਖ਼ਾਸੇ ਵਾਲੇ ਮਾਨਵੀ ਚਿਹਰੇ ਵਾਲੇ ਵਿਗਿਆਨਿਕ ਮਾਰਕਸਵਾਦ ਨੂੰ ਇਕ ਹਠਧਰਮੀ ਮੱਤਵਾਦ ਵਾਲਾ ਚੋਲਾ ਪਵਾ ਦਿੱਤਾ ਗਿਆ। ਉਸਦਾ ਵਿਗਿਆਨ ਨਾਲ ਇਕ 'ਛਦਮ ਵਿਗਿਆਨ' ਵਿੱਚ ਕਾਇਆ ਪਲਟ ਹੋ ਗਿਆ। ਬਸ, ਹੋਣਾ ਕੀ ਸੀ, ਦੇਖਦੇ ਹੀ ਦੇਖਦੇ ਬਾਬਾ ਮਾਰਕਸ ਵੀ ਇਕ ਪੋਂਗਾ ਪੰਡਿਤ ਵਿੱਚ ਬਦਲ ਦਿੱਤੇ ਗਏ।


ਸਾਰੇ ਵਿਗਿਆਨਿਕ ਸਿਧਾਂਤ ਹਵਾ ਵਿੱਚ ਮੁੱਕਾ ਮਾਰਨਾ ਅਰਥਾਤ ਇਕ ਕਿਆਸ ਜਾਂ ਅਟਕਲਪੱਚੂ ਹੀ ਹੁੰਦੇ ਹਨ। ਭਲੇ ਹੀ ਉਹ ਤਮਾਮ ਕਠਿਨ ਜਾਂਚ ਨੂੰ ਸਫ਼ਲਤਾਪੂਰਵਕ ਪਾਰ ਕਰ ਚੁੱਕੇ ਹੋਣ। ਪਾਪਰ ਦਾ ਇਹ ਨਾਨ-ਜਸਟੀਫ਼ਿਕੇਸ਼ਨ ਦ੍ਰਿਸ਼ਟੀਕੋਣ ਹੀ ਉਨ੍ਹਾਂ ਨੂੰ ਇਕ ਅਭੂਤਪੂਰਵ ਦਾਰਸ਼ਨਿਕ ਬਣਾਉਂਦਾ ਹੈ।

ਵਿਗਿਆਨ ਦੇ ਕੰਧੇ ਉੱਤੇ ਇੰਡਕਸ਼ਨ ਦਾ ਬੇਤਾਲ ਜਾਂ ਕਿਸੀ ਅਲਾਦੀਨ ਦੇ ਚਿਰਾਗ ਦੀ ਤਲਾਸ਼

ਦੂਜੇ ਪਾਸੇ ਪਾਪਰ ਦੀਆਂ ਖੋਜੀ ਨਜ਼ਰਾਂ ਨੇ ਇਹ ਵੀ ਦੇਖਿਆ ਕਿ ਆਈਨਸਟਾਈਨ ਦਾ ਸਾਪੇਖਤਾ ਸਿਧਾਂਤ ਲਗਾਤਾਰ ਝੂਠਾ ਸਾਬਿਤ ਹੋ ਜਾਣ ਦਾ ਜ਼ੋਖਮ ਉਠਾ ਰਿਹਾ ਹੈ। ਉਸਦੀ ਪਰਿਖਣਯੋਗਤਾ (tastability) ਹੀ ਉਸਦੇ ਗਲ ਦੀ ਹੱਡੀ ਬਣ ਗਈ ਹੈ। ਇਹੀ ਉਸਨੂੰ ਇਕ ਕੰਟਕਾਕੀਰਣ ਰਸਤੇ ਤੋਂ ਗੁਜ਼ਾਰਦੀ ਰਹਿੰਦੀ ਹੈ। ਇਸ ਸੰਬੰਧ ਵਿੱਚ ਉਹ 1919 ਦੇ ਐਡਿੰਗਟਨ ਸੂਰਜ ਗ੍ਰਹਿਣ ਦੀ ਯਾਦ ਦਿਵਾਉਂਦੇ ਹਨ ਜੋ ਇਕ ਪ੍ਰਕਾਰ ਦੀ ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਦੇ ਲਈ ਇਕ ਅਗਨੀ ਪ੍ਰੀਖਿਆ ਸੀ। ਇਸ ਘਟਨਾ ਨੂੰ ਲੈ ਕੇ ਆਈਨਸਟਾਈਨ ਨੇ ਪੂਰਵ ਅਨੁਮਾਨ ਜੇਕਰ ਗਲਤ ਨਿਕਲਦੇ ਤਾਂ ਉਨ੍ਹਾਂ ਦਾ ਸਿਧਾਂਤ ਖਤਰੇ ਵਿੱਚ ਪੈ ਜਾਂਦਾ। ਪਾਪਰ ਮੰਨਦੇ ਹਨ ਆਈਨਸਟਾਈਨ ਇਕ ਵੱਡਾ ਜ਼ੋਖਿਮ ਉਠਾ ਰਹੇ ਸਨ ਕਿਉਂਕਿ ਐਡਿੰਗਟਨ ਐਪੀਸੋਡ ਉੱਤੇ ਉਨ੍ਹਾਂ ਦਾ ਆਪਣਾ ਸਟੈਂਡ ਨਿਊਟੋਨੀਅਨ ਫ਼ਿਜ਼ੀਕਸ ਦੀ ਧਾਕ ਨਾਲ ਟਕਰਾ ਰਿਹਾ ਸੀ, ਇਸ ਲਈ ਉਨ੍ਹਾਂ ਨੂੰ ਸਹੀ ਕਰਾਰ ਦੇਣਾ ਲਗਭਗ ਅਸੰਭਵ ਸੀ।

ਧਿਆਨ ਨਾਲ ਦੇਖਿਆ ਜਾਵੇ ਤਾਂ ਪਾਪਰ ਦਾ ਮੌਲਿਕ ਤਰਕ ਫ਼ਿਲਾਸਫ਼ਾਇਬਲਿਟੀ ਦੇ ਹੀ ਇਰਦ-ਗਿਰਦ ਰਚਿਆ ਹੈ। ਜੇਕਰ ਕੋਈ ਥਿਊਰੀ ਇਸ ਤੋਂ ਬਚਦੀ ਹੋਈ ਸਿਰਫ਼ ਆਪਣੀ ਤਸਦੀਕ ਦਾ ਤਰਕ ਜਾਂ ਵਿਵੇਕ ਜੁਟਾਉਂਦੀ ਹੈ ਜਾਂ ਤੱਥਾਂ ਦਾ ਘਪਲਾ ਕਰਦੀ ਹੈ ਤਾਂ ਉਹ ਇਕ ਛਡ ਵਿਗਿਆਨ ਹੈ। ਇਹ ਵਿਗਿਆਨਿਕਤਾ ਦੇ ਆਧਾਰ ਜਾਂ ਉਸਦੀ ਵਿਧੀ ਨੂੰ ਨਿਗਨਾਤਮਕ ਠਹਿਰਾਉਂਦੇ ਹਨ ਨਾ ਕਿ ਆਗਮਨਾਤਮਕ। ਕੋਈ ਮੁੱਲ ਜਾਂ ਪ੍ਰਤੀਮਾਨ ਪਹਿਲਾਂ ਤੋਂ ਹੀ ਤੈਅ ਕਰ ਲਿਆ ਜਾਵੇ ਅਤੇ ਅਨੁਭਵਾਤਮਕ ਗਿਆਨ ਦੇ ਵੇਰਵੇ ਨੂੰ ਉਸਦੇ ਲਈ ਬਣੇ-ਬਣਾਏ ਢਾਂਚੇ ਵਿੱਚ ਫਿੱਟ ਕਰ ਦਿੱਤਾ ਜਾਵੇ ਅਤੇ ਉਸਨੂੰ ਪਿਆਰ ਨਾਲ ਕਹਿ ਦਿੱਤਾ ਜਾਵੇ ਇਤਿ ਸਿਧਮ। ਪਾਪਰ ਇਸਨੂੰ ਵਿਗਿਆਨ ਦੇ ਨਾਮ ਉੱਤੇ ਇਕ ਖੁਦ ਪਾਖੰਡ ਮੰਨਦੇ ਹਨ।

ਇਸਦੇ ਉਲਟ ਵਿਗਿਆਨ ਦੀ ਲਲਕ ਆਪਣੀ ਵਿਆਖਿਆ ਦੇ ਪ੍ਰਤੀ ਨ ਹੋ ਕੇ ਆਪਣੇ ਕਿਸੇ ਵੀ ਸੰਕਲਪ ਦੇ ਪੂਰਵ ਜਾਂ ਆਸ਼ਿਕ ਖੰਡਨ ਦੇ ਪ੍ਰਤਿ ਤਰਜੀਹ ਦੇਣਾ ਹੈ। ਇਹ ਖੰਡਨ ਹੀ ਵਿਗਿਆਨ ਦੇ ਕਿਸੇ ਸਿਧਾਂਤ ਨੂੰ ਟਿਕਾਉਂਦਾ ਹੈ। ਆਈਨਸਟਾਈਨ ਵੀ ਇਸ ਚੀਜ਼ ਨੂੰ ਮਹੱਤਵ ਦਿੰਦੇ ਸਨ। ਐਡਿੰਗਟਨ ਸੂਰਜ ਗ੍ਰਹਿਣ ਸਮੇਂ ਆਪਣੇ ਪੂਰਵ ਅਨੁਮਾਨਾਂ ਨੂੰ ਲੈ ਕੇ ਉਹ ਕਿਸੇ ਕਠਮੁੱਲਾਵਾਦੀ ਗ੍ਰੰਥ ਤੋਂ ਪਰੇਸ਼ਾਨ ਨਹੀਂ ਸਨ। ਬਲਕਿ ਉਨ੍ਹਾਂ ਨੂੰ ਸਪਸ਼ਟ ਕਿਹਾ ਸੀ ਕਿ ਉਲਟੇ ਨਤੀਜਿਆਂ ਨਾਲ ਗੁਰੂਤਾਕਰਸ਼ਣ ਦੇ ਸੰਬੰਧ ਵਿੱਚ ਉਨ੍ਹਾਂ ਦੇ ਸਾਪੇਖਤਾ ਸਿਧਾਂਤ ਨੂੰ ਤਾਰਕਿਕ ਰੂਪ ਨਾਲ ਟਿਕਣ ਦਾ ਆਧਾਰ ਮਿਲੇਗਾ। ਇਸ ਲਈ ਵਿਗਿਆਨ ਨੂੰ ਹਮੇਸ਼ਾ ਨਿਰਣਾਜਨਕ ਜਾਂਚ ਤੋਂ ਖੰਡਿਤ ਹੋਣ ਲਈ ਤਿਆਰ ਰਹਿਣਾ ਚਾਹੀਦਾ ਹੈ। ਪਾਪਰ ਨੇ ਆਪਣੀ ਆਤਮਕਥਾ ਵਿੱਚ ਲਿਖਿਆ ਹੈ ਕਿ ਆਈਨਸਟਾਈਨ ਦੇ ਪ੍ਰਤੀ ਉਨ੍ਹਾਂ ਦਾ ਸਨਮਾਨ ਇਸ ਲਈ ਹੋਰ ਵੱਧ ਗਿਆ। ਅਨੁਭਵ ਪ੍ਰਯੋਗਾਂ ਨਾਲ ਕੋਈ ਸਿਧਾਂਤ ਪੂਰਾ ਜਾਂ ਅੰਸ਼ਿਕ ਰੂਪ ਨਾਲ ਖੰਡਿਤ ਹੀ ਹੁੰਦਾ ਹੈ ਨਾ ਕਿ ਸਥਾਪਿਤ। ਇਸ ਨਾਲ ਵਿਗਿਆਨ ਪੂਰਣਤਵ ਦੀ ਖੋਜ ਦੀ ਤਰ੍ਹਾਂ ਉੱਨਮੁੱਖ ਰਹਿੰਦਾ ਹੈ। ਪਾਪਰ ਦੇ ਹੱਥੋਂ ਵਿਗਿਆਨ ਦੀ ਇਹ ਯਾਤਰਾ ਇਕ ਅਨੰਤ ਯਾਤਰਾ ਬਣ ਜਾਂਦੀ ਹੈ ਜਿਸ ਵਿਚ ਹਰ ਅਗਲਾ ਪੜਾਅ ਸਾਨੂੰ ਸਚਾਈ ਲੱਭਣ ਦੇ



ਕਰੀਬ ਪਹੁੰਚਾਉਂਦਾ ਹੈ ਜਿਸਦੇ ਲਈ ਉਨ੍ਹਾਂ ਨੂੰ ਇਕ ਖ਼ਾਸ ਸ਼ਬਦ ਸੱਚ ਦਾ ਆਭਾਸ ਦਾ ਪ੍ਰਯੋਗ ਹੈ। ਇਸ ਸ਼ਬਦ ਦੀ ਚੋਣ ਤੋਂ ਹੀ ਉਨ੍ਹਾਂ ਦੀ ਚਿਤਾਵਨੀ ਅਤੇ ਸੰਵੇਦਨਸ਼ੀਲਤਾ ਦਾ ਅੰਦਾਜ਼ ਲਗਾਇਆ ਜਾ ਸਕਦਾ ਹੈ। ਚਿਤਾਵਨੀ ਇਸ ਲਈ ਕਿ ਨਾ ਤਾਂ ਵਿਗਿਆਨ ਕਦੇ ਅੰਤਿਮ ਸੱਚ ਦਾ ਦਾਅਵਾ ਕਰ ਸਕੇ ਅਤੇ ਨਾ ਹੀ ਅਨੁਸੰਧਾਨ ਦਾ ਉਸਦਾ ਜਜ਼ਬਾ ਕਦੇ ਪਸਤ ਹੋਵੇ। ਤੁਸੀਂ ਦੇਖੋਗੇਂ ਕਿ ਪਾਪਰ ਦੀ ਅਟਪਟੀ ਜ਼ਿੱਦ ਹੀ ਉਨ੍ਹਾਂ ਨੂੰ ਇਕੋ ਤਰ੍ਹਾਂ ਵਿਗਿਆਨ ਦੇ ਦਰਸ਼ਨ ਅਤੇ ਗਿਆਨ ਦੇ ਦਰਸ਼ਨ ਦੀ ਵੀ ਇਕ ਧਰੁੰਤਰ ਸਾਖ਼ਸਾਤ ਬਣਾ ਦਿੰਦੀ ਹੈ। ਇਹੀ ਵਿਗਿਆਨਿਕ ਤਾਰਕਿਕਤਾ ਦਾ ਉਨ੍ਹਾਂ ਦਾ ਆਪਣਾ ਖੰਡਨਵਾਦੀ ਦਰਸ਼ਨ ਸ਼ਾਸਤਰ (Popper's falsificationist philosophy of scientific criticism) ਹੈ।

ਚੱਲੋ! ਥੋੜ੍ਹਾ ਇਹ ਵੀ ਦੇਖਿਆ ਜਾਵੇ ਕਿ ਉਹ ਸਵੀਕਾਰਤਾ ਦੇ ਪ੍ਰਤਿ ਪਿਸ਼ਟਪੇਸ਼ਣ ਵਾਦੀ ਮਾਨਸਿਕਤਾ ਦੀ ਖ਼ਬਰ ਕਿਵੇਂ ਲੈਂਦੇ ਹਨ। ਇੱਥੇ ਤੁਹਾਨੂੰ ਇਕ ਸ਼ੁੱਧ ਦਾਰਸ਼ਨਿਕ ਪਾਪਰ ਦੇ ਦਰਸ਼ਨ ਹੋਣਗੇ ਜਿਸਦਾ ਕੰਮ ਜਿਨ੍ਹਾਂ ਮੌਲਿਕ ਹੈ ਉਨਾ ਹੀ ਉਹ ਮਨੋਵਿਗਿਆਨਿਕਵਾਦ, ਆਗਮਨਾਤਮਕ ਪੱਧਤੀ ਅਤੇ ਸ਼ਬਦਾਰਥ ਵਿਗਿਆਨ ਦੇ ਕਿਲੇ ਵਿਚ ਸੇਂਧ ਲਗਾਉਣ ਵਾਲਾ ਵੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਤਿੰਨਾਂ ਦੇ ਇੰਟਰਪਲੇ ਵਿੱਚ ਵਸਤੂਪਰਕ ਗਿਆਨ ਕਦੇ ਵੀ ਹਾਸਿਲ ਨਹੀਂ ਕੀਤਾ ਜਾ ਸਕਦਾ ਹੈ। (1) ਖੇਡ ਸ਼ੁਰੂ ਕਰਦੀ ਹੈ ਆਗਮਨਾਤਮਕ ਪੱਧਤੀ। ਉਹ ਸਾਮਾਨ ਅਵਧਾਰਨਾਵਾਂ ਪ੍ਰਸਤਾਵਿਤ ਕਰਦੀ ਹੈ। (2) ਇਕ ਮਨੋਰਚਨਾ ਜਿਸਦਾ ਕੰਮ ਪ੍ਰਸਤਾਵਿਤ ਅਵਧਾਰਨਾਵਾਂ ਦੇ ਸਮਰਥਨ ਵਿੱਚ ਅਨੁਭਾਵਿਕ ਪ੍ਰਤਯ ਖੜ੍ਹੇ ਕਰਦਾ ਹੈ। (3) ਭਾਸ਼ਾ ਵਿੱਚ ਇਨ੍ਹਾਂ ਦੋਵਾਂ ਦੇ ਮਨ-ਮੁਤਾਬਿਕ ਰੂਪ ਵਿਚ ਸਮਨਵ ਇਸ ਖੇਡ ਦਾ ਤੀਸਰਾ ਪਹਿਲੂ ਹੈ। ਇਹੀ ਸਿੰਮੈਟਿਕਸ ਯਾਨਿ ਸ਼ਬਦਾਰਥ ਵਿਗਿਆਨ ਦੇ ਖੇਤਰ ਹੈ।

ਪਾਪਰ ਨੇ ਇਨ੍ਹਾਂ ਤਿੰਨਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਕਿਹਾ ਕਿ ਸਾਕਾਰਾਤਮਕ ਵਾਦੀਆਂ ਨੇ ਇਨ੍ਹਾਂ ਦਾ ਘਾਲਮਾਲ ਕਰਕੇ ਸਾਰਾ ਮਾਮਲਾ ਉਲਝਾ ਕੇ ਰੱਖ ਦਿੱਤਾ ਹੈ। ਉਹ ਗਿਆਨ ਦੇ ਮਨੋਵਿਗਿਆਨਿਕ ਅਤੇ ਗਿਆਨ ਦੇ ਤਾਰਕਿਕ ਸਵਰੂਪਾਂ ਨੂੰ ਆਪਸ ਵਿੱਚ ਉਲਝਾ ਦਿੱਤਾ ਹੈ। ਉਹ ਸ਼ਿਕਾਇਤ ਹੀ ਨਹੀਂ ਕਰਦੇ ਬਲਕਿ ਵਸਤੂਪਰਕ ਗਿਆਨ ਦਾ ਆਪਣਾ ਮਾਡਲ ਵੀ ਪ੍ਰਸਤੁਤ ਕਰਦੇ ਹਨ। ਉਨ੍ਹਾਂ ਨੇ ਯਥਾਰਥ ਦੇ ਤਿੰਨ ਸੰਸਾਰ ਦੱਸੇ ਸੰਸਾਰ 1 ਯਾਨਿ ਵਸਤੂਪਰਕ ਭੌਤਿਕ ਖੇਤਰ, ਸੰਸਾਰ 2 ਯਾਨਿ ਮਨ ਆਤਮਪਰਕ ਖੇਤਰ ਅਤੇ ਸੰਸਾਰ 3 ਯਾਨਿ ਗਿਆਨ ਦਾ ਵਸਤੂਪਰਕ ਖੇਤਰ। ਇਸ ਨੂੰ ਪਾਠਕ ਉਨ੍ਹਾਂ ਦੀ ਕਿਤਾਬ Objective Knowledge ਦੇ ਅੰਤਰਗਤ Epistemology Without a Knowing subject ਅਤੇ On the Theory of the Objective Mind ਨਾਮਕ ਤੀਜੇ ਅਤੇ ਚੌਥੇ ਅਧਿਆਇ ਵਿੱਚ ਵਿਸਥਾਰ ਪੜ੍ਹ ਸਕਦੇ ਹਾਂ।

ਪਾਪਰ ਆਈਨਸਟਾਈਨ ਦੀ ਇਸ ਧਾਰਨਾ ਨੂੰ ਯਾਦ ਕਰਦੇ ਹਨ ਕਿ ਸ਼੍ਰਿਸ਼ਟੀ ਦੇ ਰਹੱਸ ਸੁਲਝਾਉਣ ਦੇ ਲਈ ਜਿਹੜੇ ਸਰਵਭੌਮਿਕ ਨਿਯਮਾਂ ਦੀ ਖੋਜ ਵਿਗਿਆਨਿਕ ਕਰਨਾ ਚਾਹੁੰਦੇ ਹਨ ਉਹ ਅਜੀਬ ਹੈ ਕਿਉਂਕਿ ਉੱਥੇ ਤੱਕ ਪਹੁੰਚਣ ਦਾ ਕੋਈ ਤਰਕਸੰਗਤ ਰਸਤਾ ਫਿਲਹਾਲ ਨਹੀਂ ਸੁਝਦਾ। ਇਸ ਤਰ੍ਹਾਂ ਡੇਵਿਡ ਹਿਊਮ ਵੀ ਪੱਛਦੇ ਹਨ, ਇਕ-ਇਕ ਘਟਨਾ ਜਾਂ ਇਕ-ਇਕ ਪ੍ਰਮਾਣ ਦੇ ਬਲ ਉੱਤੇ ਸ਼੍ਰਿਸ਼ਟੀ ਜਾਂ ਉਨ੍ਹਾਂ ਦੇ ਸਰਵਭੌਮਿਕ ਨੂੰ ਭਲਾ ਕਿਵੇਂ ਸਮਝਾਇਆ ਜਾ ਸਕਦਾ ਹੈ। ਪਾਪਰ ਹਿਊਮ ਨਾਲ ਸਹਿਮਤ ਹਨ ਅਤੇ ਵਿਗਿੰਸਟੀਨ ਦੀ ਇਸ ਧਾਰਨਾ ਨਾਲ ਅਸਹਿਮਤ ਕਿ ਸਾਰਥਿਕਤਾ ਦਾ ਆਧਾਰ ਸੱਤਾਪਨ ਹੈ ਜਿਸ ਨੂੰ ਬਾਅਦ ਵਿੱਚ ਕਾਰਨਪ ਅਤੇ ਦੂਸਰੇ ਤਾਰਕਿਕ ਸਾਕਾਰਾਤਮਕਵਾਦੀਆਂ ਨੇ ਆਪਣਾਇਆ।

ਪਾਪਰ ਕਹਿੰਦੇ ਹਨ ਜੁਗਾੜ ਦੀ ਇਹ ਖੇਡ ਵਿਗਿਆਨ ਵਿੱਚ ਨਹੀਂ ਚੱਲ ਸਕਦੀ। ਵਿਗਿਆਨ ਫਿਨੋਮਾਲੋਜੀ ਦੀਆਂ ਗੁੱਥੀਆਂ ਨੂੰ ਸੁਲਝਾਉਣ ਲਈ ਬਣਿਆ ਰਹੇ, ਇਸਦੇ ਲਈ ਬਹੁਤ ਜ਼ਰੂਰੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਬੌਧਿਕ ਜਾਂ ਪਰੰਪਰਿਕ ਰੂੜ੍ਹੀਆਂ ਜਾਂ ਉਨ੍ਹਾਂ ਦੇ ਪੱਖ ਵਿੱਚ ਪੂਰਵ-ਨਿਰਧਾਰਿਤ ਘੇਰੇਬੰਦੀਆਂ ਢਾਹੀਆਂ ਜਾਣ। ਇਹ ਵਿਗਿਆਨ ਦੇ ਮੁਕਤਕਸ ਦੀ ਰੱਖਿਆ ਦਾ ਵੀ ਇਕ ਰੋਚਕ ਪ੍ਰਸ਼ਨ ਹੈ। ਸਾਮਾਜਿਕ ਵਿਗਿਆਨਾਂ ਵਿੱਚ ਵੀ ਇਸ ਵਿਗਿਆਨਿਕ ਸੰਸਕ੍ਰਿਤੀ ਦਾ ਹੋਣਾ ਜ਼ਰੂਰੀ ਹੈ। ਭਲੇ ਹੀ ਉਹ ਕਾਫੀ ਹੱਦ ਤੱਕ ਜਾਂਚਯੋਗ ਨਹੀਂ ਹੈ। ਮਾਨਵ-ਵਿਵਹਾਰ ਦੇ ਉਦਾਹਰਨਾਂ ਨੂੰ ਆਪਣੇ ਹਿਸਾਬ ਨਾਲ ਤੋੜ-ਮਰੋੜ ਕੇ ਕਿਸੇ ਸਿਧਾਂਤ ਦੀ ਵਿਗਿਆਨਿਕਤਾ ਪ੍ਰਤੀਪਾਦਿਤ ਕਰਨਾ ਇਕ ਤਰ੍ਹਾਂ ਦੀ ਜਾਲਸਾਜ਼ੀ ਹੈ। ਇਨ੍ਹਾਂ ਤੱਥਾਂ ਦਾ ਇਰਾਦਾਤਨ ਦੁਰਪਯੋਗ ਹੈ। ਉਹ ਕਹਿੰਦੇ ਹਨ ਕਿ ਵਿਗਿਆਨ ਨੂੰ ਹਥਿਆਰ ਦੇ ਰੂਪ ਵਿੱਚ ਇਸਤੇਮਾਲ ਕਰਨ ਦੀ ਮਾਨਸਿਕਤਾ ਹੀ ਬੁਰੀ ਹੈ। ਸਾਰੀ ਖੁਰਾਫਾਤ ਇਸ ਮਾਨਸਿਕਤਾ ਵਿੱਚ ਜਨਮ ਲੈਂਦੀ ਹੈ। ਦਰਅਸਲ ਵਿਗਿਆਨ ਨੂੰ ਇਕ ਭਵਿੱਖਦਰਸ਼ੀ ਦੇ ਆਸਨ ਉੱਤੇ ਬਿਠਾ ਦੇਣ ਨਾਲ ਕੁਝ ਉੱਲੂ ਸਿੱਧਾ ਕਰਦੇ ਹਨ। ਵਿਗਿਆਨ ਕਾਫੀ ਹੱਦ ਤੱਕ ਬਹੁਤ ਦੂਰ ਤੱਕ ਦਾ ਆਪਣਾ ਇਕ 'ਰੋਡਮੈਪ' ਬਣਾਉਂਦਾ ਵੀ ਹੈ। ਇਸ ਲਈ ਉਸਨੂੰ ਕਈ ਚਰਣਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਹ ਸਭ ਸੁਧੀ ਪਾਠਕ ਜਾਣਦੇ ਹਨ, ਪਰ ਵਿਗਿਆਨ ਕਦੇ ਆਪਣੀ ਯਾਤਰਾ ਉੱਤੇ ਪੂਰਣ ਵਿਰਾਮ ਨਹੀਂ ਲਗਾਉਂਦਾ। ਉਹ ਕਦੇ ਅਸੰਦਿਗਧ ਦਾ ਅਪ੍ਰਸੇਯ ਨਹੀਂ ਬਣਦਾ। ਸ਼ਾਇਦ ਪਾਪਰ ਹਿੰਦੀ ਵਿੱਚ ਲਿਖਦੇ ਤਾਂ ਜ਼ਰੂਰ ਲਿਖਦੇ ਕਿ ਬੇਯਕੀਨੀ ਜਾਂ ਤਰਕਪੂਰਨ ਹੋਣ ਧਾਰਮਿਕ ਪਵਿੱਤਰਤਾ ਦੇ ਮੁਕਤ ਵਿਰੋਧ ਦਾ ਹੀ ਦੂਸਰਾ ਨਾਮ ਵਿਗਿਆਨ ਹੈ।

ਵਿਗਿਆਨ ਅਤੇ ਦਰਸ਼ਨ ਦੋਨਾਂ ਦੇ ਰਸਤੇ ਇਕ ਹੀ ਮੰਜ਼ਿਲ ਦੀ ਤਲਾਸ਼ ਕਰਦੇ ਹਨ। ਇਹ ਜ਼ਰੂਰੀ ਹੈ ਕਿ ਵਿਗਿਆਨ ਵਿੱਚ ਅੰਧ-ਆਸਥਾ ਦੀ ਪ੍ਰਵਿਰਤੀ ਦੇ ਲਈ ਕੋਈ ਜਗ੍ਹਾਂ ਨਹੀਂ ਹੋਣੀ ਚਾਹੀਦੀ। ਇਹ ਤਦ ਹੋ ਸਕਦਾ ਜਦੋਂ ਉਹ ਕਿਸੇ ਵੀ ਅਗਨੀ ਪ੍ਰੀਖਿਆ ਤੋਂ ਪਾਸਾ ਨਾ ਵੱਟੇ। ਚਾਹੇਂ ਇਸ ਨਾਲ ਉਸਦੀ ਉਚਿਚਤਾ ਪ੍ਰਮਾਣਿਤ ਹੋ ਜਾਂ ਉਸਨੂੰ ਝੂਠਾ ਹੀ ਸਾਬਿਤ ਕਿਉਂ ਨਾ ਹੋਣਾ ਪਵੇ, ਇਸ ਲਈ ਵਿਗਿਆਨ ਵਿੱਚ ਸੱਚ ਦੇ ਸ਼ਾਖ਼ਸਾਤਕਾਰ ਦਾ ਕੋਈ ਦਾਅਵਾ ਨਹੀਂ ਚਲਦਾ। ਉੱਥੇ ਗਲਤ ਤਾਂ ਗਲਤ ਹੋ ਹੀ ਜਾਂਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਉੱਥੇ ਸਮੇਂ ਦੇ ਪਿਛਲੇ ਕਈ ਮੋੜਾਂ ਉੱਤੇ ਅਤੇ ਕਈ ਵਾਰੀ ਅਨੁਭਵਾਂ ਦੀ ਕਸੌਟੀ ਪਰ ਸਚ ਸਾਬਿਤ ਹੋਣ ਵਾਲਾ ਕੋਈ ਵਿਗਿਆਨਿਕ ਸਿਧਾਂਤ ਵੀ ਕਿਸੀ ਆਗਾਮੀ ਸਮੇਂ ਵਿੱਚ ਅਚਾਨਕ ਗਲਤ ਸਾਬਿਤ ਹੋ ਜਾਣ ਦੇ ਲਈ ਅਸ਼ਿਸ਼ਟ ਹੁੰਦਾ ਹੈ। ਮਤਲਵ ਇਹ ਹੈ ਕਿ ਕੋਈ ਵੀ ਸਿਧਾਂਤ ਆਪਣੇ ਆਪ ਵਿੱਚ ਕਦੇ ਨਿਰਪੇਖ, ਅਟਕਲ ਜਾਂ ਪਰਮਸੱਚ ਨਹੀਂ ਹੁੰਦਾ। ਉਹ ਸਵਯੰਗ ਜਾਂ ਸਰਵਸਿੱਧ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਲੇਕਿਨ ਜਦੋਂ ਤੱਕ ਉਹ ਗਲਤ ਸਾਬਿਤ ਨਹੀਂ ਹੁੰਦਾਂ ਉਦੋਂ ਤੱਕ ਉਹ ਸੱਚ ਹੀ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਕੋਈ ਵੀ ਵਿਗਿਆਨਿਕ ਅਵਧਾਰਨਾ ਚਿੰਨ੍ਹ-ਚਿਰੰਤਨ ਨ ਹੋ ਕੇ ਇਕ ਸਾਪੇਖ ਅਵਧਾਰਨਾ ਹੁੰਦੀ ਹੈ। ਉਹ ਆਪਣੇ ਸਮੇਂ ਵਿੱਚ ਇਕ ਤਦਰਥ ਸੱਚਾਈ ਹੀ ਬਿਆਨ ਕਰਦੀ ਹੈ।

ਮਸਲਨ ਕੋਈ ਸੋ ਵਰ੍ਹੇ ਤੱਕ ਨਿਊਟਨ ਦੇ ਗੁਰੂਤਾਕਰਸ਼ਣ ਸਿਧਾਂਤ ਦਾ ਕਿਲਾ ਅਭੇਧ ਹੀ ਮੰਨਿਆ ਜਾਂਦਾ ਰਿਹਾ। ਇਹ ਇਕ ਸੀ।ਪਰ ਬਾਅਦ ਵਿੱਚ ਆਈਨਸਟਾਈਨ ਦੇ ਸਿਧਾਂਤਾਂ ਅਤੇ ਕੁਆਂਟਤਮ ਫਿਜੀਕਸ ਨੇ ਉਸਦਾ ਖੰਡਨ ਪ੍ਰਸਤੁਤ ਕੀਤਾ। ਇਸਦਾ ਮਤਲਵ ਇਹ ਵੀ ਨਹੀਂ ਕਿ ਹੁਣ ਨਿਊਟਨ ਦਾ ਸਿਧਾਂਤ ਬੇਮਾਨੀ ਹੋ ਗਿਆ। ਅੱਜ ਵੀ ਅੰਤਰਿਕਸ਼ ਜਾਂ ਬ੍ਰਹਿਮੰਡ ਸੰਬੰਧੀ ਅਧਿਐਨ ਹੋ ਜਾਂ ਉਪਗ੍ਰਹਾਂ ਦਾ

ਪ੍ਰਕੇਸ਼ਣ, ਨਿਊਟਨ ਦੀ ਗਤਿਕੀ ਅਤੇ ਗੁਰੂਤਵ ਸਿਧਾਂਤ ਹੀ ਕੰਮ ਵਿੱਚ ਲਿਆਏ ਜਾਂਦੇ ਹਨ। ਕੁਆਂਟਮ ਫਿਜ਼ੀਕਸ ਦੇ ਆਗਮਨ ਨੂੰ ਦੋ ਤਰ੍ਹਾਂ ਦੇਖਿਆ ਜਾ ਸਕਦਾ ਹੈ। ਇਕ, ਇਸਨੇ ਨਿਊਟਨਵਾਦ ਨੂੰ ਝੂਠਾ ਕਰਾਰ ਦਿੱਤਾ। ਦੋ, ਇਸਨੇ ਨਿਊਟਨਵਾਦ ਵਿੱਚ ਇਕ ਨਵਾਂ ਅਧਿਆਇ ਜੁੜਿਆ।

ਇਸ ਪ੍ਰਕਾਰ ਵਿਗਿਆਨ ਵਿਚ ਹਿਗਸ ਬੋਸਾਨ ਦਾ ਇਕ ਪੁਰਾਣਾ ਮਾਮਲਾ ਚਲ ਰਿਹਾ ਹੈ। ਬ੍ਰਹਿਮੰਡ ਦੀ ਗੁੱਥੀਆਂ ਸੁਲਝਾਉਣ ਲਈ ਇਸ ਕਣ ਦੀ ਭੂਮਿਕਾ ਕਿੰਨੀ ਅਹਿਮ ਹੈ ਇਸਦਾ ਅੰਦਾਜ਼ਾ ਮੀਡੀਆ ਵਿੱਚ ਬਹੁਚਰਚਿਤ ਇਸਦੇ ਇਕ ਦੂਸਰੇ ਨਾਮ ਅਰਥਾਤ ਗਾਡ ਪਾਰਟੀਕਲ ਤੋਂ ਲਗਾਇਆ ਜਾ ਸਕਦਾ ਹੈ। ਇਸ ਕਣ ਦਾ ਅਸਤਿਤਵ ਹੈ ਜਾਂ ਨਹੀਂ ਇਹ ਜਾਨਣ ਲਈ ਹੁਣ ਦਸੰਬਰ 2011 ਵਿਚ ਲਾਰਜ ਹੈਡਨਰ ਕੋਲਾਡਰ (ਐੱਲ ਐੱਚ ਸੀ) ਵਿਚ ਦੋ ਮੁੱਖ ਪ੍ਰਯੋਗ ਕੀਤੇ ਗਏ ਦੋਨਾਂ ਦੇ ਪਾਰੰਭਿਕ ਨਤੀਜਿਆਂ ਤੋਂ ਸੰਕੇਤ ਮਿਲੇ ਹਨ ਕਿ ਹਿਗਸ ਬੋਸਾਨ ਦਾ ਅਸਤਿਤਵ ਹੈ। ਸਵਾਲ ਪੈਦਾ ਹੁੰਦਾ ਹੈ ਕਿ ਇਸ ਨੂੰ ਕੀ ਕਿਹਾ ਜਾਵੇ? ਹਿਗਸ ਬੋਸਾਨ ਦੀ ਅਵਧਾਰਨਾ (ਪਾਪਰ ਦੀ ਸ਼ਬਦਾਵਲੀ ਵਿਚ ਕੰਜੇਕਚਰ) ਦਾ ਕੰਨਪਰਮੇਸ਼ਨ ਜਾ ਰੋਜ਼ਰ ਪੇਨਰੋਜ ਜਿਹੇ ਵੱਡੇ ਖਗੋਲ-ਭੌਤਿਕਵਾਦੀਆਂ ਦੇ ਇਸ ਮਤ ਦਾ ਫਿਲਾਸਫੀਕੇਸ਼ਨ ਕਿ ਕਿਸੇ ਹਿਗਸ ਬੋਸਾਨ ਦਾ ਅਸਤਿਤਵ ਨਹੀਂ ਹੈ? ਪਾਪਰ ਨੂੰ ਮੰਨੀਏ ਤਾਂ ਦਰਸ਼ਨ ਖ਼ਾਸ ਤੌਰ 'ਤੇ ਵਿਗਿਆਨ ਦੇ ਦਰਸ਼ਨ ਵਿਚ ਇਸ ਪ੍ਰਕਾਰ ਦੀ ਤਮਾਮ ਉਲਟਬਾਸੀਆਂ ਪੈਦਾ ਹੁੰਦੀਆਂ ਹਨ।

20ਵੀਂ ਸਦੀ ਵਿੱਚ ਕਈ ਅਜਿਹੀ ਅਵਧਾਰਨਾਵਾਂ ਪ੍ਰਸਤਾਵਿਤ ਕੀਤੀਆਂ ਗਈਆਂ ਹਨ ਜੋ ਇਸ ਕੋਸ਼ਿਸ਼ ਵਿੱਚ ਸਨ ਕਿ ਕੋਈ ਇਕ ਸਿਧਾਂਤ ਅਜਿਹਾ ਹੋਵੇ ਜੋ ਇਸ ਦੁਨੀਆ ਅਤੇ ਸ੍ਰਿਸ਼ਟੀ ਦੀਆਂ ਸਾਰੀਆਂ ਗੁੱਥੀਆਂ ਨੂੰ ਸੁਲਝਾ ਦੇਣ। ਸਾਰੇ ਮੂਲਭੂਤ ਪਦਾਰਥ ਤਥਾ ਚਾਰ ਮੂਲਭੂਤ ਬਲਾਂ ਨੂੰ ਮਿਲਾ ਕੇ ਇਕਮਾਤਰ ਮਾਡਲ ਦੀ ਤਲਾਸ਼। ਯਾਨਿ ਇਕ ਏਕੀਕ੍ਰਿਤ ਸਰਵਭੌਮ ਸਿਧਾਂਤ (theory of everything) ਜਾਂ ਫਿਰ "ਈਸ਼ਵਰ ਦਾ ਕਣ" (God Particle) ਖੋਜਣ ਦੀਆਂ ਇਨ੍ਹਾਂ ਪਰਿਯੋਜਨਾਵਾਂ ਜਾ ਵਿਗਿਆਨਿਕ ਸਰਗਰਮੀਆਂ ਨੂੰ। ਸ਼ਾਇਦ ਉਹ ਮੁਸਕਾਰਦੇ ਅਤੇ ਇਹ ਕਹਿੰਦੇ ਕਿ ਸ੍ਰਿਸ਼ਟੀ ਦੇ ਮੂਲਕਣਾਂ ਨੂੰ ਖੋਜਣ ਤੋਂ ਪਹਿਲਾਂ ਹੀ ਜਦੋਂ ਉਸਨੂੰ ਆਪਣੇ ਭਗਵਾਨ ਦਾ ਕਣ ਘੋਸ਼ਿਤ ਕਰ ਦਿੱਤਾ ਗਿਆ ਹੈ ਤਦ ਹੁਣ ਮੇਰੇ ਬੋਲਣ ਲਈ ਕੀ ਬਚਿਆ ਹੈ।

ਚੂੰਕਿ ਇਹ ਬਾਤ ਸਾਰੇ ਵਿਗਿਆਨਿਕ ਸਿਧਾਂਤਾਂ ਦੇ ਮਾਮਲੇ ਵਿਚ ਲਾਗੂ ਹੁੰਦੀ ਹੈ ਇਸ ਲਈ ਇਹ ਪਾਪਰ ਦੇ 'ਫਿਲਾਸਫੀਕੇਸ਼ਨ' ਦੀ ਸੀਮਾ ਵੀ ਬਣ ਜਾਂਦੀ ਹੈ। ਇਸ ਤਰ੍ਹਾਂ ਉਨ੍ਹਾਂ ਦੇ ਆਲੋਚਕਾਂ ਨੇ ਉਨ੍ਹਾਂ ਦੀ ਪੂਰੀ ਖਿਚੋਤਾਣ ਕੀਤੀ ਹੈ। ਉਨ੍ਹਾਂ ਦੇ ਆਲੋਚਕਾਂ ਦਾ ਕਹਿਣਾ ਸੀ ਕਿ ਵਿਗਿਆਨ ਵਿੱਚ ਇਹ ਤਾਂ ਪਹਿਲਾਂ ਤੋਂ ਵੀ ਹੁੰਦਾ ਚਲਾ ਆ ਰਿਹਾ ਹੈ। ਪਾਪਰ ਜੀ ਨੇ ਇਸ ਵਿੱਚ ਨਵਾਂ ਕੀ ਜੋੜਿਆ ਹੈ? ਜਿਸ ਵਿਗਿਆਨਿਕ ਨਿਗਨਾਤਮਕ ਪੱਧਤੀ ਦੇ ਪੱਖ ਵਿੱਚ ਉਹ ਕਸੀਦੇ ਕੱਢਦੇ ਹਨ ਉਹ ਆਗਮਨਾਤਮਕ ਪੱਧਤੀ ਤੋਂ ਇਕਦਮ ਅਲੱਗ ਨਹੀਂ ਹੈ। ਇਹ ਦੋਨੋਂ ਵਿਗਿਆਨਿਕ ਪੱਧਤੀ ਦੇ ਚੱਕਰ ਵਿੱਚ ਇਕ ਦੂਜੇ ਦੇ ਨਾਲ ਜੁੜੇ ਹੋਏ ਹਨ। ਇਹ ਦੇਖਣ ਦਾ ਆਪਣਾ-ਆਪਣਾ ਦ੍ਰਿਸ਼ਟੀਕੋਣ/ਨਜ਼ਰੀਆ ਹੈ। ਇਸ ਨੂੰ ਇਕ ਜਰਮਨ ਦਾਰਸ਼ਨਿਕ ਕਾਰਲ ਹੇਮਪੇਲ ਨੇ 1965 ਵਿਚ ਕਾਲੇ ਕਾਂ ਦੇ ਉਦਾਹਰਨ ਦੁਆਰਾ ਬੜੇ ਹੀ ਰੌਚਿਕ ਢੰਗ ਨਾਲ ਸਮਝਾਇਆ ਹੈ। ਇਸਨੂੰ ਹੇਮਪੇਲ ਦਾ੍ਰ ਵਓਨ ਫਓਰਓਦੋਣ ਕਿਹਾ ਜਾਂਦਾ ਹੈ। ਪਾਠਕ ਇਸ ਰੌਚਿਕ ਵਿਰੋਧਾਭਾਸ ਨੂੰ ਸੰਭਵ ਖੋਜਣ ਅਤੇ ਪੜ੍ਹਨ।

ਉਨ੍ਹਾਂ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਵਿਗਿਆਨ ਮੁੱਖ ਰੂਪ ਤੋਂ ਆਗਮਨ ਪੱਧਤੀ ਉੱਤੇ ਚਲਦਾ ਹੈ। ਵਿਗਿਆਨ ਦੀ ਭਾਸ਼ਾ ਜ਼ਿਆਦਾਤਰ ਪੁਸ਼ਟੀ ਦੀ ਹੀ ਭਾਸ਼ਾ ਹੈ ਨਾ ਕਿ ਖੰਡਨ ਦੀ। ਉਹ ਸਿੱਧੇ ਹੱਥ ਨੱਕ ਫੜਦਾ ਹੈ, ਹੱਥ ਉਲਟਾ ਕਰ ਕੇ ਘੁਮਾ ਕੇ ਪਿੱਛੇ ਤੋਂ ਨਹੀਂ। ਇਸ ਆਧਾਰ ਉੱਤੇ ਪਾਪਰ ਦੀ ਚੁਟਕੀ ਇਨ੍ਹਾਂ ਸ਼ਬਦਾਂ ਵਿੱਚ ਲਈ ਗਈ ਹੈ. ਜੇਕਰ ਪਾਪਰ ਮਹੋਦਯ ਕਿਸੇ ਘੋੜੇ ਉੱਤੇ ਬਾਜ਼ੀ ਲਗਾਵੇ ਅਤੇ ਕਹੇ ਕਿ ਉਨ੍ਹਾਂ ਦਾ ਘੋੜਾ ਰੇਸ ਜਿੱਤ ਜਾਵੇਗਾ ਅਤੇ ਜੇਕਰ ਉਹ ਘੋੜਾ ਸਚਮੁੱਚ ਰੇਸ਼ ਜਿੱਤ ਜਾਂਦਾ ਹੈ ਤਾਂ ਕੀ ਤੁਹਾਨੂੰ ਕੋਈ ਉਮੀਦ ਹੈ ਕਿ ਪਾਪਰ ਖ਼ੁਸ਼ੀ ਨਾਲ ਚਿਲਾਵੇ, ਵਾਹ ਮੇਰਾ ਘੋੜਾ ਹਾਰਨ ਤੋਂ ਬਚ ਗਿਆ।

ਕੋਲੰਬਿਆ ਵਿਸ਼ਵ ਵਿਦਿਆਲਿਆ ਵਿੱਚ ਵਿਗਿਆਨ ਦੇ ਦਰਸ਼ਨ ਦੇ ਇਕ ਪ੍ਰੋਫੈਸਰ ਅਰਨਸਟ

ਨਾਲੇਜ ਦਾ ਕਹਿਣਾ ਸੀ ਫਿਲਾਸਫੀਕੇਸ਼ਨ ਦੀ ਭੂਮਿਕਾ ਦੇ ਬਾਰੇ ਵਿੱਚ ਪਾਪਰ ਦੀ ਅਵਧਾਰਨਾ ਇਕ ਅਜਿਹਾ ਅਤਿ ਸਰਲੀਕਰਣ ਹੈ ਜੋ ਵਿਗਿਆਨਿਕ ਪ੍ਰਣਾਲੀ ਦਾ ਮਖ਼ੌਲ ਉਡਾਉਂਦਾ ਹੈ। ਪਾਪਰ ਦੇ ਵਿਰੋਧ ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਦਾਰਸ਼ਨਿਕ ਉਨ੍ਹਾਂ ਲੋਕਾਂ ਨੂੰ ਹੀ ਰਾਸ ਆਉਂਦਾਂ ਹੈ ਜਿਨ੍ਹਾਂ ਨੇ ਦਰਸ਼ਨ ਦਾ ਇਤਿਹਾਸ ਨਹੀਂ ਪੜ੍ਹਿਆਂ। ਵਿਗਿਆਨ ਵਿੱਚ ਗਣਿਤ ਜਾਂ ਤਰਕਸਾਸ਼ਤਰ ਦੀ ਤਰ੍ਹਾਂ ਪੱਕਾਪਨ ਨਹੀਂ ਹੈ। ਇਸਦੇ ਗਸਤ ਹੋਣ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ ਅਤੇ ਇਸ ਵਿੱਤ ਲਗਾਤਾਰ ਸੋਧਾਂ ਹੁੰਦੀਆਂ ਰਹਿੰਦੀਆਂ ਹਨ। ਇਤਿਆਦ.....ਇਤਿਆਦ। ਇਹ ਪਾਪਰ ਦੀ ਕੋਈ ਨਾਯਾਬ ਖੋਜ ਨਹੀਂ ਸੀ। ਉਨ੍ਹਾਂ ਤੋਂ ਬਹੁਤ ਪਹਿਲਾਂ ਹੀ ਅਮਰੀਕੀ ਦਾਰਸ਼ਨਿਕ ਚਾਰਲਸ ਪਿਅਰਸ ਨੇ ਇਸ ਨੂੰ ਗਿਆਨ-ਵਿਗਿਆਨ ਦਾ  ਕਿਹਾ ਹੈ ਜਿਸ ਦੀਆਂ ਜੜ੍ਹਾਂ ਅਤੇ ਪਿੱਛੇ ਪ੍ਰਾਚੀਨ ਯੂਨਾਨੀ ਸੰਸ਼ਯਵਾਦ ਵਿੱਚ ਤਲਾਸ਼ੀ ਜਾ ਸਕਦੀ ਹੈ।


ਕੁਝ ਵੀ ਕਹੋ, ਇਸ ਯਹੂਦੀ ਦਾਰਸ਼ਨਿਕ ਨੇ ਕਈ ਖੇਤਰਾਂ ਵਿੱਚ ਆਪਣੀ ਮੌਲਿਕ ਪ੍ਰਤਿਭਾ ਨਾਲ ਮੀਲ ਦੇ ਨਵੇਂ ਪੱਥਰ ਗੱਡੇ। ਨਵੇਂ ਬੁਲੰਦੀਆਂ ਨੂੰ ਛੁਹਿਆ। ਚਿੰਤਨ ਅਤੇ ਵਿਗਿਆਨ ਦੇ ਕਈ ਖੇਤਰਾਂ ਨੂੰ ਤਾਸ਼ ਦੇ ਪੱਤਿਆਂ ਵਾਂਗ ਸੁੱਟਿਆ। ਉਹ ਗਿਆਨ ਦੇ ਦਰਸ਼ਨ, ਸਮਾਜਿਕ ਅਤੇ ਰਾਜਨੀਤਿਕ ਦਰਸ਼ਨ ਦੇ ਖੇਤਰ ਵਿੱਚ ਅਧਿਐਨ ਦੀ ਆਪਣੀ ਸਰਵਥਾ ਨਵੀਂ ਪਹਿਲ ਲਈ ਹਮੇਸ਼ਾ ਯਾਦ ਕੀਤੇ ਜਾਣਗੇ। ਉਹ ਉਦਾਰ ਲੋਕਤੰਤਰ ਤਥਾ ਮੁਕਤ ਸਮਾਜ ਦੇ ਪ੍ਰਤਿ ਆਪਣੀ ਅੱਟਲ ਪ੍ਰਤਿਬੱਧਤਾ ਦੇ ਲਈ ਵੀ ਯਾਦ ਕੀਤੇ ਜਾਣਗੇ।

ਉਨ੍ਹਾਂ ਨੂੰ 92 ਉਮਰ ਦਾ ਇਕ ਲੰਮਾ ਅਤੇ ਖੋਜਪੂਰਣ ਜੀਵਨ ਦਿੱਤਾ ਅਤੇ 17 ਸਤੰਬਰ 1994 ਨੂੰ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ।

ਪੁਸਤਕਾਂ

The logic of Scientific Discovery (1934)
The poverty of historicism (1936)
The open society and its Enemies (1945)
Conjectures And Refutations (1963)
Unended Quest (1992) (autobiography)

ਮੂਲ ਲੇਖਕ: ਸ਼ੁਸ਼ੀਲ ਕ੍ਰਿਸ਼ਨ ਗੋਰੇ
ਪੰਜਾਬੀ ਅਨੁਵਾਦ : ਕਰਮਜੀਤ
ਸੰਪਰਕ:karamjeet15315@gmail.com



# ਪਾਬਲੋ ਪਿਕਾਸੋ ਅਤੇ ਗੁਰਾਇਨਕਾ

ਵੀਹਵੀਂ ਸਦੀ ਵਿਚ ਜਦੋਂ ਕਲਾ ਜਗਤ ਵਿਚ ਨਵੇ ਨਵੇਂ ਤਜਰਬੇ ਹੋ ਰਹੇ ਸੀ। ਦੂਸਰੇ ਪਾਸੇ ਪਹਿਲੇ ਵਿਸ਼ਵ ਯੁੱਧ ਦਾ ਝੰਬਿਆ ਹੋਇਆ ਯੂਰਪ ਪੱਕੇ ਪੈਰੀਂ ਹੋ ਹੀ ਰਿਹਾ ਸੀ ਕਿ ਇਸ ਦੇ ਰਾਜਨੀਤਿਕ ਦ੍ਰਿਸ਼ ਤੇ 1930 ਤੋਂ ਬਾਅਦ ਅਚਾਨਕ ਬਦਲਾਅ ਆਉਣਾ ਸ਼ੁਰੂ ਹੋ ਗਿਆ। ਥੋੜ੍ਹੇ ਸਾਲਾਂ ਵਿਚ ਹੀ ਹਿਟਲਰ ਦਾ ਰੁਤਬਾ ਦਿਓ ਕੱਦ ਹੋ ਗਿਆ । ਉਸ ਦੀ ਸ਼ਕਤੀ ਸਾਹਮਣੇ ਪੂਰੀ ਦੁਨੀਆਂ ਅਚੰਭਿਤ ਹੋ ਗਈ ਸੀ। ਵੱਡੇ ਵੱਡੇ ਰਾਸ਼ਟਰ ਉਸ ਦੇ ਸਾਹਮਣੇ ਕੰਬ ਰਹੇ ਸਨ । ਉਸ ਸਮੇਂ ਦੀ ਪ੍ਰੈੱਸ, ਬੁੱਧੀਜੀਵੀਆਂ ਅਤੇ ਕਲਾਕਾਰਾਂ ਨੇ ਭੇਦਭਰੀ ਚੁੱਪੀ ਸਾਧ ਰੱਖੀ ਸੀ। ਪੂਰੀ ਦੁਨੀਆਂ ਦਾ ਧਰੁਵੀ ਕਰਨ ਹੋ ਚੁੱਕਿਆ ਸੀ। 1940 ਵਿਚ ਸਪੇਨ ਦਾ ਇਕ ਛੋਟਾ ਜਿਹਾ ਸ਼ਹਿਰ ਉਸ ਦੀ ਕਰਤੂਤਾਂ ਦਾ ਸ਼ਿਕਾਰ ਹੋ ਗਿਆ ਸੀ।ਇਸ ਕਰੂਰਤਾ ਵਾਰੇ ਕਿਸੇ ਨੇ ਕੁਝ ਕਹਿਣ ਦੀ ਹਿੰਮਤ ਨਹੀਂ ਕੀਤੀ ਸੀ। ਪਰ ਦੂਜੇ ਕਲਾਕਾਰ ਵਾਂਗੂੰ ਆਪਣੇ ਸੰਸਾਰ ਵਿਚ ਰੁੱਝੇ ਹੋਏ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋ ਦਾ ਕਲਾਕਾਰ ਮਨ ਬੇਚੈਨ ਹੋ ਉੱਠਿਆ ਤੇ ਉਸ ਨੇ ਗੁਰਾਇਨਕਾ ਨਾਮ ਦਾ ਚਿੱਤਰ ਬਣਾ ਕੇ ਹਿਟਲਰ ਦੇ ਜ਼ੁਲਮਾਂ ਖ਼ਿਲਾਫ਼ ਆਪਣੀ ਆਵਾਜ਼ ਨੂੰ ਬੁਲੰਦ ਕੀਤਾ। ਇਹ ਉਸ ਦੇ ਜੀਵਨ ਦੇ ਪਹਿਲਾ ਰਾਜਨੀਤਿਕ ਭਾਵਨਾ ਦੇ ਪ੍ਰਗਟਾਅ ਵਾਲਾ ਚਿੱਤਰ ਸੀ।

ਪਾਬਲੋ ਪਿਕਾਸੋ ਦਾ ਜਨਮ 25 ਅਕਤੂਬਰ 1881 ਨੂੰ ਸਪੇਨ ਦੇ ਸ਼ਹਿਰ ਮਾਲਾਗਾ ਵਿਖੇ ਹੋਇਆ। ਪਿਤਾ ਜੋਸ਼ ਰੂਈਜ ਵਾਈ ਅਤੇ ਮਾਤਾ ਮਾਰੀਅ ਪਿਕਾਸੋ ਤੇ ਸਪੇਨ ਦੇ ਨਾਮਕਰਨ ਰਿਵਾਜ ਅਨੁਸਾਰ ਆਪਣੇ ਕਈ ਰਿਸ਼ਤੇਦਾਰਾਂ ਦੇ ਨਾਮ ਨੂੰ ਸਮਰਪਿਤ ਕਰਦੇ ਹੋਏ ਉਸ ਦਾ ਨਾਮ "ਪਾਬਲੋ ਡਿਏਗੋ ਜੋਨ ਫਰਾਸਿਕੋ ਡੀ ਪਾਲਾ ਜੋਨ ਨੀ ਪੋਸਕੀਉ ਮਾਰੀਆ ਡੀ ਰੈਮਡੀਜ ਸਿਪਰਾਡੋ ਡੀ ਲਾਅ ਸੈਂਟੀਗਮ ਡੂਰੀਨਾਦ ਰੂਜ ਵਾਈ

ਪਿਕਾਸੋ" ਰੱਖਿਆ। ਇਸ ਵੱਡੇ ਨਾਮ ਨੂੰ ਛੋਟਾ ਕਰ ਕੇ ਸਿਰਫ਼ ਪਾਬਲੋ ਪਿਕਾਸੋ ਹੀ ਪ੍ਰਚੱਲਿਤ ਹੋਇਆ। ਪਿਕਾਸੋ ਹੈਨਰੀ ਮਿਤਾਸ ਅਤੇ ਮਾਰਬਲ ਡੁਸਾਪ ਨੂੰ 20ਵੀ ਸਦੀ ਦੇ ਪਹਿਲੇ ਦਹਾਕੇ ਵਿਚ ਬੁੱਤ-ਤਰਾਸ਼ੀ ਚਿੱਤਰਕਾਰੀ, ਪ੍ਰਿੰਟ ਮੇਕਿੰਗ ਅਤੇ ਸਿਰੇਮਿਕ ਡਿਜ਼ਾਇਨਿੰਗ ਵਿਚ ਇਨਕਲਾਬੀ ਪ੍ਰਭਾਵ ਪਾਉਣ ਵਾਲਾ ਮੰਨਿਆ ਜਾਂਦਾ ਹੈ। ਕੁਝ ਕਲਾ ਵਿਸ਼ਲੇਸ਼ਕ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਪਿਕਾਸੋ ਤੋਂ ਬਿਨਾਂ ਆਧੁਨਿਕ ਕਲਾਂ ਵਿਚ ਕੁਝ ਨਹੀ ਬਚਦਾ। ਉਸ ਨੂੰ ਮਾਡਰਨ ਆਰਟ ਦਾ ਸਿਰਜਣਹਾਰ ਕਹਿ ਕੇ ਸਨਮਾਨ ਦਿੱਤਾ ਜਾਂਦਾ ਹੈ ।

ਪਿਕਾਸੋ ਦੀ ਮਾਤਾ ਦਾ ਪਿਛੋਕੜ ਇਟਲੀ ਦੇ ਸ਼ਾਹੀ ਖ਼ਾਨਦਾਨ ਨਾਲ ਕਈ ਪੀੜੀਆਂ ਪਿੱਛੇ ਜਾ ਕੇ ਜੁੜਦਾ ਸੀ। ਉਸ ਦਾ ਪਿਤਾ ਰੂਇਜ ਮੱਧਵਰਗੀ ਪਰਿਵਾਰ ਨਾਲ ਸਬੰਧ ਰੱਖਦਾ ਸੀ। ਉਸ ਦਾ ਪਰਿਵਾਰ ਕੈਥੋਲਿਕ ਪਰੰਪਰਾਵਾਂ ਦਾ ਧਾਰਣੀ ਸੀ। ਉਸ ਦਾ ਪਿਤਾ ਕਲਾ ਵਿਚ ਡੂੰਘੀ ਰੁਚੀ ਰੱਖਦਾ ਸੀ। ਉਸ ਨੂੰ ਚਿੱਤਰਕਾਰੀ ਬਹੁਤ ਪਸੰਦ ਸੀ। ਉਸ ਨੇ ਕਲਾ ਅਧਿਆਪਕ ਅਤੇ ਅਜ਼ਾਇਬ-ਘਰ ਦੇ ਨਿਗਰਾਨ ਵਜੋਂ ਹੀ ਸਾਰੀ ਜ਼ਿੰਦਗੀ ਕੰਮ ਕੀਤਾ। ਰੂਇਜ ਦੇ ਪੂਰਵਜ ਵੀ ਸਾਮੰਤ ਪਰਿਵਾਰ ਵਿਚੋਂ ਸਨ। ਪਿਕਾਸੋ ਦੀ ਕਲਾ ਤੇ ਡਰਾਇੰਗ ਵਿਚਲੀ ਰੁਚੀ ਨੇ ਉਸ ਨੂੰ ਟੁੰਬਿਆ। ਰੂਇਜ ਨੇ ਬਾਲ ਪਾਗਲੋ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ। ਪਿਕਾਸੋ ਨੇ ਆਪਣੇ ਪਿਤਾ ਤੋਂ ਹੀ ਸ਼ੁਰੂਆਤੀ ਤੇਲ ਪੇਂਟਿੰਗ ਅਤੇ ਫਿੱਗਰ ਡਰਾਇੰਗ ਦੀ ਸਿੱਖਿਆ ਲਈ।

ਪਿਤਾ ਰੂਇਜ ਰੂੜ੍ਹੀਵਾਦੀ ਖ਼ਿਆਲਾਂ ਵਾਲਾ ਵਿਅਕਤੀ ਸੀ। ਉਸ ਦਾ ਮੰਨਣਾ ਸੀ ਕਿ ਵਿਸ਼ੇਸ਼ ਸਿਖਲਾਈ, ਸਖ਼ਤ ਅਨੁਸ਼ਾਸਨ ਤੇ ਅਭਿਆਸ ਨਾਲ ਹੀ ਕਲਾ ਵਿਚ ਮੁਹਾਰਤ ਆ ਸਕਦੀ ਹੈ। ਇਸ ਲਈ ਪਿਕਾਸੋ ਨੂੰ ਕਾਫੀ ਮਸ਼ੱਕਤ ਰੋਜ਼ਾਨਾ ਚਿੱਤਰਾਂ ਦੀ ਨਕਲ ਕਰਨ, ਮਨੁੱਖੀ ਸਰੀਰ ਦੀ ਡਰਾਇੰਗ ਅਤੇ ਪਲਾਸਟਰ ਦੀ ਮੂਰਤੀਆਂ ਤੇ ਬੁੱਤ ਬਣਾਉਣ ਲਈ ਕਰਨੀ ਪੈਂਦੀ ਸੀ। ਪਿਕਾਸੋ ਦਾ ਪਰਿਵਾਰ 1891 ਵਿਚ ਏਕੋਰਨਾ ਚਲਾ ਗਿਆ। ਜਿੱਥੇ ਉਸ ਦੇ ਪਿਤਾ ਨੂੰ ਕਲਾ ਸਕੂਲ ਵਿਚ ਅਧਿਆਪਕ ਦੀ ਨੌਕਰੀ ਮਿਲ ਗਈ ਸੀ। ਚਾਰ ਸਾਲਾਂ ਵਿਚ ਉਸ ਨੇ ਕਾਫੀ ਕੁਝ ਸਿੱਖਿਆ। 1895 ਵਿਚ ਪਿਕਾਸੋ ਦੀ ਸੱਤ ਸਾਲ ਦੀ ਛੋਟੀ ਭੈਣ ਦੀ ਮੌਤ ਨੇ ਉਸ ਨੂੰ ਝੰਜੋੜ ਦਿੱਤਾ । ਤੇਰਾਂ ਸਾਲ ਦਾ ਪਿਕਾਸੋ ਨੇ ਸੁਤੰਤਰ ਕੰਮ ਵੱਲ ਕਦਮ ਵਧਾਏ। ਪਿਕਾਸੋ ਦੇ ਚਾਚੇ ਨੇ ਉਸ ਨੂੰ ਟਰੇਨਿੰਗ ਹਿਤ ਮੈਡਰਿਡ ਭੇਜਣ ਦਾ ਫ਼ੈਸਲਾ ਕੀਤਾ ਤੇ ਸੋਲ੍ਹਾਂ ਸਾਲ ਦੀ ਉਮਰ ਵਿਚ ਉਸ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਘਰੋਂ ਪੈਰ ਪੁੱਟਿਆ ਅਤੇ ਹਮੇਸ਼ਾ ਲਈ ਕਲਾ ਦੀ ਦੁਨੀਆਂ ਦਾ ਹੋ ਗਿਆ। ਪਿਕਾਸੋ ਦੀ ਟਰੇਨਿੰਗ ਤਾ ਪਿਤਾ ਦੀ ਦੇਖ ਰੇਖ ਵਿਚ 1890 ਵਿਚ ਹੋ ਗਈ ਸੀ। ਇਸ ਤੋਂ ਬਾਅਦ ਉਹ ਸੰਨ 1900 ਵਿਚ ਕੁਝ ਸਮਾਂ ਉਹ ਪੈਰਿਸ ਗਿਆ। ਪੈਰਿਸ ਉਸ ਸਮੇਂ ਕਲਾ ਦਾ ਕੇਂਦਰ ਮੰਨਿਆ ਜਾਂਦਾ ਸੀ। ਉੱਥੇ ਬਹੁਤ ਸਾਰੇ ਸਮਕਾਲੀਨ ਕਲਾਕਾਰਾਂ ਨਾਲ ਸੰਪਰਕ ਬਣਿਆ। ਉਸ ਦੀ ਕਲਾ ਉੱਪਰ ਇਸ ਦਾ ਬਹੁਤ ਪ੍ਰਭਾਵ ਪਿਆ। ਉਸ ਸਮੇਂ ਪ੍ਰਭਾਵ ਵਾਦੀ ਕਲਾ ਖੇਤਰ ਉੱਪਰ ਛਾਏ ਹੋਏ ਸਨ, ਪਰ ਪਿਕਾਸੋ ਕੁਝ ਨਵਾਂ ਕਰਨਾ ਚਾਹੁੰਦਾ ਸੀ। ਸਪੇਨ ਵਾਪਸ ਆ ਕੇ ਉਸ ਨੇ ਕਈ ਚਿੱਤਰ ਬਣਾਏ। 1904 ਵਿਚ ਉਸ ਨੇ ਮਸਖ਼ਰੇ ਦੇ ਚਿੱਤਰ ਨਾਲ ਦੂਸਰਾ ਤਰੀਕਾ ਕਾਇਮ ਕੀਤਾ। 1906 ਵਿਚ ਈਵੋਜੋਣ ਦ ਔਰਤ ਦਾ ਚਿੱਤਰ ਬਹੁਤ ਚਰਚਿਤ ਹੋਇਆ। 1909 ਵਿਚ ਪਿਕਾਸੋ ਨੇ ਕਿਊਬਜਿਮ ਨੂੰ ਕਲਾ ਦੇ ਖੇਤਰ ਵਿਚ ਲਿਆਂਦਾ। ਜਿਹੜਾ ਲੰਬਾ ਸਮਾਂ

ਆਲੋਚਨਾ ਦਾ ਕੇਂਦਰ ਰਿਹਾ। ਜਿਸ ਵਿਚ ਕਿਸੇ ਵਸਤੂ ਨੂੰ ਤੋੜ ਕੇ ਅਧਿਐਨ ਕਰ ਕੇ ਦੁਬਾਰਾ ਬਣਾਉਣਾ ਹੈ। ਪਿਕਾਸੋ ਨੇ ਬਹੁਤ ਸਾਰੇ ਬੁੱਤ, ਕੋਲਾਜ ਅਤੇ ਚਿੱਤਰ ਬਣਾਏ, ਜਿਨ੍ਹਾਂ ਵਿਚ ਬੁੱਢਾ ਗਿਟਾਰ ਵਾਲਾ, ਲਾਡੀ ਮੈਸਣਾ ਲਾਰਜ ਬਾਥਰ, ਪੇਂਟਰ ਐਂਡ ਮਾਡਲ, ਆਰਟਿਸਟ ਐਂਡ ਹਿਜ਼ ਮਾਡਲ, ਨੀਂਦ (Asleep), ਬਲਿਊ ਨਿਊਡ, ਪਾਈਪ ਵਾਲਾ ਲੜਕਾ (Boy with pipe), ਬੁੱਲ ਫਾਈਟ, ਗੁਰਾਈਨਕਾ ਆਦਿ। ਇਹਨਾਂ ਵਿਚ ਗੁਰਾਈਨਕਾ ਦੇ ਹਿੱਸੇ ਉਸ ਦੀ ਰਾਜਨੀਤਿਕ ਵਿਚਾਰਧਾਰਾ ਕਾਰਣ ਅਥਾਹ ਪ੍ਰਸਿੱਧੀ ਪ੍ਰਾਪਤ ਹੋਈ। ਦੁਨੀਆਂ ਦੀਆਂ ਪਹਿਲੀਆਂ ਦਸ ਪੇਂਟਿੰਗਜ਼ ਵਿਚ ਸ਼ਾਮਿਲ ਗੁਰਾਇਨਕਾ ਦਾ ਮੁੱਲ ਕਰੋੜਾਂ ਡਾਲਰ ਦੇ ਵਿਚ ਆਖਿਆ ਜਾਂਦਾ ਹੈ। ਹੁਣ ਇਹ ਰੇਨ ਸੋਫੀਆ ਅਜਾਇਬ-ਘਰ ਮੈਡਰਿਡ ਸਪੇਨ ਦੀ ਸ਼ਾਨ ਵਧਾ ਰਹੀ ਹੈ ।

ਪਿਕਾਸੋ ਭਾਵੇਂ ਰਾਜਨੀਤਿਕ ਤੌਰ 'ਤੇ ਬਹੁਤਾ ਚੇਤਨ ਨਹੀ ਸੀ, ਪਰ ਫੇਰ ਵੀ ਉਹ ਦਿਲੋਂ ਲੋਕਤੰਤਰ ਦੀ ਇੱਜ਼ਤ ਕਰਦਾ ਸੀ। 14 ਅਪ੍ਰੈਲ 1937 ਨੂੰ ਸਪੇਨ ਵਿਚ ਪਰਜਾਤੰਤਰੀ ਸਰਕਾਰ ਬਣਨ ਦੀ ਘੋਸ਼ਣਾ ਹੋਈ, ਪਰ ਪਿਕਾਸੋ ਨੇ ਗ੍ਰਹਿ ਯੁੱਧ ਸ਼ੁਰੂ ਹੋਣ ਤੱਕ ਰਾਜਨੀਤੀ ਵਿਚ ਲੇਸ ਮਾਤਰ ਵੀ ਧਿਆਨ ਨਾ ਦਿੱਤਾ। ਜਦੋਂ ਉਸ ਨੂੰ ਰਾਜ ਤੰਤਰ ਅਤੇ ਗਣਤੰਤਰ ਸਬੰਧੀ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਸੀ ਕਿ, '' ਕਿ ਰਾਜਾ ਹੈ ਤਾਂ ਹੈ ਇਸ ਲਈ ਮੈ ਉਸ ਵੱਲ ਹੀ ਹਾਂ।'' ਭਾਵੇਂ ਉਸ ਨੇ ਪਹਿਲਾਂ ਹੋਈ ਰੂਸੀ ਕ੍ਰਾਂਤੀ ਦਾ ਸਵਾਗਤ ਕੀਤਾ ਸੀ, ਪਰ ਉਹ ਰੂਪੋਸ਼ ਕ੍ਰਾਂਤੀਕਾਰੀਆਂ ਤੋਂ ਕੰਨੀ ਕਤਰਾਉਂਦਾ ਸੀ ਕਿ ਇਸ ਦੋਸ਼ ਵਿਚ ਉਸ ਨੂੰ ਫਰਾਂਸ ਤੋਂ ਬਾਹਰ ਨਾ ਕੱਢ ਦਿੱਤਾ ਜਾਵੇ । ਮੋਰਾਕੋ ਯੁੱਧ ਵਿਚ ਕਮਿਊਨਿਸਟਾਂ ਦਾ ਪੱਖ ਭਾਵੇਂ ਉਸ ਨੇ ਦੱਬਵੇਂ ਸੁਰ ਨਾਲ ਲਿਆ ਸੀ, ਪਰ ਸਪੇਨ ਦੇ ਰਾਜਨੀਤਿਕ ਬਦਲਾਅ ਤੋਂ ਉਹ ਉਦਾਸੀਨ ਹੀ ਸੀ। ਪਿਕਾਸੋ ਵਿਚ ਜਿੰਨੀ ਨਿਰਮਾਣ ਅਤੇ ਰਚਨਾ ਕਰਨ ਦੀ ਸਮਰੱਥਾ ਸੀ ਉਨ੍ਹਾਂ ਉਹ ਹਮਲਾਵਰ ਰੁੱਖ ਰੱਖਦਾ ਸੀ ਤਾਂ ਨਾਲ ਰੂੜ੍ਹੀਵਾਦੀ ਵਿਚਾਰ ਵੀ ਉਸ ਉੱਪਰ ਹਾਵੀ ਰਹਿੰਦੇ ਸਨ। ਸਪੇਨ ਗ੍ਰਹਿ ਯੁੱਧ ਵਿਚ ਉਲਝਿਆ ਹੋਇਆ ਸੀ। ਉੱਥੋਂ ਬੁਰੀਆਂ ਖ਼ਬਰਾਂ ਆ ਰਹੀਆਂ ਸਨ। ਰਿਪਬਲਿਕ ਸੈਨਾਵਾਂ ਸਾਰੇ ਮੋਰਚਿਆਂ ਤੋਂ ਹਾਰਦੀ ਹੋਈ ਪਿੱਛੇ ਹਟ ਰਹੀ ਸੀ। ਕਿਊਬਾ ਕਤਲੇਆਮ ਦਾ ਰਚੇਤਾ ਜਰਨਲ ਫਰੈਂਕੋ ਰਾਸ਼ਟਰਵਾਦੀ ਸੈਨਾ ਦੇ ਨਾਮ ਹੇਠ ਜਰਮਨੀ ਤੇ ਇਟਲੀ ਦੀ ਸਹਾਇਤਾ ਨਾਲ ਅੱਗੇ ਵਧ ਰਿਹਾ ਅੱਤਿਆਚਾਰ ਦੀਆਂ ਸਾਰੀਆਂ ਸੀਮਾਵਾਂ ਨੂੰ ਉਲੰਘ ਰਿਹਾ ਸੀ, ਪਰ ਈਸਾਈ ਸੰਸਕ੍ਰਿਤੀ ਨੂੰ ਬਚਾਉਣ ਦੇ ਨਾਮ ਹਰ ਪਿੰਡ ਵਿਚ ਕੁਹਰਾਮ ਮਚਾਇਆ ਹੋਇਆ ਸੀ। ਕਈ ਹਫ਼ਤਿਆਂ ਦੀ ਲੜਾਈ ਤੋਂ ਬਾਅਦ ਜਰਨਲ ਫ੍ਰੈਂਕੋ ਦੀਆਂ ਫ਼ੌਜਾਂ ਨੇ ਪਿਕਾਸੋ ਦੀ ਜਨਮ ਭੂਮੀ ਮਾਲਗਾ ਤੇ ਕਬਜਾ ਕਰ ਲਿਆ। ਖ਼ੂਨ ਨਾਲ ਲੱਥ ਪੱਥ ਲੋਕ ਜਾਨ ਬਚਾਉਣ ਲਈ ਭੱਜ ਰਹੇ ਸਨ। ਜਰਨਲ ਫਰੈਂਕੋ ਦੇ ਜੰਗੀ ਜਹਾਜ਼ ਉਨ੍ਹਾਂ ਦਾ ਸ਼ਿਕਾਰ ਕਰ ਰਹੇ ਸਨ। ਅੰਤਰਰਾਸ਼ਟਰੀ ਫ਼ੌਜਾਂ ਦੇ ਬ੍ਰਿਗੇਡ ਨੇ ਆਂਦਰੇ ਮਾਲਰੋ ਦੀ ਅਗਵਾਈ ਹੇਠ ਇੱਥੇ ਫਰੈਂਕੋ ਦਾ ਫ਼ੈਸਲਾ ਕੁੰਨ ਟਾਕਰਾ ਕੀਤਾ, ਪਰ ਪਿਕਾਸੋ ਦੀ ਰਾਜਨੀਤਕ ਚੇਤਨਾ ਦੇ ਦਰਵਾਜੇ ਹਾਲੇ ਵੀ ਬੰਦ ਸਨ ਕੇ ਅਚਾਨਕ ਅਖ਼ਬਾਰਾਂ ਦੀਆਂ ਸੁਰਖ਼ੀਆਂ ਨੇ ਉਸ ਨੂੰ ਬੇਚੈਨ ਕਰ ਦਿੱਤਾ। ਇਕ ਮਈ 1937 ਦੀ ਸ਼ਾਮ ਦੀ ਅਖ਼ਬਾਰ ਵਿਚ ਪਿਕਾਸੋ ਨੇ ਗੁਰਾਨਾਇਕਾ ਦੇ ਨਰ-ਸੰਹਾਰ ਨੂੰ ਪੜ੍ਹਿਆ। ਉਹ ਦੁੱਖ ਨਾਲ ਛਟਪਟਾ ਉੱਠਿਆ। ਜਦੋਂ ਦਰਦ ਥੋੜ੍ਹਾ ਘਟਿਆ ਤਾਂ ਸੜ ਚੁੱਕੇ ਗੁਰਾਇਨਕਾ ਪਿੰਡ ਦੇ ਚਿੱਤਰ ਦੇਖੇ।

ਪਿਕਾਸੋ ਨੂੰ ਪਤਾ ਲੱਗਿਆ ਕਿ 26 ਅਪ੍ਰੈਲ 1937 ਵਾਲੇ ਦਿਨ ਇਸ ਸੱਤ ਅੱਠ ਹਜਾਰ ਆਬਾਦੀ ਵਾਲੇ ਪਿੰਡ ਦੀ ਵਿਚ ਹਫ਼ਤਾਵਾਰੀ ਬਾਜ਼ਾਰ ਲੱਗਿਆ ਹੋਇਆ ਸੀ। ਨੇੜਲੇ ਪਿੰਡਾਂ ਦੇ ਕਿਸਾਨ ਅਤੇ ਆਮ

ਲੋਕ ਪਰਿਵਾਰਾਂ ਸਮੇਤ ਖ਼ਰੀਦਦਾਰੀ ਕਰਨ ਪਹੁੰਚੇ ਹੋਏ ਸੀ ਕਿ ਅਚਾਨਕ ਸ਼ਾਮ ਦੇ ਸਾਢੇ ਚਾਰ ਵਜੇ ਹਵਾਈ ਹਮਲੇ ਦੀ ਘੰਟੀ ਲਗਾਤਾਰ ਵੱਜਣ ਲੱਗੀ। ਗ੍ਰਹਿ ਯੁੱਧ ਦੇ ਸ਼ੁਰੂ ਹੋਣ ਤੋਂ ਬਾਅਦ ਇਹ ਪਹਿਲੀ ਵਾਰ ਹੋ ਰਿਹਾ ਸੀ। ਅੱਖ ਝਪਕਣ ਦੇ ਸਮੇਂ ਵਿਚ ਹੀ ਜਰਮਨ ਲੜਾਕੂ ਜਹਾਜ਼ਾਂ ਦੀ ਟੁਕੜੀ ਅਸਮਾਨ ਵਿਚ ਆ ਪ੍ਰਗਟ ਹੋਈ ਤੇ ਲੋਕ ਇਸ ਤੋਂ ਪਹਿਲਾਂ ਕੁਝ ਸਮਝ ਸਕਦੇ ਉਨ੍ਹਾਂ ਨੇ ਮਸ਼ੀਨ-ਗੰਨਾਂ ਦੀਆਂ ਗੋਲਿਆਂ ਤੇ ਬੰਬਾਂ ਦਾ ਮੀਂਹ ਵਰਾ ਦਿੱਤਾ। ਹਰ ਵੀਹ ਮਿੰਟ ਬਾਅਦ ਜਰਮਨ ਜੰਕਰ ਦੀ ਟੋਲੀ ਅਸਮਾਨ ਤੋ ਕਹਿਰ ਵਰਸਾਉਣ ਲੱਗੀ। ਰਾਤ ਦੇ ਅੱਠ ਵਜੇ ਤੱਕ ਮੌਤ ਦਾ ਤਾਂਡਵ ਹੁੰਦਾ ਰਿਹਾ। ਗੁਰਾਇਨਕਾ ਨਾਮ ਦਾ ਪਿੰਡ ਰਾਖ ਦੇ ਢੇਰ ਵਿਚ ਬਦਲ ਗਿਆ ਅਤੇ ਜਰਨਲ ਫਰੈਂਕੋ ਨੂੰ ਮਦਦ ਦੇ ਨਾਮ ਉੱਤੇ ਹਿਟਲਰ ਨੇ 1624 ਲੋਕਾਂ ਨੂੰ ਸਦਾ ਦੀ ਨੀਂਦ ਸਵਾ ਦਿੱਤਾ ਅਤੇ ਅੱਠ ਸੋ ਤੋਂ ਜ਼ਿਆਦਾ ਲੋਕ ਬੁਰੀ ਤਰਾਂ ਜ਼ਖ਼ਮੀ ਹੋ ਗਏ ਸਨ। ਇਹ ਸਾਰਾ ਵਰਣਨ ਜਾਣ ਕੇ ਪਿਕਾਸੋ ਨੇ ਇਸ ਦੇ ਖ਼ਿਲਾਫ਼ ਆਪਣਾ ਹਥਿਆਰ ਬੁਰਛ ਚੁੱਕਣ ਦਾ ਫ਼ੈਸਲਾ ਕੀਤਾ।

ਕਿਸੇ ਵੀ ਰਾਜਨੀਤਕ ਪ੍ਰਤੀਬੱਧਤਾ ਨੂੰ ਨਾ ਮੰਨਣ ਵਾਲਾ ਕਲਾਕਾਰ ਮਨ ਇਕ ਖ਼ਾਸ ਪ੍ਰਤੀਬੱਧ ਚਿੱਤਰਕਾਰ ਦੇ ਰੂਪ ਵਿਚ ਪਹਿਚਾਣੇ ਜਾਣ ਵੱਲ ਵਧਣ ਲੱਗਾ। ਦੁਨੀਆਂ ਨੇ ਬਿਜਲੀ ਦੀ ਚਮਕ ਵਾਂਗੂ ਚਕਾਚੌਂਧ ਕਰਨ ਵਾਲਾ ਵਰਸ਼ ਦਾ ਪ੍ਰਭਾਵ ਦੇਖਿਆ। ਗੁਰਾਇਨਕਾ ਦੀ ਤਬਾਹੀ ਦੀਆਂ ਤਸਵੀਰਾਂ ਨੇ ਉਸ ਦਾ ਦਿਲ ਕੰਬਾਊ ਚਿੱਤਰ ਉਸ ਦੀ ਅੱਖਾਂ ਸਾਹਮਣੇ ਸਾਕਾਰ ਕਰ ਦਿੱਤਾ। ਦੁੱਖ ਦੀ ਅੱਗ ਵਿਚ ਜਲ ਰਹੇ ਸਪੇਨ ਦੀ ਤ੍ਰਾਸਦੀ ਨੇ ਉਸ ਨੂੰ ਬੇਚੈਨ ਕਰ ਦਿੱਤਾ ਸੀ। ਉਸ ਦੇ ਦੇਸ਼ਵਾਸੀ ਰੋਜ਼ਾਨਾ ਹੀ ਉਸ ਦੇ ਕੋਲ ਜਾ ਕੇ ਆਪਣੇ ਦੁੱਖਾਂ ਨੂੰ ਦੱਸਦੇ ਅਤੇ ਉਸ ਨੇ ਫਰਾਂਸ ਸਰਕਾਰ ਤੱਕ ਪਹੁੰਚ ਕੀਤੀ ਪ੍ਰੰਤੂ ਕੋਈ ਸਫਲਤਾ ਉਸ ਦੇ ਹੱਥ ਨਾ ਲੱਗੀ। ਇਸ ਦੇ ਬਾਵਜੂਦ ਫਰਾਂਸ ਅਤੇ ਬ੍ਰਿਟੇਨ ਦੇ ਅਖ਼ਬਾਰਾਂ ਨੇ ਬੜੇ ਵੱਡੇ ਪੱਧਰ ਤੇ ਇਸ ਨਰ-ਸੰਹਾਰ ਦੀ ਚਰਚਾ ਕੀਤੀ। ਜਰਨਲ ਫਰੈਂਕੋ ਮੇ ਇਸ ਤੋਂ ਮੁਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਪਿਕਾਸੋ ਬੇਚੈਨ ਹੋ ਚੁੱਕਿਆ ਸੀ ਉਸ ਨੇ ਆਪਣੇ ਮਿਲਣ ਵਾਲਿਆਂ ਨੂੰ ਕਿਹਾ ਕਿ ਸਪੇਨ ਵਿਚ ਲੋਕਾਂ ਦੀ ਆਜ਼ਾਦੀ ਅਤੇ ਦਮਨਕਾਰੀ ਸ਼ਕਤੀਆਂ ਵਿਚ ਯੁੱਧ ਚੱਲ ਰਿਹਾ ਹੈ। ਇਸ ਸੰਘਰਸ਼ ਨੂੰ ਮੈਂ ਆਪਣੇ ਤਰੀਕੇ ਨਾਲ ਚਿੱਤਰ ਦਾ ਰੂਪ ਦੇਣ ਜਾ ਰਿਹਾ ਹਾਂ।

ਮੈਡਰਿਡ ਵਿਚਲੇ ਆਪਣੇ ਸਟੂਡੀਓ ਵਿਚ ਅਗਲੇ ਕਈ ਦਿਨਾਂ ਦੇ ਮੰਥਨ ਤੋਂ ਬਾਅਦ ਨੌਂ ਮਈ ਦੇ ਦਿਨ ਇਸ ਚਿੱਤਰ ਤੇ ਕੰਮ ਕਰਨਾ ਸ਼ੁਰੂ ਕੀਤਾ। 1936 ਤੋਂ ਉਸ ਨਾਲ ਕੰਮ ਕਰ ਰਹੀ ਉਸ ਦੀ ਸਾਥਣ ਡੋਰਾ ਮਾਰ ਇਸ ਮਹਾਨ ਕਿਰਤ ਦੀ ਸਾਥੀ ਸੀ। ਪਿਕਾਸੋ ਦਾ ਅਮਰੀਕਨ ਜੋਹਨ ਫੇਰਰ ਵੀ ਉਸ ਸਮੇਂ ਉਸ ਦੇ ਸਟੂਡੀਓ ਵਿਚ ਮੌਜੂਦ ਸੀ। ਗ੍ਰਾਦ ਔਗੁਮਤ ਦੇ ਸਟੂਡੀਓ ਵਿਚ 11 ਫੁੱਟ ਉੱਚਾ ਅਤੇ 25.6 ਫੁੱਟ ਚੌੜਾ ਸਾਈਜ਼ ਦਾ ਵਿਸ਼ਾਲ ਕੈਨਵਸ ਕੰਧ ਤੇ ਲਾਇਆ ਗਿਆ। ਪਿਕਾਸੋ ਕਦੇ ਲੰਬੀ ਡੰਡੇ ਵਾਲੇ ਬੁਰਸ਼ ਕਦੇ ਸਟੂਲ ਅਤੇ ਕਦੇ ਪੌੜੀ ਦੀ ਮਦਦ ਨਾਲ ਉਸ ਉੱਪਰ ਕੰਮ ਕਰ ਰਿਹਾ ਸੀ। ਗੁਰਾਇਨਕਾ ਦੇ ਲਈ ਉਸ ਨੇ ਕਾਲੇ, ਸਫ਼ੇਦ, ਅਤੇ ਸਲੇਟੀ ਰੰਗਾਂ ਦੀ ਵਰਤੋਂ ਕੀਤੀ। ਜਲੇ ਹੋਏ ਇਸ ਪਿੰਡ ਦੀਆਂ ਤਸਵੀਰਾਂ ਨੇ ਇਹਨਾਂ ਰੰਗਾਂ ਦੀ ਵਰਤੋਂ ਕਰਨ ਲਈ ਉਸ ਨੂੰ ਪ੍ਰੇਰਿਤ ਕੀਤਾ। ਇਸ ਚਿੱਤਰ ਵਿਚ ਉਸ ਨੇ ਆਧੁਨਿਕ ਕਲਾ ਦੀ ਵਰਤੋਂ ਕੀਤੀ। ਪਿਕਾਸੋ ਪ੍ਰਭਾਵ ਵਾਦੀ ਕਲਾ ਨੂੰ ਬਹੁਤਾ ਚੰਗਾ ਨਹੀ ਸਮਝਦਾ ਸੀ। ਇਸ ਲਈ ਉਹ ਗੂੜ੍ਹੇ ਅਤੇ ਬਹੁਤੇ ਰੰਗਾਂ ਤੋਂ ਪਰਹੇਜ਼ ਹੀ ਕਰਦਾ ਸੀ। ਉਸ ਨੇ ਚਿੱਤਰ ਤੇ ਬਹੁਤ ਮਿਹਨਤ ਕੀਤੀ ਲਗਭਗ ਪੈਂਤੀ ਦਿਨ ਡੀ ਅਥੱਕ

ਮਿਹਨਤ ਤੋਂ ਬਾਅਦ ਇਹ ਸੰਪੂਰਨ ਹੋਇਆ। ਜਿਸ ਨੇ ਦੇਖਣ ਵਾਲਿਆਂ ਨੂੰ ਅਚੰਭਿਤ ਕਰ ਦਿੱਤਾ। ਪਹਿਲੀ ਨਜ਼ਰ ਵਿਚ ਇਸ ਚਿੱਤਰ ਨੂੰ ਪਰਿਭਾਸ਼ਿਤ ਕਰਨਾ ਬੇਹੱਦ ਮੁਸ਼ਕਿਲ ਹੈ। ਇਸ ਵਿਚ ਚਾਰੇ ਪਾਸੇ ਮੌਤ ਅਤੇ ਮਰ ਰਹੇ ਦਿਖਾਈ ਦਿੰਦੇ ਹਨ। ਸਾਰਾ ਦ੍ਰਿਸ਼ ਇਕ ਕਮਰੇ ਦਾ ਹੈ। ਖੁੱਲ੍ਹੇ ਖੱਬੇ ਪਾਸੇ ਇਕ ਸਾਹਨ ਅੱਖਾਂ ਚੌੜੀਆਂ ਕਰੀ ਖੜਾ ਹੈ। ਇਕ ਔਰਤ ਨੇ ਆਪਣੇ ਮਰ ਚੁੱਕੇ ਬੱਚੇ ਨੂੰ ਬਾਂਹਾਂ ਵਿਚ ਘੁੱਟਿਆ ਹੋਇਆ ਹੈ। ਹੱਥ ਵਿਚ ਕੈਪ ਫੜੀ ਖੜੀ ਇਕ ਔਰਤ, ਰੋਮਨ ਯੁੱਧ ਦੀ ਯਾਦ ਨੂੰ ਤਾਜਾਂ ਕਰਦਾ ਇਕ ਘੌੜਾਗੁੱਸੇ ਨਾਲ ਫੁੰਕਾਰਦਾ ਕੁਚਲਦਾ ਹੋਇਆ ਅੱਗੇ ਵਧ ਰਿਹਾ ਹੈ। ਘੋੜੇ ਦੇ ਹੇਠਾਂ ਇਕ ਮਰ ਚੁੱਕਿਆ ਸਿਪਾਹੀ ਪਿਆ ਨਜ਼ਰ ਆਉਂਦਾ ਹੈ। ਜਿਸ ਨੇ ਆਪਣੀ ਟੁੱਟੀ ਹੋਈ ਖੰਡਿਤ ਤਲਵਾਰ ਨੂੰ ਹਾਲੇ ਵੀ ਫੜਿਆ ਹੋਇਆ ਹੈ। ਉਸ ਦੀ ਦੂਸਰੀ ਖੁੱਲ੍ਹੀ ਹਥੇਲੀ ਉਸ ਦੇ ਦੇਸ਼ ਉੱਪਰ ਮਰ ਮਿਟਣ ਨੂੰ ਦਰਸਾਉਂਦੀ ਪ੍ਰਤੀਤ ਹੁੰਦਾ ਹੈ ਤੇ ਸਭ ਤੋਂ ਉੱਪਰ ਬੁਰਾਈ ਦੀ ਨਜ਼ਰ ਵਾਂਗੂੰ ਪੀਲੀ ਰੋਸ਼ਨੀ ਛੱਡਦਾ ਬਲਬ ਨਜ਼ਰ ਆਉਂਦਾ ਹੈ। ਪਿੱਛੇ ਦੁੱਖ ਨਾਲ ਲਿਪਤ ਅਕਾਰ ਨਜ਼ਰ ਆ ਰਿਹਾ ਹ। ਇਸ ਚਿੱਤਰ ਵਿਚ ਮੌਤ ਦਾ ਤਾਂਡਵ ਨਜ਼ਰ ਆਉਂਦਾ ਹੈ। ਸਪੇਨ ਦੇ ਸਭਿਆਚਾਰ ਦੇ ਦੋ ਮੁੱਖ ਅੰਗ ਬੁੱਲ ਤੇ ਘੋੜਾ ਦਿਖਾਈ ਦੇ ਰਹੇ ਹਨ। ਪਿਕਾਸੋ ਨੇ ਆਖਿਆਂ ਸੀ ਕਿ ਬੁੱਲ ਬੁੱਲ ਹੈ ਅਤੇ ਘੋੜਾ ਘੋੜਾ ਹੈ ਭਾਵ ਮੇਰੀ ਪੇਂਟਿੰਗ ਵਿਚ ਚੀਜ਼ਾਂ ਬਹੁਤ ਸੱਚੀਆਂ ਹਨ। ਭਾਵ ਉਸ ਨੇ ਸਾਹਨ ਦੇ ਰੂਪ ਵਿਚ ਆਮ ਲੋਕਾਂ ਦੇ ਜੁਲਮ ਅੱਗੇ ਝੁਕਣ ਨੂੰ ਪੇਸ਼ ਕੀਤਾ ਹੈ। ਘੋੜਾ ਜੁਲਮ ਦਾ ਪ੍ਰਤੀਕ ਹੈ। ਤਿੰਨ ਜੂਨ 1937 ਨੂੰ ਇਸ ਨੂੰ ਪੂਰਾ ਕਰਦੇ ਸਾਰ ਹੀ ਪਿਕਾਸੋ ਨੇ 4 ਜੂਨ ਨੂੰ ਇਸ ਦੀ ਪ੍ਰਦਰਸ਼ਨੀ ਲਾ ਦਿੱਤੀ। ਉਸ ਦੀ ਇਹ ਸ਼ੈਲੀ ਨੂੰ ਰਿਪਬਲਿਕ ਨੇਤਾਵਾਂ ਨੇ ਭਾਵੇਂ ਬਹੁਤਾ ਪਸੰਦ ਨਾ ਕੀਤਾ, ਪਰ ਵਿਸ਼ੇਸ਼ਕਾਰਾਂ ਨੇ ਉਸ ਨੂੰ ਹੱਥਾਂ ਉੱਪਰ ਚੁੱਕ ਲਿਆ।

1939 ਵਿਚ ਨਿਊਯਾਰਕ ਵਿਚ ਲੱਗੀ ਪ੍ਰਦਰਸ਼ਨੀ ਨੇ ਇਸ ਨੂੰ ਵਿਸ਼ਵ ਪ੍ਰਸਿੱਧ ਕਰ ਦਿੱਤਾ। ਇਸ ਨੇ ਕਲਾ ਪਾਰਖੂਆਂ ਤੋਂ ਲੈ ਕੇ ਸਧਾਰਣ ਲੋਕਾਂ ਦੇ ਦਿਲਾਂ ਨੂੰ ਛੂਹਿਆ। ਉੱਥੇ ਦੇਖਣ ਗਈ ਇਕ ਇਸਤਰੀ ਨੇ ਕਿਹਾ, "ਇਹ ਕੀ ਹੈ, ਸਮਝ ਵਿਚ ਨਹੀ ਆਉਂਦਾ, ਪਰ ਇਕ ਅਜੀਬ ਭਾਵਨਾ ਜਾਗ ਉੱਠਦੀ ਹੈ। ਜਿਵੇਂ ਕੋਈ ਸਾਡੇ ਟੁਕੜੇ ਟੁਕੜੇ ਕਰਨਾ ਚਾਹੁੰਦਾ ਹੈ।" ਇਸ ਉੱਪਰ ਬਹੁਤ ਸਾਰੇ ਲੇਖ ਕਵਿਤਾਵਾਂ ਦੀ ਰਚਨਾ ਹੋਈ। ਪਿਕਾਸੋ ਇਸ ਚਿੱਤਰ ਰਾਹੀਂ ਯੁੱਧ ਦੀ ਤਰਾਸਦੀ ਨੂੰ ਕਲਾਕਾਰ ਦੀ ਨਜ਼ਰ ਨਾਲ ਉਭਾਰਦਾ ਹੋਇਆ ਵਿਸ਼ਵ ਨੂੰ ਇਕ ਵੱਡਾ ਸੁਨੇਹਾ ਦੇਣ ਵਿਚ ਕਾਮਯਾਬ ਹੋਇਆ।



ਭੁਪਿੰਦਰ ਸਿੰਘ ਮਾਨ
ਮੌੜ ਮੰਡੀ(ਬਠਿੰਡਾ)
9417081419

# ਵਿਆਹ ਸਮੇਂ ਦੀਆਂ ਹਮਲਾਵਰ ਰਸਮਾਂ : ਸੰਕਲਨ ਅਤੇ ਕਾਰਜ ਵਿਧੀ

'ਰਸਮ' ਇੰਗਲਿਸ਼ ਦੇ 'Ritual' ਦਾ ਪਰਿਆਏ ਹੈ।'Ritual' ਮੂਲ ਰੂਪ ਵਿੱਚ ਲੈਟਿਨ ਭਾਸ਼ਾ ਦਾ ਸ਼ਬਦ ਹੈ ਜਿਸਦਾ ਧਾਤੂ 'Ritus' ਹੈ, ਜਿਸਦਾ ਅਰਥ 'Custom' ਹੈ। ਜਿਸਦੇ ਕੋਸ਼ਗਤ ਅਰਥ ਰਸਮ, ਰਿਵਾਜ਼, ਦੁਨਿਆਵੀ ਰੀਤਾਂ, ਪੁਰਾਤਨ ਵਿਧੀਆਂ ਆਦਿ ਹਨ। ਡਾ. ਦਰਿਆ ਅਨੁਸਾਰ: "ਰੀਤਾਂ ਬਾਰੇ ਘੋਖ ਕੀਤਿਆਂ ਇਹ ਪਤਾ ਲਗਦਾ ਹੈ ਕਿ ਰੀਤਾਂ ਕਿਸੇ ਕੌਮ ਜਾਂ ਜਾਤੀ ਨੂੰ ਪਰੰਪਰਾਗਤ ਰੂਪ ਵਿਚ ਮਿਲੇ ਅਜਿਹੇ ਪ੍ਰਤੀਕਾਤਮਕ ਨਿਯਮ ਹਨ ਕੋ ਜੀਵਨ ਪ੍ਰਵਾਹ ਨੂੰ ਨਿਯੰਤਰਣ ਕਰਦੇ ਹਨ ਤੇ ਇਹਨਾ ਵਿਚ ਸਮੁੱਚੀ ਜਾਤੀ ਦੀ ਆਸਥਾ ਦੀ ਅਭਿਵਿਅਕਤੀ ਹੈ ਅਤੇ ਇਹ ਲੋਕ ਮਾਨਸ ਨੂੰ ਸੰਤੁਸ਼ਟੀ ਪ੍ਰਦਾਨ ਕਰਦੀ ਹੈ। ਰੀਤਾਂ ਪੀੜ੍ਹੀ ਦਰ ਪੀੜ੍ਹੀ ਮਨੁੱਖ ਦੇ ਵਿਵਹਾਰ ਵਿਚ ਸ਼ਾਮਿਲ ਹੁੰਦੀਆਂ ਹਨ। ਰੀਤਾਂ ਦਾ ਆਧਾਰ ਸਮਾਜ ਦੇ ਸਥਾਪਿਤ ਨੇਮ ਹੁੰਦੇ ਹਨ"[1] ।
ਇਸ ਤਰਾਂ ਇਹ ਰਸਮਾਂ ਵਿਸ਼ੇਸ਼ ਤਰਾਂ ਦੇ ਮੋਕਿਆਂ ਤੇ ਇੱਕ ਨਿਸ਼ਚਿਤ ਤਰਾਂ ਦਾ ਵਿਵਹਾਰ ਹੁੰਦੀਆਂ ਹਨ ਜਿਹੜੀਆਂ ਕਿ ਦੈਵੀ ਸ਼ਕਤੀਆਂ ਵਿੱਚ ਵਿਸ਼ਵਾਸ਼ ਰੱਖ ਕੇ ਨਿਭਾਈਆਂ ਜਾਂਦੀਆਂ ਹਨ। ਇਹਨਾ ਰਸਮਾਂ ਨੂੰ ਸਮਝਣ ਅਤੇ ਪੰਜਾਬੀ ਸਮਾਜ ਵਿਚ ਇਹਨਾ ਦੇ ਪ੍ਰਚਲਿਤ ਵੱਖ ਵੱਖ ਰੂਪਾਂ ਦੀ ਸਾਮੱਘਰੀ ਇਕੱਠੀ ਕਰਨ ਅਤੇ ਰਸਮਾਂ ਦੇ ਮੌਜੂਦਾ ਸਰੂਪ ਤੋਂ ਇਤਿਹਾਸ ਸਮਝਣ ਦੀ ਲੜੀ ਵਿਚ ਹੀ ਸਬੰਧਿਤ ਖੋਜ-ਪੱਤਰ ਦਾ ਵਿਸ਼ਾ ਹੈ ਜਿਸਦਾ ਸਿਰਲੇਖ ਹੈ "ਪੰਜਾਬ ਦੀਆਂ ਵਿਆਹ ਸਮੇਂ ਦੀਆਂ ਆਕਰਮਕ ਰਸਮਾਂ ਅਤੇ ਕਾਰਜ ਵਿਧੀ" ਆਕਰਮਣ ਦਾ ਅਰਥ ਹੈ ਹਮਲਾ ਕਰਨਾ ਵੈਸੇ ਤਾਂ ਵਿਆਹ ਦੀ ਪੂਰੀ ਪ੍ਰਕ੍ਰਿਆ ਹਮਲਾਵਰ ਕਿਸਮ ਦੀ ਹੀ ਹੁੰਦੀ ਹੈ ਕਿਰਪਾਲ ਕਜ਼ਾਕ ਦੇ ਦੱਸਣ ਅਨੁਸਾਰ
"ਬਰਾਤ ਦੀਆਂ ਰਸਮਾਂ ਅਤੇ ਵਿਵਹਾਰ ਇਸ ਤਰਾਂ ਦਾ ਹੁੰਦਾ ਹੈ ਜਿਵੇਂ ਇਕ ਰਾਜੇ ਨੇ ਦੂਸਰੇ ਤੇ ਹਮਲਾ ਕੀਤਾ ਹੋਵੇ ਤਲਵਾਰ, ਘੋੜੀ, ਵਿਅਕਤੀਆਂ ਦਾ ਇਕੱਠ ਕੁੜੀ ਵਾਲਿਆਂ ਦਾ ਸਾਮਾਨ ਅਤੇ ਕੁੜੀ ਆਪਣੇ ਨਾਲ ਲੈ ਆਉਣਾ ਆਦਿ ਸਾਰੇ ਯੁਧ ਸਥਿਤੀ ਵਰਗੇ ਹਾਲਾਤਾਂ ਦੇ ਪ੍ਰਤੀਕ ਹਨ"[2] ।
ਵਿਆਹ ਸਮੇਂ ਬਰਾਤ ਦੀ ਸਥਿਤੀ ਅਤੇ ਵਿਵਹਾਰ ਤੋਂ ਇਲਾਵਾ ਕੁਝ ਅਜਿਹੀਆਂ ਰਸਮਾਂ ਹਨ ਜਿੰਨ੍ਹਾਂ ਦਾ ਰੂਪ ਅਤੇ ਕਾਰਜ ਵਿਧੀ ਹਮਲਾਵਰ ਕਿਸਮ ਦੀ ਹੈ। ਇਹਨਾਂ

ਰਸਮਾਂ ਵਿਚ ਜਾਂ ਤਾਂ ਕਿਸੇ ਹਥਿਆਰ ਦੀ ਵਰਤੋਂ ਹੁੰਦੀ ਹੈ ਜਾਂ ਯੁਧ ਵਰਗਾ ਸੰਘਰਸ਼ ਹੈ। ਪੰਜਾਬੀ ਵਰਣਮਾਲਾ ਦੀ ਤਰਤੀਬ ਅਨੁਸਾਰ ਇਹ ਰਸਮਾਂ ਦਾ ਵਰਣਨ ਇਸ ਪ੍ਰਕਾਰ ਹੈ।

**ਸਰਕੜ੍ਹਾ ਖੇਡਣਾ :** ਕਾਨਿਆਂ ਦੇ ਬੂਟੇ ਨੂੰ ਸਰਕੜ੍ਹਾ ਆਖਿਆ ਜਾਂਦਾ ਹੈ, ਜਦੋਂ ਲਾੜਾ ਘੋੜੀ ਤੇ ਬੈਠਾ ਹੁੰਦਾ ਹੈ ਜਾਂ ਕਾਰ ਦੀ ਤਾਕੀ ਖੋਲਦਾ ਹੈ ਤਾਂ ਲੜਕੀ ਦੀਆਂ ਭੈਣਾ, ਸਹੇਲੀਆਂ ਅਤੇ ਹੋਰ ਸਬੰਧੀ ਕੁੜੀਆਂ ਆਪਣੇ ਹੱਥ ਵਿੱਚ ਸਰਕੜ੍ਹਾ ਲੈ ਕੇ ਲਾੜੇ ਦੇ ਮਾਰਦੀਆਂ ਹਨ। ਇਸ ਉਪਰੰਤ ਲਾੜਾ ਘੋੜੀ ਜਾਂ ਕਾਰ ਤੋਂ ਉਤਰਦਾ ਹੈ।

**ਕੰਗਨਾ/ ਗਾਨਾ ਖੇਡਣਾ ਜਾਂ ਲੱਸੀ ਮੁੰਦਰੀ :** ਲਾੜੇ ਦੇ ਗੁੱਟ ਤੇ ਬੱਨ੍ਹੇ ਗਾਨੇ ਨੂੰ ਕੰਗਣਾ ਵੀ ਕਿਹਾ ਜਾਂਦਾ ਹੈ। ਇਸ ਰਸਮ ਲਈ ਕਿਸੇ ਪਰਾਂਤ ਵਿੱਚ ਦੁੱਧ ਅਤੇ ਪਾਣੀ ਮਿਲਾ ਕੇ ਕੱਚੀ ਲੱਸੀ ਬਣਾ ਕੇ ਪਾ ਲਈ ਜਾਦੀ ਹੈ, ਅਤੇ ਉਸ ਵਿੱਚ ਲਾੜੇ ਦੀ ਭਾਬੀ ਜਾਂ ਕਿਸੇ ਸੁਹਾਗਣ ਔਰਤ ਦੁਆਰਾ ਲਾੜਾ ਲਾੜੀ ਦੇ ਇਕ ਤਰਾਂ ਦੇ ਯੁਧ ਰੂਪੀ ਖੇਲ ਵਿਚ ਰੈਫਰੀ ਦੀ ਭੂਮਿਕਾ ਨਿਭਾਉਦਿਆਂ ਹੋਇਆਂ ਇਕ ਚਾਂਦੀ ਦਾ ਸਿੱਕਾ ਸੁੱਟਿਆ ਜਾਂਦਾ ਹੈ। ਲਾੜਾ-ਲਾੜੀ ਇਸ ਸਿੱਕੇ ਨੂੰ ਇੱਕ ਦੂਜੇ ਤੋਂ ਪਹਿਲਾ ਭਾਲਣ ਲਈ ਹੱਥਾ ਨਾਲ ਕੱਚੀ ਲੱਸੀ ਵਿੱਚ ਜੱਦੋਂ-ਜਹਿਦ ਕਰਦੇ ਹਨ। ਅਜਿਹਾ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਜੋ ਪਹਿਲਾ ਸਿੱਕਾ ਭਾਲ ਲੈਂਦਾ ਹੈ ਵਿਆਹੁਤਾ ਜੀਵਨ ਵਿੱਚ ਜੀਵਨ ਸਾਥੀ ਤੇ ਪ੍ਰਭਾਵੀ ਰਹਿੰਦਾ ਹੈ। ਇਸ ਸਮੇਂ ਲਾੜਾ-ਲਾੜੀ ਦੁਆਰਾ ਇੱਕ ਦੂਜੇ ਦਾ ਗਾਨਾ ਖੋਲਿਆ ਜਾਦਾ ਹੈ। ਤਾਰਾਵੰਤੀ ਦੇ ਦੱਸਣ ਅਨੁਸਾਰ :

"ਗੁੱਟ ਤੇ ਬੰਨ੍ਹਿਆ ਹੋਇਆ ਗਾਨਾ ਲਾੜੇ-ਲਾੜੀ ਨੂੰ ਬਦਰੂਹਾਂ ਤੋਂ ਬਚਾਉਂਦਾ ਹੈ।"[3]

ਲਹਿੰਦੇ ਪੰਜਾਬ ਵਿਚ ਇਸ ਰਸਮ ਨੂੰ 'ਗਾਨਾ ਮੁੰਦਰੀ' ਵੀ ਕਿਹਾ ਜਾਂਦਾ ਹੈ। ਲਹਿੰਦੇ ਪੰਜਾਬ ਦੇ ਬਹਾਵਲਪੁਰ ਇਲਾਕੇ ਵਿੱਚ ਗਾਨੇ ਦੀ ਬਣਤਰ ਬਾਰੇ ਦਿਲਸ਼ਾਦ ਕਲਾਂਚਵੀ ਲਿਖਦਾ ਹੈ :

"ਗਾਨਾ ਰੱਤੇ ਤੇ ਪੀਲੇ ਰੰਗ ਦੇ ਕੱਚੇ ਧਾਗਿਆਂ ਨਾਲ ਬਣਾਇਆ ਜਾਂਦਾ ਹੈ, ਗਾਨੇ ਵਿੱਚ ਇਹਨਾਂ ਧਾਗਿਆਂ ਨਾਲ ਲੋਹੇ ਦੇ ਨਰਮ ਛੱਲੇ ਵੀ ਬੱਨ੍ਹੇ ਹੁੰਦੇ ਹਨ। "[4] ਸਿਰਾਇਕੀ ਇਲਾਕੇ ਵਿਚ ਇਹ ਰਸਮ ਘੜੇ ਜਾਂ ਬਾਲਟੀ ਵਿਚ ਸਿੱਕੇ ਪਾ ਕੇ ਕੀਤੀ ਜਾਂਦੀ ਹੈ। ਅਖਤਰ ਹੁਸੈਨ ਅਖਤਰ ਅਨੁਸਾਰ : "ਇਹ ਦੂਲਹਾ ਦੁਲਹਨ ਦੀ ਝਿਜਕ ਖਤਮ

ਕਰਨ ਦੀ ਰਸਮ ਹੈ।"[5] ਇਸ ਸਮੇਂ ਲਾੜਾ-ਲਾੜੀ ਦੁਆਰਾ ਇੱਕ ਦੂਸਰੇ ਦੀ ਮੁੱਠੀ ਖੋਲ ਕੇ ਜ਼ੋਰ ਅਜਮਾਈ ਕਰਨੀ ਮਜ਼ਾਕੀਆਂ ਰਸਮ ਵੀ ਦੋਨਾਂ ਪੰਜਾਂਬਾਂ ਵਿੱਚ ਕੀਤੀ ਜਾਂਦੀ ਹੈ। ਸੱਜ਼ਾਦ ਹੈਦਰ ਪਰਵੇਜ਼ ਇਸ ਬਾਰੇ ਲਿਖਦਾ ਹੈ : "ਕੰਵਾਰ ਦੀ ਮੁੱਠ ਵਿੱਚ ਗੁੜ ਦੀ ਰੋੜੀ ਰੱਖ ਦਿੱਤੀ ਜਾਂਦੀ ਹੈ ਤੇ ਲਾੜਾ ਉਸਦੀ ਮੁੱਠੀ ਖੋਲ ਆਪਣਾ ਜ਼ੋਰ ਦਿਖਾਉਂਦਾ ਹੈ। "[6]

**ਗਾਨਾ ਬੰਨਣਾ :** ਗਾਨਾ ਬੰਨਣ ਦੀ ਰਸਮ ਵਿੱਚ ਲਾੜੇ ਨੂੰ 'ਗਾਨਾ ਹੱਥਾ' ਅਤੇ ਲਾੜੀ ਨੂੰ 'ਗਾਨੇ ਹੱਥੀ' ਕਹਿਣ ਦਾ ਰਿਵਾਜ਼ ਪੰਜਾਬ ਵਿੱਚ ਕਈ ਥਾਵਾਂ ਤੇ ਹੈ ਭਾਵੇਂ ਗਾਨੇ ਦੀ ਖਿਸਕਵੀ ਗੰਢਾ ਵਾਲੀ ਬਨਾਈ ਤੇਲ ਚੜਾਉਣ ਵਾਲੀਆਂ ਸੁਆਣੀਆਂ ਹੀ ਕਰਦੀਆਂ ਹਨ, ਪਰ ਲਾੜੇ ਦੇ ਮੌਜੂਦ ਦੋਸਤ ਉਸ ਉੱਪਰ ਹੋਰ ਪੀਡੀਆਂ ਗੰਡਾਂ ਮਾਰਦੇ ਹੋਏ ਉਸਨੂੰ ਇਹ ਗੰਡਾਂ ਭਰਜਾਈ ਤੋਂ ਖੁਲਵਾਉਣ ਲਈ ਆਖਦੇ ਹਨ। ਉਧਰ ਲਾੜੀ ਦੀਆਂ ਸਹੇਲੀਆਂ ਵੀ ਬਿਲਕੁਲ ਏਸੇ ਤਰ੍ਹਾਂ ਕਰਦੀਆਂ ਹਨ। ਇਹਨਾਂ ਗੰਢਾਂ ਨੂੰ ਵੱਖ-ਵੱਖ ਗੁਣਾਂ ਦਾ ਪ੍ਰਤੀਕ ਚਿੰਨ ਵੀ ਮੰਨੀਆਂ ਜਾਂਦਾ ਹੈ ਗਾਨੇ ਦੀ ਰਸਮ ਤੋਂ ਬਾਅਦ ਵਿਆਹ ਸਮਾਗਮ ਕਦਮ- ਦਰ-ਕਦਮ ਸਿਖਰ ਵੱਲ ਵਧਣਾ ਸ਼ੁਰੂ ਹੋ ਜਾਦਾ ਹੈ। ਕਈ ਵਾਰੀ ਲੋਹੇ ਦਾ ਛੱਲਾ ਅਤੇ ਇੱਕ ਪੋਟਲੀ ਵਿੱਚ ਕਣਕ ਅਤੇ ਚਾਵਲ ਪਾਕੇ ਇੱਕ ਮੋਲੀ ਵਿੱਚ ਪਰੋ ਲਏ ਜਾਂਦੇ ਹਨ ਅਤੇ ਮੁੰਡੇ ਦੀ ਸੱਜੀ ਬਾਂਹ ਅਤੇ ਲੜਕੀ ਦੀ ਖੱਬੀ ਬਾਂਹ ਉੱਤੇ ਬੰਨੇ ਜਾਂਦੇ ਹਨ। ਗਾਨਾ ਖੋਲਣ ਵੇਲੇ ਲਾੜਾ ਅਤੇ ਲਾੜੀ ਵਿਚ ਇਕ ਤਰਾਂ ਦੀ ਜੰਗ ਚਲਦੀ ਹੈ ਕਿਉਂਕਿ ਗੰਢਾਂ ਜ਼ੋਰ ਨਾਲ ਦਿੱਤੀਅਂ ਹੁੰਦੀਆਂ ਹਨ ਇਸ ਕਰਕੇ ਉਹਨਾ ਨੂੰ ਖੋਲਣਾ ਲਾੜਾ ਲਾੜੀ ਲਈ ਮਨੋਵਿਗਿਆਨਕ ਜਿੱਤ ਹੁੰਦੀ ਹੈ।

**ਚੱਪਣੀਆਂ ਭੰਨਣਾ :** ਨਾਈ-ਧੋਈ ਦੀ ਰਸਮ ਤੋਂ ਬਾਅਦ ਜਦੋਂ ਮਾਮਾ ਲਾੜੇ ਨੂੰ ਖਾਰਿਓ ਉਤਾਰਦਾ ਹੈ ਤਾਂ ਉਸ ਜਗ੍ਹਾ ਤੇ ਚੱਪਣੀਆਂ ਰੱਖੀਆਂ ਜਾਂਦੀਆ ਹਨ ਜਿਨਾਂ ਵਿੱਚ ਥੋੜੇ-ਥੋੜੇ ਚੌਲ, ਗੁੜ ਅਤੇ ਭਾਨ ਵੀ ਪਾਈ ਜਾਂਦੀ ਹੈ, ਕਈ ਵਾਰ ਚੱਪਣੀਆਂ ਦੀ ਜਗ੍ਹਾਂ ਠੁਠੀਆਂ ਵੀ ਰੱਖ ਲਈਆਂ ਜਾਦੀਆਂ ਹਨ। ਲਹਿੰਦੇ ਪੰਜਾਬ ਵਿੱਚ ਇਸ ਰਸਮ ਦਾ ਕਾਰਜ ਸਮਾਨ ਹੈ ਪਰ ਚੱਪਣੀਆਂ ਦੀ ਜਗ੍ਹਾ ਕੱਚੀਆਂ ਥਾਲੀਆਂ ਰੱਖੀਆਂ ਜਾਂਦੀਆਂ ਹਨ ਇਸ ਬਾਰੇ ਅਹਿਮਦ ਹੁਸੈਨ ਅਹਿਮਦ ਲਿਖਦਾ ਹੈ : "ਘੁਮਿਆਰ ਦੋ ਥਾਲੀਆਂ ਮਿੱਟੀ ਦੀਆਂ ਬਣਾ ਕੇ ਲਿਆਉਂਦਾ ਹੈ ਮੁੰਡਾ ਨਹ੍ਹਾ ਕੇ ਉੱਠਦਾ ਤੇ ਉਹਨਾਂ ਤੇ ਪੈਰ ਰੱਖ

ਕੇ ਤੋੜਦਾ। "[7] ਲਹਿੰਦੇ ਪੰਜਾਬ ਦੇ ਵਿਹਾੜੀ ਜਿਲ੍ਹੇ ਵਿੱਚ ਇਸ ਰਸਮ ਬਾਰੇ ਕਲੀਮ ਸ਼ਹਿਜ਼ਾਦ ਲਿਖਦਾ ਹੈ : "ਖਾਰੇ ਵਾਲੀ ਚੌਂਕੀ ਤੋਂ ਉਤਰਦਿਆਂ ਹੋਇਆ ਉਸਦੇ ਸਾਹਮਣੇ ਸੱਤ ਚੱਪਣੀਆਂ ਰੱਖੀਆਂ ਜਾਂਦੀਆਂ ਨੇ ਜਿੰਨਾਂ ਨੂੰ ਮੁੰਡਾ ਅੱਡੀ ਮਾਰ ਕੇ ਭੰਨ ਦਿੰਦਾ ਏ। "[8]

**ਛੱਜ ਕੁੱਟਣਾ :** ਨਾਨਕਾ ਮੇਲ ਦਾ ਵਿਆਹ ਵਿਚ ਅਹਿਮ ਰੋਲ ਹੁੰਦਾ ਹੈ, ਵਿਆਹ ਤੋਂ ਇੱਕ ਦਿਨ ਪਹਿਲਾਂ ਜਾਂ ਵਿਆਹ ਵਾਲੇ ਦਿਨ ਨਾਨਕਾ ਮੇਲ ਛੱਜ ਕੁੱਟਦਾ ਹੈ। ਛੱਜ ਆਮ ਤੌਰ ਤੇ ਮਾਮੀ ਦੁਆਰਾ ਕਿਸੇ ਡੰਡੇ ਲਾਲ ਕੁੱਟਿਆ ਜਾਦਾ ਹੈ। ਬੋਲੀ ਪੈਂਦੀ ਹੋਣ ਸਮੇਂ ਉਹ ਰੁਕ ਜਾਂਦੀ ਹੈ ਅਤੇ ਬੋਲੀ ਦੇ ਤੋੜੇ ਸਮੇਂ ਤੇਜ ਹੋ ਜਾਂਦੀ ਹੈ। ਕਈ ਵਾਰ ਛੱਜ ਦੇ ਕੁੱਟ ਕਟਾਪੇ ਨੂੰ ਹੋਰ ਲੰਬਾ ਅਤੇ ਰੋਮਓਚਕ ਬਣਾਉਣ ਲਈ ਇਕ ਦਿਨ ਪਹਿਲਾਂ ਹੀ ਛੱਜ ਖੇਲ ਜਾਂ ਟੱਬ ਆਦਿ 'ਚ ਭਿਉਂ ਕੇ ਰੱਖ ਦਿੱਤਾ ਜਾਂਦਾ ਹੈ, ਕਿਉਂਕਿ ਭਿੱਜ ਕੇ ਛੱਜ ਅਸਾਨੀ ਨਾਲ ਟੁੱਟਦਾ ਨਹੀਂ। ਜਿੰਨਾ ਚਿਰ ਛੱਜ ਟੁੱਟਦਾ ਨਹੀਂ ਉਨਾਂ ਚਿਰ ਛੱਜ ਤੇ ਆਕਰਮਣ ਜਾਰੀ ਰਹਿੰਦਾ ਹੈ ਅਤੇ ਜਿੰਨਾ ਚਿਰ ਆਕਰਮਣ ਜਾਰੀ ਰਹਿੰਦਾ ਹੈ ਉਨਾ ਚਿਰ ਗਿੱਧਾ ਚਲਦਾ ਰਹਿੰਦਾ ਹੈ।

**ਜਾਗੋ / ਮਹਿੰਦੀ :** ਵਿਆਹ ਤੋਂ ਇੱਕ ਦਿਨ ਪਹਿਲਾਂ ਦੀ ਸ਼ਾਮ ਨੂੰ ਜਾਗੋ ਦੀ ਰਸਮ ਹੰਦੀ ਹੈ। ਕਿਸੇ ਗਾਗਰ ਤੇ ਆਟੇ ਦੇ ਦੀਵੇ ਬਣਾ ਕੇ ਚਿਪਕਾ ਲਏ ਜਾਦੇ ਹਨ ਜਿੰਨਾਂ ਨੂੰ ਸਰੋਂ ਦਾ ਤੇਲ ਅਤੇ ਰੂੰ ਦੀ ਬੱਤੀ ਪਾਕੇ ਜਲਾ ਲਿਆ ਜਾਂਦਾ ਹੈ। ਇਸ ਦੀਵਿਆਂ ਅਤੇ ਗਾਗਰ ਦੇ ਇਸ ਮੇਲ ਨੂੰ ਜਾਗੋ ਕਿਹਾ ਜਾਂਦਾ ਹੈ। ਲਾੜੇ ਜਾਂ ਲਾੜੀ ਦੀ ਮਾਮੀ ਜਾਗੋ ਨੂੰ ਆਪਣੇ ਸਿਰ ਤੇ ਚੁੱਕਦੀ ਹੈ ਅਤੇ ਸ਼ਰੀਕੇ ਦੀਆਂ ਔਰਤਾਂ ਅਤੇ ਕੁੜੀਆਂ ਉਸਦੇ ਦੁਆਲੇ ਨੱਚਦੀਆਂ ਗਾਉਂਦੀਆਂ ਹਨ, ਅਜਿਹਾ ਕਰਦੀਆਂ ਕਰਦੀਆਂ ਉਹ ਸਾਰੇ ਸ਼ਰੀਕੇ ਦੇ ਘਰਾਂ ਵਿੱਚ ਚੱਕਰ ਲਗਾਉਂਦੀਆਂ ਹਨ। ਜਿਸ ਘਰ ਵਿੱਚ ਜਾਗੋ ਜਾਂਦੀ ਹੈ ਉਸ ਘਰ ਦੀ ਸੁਆਣੀ ਪਹਿਲਾਂ ਤਾਂ ਜਾਗੋ ਵਿੱਚ ਤੇਲ ਪਾਉਂਦੀ ਹੈ ਅਤੇ ਬਾਅਦ ਵਿੱਚ ਉਹਨਾਂ ਨਾਲ ਗਿੱਧੇ ਵਿੱਚ ਵੀ ਭਾਗ ਲੈਂਦੀ ਹੈ। ਇਹ ਰਸਮ ਆਕਰਮਕ ਤਦ ਹੋ ਜਾਂਦੀ ਹੈ ਜਦੋਂ ਜਾਗੋ ਕੱਢਣ ਵਾਲਿਆਂ ਦੁਆਰਾ ਤੋੜ ਭੰਨ ਅਤੇ ਸ਼ਰਾਰਤਾਂ ਕੀਤੀਆਂ ਜਾਂਦੀਆਂ ਹਨ। ਗਲੀਆਂ ਵਿਚੋਂ ਲੰਘਦਿਆਂ ਹੋਇਆਂ ਲੋਕਾਂ ਦੇ ਮੰਜੇ ਮੂਧੇ ਮਾਰ ਦੇਣੇ ਕਿਸੇ ਦਾ ਪਤਨਾਲਾ ਤੋੜ ਦੇਣਾ ਆਦਿ ਆਮ ਸ਼ਰਾਰਤਾਂ ਹਨ ਜਿਨਾਂ ਦਾ ਕਿਸੇ ਦੁਆਰਾ ਗੁੱਸਾ ਵੀ ਨਹੀਂ ਕੀਤਾ ਜਾਦਾ।

ਲਹਿੰਦੇ ਪੰਜਾਬ ਵਿੱਚ ਜਾਗੋ ਦੀ ਰਸਮ ਸਮਾਨ ਰੂਪ ਵਿੱਚ ਹੈ। ਪਰੰਤੂ ਉਥੇ ਇਸਨੂੰ ਜਾਗੋ ਦੀ ਜਗ੍ਹਾ ਮਹਿੰਦੀ ਕਿਹਾ ਜਾਂਦਾ ਹੈ ਕਲੀਮ ਸ਼ਹਿਜ਼ਾਦ ਇਸ ਬਾਰੇ ਲਿਖਦਾ ਹੈ : "ਕਈ ਪਿੰਡਾਂ ਵਿੱਚ ਜਾਗੋ ਦੀ ਰਸਮ ਬੜੀ ਪੁਰਾਣੀ ਏ ਜਿਸਨੂੰ ਅੱਜ ਦੇ ਦੌਰ ਵਿੱਚ ਮਹਿੰਦੀ ਦੀ ਰਸਮ ਦਾ ਨਾਂ ਦਿੱਤਾ ਗਿਆ ਹੈ। ਵਿਆਹ ਤੋਂ ਇੱਕ ਦਿਨ ਪਹਿਲਾਂ ਔਰਤਾਂ ਜਾਗੋ ਬਣਾਉਂਦੀਆਂ ਹਨ। "[9] ਲਹਿੰਦੇ ਪੰਜਾਬ ਦੇ ਮੁਜੱਫਰਗੜ ਜਿਲ੍ਹੇ ਵਿੱਚ ਜਾਗੋ ਨੂੰ ਘੋਟ ਦਾ ਜਾਗਾ ਵੀ ਕਿਹਾ ਜਾਂਦਾ ਹੈ ਉਥੋਂ ਦੀ ਜਾਗੋ ਬਾਰੇ ਸੱਜ਼ਾਦ ਹੈਦਰ ਪਰਵੇਜ਼ ਲਿਖਦਾ ਹੈ : "ਰਾਤ ਨੂੰ ਬਾਹਰ ਜੁਆਨ ਝੂਮਰ ਗੀਤ ਗਾਉਂਦੇ ਹਨ ਬਿਰਾਦਰੀ ਦੇ ਗੱਭਰੂ ਝੂਮਰ ਨੱਚਦੇ ਦੇ ਦੋਹੜੇ ਗਾਵਦੇ ਰਹਿੰਦੇ ਹਨ। ਨਾਲ-ਨਾਲ ਮਖੋਲ ਵੀ ਚੱਲਦੀ ਏ ਬਾਝ ਥਾਵਾਂ ਤੇ ਦਿਹਾਤੀ ਥਿਏਟਰ ਵੀ ਲੱਗਦੇ ਹਨ ਘਰ ਵਿੱਚ ਝੂਮਰ ਨੱਚਿਆ ਜਾਂਦਾ ਹੈ ਮਰਾਸਣ ਗੀਤ ਗਾਉਂਦੀ ਹੈ। ਤ੍ਰੀਮਤਾਂ ਦਾ ਮੇਲ ਲੱਗਦਾ ਏ ਤ੍ਰੀਮਤਾਂ ਸਾਰੀ ਰਾਤ ਨੱਚਦੀਆਂ ਹਨ ਅਤੇ ਜਾਗਦੀਆਂ ਹਨ। "[10]

**ਜੰਡੀ ਵੱਢਣਾ** : ਜਦੋਂ ਲਾੜਾ ਬਰਾਤ ਚੜਣ ਲਈ ਤਿਆਰ ਹੋ ਜਾਂਦਾ ਹੈ ਅਤੇ ਹੱਥ ਵਿੱਚ ਤਲਵਾਰ ਫੜ ਲੈਂਦਾ ਹੈ ਤਾਂ ਜੰਡੀ ਵੱਢਣ ਦੀ ਰਸਮ ਹੁੰਦੀ ਹੈ। ਇਸ ਰਸਮ ਲਈ ਘਰ ਦੇ ਨੇੜੇ ਦੀ ਕਿਸੇ ਜੰਡੀ ਹੇਠ ਜਾਇਆ ਜਾਂਦਾ ਹੈ ਲਾੜਾ ਮਿਆਨ ਵਿੱਚੋਂ ਤਲਵਾਰ ਕੱਢ ਲੈਂਦਾ ਹੈ ਅਤੇ ਜੰਡੀ ਦੁਆਲੇ ਸੱਤ ਚੱਕਰ ਲਾਉਂਦਾ ਹੈ ਹਰ ਚੱਕਰ ਵੇਲੇ ਉਹ ਤਲਵਾਰ ਦਾ ਇੱਕ ਟੱਕ ਜੰਡੀ ਤੇ ਲਾਉਂਦਾ ਹੈ, ਅਤੇ ਹਰ ਟੱਕ ਉਪਰੰਤ ਲਾੜੇ ਦੀ ਮਾਂ ਉਸਦੇ ਮੂੰਹ ਵਿੱਚ ਗੁੜ ਦੀ ਰੋੜੀ ਪਾਉਂਦੀ ਹੈ। ਇਸ ਰਸਮ ਉਪਰੰਤ ਬਰਾਤ ਰਵਾਨਾ ਹੁੰਦੀ ਹੈ।

**ਤੋਰਨ ਲਗਾਉਣਾ** : ਚੜਦੇ ਪੰਜਾਬ ਦੇ ਫਾਜ਼ਿਲਕਾ ਖੇਤਰ ਵਿਚ ਸ਼ਾਦੀ ਸਮੇਂ ਲੱਕੜੀ ਦਾ ਇਕ ਵਿਸ਼ੇਸ਼ ਢਾਂਚਾ ਤਿਆਰ ਕੀਤਾ ਜਾਂਦਾ ਹੈ ਜਿਸ ਤੇ ਲੱਕੜੀ ਦੀਆਂ ਸੱਤ ਕਿਲੀਆਂ ਲੱਗੀਆਂ ਹੁੰਦੀਆਂ ਹਨ ਇਸ ਨੂੰ ਤੋਰਨ ਕਿਹਾ ਜਾਂਦਾ ਹੈ ਇਹ ਤੋਰਨ ਲੜਕੀ ਵਾਲਿਆਂ ਦੇ ਦਰਵਾਜੇ ਤੇ ਲਗਾਇਆ ਜਾਂਦਾ ਹੈ। ਇਸ ਰਸਮ ਵਿਚ ਆਕਰਮਣ ਤਦ ਨਜ਼ਰ ਆਉਂਦਾ ਹੈ ਜਦ ਲੜਕੇ ਵਾਲੇ ਇਸ ਤੋਰਨ ਤੇ ਝਾੜੀ ਨਾਲ ਹਮਲਾ ਕਰਦੇ ਹਨ। ਇੰਦਰਜੀਤ ਭਾਦੂ ਦੇ ਦੱਸਣ ਅਨੁਸਾਰ :

"ਲੜਕੇ ਵਾਲੇ ਲੜਕੀ ਦੇ ਘਰ ਵਿਚ ਦਾਖਲ ਹੋਣ ਸਮੇਂ ਤੋਰਨ ਤੇ ਝਾੜੀ ਮਾਰਦੇ ਹਨ। "[11] ਅਜਿਹਾ ਵਿਸ਼ਵਾਸ਼ ਹੈ ਕਿ ਸ਼ਿਵਾਜੀ ਦੇ ਤੋਰਨ ਦਾ ਕਿਲਾ ਜਿੱਤਣ ਨਾਲ ਇਹ ਰਸਮ ਜੁੜੀ ਹੋਈ ਹੈ ।

**ਘੜਾਟੀ :** ਪੋਠੋਹਾਰ ਦੇ ਇਲਾਕੇ ਵਿੱਚ ਘੜਾਟੀ ਦੀ ਬੜੀ ਦਿਲਚਸਪ ਰਸਮ ਹੈ। ਜਿਸ ਪਿੰਡ ਬਰਾਤ ਆਉਂਣੀ ਹੁੰਦੀ ਹੈ ਉਸ ਪਿੰਡ ਦੇ ਲੜਕੇ ਲੜਕੀਆਂ ਬਰਾਤ ਨੂੰ ਪਿੰਡ ਦੇ ਬਾਹਰ ਹੀ ਉਸੇ ਤਰਾਂ ਰੋਕ ਲੈਂਦੇ ਹਨ ਜਿਵੇਂ ਹਮਲਾ ਕਰਨ ਆ ਰਹੀ ਕਿਸੇ ਰਾਜੇ ਜਾਂ ਰਿਆਸਤ ਦੀ ਫੋਜ ਨੂੰ ਸਥਾਨਕ ਫੋਜ ਰੋਕਦੀ ਹੈ । ਰੋਕਣ ਉਪਰੰਤ ਬਰਾਤ ਨੂੰ ਕੋਈ ਚੈਲੇਂਜ਼ ਦਿੱਤਾ ਜਾਂਦਾ ਹੈ ਜਿਸਨੂੰ ਪੂਰਾ ਕਰਨ ਤੇ ਹੀ ਦੂਲ੍ਹਾ ਅਤੇ ਬਰਾਤ ਪਿੰਡ ਵਿੱਚ ਦਾਖਲ ਹੋ ਸਕਦੀ ਹੈ। ਅਖਤਰ ਹੁਸੈਨ ਅਖਤਰ ਲੜਕੇ ਲੜਕੀਆਂ ਦੇ ਲਾੜੇ ਨੂੰ ਦਿੱਤੇ ਚੈਲੇਂਜ਼ ਵਾਰੇ ਲਿਖਦਾ ਹੈ ਕਿ ਉਹ ਕਹਿੰਦੇ ਹਨ : "ਦੁਲਹ੍ਹਾ ਫਲਾਂ ਪੱਥਰ ਚੱਕ ਲਵੇ ਤਾਂ ਬਿਨਾਂ ਲਾਗ ਲੰਘਣ ਦੇਵਾਂਗੇ ਨਹੀਂ ਬਰਾਤੀਆਂ ਚੋਂ ਕੋਈ ਚੱਕੇ।"[12]
ਇਸ ਤਰਾਂ ਚੈਲੇਂਜ਼ ਨਾ ਪੂਰਾ ਕਰ ਪਾਉਂਣ ਤੇ ਉਹਨਾਂ ਨੂੰ ਲਾਗ ਦੇਕੇ ਹੀ ਲੰਘਣਾ ਪੈਂਦਾ ਹੈ। ਕਈ ਵਾਰ ਸੱਤ ਕਿੱਲੇ ਧਰਤੀ ਵਿੱਚ ਠੋਕ ਦਿੱਤੇ ਜਾਂਦੇ ਹਨ ਅਤੇ ਉਹਨਾਂ ਨੂੰ ਪੱਟਣ ਲਈ ਕਿਹਾ ਜਾਂਦਾ ਹੈ। ਬਰਾਤ ਦਾ ਕੋਈ ਤਾਕਤਵਰ ਚੋਬਰ ਉਹਨਾਂ ਨੂੰ ਪੁੱਟਦਾ ਹੈ ਹੈ ਅਤੇ ਬਰਾਤ ਦਾ ਰਾਹ ਖੋਲਦਾ ਹੈ।

**ਕੰਕਰ ਅਤੇ ਨਮੋਲੀਆਂ ਮਾਰਨ ਦੀ ਰਸਮ :** ਲਹਿੰਦੇ ਪੰਜਾਬ ਵਿੱਚ ਬਰਾਤ ਦੇ ਕੰਕਰ ਅਤੇ ਨਮੋਲਿਆਂ ਮਾਰਨ ਦੀਆਂ ਨਵੇਕਲੀਆਂ ਰਸਮਾਂ ਹਨ ਜੋ ਕਿ ਆਕਰਮਕ ਕਿਸਮ ਦੀਆਂ। ਧਨ ਦੇ ਇਲਾਕੇ ਵਿੱਚ ਜਦੋਂ ਬਰਾਤੀ ਖਾਣਾ ਖਾਣ ਜਾਂਦੇ ਹਨ ਤਾਂ ਰਾਸਤੇ ਵਿਚ ਔਰਤਾਂ ਤੇ ਲੜਕੀਆਂ ਉਹਨਾਂ ਦੇ ਬਕਰ**ੈਣ** ਦੀਆਂ ਗੋਲੀਆਂ ਮਾਰਦੀਆਂ ਹਨ। ਇਸੇ ਤਰਾਂ ਹੀ ਕੰਕਰ ਮਾਰਨ ਦੀ ਰਸਮ ਵੀ ਲਹਿੰਦੇ ਪੰਜਾਬ ਵਿੱਚ ਹੰਦੀ ਹੈ ਜਿਸ ਵਾਰੇ ਅਖਤਰ ਹੁਸੈਨ ਅਖਤਰ ਲਿਖਦਾ ਹੈ : "ਚਨਾਬ ਦੇ ਇਰਦ ਗਿਰਦ ਇਲਾਕਿਆਂ ਵਿੱਚ ਵਿਆਹ ਮੌਕੇ ਬਰਾਤੀਆਂ ਦੇ ਕੰਕਰ ਮਾਰੇ ਜਾਂਦੇ ਹਨ। "[13]
**ਟਾਹਣੀ ਕੱਟਣਾ**: ਲਹਿੰਦੇ ਪੰਜਾਬ ਵਿਚ ਇਕ ਰਸਮ ਟਾਹਣੀ ਕੱਟਣ ਦੀ ਹੈ ਮਾਂਈਏਂ ਪੈਣ ਵੇਲੇ ਦੁਲਹੇ ਕੋਲ ਜਿਹੜੀ ਤਲਵਾਰ ਰੱਖੀ ਜਾਂਦੀ ਹੈ ਉਸ ਤਲਵਾਰ ਨਾਲ ਦੁਲਹਾ ਲੱਤ ਦੇ ਥੱਲੋਂ ਦੀ ਇਕ ਟਾਹਣੀ ਕੱਟਦਾ ਹੈ।

**ਥਾਪੇ ਲਾਉਣ ਦੀ ਰਸਮ:** ਇਸ ਰਸਮ ਵਿਚ ਲੜਕੀ ਵਾਲਿਆਂ ਵੱਲੋਂ ਲੜਕੇ ਵਾਲਿਆਂ ਤੇ ਪਿੱਠ ਪਿੱਛੋਂ ਧਾਵਾ ਬੋਲਿਆ ਜਾਂਦਾ ਹੈ। ਆਮ ਤੌਰ ਤੇ ਇਹ ਰਸਮ ਕੁੜਮ ਕੁੜਮਣੀ ਵਿਚਕਾਰ ਹੁੰਦੀ ਹੈ। ਲੜਕੀ ਦੀ ਮਾਂ ਕਿਸੇ ਥਾਲ ਵਿਚ ਹਲਦੀ ਵਿਚ ਪਾਣੀ ਮਿਲਾ ਕੇ ਘੋਲ ਤਿਆਰ ਕਰਦੀ ਹੈ ਉਸ ਵਿਚ ਆਪਣੇ ਹੱਥ ਰੱਖ ਕੇ ਹੱਥਾਂ ਦੇ ਸਿੱਧੇ ਪਾਸੇ ਰੰਗ ਲੈਂਦੀ ਹੈ। ਇਹਨਾਂ ਰੰਗੇ ਹੱਥਾਂ ਨਾਲ ਲੜਕੇ ਦੇ ਪਿਉ ਦੀ ਪਿੱਠ ਤੇ ਜੋਰ ਦੀ ਥਾਪਾ ਮਾਰਿਆ ਜਾਂਦਾ ਹੈ। ਇਹ ਸਾਰਾ ਕਾਰਜ ਜੇਕਰ ਧੋਖਾ ਸ਼ਬਦ ਨਾਂ ਵਰਤਿਆ ਜਾਵੇ ਤਾਂ ਭੁਲੇਖੇ ਨਾਲ ਕੀਤਾ ਜਾਂਦਾ ਹੈ।

**ਰੰਗ ਸੁੱਟਣਾ** : ਲਹਿੰਦੇ ਪੰਜਾਬ ਵਿੱਚ ਜਨਮ ਅਤੇ ਵਿਆਹ ਸਮੇਂ ਹੋਲੀ ਵਾਗ ਇੱਕ ਦੂਜੇ ਤੇ ਰੰਗ ਸੁੱਟਣ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਵਿਆਹ ਸਮੇਂ ਅਜਿਹੀ ਰਸਮ ਬਾਰੇ ਇਕਬਾਲ ਕੈਸਰ ਦੱਸਦਾ ਹੈ :

"ਜਦੋਂ ਕੁੜੀ ਵਾਲੇ ਹਾਂ ਕਰ ਦਿੰਦੇ ਹਨ ਤਾਂ ਮੰਗਣੀ ਹੁੰਦੀ ਹੈ ਉਸ ਸਮੇਂ ਕੁੜੀ ਵਾਲਿਆਂ ਵੱਲੋਂ ਮੁੰਡੇ ਵਾਲਿਆਂ ਤੇ ਰੰਗ ਸੁੱਟੇ ਜਾਂਦੇ ਹਨ। ਆਮ ਤੌਰ ਤੇ ਪੀਲੇ ਰੰਗ ਦੀ ਵਰਤੋਂ ਜਿਆਦਾ ਹੁੰਦੀ ਹੈ ਜਦੋਂ ਮੁੰਡੇ ਵਾਲੇ ਰਾਹ ਵਿੱਚ ਜਾਂਦੇ ਹਨ ਤਾਂ ਸਹਿਜੇ ਹੀ ਲੋਕ ਸਮਝ ਜਾਂਦੇ ਹਨ ਕਿ ਇਹ ਮੰਗਨੀ ਕਰਕੇ ਆਏ ਹਨ।"[14]

ਇਸ ਤਰਾਂ ਇਹ ਰਸਮਾਂ ਅਜਿਹੀਆਂ ਰਸਮਾਂ ਹਨ ਜਿੰਨ੍ਹਾਂ ਵਿਚ ਜਾਂ ਤਾਂ ਕਿਸੇ ਹਮਲੇ ਦੀ ਤਰਾਂ ਵਿਵਹਾਰ ਕੀਤਾ ਜਾਂਦਾ ਹੈ ਜਾਂ ਕਿਸੇ ਤਰਾਂ ਨਾਲ ਕਿਸੇ ਵਸਤੂ ਤੇ ਪ੍ਰਹਾਰ ਕੀਤਾ ਜਾਂਦਾ ਹੈ ਜਾਂ ਤੋੜ ਭੰਨ ਕੀਤੀ ਜਾਂਦੀ ਹੈ। ਇਹ ਸਾਰਾ ਵਿਵਹਾਰ ਕੀਤਾ ਭਾਵੇਂ ਊਈਂ-ਮੁੱਚੀ ਕੀਤਾ ਜਾਂਦਾ ਹੈ ਭਾਵ ਹਾਸੇ ਮਖੌਲ ਜਾਂ ਕੇਵਲ ਰਸਮ ਮਾਤਰ ਨਿਭਾਉਣ ਲਈ ਕੀਤਾ ਜਾਂਦਾ ਹੈ ਪਰ ਨਿਰਸੰਦੇਹ ਇਤਿਹਾਸ ਦੇ ਸਮੇਂ ਨਾਲ ਪਰਿਵਰਤਿਤ ਹੋ ਚੁੱਕੇ ਅੰਸ਼ਾ ਨੂੰ ਇਹਨਾ ਰਸਮਾਂ ਨੇ ਆਪਣੀ ਬੁੱਕਲ ਵਿਚ ਸਾਂਭਿਆ ਹੋਇਆ ਹੈ । ਅਕਰਮਕ ਰਸਮਾਂ ਦੀ ਕਾਰਜ ਵਿਧੀ ਨੂੰ ਜਾਣਦਿਆਂ ਅਜੋਕੇ ਜੀਵਨ ਤੋਂ ਪਹਿਲਾਂ ਦੇ ਕਬਾਇਲੀ ਸਮਾਜ ਅਤੇ ਪ੍ਰੰਪਰਾਵਾਂ ਦਾ ਪਤਾ ਚਲਦਾ ਹੈ। ਗੋਰਤਲਬ ਹੈ ਕਿ ਆਕਰਮਕ ਕਿਸਮ ਦੀਆਂ ਰਸਮਾਂ ਪੰਜਾਬੀ ਜੀਵਨ ਵਿਚ ਕੇਵਲ ਵਿਆਹ ਸਮੇਂ ਮਿਲਦੀਆਂ ਹਨ। ਇਹਨਾਂ ਰਸਮਾਂ ਵਿਚ ਤਿੰਨ ਤਰਾਂ ਦਾ ਆਕਰਮਕ ਵਿਵਹਾਰ ਹੁੰਦਾ ਹੈ ਕੁਝ ਰਸਮਾਂ ਵਿਚ ਲੜਕੀ ਵਾਲਿਆਂ ਵੱਲੋਂ ਲੜਕੇ ਵਾਲਿਆਂ ਤੇ ਹਮਲਾ ਹੁੰਦਾ ਹੈ, ਕੁਝ ਰਸਮਾਂ ਵਿਚ ਵਾਲੇ ਲੜਕੇ ਵਾਲਿਆਂ ਵੱਲੋਂ ਲੜਕੀ ਵਾਲਿਆਂ ਤੇ ਹਮਲਾ ਹੁੰਦਾ ਹੈ ਕੁਝ ਰਸਮਾਂ ਵਿਚ ਕਿਸੇ ਇਕ

ਵਿਅਕਤੀ ਦੁਆਰਾ ਕਿਸੇ ਵਸਤੂ ਰੁੱਖ ਆਦਿ ਤੇ ਹਮਲਾ ਕੀਤਾ ਜਾਂਦਾ ਹੈ ਜਿਵੇਂ ਕਿ ਜੰਡੀ ਵੱਢਣਾ, ਚੱਪਣੀਆਂ ਭੰਨਣਾ ਲੜਕੀ ਵਾਲੇ ਸਮੂਹਿਕ ਰੂਪ ਵਿਚ ਬਰਾਤ ਆਉਣ ਸਮੇਂ ਬਰਾਤ ਤੇ ਹਮਲੇ ਦੀ ਤਰਾਂ ਵਿਵਹਾਰ ਕਰਦੇ ਹਨ ਅਜਿਹਾ ਰਿਬਨ ਕੱਟਣ, ਕੰਕਰ ਮਾਰਨ ਆਦਿ ਰਸਮਾਂ ਵਿਚ ਮਿਲਦਾ ਹੈ। ਕਬਾਇਲੀ ਸਮਾਜ ਵਿਚਲੇ ਜਬਰੀ ਵਿਆਹ ਅਤੇ ਸਗੋਤਰੀ ਪਰਿਵਾਰ ਵਿਆਹ ਸਮੇਂ ਜਬਰੀ ਲੜਕੀ ਨੂੰ ਚੁੱਕ ਕੇ ਲੈਕੇ ਆਉਣਾ ਕੁੜੀ ਦੇ ਕਬੀਲੇ ਦੁਆਰਾ ਰੋਕਣਾ ਅਤੇ ਸਥਾਨਕ ਕਬੀਲੇ ਦੀਆਂ ਔਰਤਾਂ ਦਾ ਬਾਹਰਲੀ ਔਰਤ ਨੂੰ ਲੈਕੇ ਆਓਣ ਦੇ ਐਤਰਾਜ਼ਾਂ ਵਿਚੋਂ ਹੀ ਅਜਿਹੀਆਂ ਰਸਮਾਂ ਪੈਦਾ ਹੋਈਆਂ। ਮੌਰਗਨ ਦੇ ਦੁਆਰਾ ਉਸਦੀ ਪਰਸਿੱਧ ਕਿਤਾਬ 'ancient society' ਵਿਚ ਦੱਸੀਆਂ ਵਿਆਹਾਂ ਦੀਆਂ ਮੁਖ ਕਿਸਮਾਂ ਚੋਂ 'consanguin family' ਵਿਆਹ ਦੇ ਨਿਰਸੰਦੇਹ ਇਹ ਹਮਲਾਵਰ ਰਸਮਾਂ ਬਚੇ ਖੁਚੇ ਅੰਸ਼ ਹਨ।

**ਹਵਾਲੇ ਅਤੇ ਟਿੱਪਣੀਆਂ**


ਡਾ. ਦਰਿਆ, ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਬਦਲਦੇ ਪਰਿਪੇਖ,ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ-143002,2016 ਪੰਨਾ-103 ।

ਕਿਰਪਾਲ ਕਜ਼ਾਕ , ਤਰਖਾਣ ਸਿੱਖ , ਅਰਬਨ ਅਸਟੇਟ , ਪਟਿਆਲਾ, ਉਮਰ 70 ਸਾਲ।

ਤਾਰਾਵੰਤੀ, 75 ਸਾਲ, ਸਾਰਸਵਤ ਬ੍ਰਹਾਮਣ, ਹੰਡਿਆਇਆ, ਬਰਨਾਲਾ।

ਦਿਲਸ਼ਾਦ ਕਲਾਂਚਵੀ, ਜਿਲ੍ਹਾ ਬਹਾਵਲਪੁਰ, ਪਾਕਿਸਤਾਨ ਪੰਜਾਬੀ ਅਦਬੀ ਬੋਰਡ, 58 ਲਾਰੰਸ ਰੋਡ, ਲਾਹੌਰ, 1995, ਪੰਨਾ-171।

ਡਾ. ਸਈਅਦ ਅਖਤਰ ਹੁਸੈਨ ਅਖਤਰ, ਪੰਜਾਬ ਕੀ ਲੋਕ ਰੀਤ, ਲਹਿਰਾਂ ਅਦਬੀ ਬੋਰਡ, 7/57 ਸੋਦੀਵਾਲ ਕਲੋਨੀ, ਮੁਲਤਾਨ ਰੋਡ, ਲਹੌਰ-54500, 2001, ਪੰਨਾ-45।

ਸੱਜਾਦ ਹੈਦਰ ਪਰਵੇਜ਼, ਜਿਲ੍ਹਾ ਮੁਜੱਫਰਗੜ, ਪਾਕਿਸਤਾਨ ਪੰਜਾਬੀ ਅਦਬੀ ਬੋਰੜ, 1989, ਪੰਨਾ-360।

ਅਹਿਮਦ ਹੁਸੈਨ ਅਹਿਮਦ, ਜਿਲ੍ਹਾ ਗੁਜਰਾਤ, ਪਾਕਿਸਤਾਨ ਪੰਜਾਬੀ ਅਦਬੀ ਬੋਰਡ, 58 ਲਾਰੰਸ ਰੋਡ, ਲਾਹੌਰ, 1995, ਪੰਨਾ-753 ।

ਕਲੀਮ ਸ਼ਹਿਜ਼ਾਦ, ਜਿਲ੍ਹਾ ਵਿਹਾੜੀ, ਪਕਿਸਤਾਨ ਪੰਜਾਬੀ ਅਦਬੀ ਬੋਰਡ, 1994, ਪੰਨਾਂ 222।

ਕਲੀਮ ਸ਼ਹਿਜ਼ਾਦ, ਜਿਲ੍ਹਾ ਵਿਹਾੜੀ, ਪਕਿਸਤਾਨ ਪੰਜਾਬੀ ਅਦਬੀ ਬੋਰਡ, 1994, ਪੰਨਾਂ 219

ਸੱਜਾਦ ਹੈਦਰ ਪਰਵੇਜ਼, ਜਿਲ੍ਹਾ ਮੁਜੱਫਰਗੜ, ਪਾਕਿਸਤਾਨ ਪੰਜਾਬੀ ਅਦਬੀ ਬੋਰੜ, 1989, ਪੰਨਾ-358

ਇੰਦਰਜੀਤ ਭਾਦੂ,

ਡਾ. ਸਈਅਦ ਅਖਤਰ ਹੁਸੈਨ ਅਖਤਰ, ਪੰਜਾਬ ਕੀ ਲੋਕ ਰੀਤ, ਲਹਿਰਾਂ ਅਦਬੀ ਬੋਰਡ, 7/57 ਸੋਦੀਵਾਲ ਕਲੋਨੀ, ਮੁਲਤਾਨ ਰੋਡ, ਲਹੌਰ-54500, 2001

ਉਹੀ,ਪੰਨਾ-35

ਇਕਬਾਲ ਕੈਸਰ, 65 ਸਾਲ, ਮੁਸਲਮਾਨ, ਲਾਹੌਰ, ਲਹਿੰਦਾ ਪੰਜਾਬ।

**ਸੁਖਜਿੰਦਰ ਸਿੰਘ ਰਿਸ਼ੀ**

**ਰਿਸਰਚ ਸਕਾਲਰ**

**ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ।"**




# ਔਟਮ ਆਰਟ ਪਬਲੀਸ਼ਰਜ਼ ਪਟਿਆਲਾ

**ਪ੍ਰਾਪਤ ਕਰਨ ਲਈ ਪਤਾ:**
**ਨਿਸ਼ਾਂਤ ਸੂਦ, ਗਰੇਸ਼ੀਅਸ਼ ਬੁੱਕਸ ਪਟਿਆਲਾ, ਸਾਹਮਣੇ ਪੰਜਾਬੀ ਯੂਨੀਵਰਸਿਟੀ**
**ਮੋ. 98156-16558**